ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 19 | Issue 95 | 1 Nov. to 7 Nov., 2023 | Ph.: (510) 240-5949 | Email: asrtimes@gmail.com




## ਨਹੀਂ ਲਿਆ ਵਿਰੋਧੀਆਂ ਨੇ ਬਹਿਸ ’ਚ ਹਿੱਸਾ



ਮੁੱਖ ਮੰਤਰੀ ਭਗਵੰਤ ਮਾਨ ਵਲੋਂ ਇਸ ਡਿਬੇਟ ਵਿੱਚ ਭਾਵੇਂ ਪੰਜਾਬ ਦੀਆਂ ਸਾਰੀਆਂ ਵੱਡੀਆਂ ਪਾਰਟੀਆਂ ਦੇ ਆਗੂਆਂ ਨੂੰ ਸੱਦਾ ਦਿੱਤਾ ਗਿਆ ਸੀ ਜਿਸ ਵਿਚ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਭਾਜਪਾ ਪ੍ਰਧਾਨ ਸੁਨੀਲ ਜਾਖੜ ਅਤੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਬਾਜਵਾ ਸ਼ਾਮਲ ਸਨ ਪਰ ਇਨ੍ਹਾਂ ਵਿਚੋਂ ਕੋਈ ਵੀ ਆਗੂ ਬਹਿਸ ਵਿੱਚ ਸ਼ਾਮਲ ਨਹੀਂ ਹੋਇਆ। ਇਨ੍ਹਾਂ ਆਗੂਆਂ ਦੀਆਂ ਆਡੀਟੋਰੀਅਮ ਵਿੱਚ ਬਕਾਇਦਾ ਨਾਂ ਲਿਖੀਆਂ ਕੁਰਸੀਆਂ ਵਿੱਚ ਰੱਖੀਆਂ ਗਈਆਂ ਸਨ। ਜਿਸ ’ਤੇ ਸਿਰਫ ਮੁੱਖ ਮੰਤਰੀ ਭਗਵੰਤ ਮਾਨ ਬੈਠੇ ਹੀ ਨਜ਼ਰ ਆਏ।

**ਬਲਰਾਜ ਪੰਨੂੰ**

ਬਹੁਤ ਪ੍ਰਚਾਰੀ ਗਈ ਤੇ ਕਹੀ ਗਈ ਇਤਿਹਾਸਿਕ ਬਹਿਸ ’ਚ ਕੌਣ ਜਿੱਤਿਆ, ਕੌਣ ਹਾਰਿਆ, ਕੀਹਨੂੰ ਰਾਜਨੀਤਿਕ ਫ਼ਾਇਦਾ ਮਿਲਿਆ, ਤੇ ਕਿੰਨਾਂ ਨੂੰ ਜਨਤਾ ਪਿੰਡ- ਪਿੰਡ ਤੋਂ ਭਜਾਏਗੀ, ਇਹ ਗੱਲਾਂ ਆਉਣ ਵਾਲੇ ਸਮੇਂ ਦੇ ਗਰਭ ਵਿੱਚ ਹਨ ਪਰ ਇਨਕਲਾਬੀ ਸਰਕਾਰ ਕਹਾਉਣ ਵਾਲੇ ਨੇ ਤਾਂ ਕਹਿ ਦਿੱਤਾ ਕਿ ਲਓ ਬਈ ਅਸੀਂ ਨਿੱਤਰੇ ਹਾਂ ਮੈਦਾਨ ਵਿੱਚ। ਬੜ੍ਹਕ ਮਾਰਨੀ ਬਣਦੀ ਵੀ ਹੈ, ਜਦੋਂ ਬੈਟ ਵੀ ਆਪਣਾ ਹੋਵੇ ਅਤੇ ਗੇਂਦ ਵੀ ਆਪਣੀ ਹੋਵੇ। 1 ਨਵੰਬਰ ਦੀ ਸਵੇਰ ਨੂੰ ਵਿਰੋਧੀ ਧਿਰਾਂ ਨੇ ਸਾਫ਼ ਕਰ ਦਿੱਤਾ ਕਿ ਅਸੀਂ ਬਹਿਸ ਦਾ ਹਿਸਾ ਨਹੀਂ ਬਣਨਾ। ਬਹਿਸ ਦੇ ਦੌਰਾਨ ਹੀ ਭਾਵੇਂ ਟਵਿੱਟਰ ’ਤੇ ਵੀਡੀਓ ਪਾ ਕੇ ਲੋਕਾਂ ਨੂੰ ਜਾਣੂੰ ਕਰਵਾਉਂਦੇ ਰਹੇ ਪਰ ਕੀ ਸਾਹਮਣਾ ਕਰਨ ਦੇ ਲਈ ਕੋਈ ਅੰਦਰਲਾ ਚੋਰ ਡੱਕ ਰਿਹਾ ਸੀ ? ਪਤਾ ਲੱਗਿਆ ਹੈ ਕਿ ਵਿਰੋਧੀ ਧਿਰਾਂ ਸਰਕਾਰ ਦੇ ਨਾਲ ਨਾਰਾਜ਼ ਹਨ। ਅਖੇ ਸਾਨੂੰ ਸੱਦਾ ਪੱਤਰ ਨਹੀਂ ਦਿੱਤਾ ਗਿਆ। ਜਾਂਦੇ ਵੀ ਕਿਵੇਂ ਜਦੋਂ ਭਗਵੰਤ ਮਾਨ ਨੇ ਇੱਕ ਟਵੀਟ ਦੇ ਵਿੱਚ ਲਿਖਿਆ ਸੀ “ਰਾਜਾ ਵੜਿੰਗ ਜੀ, ਪ੍ਰਤਾਪ ਸਿੰਘ ਬਾਜਵਾ ਜੀ, ਸੁਖਬੀਰ ਬਾਦਲ ਜੀ, ਸੁਨੀਲ ਜਾਖੜ ਜੀ ਸ਼ਰਮ ਕਰੋ।” ਉਹਨਾਂ ਨੇ ਤਾਂ ਸ਼ਾਇਦ ਇਸ ਨੂੰ ਹੀ ਸੱਦਾ ਪੱਤਰ ਸਮਝ ਲਿਆ ਸੀ। ਇਨਕਲਾਬੀ ਕਹਾਉਣ ਵਾਲੇ ਸੀ. ਐਮ., ਪੰਜਾਬ ਦਾ ਪੁੱਤ ਕਹਾਉਣ ਵਾਲੇ, ਪੰਜਾਬ ਦਾ ਦਰਦੀ ਕਹਾਉਣ ਵਾਲੇ, ਪੰਜਾਬ ਦੀ ਰਵਾਇਤ ਇਹ ਕਿਵੇਂ ਭੁੱਲ ਗਏ ਕਿ ‘ਜੀ ਲਿੱਖ ਕੇ ਸ਼ਰਮ ਕਰੋ’ ਨਹੀਂ ਲਿਖਿਆ ਜਾਂਦਾ। ਜਿਹੜੀ ਕੁਰਸੀ ’ਤੇ ਤੁਸੀਂ ਅੱਜ ਬੈਠੇ ਹੋ, ਭਾਵੇਂ ਉਹਨਾਂ ਨੇ ਮਾੜੇ ਚੰਗੇ ਕੰਮ ਕੀਤੇ, (**ਬਾਕੀ ਸਫ਼ਾ 31 ’ਤੇ**)

## ਮੁੱਖ ਮੰਤਰੀ ਦਾ ਵਿਰੋਧੀਆਂ ’ਤੇ ਤੰਜ

ਮੁੱਖ ਮੰਤਰੀ ਨੇ ਕਿਹਾ ਕਿ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਰਾਜ ਕਰਨ ਵਾਲੀਆਂ ਤਿੰਨ ਧਿਰਾਂ ਕਾਂਗਰਸ, ਭਾਜਪਾ, ਅਕਾਲੀ ਤਿੰਨੇ ਹੀ ਪੰਜਾਬ ਦੀ ਸੱਤਾ ਤੋਂ ਬਾਹਰ ਹੋ ਗਈਆਂ ਹਨ ਅਤੇ ਪਹਿਲੀ ਵਾਰ ਇਨ੍ਹਾਂ ਨੂੰ ਕਿਸੇ ਨੇ ਸਵਾਲ ਕੀਤਾ ਹੈ। ਉਹਨਾਂ ਕਿਹਾ ਕਿ ਚੰਗਾ ਹੁੰਦਾ, ਜੇਕਰ ਮੇਰੇ ਸਾਥੀ ਇੱਥੇ ਆਉਂਦੇ। ਪਿਛਲੇ 25-30 ਦਿਨਾਂ ਤੋਂ ਉਹ ਬਹਾਨੇ ਲਾਉਂਦੇ ਇੱਥੇ ਤੱਕ ਪੁੱਜ ਗਏ ਹਨ ਕਿ ਅਸੀਂ ਇਸ ਬਹਿਸ ’ਚ ਨਹੀਂ ਆਉਂਦੇ। ਉਨ੍ਹਾਂ ਕਿਹਾ ਕਿ ਜਿਸ ਦਿਨ ਪਰਮਾਤਮਾ ਨੇ ਮੇਰੇ ਤੋਂ ਟਵੀਟ ਕਰਾਇਆ ਸੀ ਕਿ ਹਰ ਰੋਜ਼ ਨਾਲੋਂ ਇਕੋ ਵਾਰ ਇਕੱਠੇ ਬੈਠ ਜਾਂਦੇ ਤਾਂ ਸ਼ਾਇਦ ਉਸੇ ਦਿਨ ਹੀ ਉਹ ਮੁੱਕਰ ਗਏ ਹੋਣਗੇ।

## ਜਦੋਂ ਮਾਨ ਨੇ ਬਾਦਲ ’ਤੇ ਲਈ ਚੁਟਕੀ

ਇਸ ਦੌਰਾਨ ਮੁੱਖ ਮੰਤਰੀ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ’ਤੇ ਚੁਟਕੀ ਲੈਂਦਿਆਂ ਵੱਡਾ ਹਮਲਾ ਬੋਲਿਆ। ਮਾਨ ਨੇ ਕਿਹਾ ਕਿ ਸਵੇਰੇ ਮੈਂ ਸੁਣਿਆ ਸੀ ਕਿ ਡਿਬੇਟ ਵਿੱਚ ਆਉਣ ਲਈ ਅਕਾਲੀ ਦਲ ਨੇ ਅਜੇ ਪੱਤੇ ਨਹੀਂ ਖੋਲ੍ਹੇ ਹਨ, ਇਸ ’ਤੇ ਚੁਟਕੇ ਲੈਂਦੇ ਹੋਏ ਮਾਨ ਨੇ ਕਿਹਾ ਕਿ ਉਨ੍ਹਾਂ ਕੋਲ ਦੋ ਤਾਂ ਪੱਤੇ ਹਨ ਇੱਕ ਦਾਖਾ ਵਾਲਾ ਅਤੇ ਇੱਕ ਮਜੀਠੇ ਵਾਲਾ। ਸ਼ੁਕਰ ਕਰੋ ਪਾਰਟੀ ਦਾ ਪ੍ਰਧਾਨ ਹੋਣ ਨਾਤੇ ਉਨ੍ਹਾਂ ਨੂੰ ਡਿਬੇਟ ਵਿੱਚ ਬੁਲਾ ਲਿਆ ਹੈ, ਨਹੀਂ ਤਾਂ ਅਜਿਹੀਆਂ ਡਿਬੇਟ ਵਿੱਚ ਅਜਿਹੇ ਵਿਅਕਤੀ ਨਹੀਂ ਬੁਲਾਈਦੇ।

## ਮੁੱਖ ਮੰਤਰੀ ਨੇ ਐਸ.ਵਾਈ. ਐਲ. ਸਬੰਧੀ ਅੰਕੜੇ ਕੀਤੇ ਪੇਸ਼

ਮੁੱਖ ਮੰਤਰੀ ਮਾਨ ਨੇ ਕਿਹਾ ਕਿ ਐੱਸ. ਵਾਈ. ਐੱਲ. ਦਾ ਪੂਰੇ ਭਾਰਤ ’ਚ ਪਾਣੀਆਂ ਦਾ ਝਗੜਿਆਂ ਨਾਲ ਨਜਿੱਠਣ ਵਾਲਾ ਕਾਨੂੰਨ 1956 ਦਾ ਹੈ ਪਰ ਪੰਜਾਬ ਇੱਕੋ-ਇਕ ਸੂਬਾ ਹੈ, ਜਿਸ ਦੇ ਪਾਣੀਆਂ ਦੀ ਵੰਡ ਵਾਸਤੇ ਪੰਜਾਬ ਪੁਨਰ ਗਠਨ ਐਕਟ 1966 ਲਿਆਂਦਾ ਗਿਆ। ਉਨ੍ਹਾਂ ਕਿਹਾ ਕਿ ਗਿਆਨੀ ਜੈਲ ਸਿੰਘ ਦੇ ਕਾਰਜਕਾਲ 1966 ’ਚ ਪੰਜਾਬ ਅਤੇ ਹਰਿਆਣਾ ਦੇ ਪਾਣੀਆਂ ਦਾ ਅਨੁਪਾਤ 60 ਤੇ 40 ਦਾ ਸੀ ਪਰ ਇਸ ਤੋਂ ਬਾਅਦ ’ਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਸਮੇਂ ’ਚ 50-50 ਕਰ ਦਿੱਤਾ ਗਿਆ। 16-11-1976 ਨੂੰ ਹਰਿਆਣਾ ਤੋਂ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਨੇ ਇਕ ਕਰੋੜ ਦਾ ਚੈੱਕ ਲੈ ਲਿਆ। ਇਸ ਤੋਂ ਬਾਅਦ ਸ. ਪ੍ਰਕਾਸ਼ ਸਿੰਘ ਬਾਦਲ ਆ ਗਏ, ਜਿਨ੍ਹਾਂ ਨੇ 1977 ਤੋਂ 1980 ਤੱਕ ਰਾਜ ਕੀਤਾ। ਇਸ ਦੌਰਾਨ ਇਕ ਵਾਰ ਵੀ ਹਰਿਆਣਾ ਨੂੰ ਪਾਣੀ ਦੇਣ ਵਾਲੀ ਨਹਿਰ ਦਾ ਕੰਮ ਨਹੀਂ ਰੋਕਿਆ। 31-3-1979 ਨੂੰ ਅਕਾਲੀ ਦਲ ਨੇ ਹਰਿਆਣਾ ਤੋਂ ਡੇਢ ਕਰੋੜ ਰੁਪਏ ਦਾ ਚੈੱਕ ਫਿਰ ਲੈ ਲਿਆ। ਪ੍ਰਕਾਸ਼ ਸਿੰਘ ਬਾਦਲ ਨੇ ਐੱਸ. ਵਾਈ. ਐੱਲ. ਨਹਿਰ ਦੀ ਉਸਾਰੀ ਲਈ ਲੋੜੀਂਦੀ ਜ਼ਮੀਨ ਬਹੁਤ ਘੱਟ ਸਮੇਂ ’ਚ ਐਕਵਾਇਰ ਕਰ ਲਈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਦੀ ਕੀ ਲੋੜ ਸੀ। ਸਾਲ 1998 ’ਚ ਜਦੋਂ ਪ੍ਰਕਾਸ਼ ਸਿੰਘ ਬਾਦਲ ਦੁਬਾਰਾ ਮੁੱਖ ਮੰਤਰੀ ਬਣੇ ਤਾਂ ਉਨ੍ਹਾਂ ਨੇ ਹਰਿਆਣਾ ਨੂੰ ਹੋਰ ਜ਼ਿਆਦਾ ਪਾਣੀ ਦੇਣ ਦੀ ਮਨਸ਼ਾ ਨਾਲ ਬੀ. ਐੱਮ. ਐੱਲ. ਨਹਿਰ ਦੇ ਬੈਂਕ ਨੂੰ ਔਸਤਨ 1 ਫੁੱਟ ਉੱਚਾ ਕੀਤਾ ਅਤੇ ਇਸ ਲਈ 45 ਕਰੋੜ ਰੁਪਏ ਵੀ ਹਰਿਆਣਾ ਤੋਂ ਲਏ।

## ਦਿਲਚਸਪੀ ਵਿਹੂਣੀ ਗੱਲਬਾਤ



ਇਸ ਬਹਿਸ ਦੌਰਾਨ ਵਿਸ਼ੇਸ਼ ਗੱਲ ਇਹ ਰਹੀ ਕਿ ਸਿਰਫ਼ ਵਿਸ਼ੇਸ਼ ਮੀਡੀਆ ਨੂੰ ਹੀ ਅੰਦਰ ਜਾਣ ਦੀ ਆਗਿਆ ਸੀ ਬਾਕੀ ਸਾਰੇ ਮੀਡੀਆ ਨੂੰ ਗੇਟ ਤੋਂ ਬਾਹਰ ਰੱਖਿਆ ਗਿਆ। ਕਿੰਨੀ ਵੱਡੀ ਗੱਲ ਹੈ ਕਿ ਪੰਜਾਬ ਦੇ ਦਰਦੀ ਕਹਾਉਂਦੇ ਮੁੱਖ ਮੰਤਰੀ ਨੂੰ ਸਿਰਫ਼ ਡੇਢ ਕੁ ਹਜ਼ਾਰ ਦੇ ਕਰੀਬ ਲੋਕਾਂ ਨੇ ਹੀ ਲਾਈਵ ਵੇਖਿਆ ਜਦੋਂਕਿ ਪੰਜਾਬ ਦੀ ਆਬਾਦੀ ਕਰੋੜਾਂ ਵਿੱਚ ਹੈ। ਬੜੀ ਨਮੋਸ਼ੀ ਵਾਲੀ ਗੱਲ ਹੈ ਕਿ ਇਹ ਪੰਜਾਬੀਆਂ ਦੀ ਦਿਲਚਸਪੀ ਵਿਹੂਣੀ ਗੱਲਬਾਤ ਸੀ। ਸੋ ਪੰਜਾਬੀਆਂ ਦੀ ਰਮਜ਼ ਸਾਰੇ ਸਿਆਸਤਦਾਨਾਂ ਨੂੰ ਇਸ ਤੋਂ ਸਮਝ ਲੈਣੀ ਚਾਹੀਦੀ ਹੈ।

## ਖਾਲੀ ਕੁਰਸੀਆਂ ਵਿਚਾਲੇ ਬੈਠ ਕੇ ਬੋਲਦੇ ਰਹੇ ਮੁੱਖ ਮੰਤਰੀ




ਇਸ ਬਹਿਸ ਦੌਰਾਨ ਵਿਸ਼ੇਸ਼ ਗੱਲ ਇਹ ਵੀ ਰਹੀ ਕਿ ਵਿਰੋਧੀ ਆਗੂਆਂ ਦੇ ਨਾ ਆਉਣ ਕਾਰਨ ਮੁੱਖ ਮੰਤਰੀ ਦੀ ਕੁਰਸੀ ਦੇ ਆਲੇ ਦੁਆਲੇ ਲੱਗੀਆਂ ਸਾਰੀਆਂ ਕੁਰਸੀਆਂ ਖਾਲੀ ਸਨ। ਇਸ ਤਰਾਂ ਸਟੇਜ਼ ’ਤੇ ਖਾਲੀ ਕੁਰਸੀਆਂ ਦੇ ਵਿਚਾਲੇ ਬੈਠ ਕੇ ਬੋਲਦੇ ਮੁੱਖ ਮੰਤਰੀ ਕਾਫ਼ੀ ਓਪਰੇ ਜਿਹੇ ਲੱਗੇ।

# ‘ਸਿੱਖ ਅੱਤਵਾਦੀ ਨਹੀਂ, ਸਗੋਂ ਰੱਖਿਅਕ ਨੇ’

## ਨਿਊਯਾਰਕ ਦੇ ਮੇਅਰ ਨੇ ਸਿੱਖ ਧਰਮ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਦਾ ਦਿੱਤਾ ਸੱਦਾ




ਨਿਊਯਾਰਕ/ਏ.ਟੀ.ਨਿਊਜ਼: ਅਮਰੀਕਾ ਵਿੱਚ ਸਿੱਖ ਭਾਈਚਾਰੇ ਵਿਰੁੱਧ ਹਿੰਸਕ ਹਮਲਿਆਂ ਅਤੇ ਨਫਰਤ ਭਰੇ ਭਾਸ਼ਣਾਂ ਦੇ ਤਾਜ਼ਾ ਮਾਮਲਿਆਂ ਤੋਂ ਬਾਅਦ ਨਿਊਯਾਰਕ ਸਿਟੀ ਦੇ ਮੇਅਰ ਐਰਿਕ ਐਡਮਜ਼ ਨੇ ਕਿਹਾ ਕਿ ਸਿੱਖਾਂ ਦੀ ਦਸਤਾਰ ਦਾ ਮਤਲਬ ਅੱਤਵਾਦ ਨਹੀਂ ਹੈ ਸਗੋਂ ਵਿਸ਼ਵਾਸ ਦਾ ਪ੍ਰਤੀਕ ਹੈ। ਨਿਊਯਾਰਕ ਸਿਟੀ ਦੇ ਮੇਅਰ ਐਰਿਕ ਐਡਮਜ਼ ਨੇ ਕਮਿਊਨਿਟੀ ਦੇ ਖਿਲਾਫ ਹਾਲ ਹੀ ਦੇ ਹਮਲਿਆਂ ਅਤੇ ਨਫਰਤ ਅਪਰਾਧਾਂ ਨੂੰ ਦੇਸ਼ ’ਤੇ ਧੱਬਾ ਕਿਹਾ ਅਤੇ ਇਸਦੇ ਮੈਂਬਰਾਂ ਦੀ ਰੱਖਿਆ ਕਰਨ ਦੀ ਸਹੁੰ ਖਾਧੀ। ਉਨ੍ਹਾਂ ਸਿੱਖ ਕੌਮ ਦੀ ਰਾਖੀ ਕਰਨ ਅਤੇ ਸਿੱਖ ਧਰਮ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਦਾ ਵੀ ਸੱਦਾ ਦਿੱਤਾ। ਐਡਮਜ਼ ਨੇ ਸਾਊਥ ਰਿਚਮੰਡ ਹਿੱਲ ਦੇ ਕਵੀਂਸ ਇਲਾਕੇ ’ਚ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵਿਚ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਕਿਹਾ, ਤੁਸੀਂ ਅੱਤਵਾਦੀ ਨਹੀਂ, ਸਗੋਂ ਰੱਖਿਅਕ ਹੋ। ਪੂਰੇ ਸ਼ਹਿਰ ਨੂੰ ਇਹ ਦੱਸਣ ਦੀ ਲੋੜ ਹੈ। ਸਾਡੇ ਨੌਜਵਾਨਾਂ, ਸਾਡੇ ਬਾਲਗਾਂ ਨੂੰ ਇਹ ਜਾਣਨ ਦੀ ਲੋੜ ਹੈ।

ਉਨ੍ਹਾਂ ਕਿਹਾ, ਤੁਹਾਡੀ ਪੱਗ ਦਾ ਮਤਲਬ ਅੱਤਵਾਦ ਨਹੀਂ ਹੈ। ਇਸ ਦਾ ਅਰਥ ਹੈ ਰੱਖਿਆ, ਇਸ ਦਾ ਅਰਥ ਹੈ ਭਾਈਚਾਰਾ, ਪਰਿਵਾਰ, ਵਿਸ਼ਵਾਸ, ਸ਼ਹਿਰ। ਇਸਦਾ ਅਰਥ ਹੈ ਸਾਡੇ ਲਈ ਇਕੱਠੇ ਹੋਣਾ। ਉਨ੍ਹਾਂ ਕਿਹਾ, ਤੁਹਾਡੇ ਨਾਲ ਮਿਲ ਕੇ ਅਸੀਂ ਲੋਕਾਂ ਦੀ ਧਾਰਨਾ ਬਦਲਾਂਗੇ। ਅਸੀਂ ਇਹ ਇਕੱਠਿਆਂ ਹੋ ਕੇ ਕਰ ਸਕਦੇ ਹਾਂ।

ਐਡਮਜ਼ ਅਤੇ ਨਿਊਯਾਰਕ ਸਟੇਟ ਅਸੈਂਬਲੀ ਮੈਂਬਰ ਜੈਨੀਫਰ ਰਾਜਕੁਮਾਰ ਨੇ ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧਾਂ ਅਤੇ ਹਮਲਿਆਂ ਦੀਆਂ ਤਾਜ਼ਾ ਘਟਨਾਵਾਂ ਤੋਂ ਬਾਅਦ ਬੀਤੇ ਐਤਵਾਰ ਨੂੰ ਇੱਥੇ ਸਿੱਖ ਭਾਈਚਾਰੇ ਦੇ ਮੈਂਬਰਾਂ ਨਾਲ ਮੁਲਾਕਾਤ ਕੀਤੀ।

ਨਿਊਯਾਰਕ ਵਿੱਚ 15 ਅਕਤੂਬਰ ਨੂੰ ਇੱਕ 19 ਸਾਲਾ ਸਿੱਖ ਨੌਜਵਾਨ ਹਮਲੇ ਦਾ ਸ਼ਿਕਾਰ ਹੋਇਆ ਸੀ। ਇਸ ਹਮਲੇ ਨੂੰ ਹੇਟ ਕ੍ਰਾਈਮ ਦੱਸਿਆ ਗਿਆ। ਇਹ ਹਮਲਾ ਉਸ ਸਮੇਂ ਹੋਇਆ ਜਦੋਂ ਉਹ ਬੱਸ ਰਾਹੀਂ ਰਿਚਮੰਡ ਹਿੱਲ ਸਥਿਤ ਗੁਰਦੁਆਰੇ ਜਾ ਰਿਹਾ ਸੀ।

ਇਸ ਘਟਨਾ ਤੋਂ ਕੁਝ ਦਿਨ ਬਾਅਦ 66 ਸਾਲਾ ਜਸਮੇਰ ਸਿੰਘ ’ਤੇ ਉਸ ਵੇਲੇ ਹਮਲਾ ਹੋਇਆ ਜਦੋਂ ਉਸ ਦੀ ਕਾਰ ਇੱਕ ਹੋਰ ਕਾਰ ਨਾਲ ਟਕਰਾ ਗਈ ਸੀ। ਦੂਜੀ ਕਾਰ ਦੇ ਡਰਾਈਵਰ ਗਿਲਬਰਟ ਆਗਸਟਿਨ ਨੇ ਬਜ਼ੁਰਗ ਸਿੱਖ ’ਤੇ ਹਮਲਾ ਕਰ ਦਿੱਤਾ, ਜਿਸ ਤੋਂ ਬਾਅਦ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ ਸੀ।

# ਜਗਦੀਪ ਸਿੰਘ ਬਛੇਰ ਕੈਨੇਡਾ ਦੀ ਯੂਨੀਵਰਸਿਟੀ ਆਫ਼ ਵਾਟਰਲੂ ਦੇ 12ਵੇਂ ਚਾਂਸਲਰ ਨਿਯੁਕਤ



ਓਨਟਾਰੀਓ/ਏ.ਟੀ.ਨਿਊਜ਼ : ਭਾਰਤੀ ਮੂਲ ਦੇ ਜਗਦੀਪ ਸਿੰਘ ਬਛੇਰ ਕੈਨੇਡਾ ਦੀ ਇੱਕ ਨਾਮੀਂ ਸੰਸਥਾ ਯੂਨੀਵਰਸਿਟੀ ਆਫ ਵਾਟਰਲੂ ਦੇ 12ਵੇਂ ਚਾਂਸਲਰ ਨਿਯੁਕਤ ਕੀਤੇ ਗਏ ਹਨ। ਯੂਨੀਵਰਸਿਟੀ ਆਫ ਵਾਟਰਲੂ ਕੈਨੇਡਾ ਦੀਆਂ ਚੋਟੀ ਦੀਆਂ ਯੂਨੀਵਰਸਿਟੀਆਂ ਵਿੱਚੋਂ ਇੱਕ ਹੈ, ਜਿੱਥੇ ਹਰ ਸਾਲ ਤਕਰੀਬਨ 42,000 ਦੇ ਕਰੀਬ ਵਿਦਿਆਰਥੀ ਪੜ੍ਹਨ ਲਈ ਆਉਂਦੇ ਹਨ। ਵਾਟਰਲੂ ਯੂਨੀਵਰਸਿਟੀ ਐਕਸਪੈਰੀਮੈਂਟਲ ਲਰਨਿੰਗ ਲਈ ਕੈਨੇਡਾ ’ਚ ਪਹਿਲੇ ਨੰਬਰ ਦੀ ਯੂਨੀਵਰਸਿਟੀ ਮੰਨੀ ਜਾਂਦੀ ਹੈ।

ਜਗਦੀਪ ਸਿੰਘ ਦੀ ਗੱਲ ਕਰੀਏ ਤਾਂ ਉਨ੍ਹਾਂ ਵੱਲੋਂ ਵਾਟਰਲੂ ਯੂਨੀਵਰਸਿਟੀ ਤੋਂ ਹੀ ਬੈਚਲਰ ਆਫ ਐਪਲਾਈਡ ਸਾਇੰਸ, ਮੈਨੇਜਮੈਂਟ ਸਾਇੰਸ, ਪੀ.ਐਚ.ਡੀ. ਮੈਨੇਜਮੈਂਟ ਸਾਇੰਸ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਜਗਦੀਪ ਸਿੰਘ ਬਛੇਰ ਯੂਨੀਵਰਸਿਟੀ ਆਫ ਕੈਲੀਫੋਰਨੀਆ ਵਿੱਚ ਮੁੱਖ ਨਿਵੇਸ਼ ਅਧਿਕਾਰੀ ਅਤੇ ਉਪ ਪ੍ਰਧਾਨ ਵੀ ਹਨ, ਜਿੱਥੇ ਉਹ 164 ਬਿਲੀਅਨ ਡਾਲਰ ਦੇ ਨਿਵੇਸ਼ ਪੋਰਟਫੋਲੀਓ ਦੀ ਨਿਗਰਾਨੀ ਕਰਦੇ ਹਨ। ਚਾਂਸਲਰ ਵਜੋਂ ਆਪਣੀ ਨਵੀਂ ਭੂਮਿਕਾ ਵਿੱਚ, ਉਹ ਯੂਨੀਵਰਸਿਟੀ ਦੇ ਮੁਖੀ ਵਜੋਂ ਸੰਸਥਾ ਲਈ ਇੱਕ ਮੁੱਖ ਅੰਬੈਸਡਰ ਹੋਣਗੇ। ਵਾਟਰਲੂ ਦੇ ਵਿਜ਼ਨ ਨੂੰ ਧਿਆਨ ਵਿੱਚ ਰੱਖਦੇ ਹੋਏ, ਵਾਟਰਲੂ ਯੂਨੀਵਰਸਿਟੀ ਦੇ ਮਿਸ਼ਨ ਨੂੰ ਸੂਬਾਈ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ’ਤੇ ਅੱਗੇ ਵਧਾਉਣਗੇ। ਉਹ ਯੂਨੀਵਰਸਿਟੀ ਕਨਵੋਕੇਸ਼ਨ ਸਮਾਰੋਹਾਂ ਦੀ ਪ੍ਰਧਾਨਗੀ, ਗ੍ਰੈਜੂਏਟ ਹੋਣ ਵਾਲੇ ਵਿਦਿਆਰਥੀਆਂ ਨੂੰ ਡਿਗਰੀਆਂ, ਡਿਪਲੋਮੇ ਅਤੇ ਸਰਟੀਫਿਕੇਟ ਪ੍ਰਦਾਨ ਕਰਦੇ ਨਜ਼ਰ ਆਉਣਗੇ ਅਤੇ ਭਾਈਚਾਰੇ ਲਈ ਉਹ ਇੱਕ ਪ੍ਰੇਰਨਾ ਸਰੋਤ ਵਜੋਂ ਕੰਮ ਕਰਨਗੇ।

# ਐਲਨ ਮਸਕ ਵੱਲੋਂ ਗਾਜ਼ਾ ਵਿੱਚ ਸਹਾਇਤਾ ਸੰਗਠਨਾਂ ਨੂੰ ਇੰਟਰਨੈਟ ਕਨੈਕਟੀਵਿਟੀ ਦੇਣ ਦਾ ਐਲਾਨ

## ਇਜ਼ਰਾਈਲ ਨੇ ਦਿੱਤੀ ਚਿਤਾਵਨੀ, ਕਿਹਾ-ਕਿ ਜੇਕਰ ਅਜਿਹਾ ਕੀਤਾ ਤਾਂ ਮਸਕ ਦੀ ਕੰਪਨੀ ਨਾਲ ਸਾਰੇ ਰਿਸ਼ਤੇ ਤੋੜ ਦੇਵਾਂਗੇ



ਤੇਲ ਅਵੀਵ/ਏ.ਟੀ.ਨਿਊਜ਼: ਇਜ਼ਰਾਈਲ ਨੇ ਗਾਜ਼ਾ ਵਿੱਚ ਸਹਾਇਤਾ ਸੰਗਠਨਾਂ ਨੂੰ ਇੰਟਰਨੈਟ ਕਨੈਕਟੀਵਿਟੀ ਪ੍ਰਦਾਨ ਕਰਨ ਲਈ ਐਲਨ ਮਸਕ ਦੇ ਪ੍ਰਸਤਾਵ ਦੀ ਨਿੰਦਾ ਕੀਤੀ ਹੈ ਤੇ ਕਿਹਾ ਹੈ ਕਿ ਹਮਾਸ ਇਸ ਦਾ ਫ਼ਾਇਦਾ ਉਠਾਏਗਾ। ਅਸਲ ਵਿੱਚ ਅਰਬਪਤੀ ਕਾਰੋਬਾਰੀ ਐਲੋਨ ਮਸਕ ਨੇ ਹਾਲ ਹੀ ਵਿੱਚ ਜੰਗ ਦੇ ਕਹਿਰ ਦਾ ਸਾਹਮਣਾ ਕਰ ਰਹੇ ਗਾਜ਼ਾ ਪੱਟੀ ਵਿੱਚ ਲੋਕਾਂ ਨੂੰ ਸੰਚਾਰ ਸਹੂਲਤਾਂ ਪ੍ਰਦਾਨ ਕਰਨ ਦੀ ਪੇਸ਼ਕਸ਼ ਕੀਤੀ ਸੀ। ਹੁਣ ਇਜ਼ਰਾਈਲ ਨੇ ਐਲਨ ਮਸਕ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਹੈ ਕਿ ਜੇਕਰ ਮਸਕ ਅਜਿਹਾ ਕਰਦਾ ਹੈ ਤਾਂ ਇਜ਼ਰਾਈਲ ਮਸਕ ਦੀ ਕੰਪਨੀ ਸਟਾਰਲਿੰਕ ਤੋਂ ਸਾਰੇ ਰਿਸ਼ਤੇ ਤੋੜ ਦੇਵੇਗਾ। ਇਜ਼ਰਾਈਲ ਨੇ ਇਹ ਵੀ ਕਿਹਾ ਕਿ ਉਹ ਹਮਾਸ ਖ਼ਿਲਾਫ਼ ਲੜਾਈ ਵਿੱਚ ਹਰ ਤਰੀਕੇ ਦੀ ਵਰਤੋਂ ਕਰੇਗਾ।

ਬਿਜਲੀ ਅਤੇ ਇੰਟਰਨੈਟ ਕਨੈਕਟੀਵਿਟੀ ਲਗਭਗ ਨਾ ਦੇ ਬਰਾਬਰ ਹੋਣ ਕਾਰਨ ਮਸਕ ਨੇ ਐਕਸ ’ਤੇ ਕਿਹਾ, ਸਟਾਰਲਿੰਕ ਗਾਜ਼ਾ ਵਿੱਚ ਅੰਤਰਰਾਸ਼ਟਰੀ ਤੌਰ ’ਤੇ ਮਾਨਤਾ ਪ੍ਰਾਪਤ ਸਹਾਇਤਾ ਸੰਸਥਾਵਾਂ ਨਾਲ ਸੰਪਰਕ ਦਾ ਸਮਰਥਨ ਕਰੇਗਾ। ਇੱਥੇ ਦੱਸ ਦਈਏ ਕਿ ਸਟਾਰਲਿੰਕ ਸੈਟੇਲਾਈਟਾਂ ਦਾ ਇੱਕ ਸਮੂਹ ਹੈ ਜੋ ਸੀਮਤ ਦੂਰਸੰਚਾਰ ਬੁਨਿਆਦੀ ਢਾਂਚੇ ਵਾਲੇ ਖੇਤਰਾਂ ਵਿੱਚ 60 ਤੋਂ ਵੱਧ ਦੇਸ਼ਾਂ ਵਿੱਚ ਇੰਟਰਨੈਟ ਕਨੈਕਟੀਵਿਟੀ ਪ੍ਰਦਾਨ ਕਰਦਾ ਹੈ। ਸਟਾਰਲਿੰਕ ਦਾ ਸੰਚਾਲਨ ਮਸਕ ਦੇ ਕੈਲੀਫੋਰਨੀਆ ਸਥਿਤ ਸਪੇਸਐਕਸ ਸਪੇਸਕ੍ਰਾਫਟ ਨਿਰਮਾਤਾ ਅਤੇ ਲਾਂਚ ਸੇਵਾ ਪ੍ਰਦਾਤਾ ਦੁਆਰਾ ਕੀਤਾ ਜਾਂਦਾ ਹੈ।

ਇਜ਼ਰਾਈਲ ਦੇ ਸੰਚਾਰ ਮੰਤਰੀ ਸ਼ਲੋਮੋ ਕਰਹੀ ਨੇ ਐਕਸ ’ਤੇ ਇਸ ਵਿਚਾਰ ਦੀ ਆਲੋਚਨਾ ਕੀਤੀ। ਕਰਹੀ ਨੇ ਲਿਖਿਆ, ‘ਇਜ਼ਰਾਈਲ ਇਸ ਨਾਲ ਲੜਨ ਲਈ ਆਪਣੇ ਸਾਰੇ ਸਾਧਨਾਂ ਦੀ ਵਰਤੋਂ ਕਰੇਗਾ। ਹਮਾਸ ਇਸ ਨੂੰ ਅੱਤਵਾਦੀ ਗਤੀਵਿਧੀਆਂ ਲਈ ਵਰਤੇਗਾ।

ਇਸ ਵਿੱਚ ਕੋਈ ਸ਼ੱਕ ਨਹੀਂ ਹੈ, ਅਸੀਂ ਇਹ ਜਾਣਦੇ ਹਾਂ, ਅਤੇ ਮਸਕ ਇਸ ਨੂੰ ਜਾਣਦੇ ਹਨ। ਹਮਾਸ ਆਈਐਸਆਈਐਸ ਹੈ,’। ਉਹਨਾਂ ਅੱਗੇ ਲਿਖਿਆ, ‘ਸ਼ਾਇਦ ਮਸਕ ਸਾਡੇ ਅਗਵਾ ਕੀਤੇ ਬੱਚਿਆਂ, ਪੁੱਤਰਾਂ, ਧੀਆਂ, ਬਜ਼ੁਰਗ ਲੋਕਾਂ ਦੀ ਰਿਹਾਈ ਨਾਲ ਇਸ ਦੀ ਸ਼ਰਤ ਰੱਖਣ ਲਈ ਤਿਆਰ ਹੋਵੇਗਾ। ਉਦੋਂ ਤੱਕ ਮੇਰਾ ਦਫ਼ਤਰ ਸਟਾਰਲਿੰਕ ਨਾਲ ਕੋਈ ਵੀ ਸਬੰਧ ਤੋੜ ਦੇਵੇਗਾ।’

## ਕੈਨੇਡਾ ਸਰਕਾਰ ਨੇ ਨਿਯਮਾਂ ’ਚ ਕੀਤਾ ਇਹ ਵੱਡਾ ਬਦਲਾਅ

# ਜਾਅਲੀ ਦਾਖ਼ਲਾ ਪੱਤਰਾਂ ਵਾਲੇ ਵਿਦਿਆਰਥੀਆਂ ’ਤੇ ਕਸਿਆ ਜਾਵੇਗਾ ਸ਼ਿਕੰਜਾ



ਚੰਡੀਗੜ੍ਹ/ਏ.ਟੀ.ਨਿਊਜ਼: ਟਰੂਡੋ ਸਰਕਾਰ ਨੇ ਫਰਜ਼ੀ ਦਾਖਲਾ ਪੱਤਰਾਂ ਦੇ ਆਧਾਰ ’ਤੇ ਕੈਨੇਡਾ ’ਚ ਦਾਖਲ ਹੋਣ ਵਾਲੇ ਵਿਦਿਆਰਥੀਆਂ ਖ਼ਿਲਾਫ਼ ਹੁਣ ਵੱਡੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਦੇ ਲਈ ਸਰਕਾਰ ਨੇ ਸਪੈਸ਼ਲ ਟਾਸਕ ਫੋਰਸ ਦਾ ਗਠਨ ਕੀਤਾ ਹੈ। ਕੈਨੇਡਾ ਸਰਕਾਰ ਨੇ ਫਰਜ਼ੀ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਕੈਨੇਡਾ ਵਿੱਚ ਦਾਖਲ ਹੋਣ ਤੋਂ ਰੋਕਣ ਲਈ ਨਿਯਮਾਂ ਨੂੰ ਸਖਤ ਕਰਨਾ ਸ਼ੁਰੂ ਕਰ ਦਿੱਤਾ ਹੈ। ਨਵੇਂ ਵੀਜ਼ਾ ਨਿਯਮਾਂ ਦਾ ਐਲਾਨ ਸ਼ੁੱਕਰਵਾਰ ਦੇਰ ਰਾਤ ਕੀਤਾ ਗਿਆ। ਨਵੇਂ ਵੀਜ਼ਾ ਨਿਯਮਾਂ ਤਹਿਤ ਕੈਨੇਡਾ ਦੇ ਕਿਸੇ ਵੀ ਕਾਲਜ ਜਾਂ ਯੂਨੀਵਰਸਿਟੀ ਵਿੱਚ ਦਾਖ਼ਲੇ ਲਈ ਸਟੱਡੀ ਪਰਮਿਟ ਜਾਰੀ ਕਰਨ ਤੋਂ ਪਹਿਲਾਂ ਦਾਖ਼ਲਾ ਪੱਤਰ ਉਸ ਕਾਲਜ ਜਾਂ ਯੂਨੀਵਰਸਿਟੀ ਵੱਲੋਂ ਤਸਦੀਕ ਕੀਤਾ ਜਾਵੇਗਾ। ਉਥੋਂ ਤਸਦੀਕ ਕਰਨ ਤੋਂ ਬਾਅਦ ਹੀ ਵਿਦਿਆਰਥੀਆਂ ਨੂੰ ਸਟੱਡੀ ਵੀਜ਼ਾ ਜਾਰੀ ਕੀਤਾ ਜਾਵੇਗਾ।

ਕੈਨੇਡੀਅਨ ਸਰਕਾਰ ਨੇ ਨਿਯਮਾਂ ਵਿੱਚ ਕੀਤਾ ਇਹ ਵੱਡਾ ਬਦਲਾਅ: ਨਵੇਂ ਸਟੱਡੀ ਵੀਜ਼ਾ ਨਿਯਮਾਂ ਨੂੰ ਜਾਰੀ ਕਰਦਿਆਂ ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਕਿ ਜਾਅਲੀ ਐਂਟਰੀ ਕਾਰਡ ਸਾਡੀ ਸਭ ਤੋਂ ਵੱਡੀ ਚਿੰਤਾ ਹੈ। ਕਈ ਵਾਰ ਵਿਦਿਆਰਥੀਆਂ ਨੂੰ ਵੀ ਇਸ ਧੋਖਾਧੜੀ ਬਾਰੇ ਪਤਾ ਨਹੀਂ ਹੁੰਦਾ। ਅਜਿਹੇ ’ਚ ਅਸੀਂ ਵੀ ਵਿਦਿਆਰਥੀਆਂ ਦੀ ਮਦਦ ਕਰਾਂਗੇ। ਉਨ੍ਹਾਂ ਕਿਹਾ ਕਿ ਮੈਂ ਪਿਛਲੇ ਕਈ ਹਫ਼ਤਿਆਂ ਵਿੱਚ ਕਈ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਮਿਲਿਆ ਹਾਂ ਅਤੇ ਉਨ੍ਹਾਂ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਅਸਲੀ ਵਿਦਿਆਰਥੀਆਂ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਵੇਗੀ ਜਦਕਿ ਫਰਜ਼ੀ ਵਿਦਿਆਰਥੀਆਂ ਨੂੰ ਕੈਨੇਡਾ ਵਿੱਚ ਦਾਖ਼ਲਾ ਨਹੀਂ ਦਿੱਤਾ ਜਾਵੇਗਾ।

ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ ਨੇ ਧੋਖਾਧੜੀ ਦੇ ਦਾਖਲੇ ਦੇ ਮਾਮਲਿਆਂ ਦੀ ਜਾਂਚ ਕਰਨ ਲਈ ਇੱਕ ਵਿਸ਼ੇਸ਼ ਟਾਸਕ ਫੋਰਸ ਬਣਾਈ ਹੈ। ਆਈ.ਆਰ.ਸੀ.ਸੀ. ਟਾਸਕ ਫੋਰਸ ਪਹਿਲਾਂ ਹੀ 1500 ਤੋਂ ਵੱਧ ਵਿਦਿਆਰਥੀ ਵੀਜ਼ਾ ਅਰਜ਼ੀਆਂ ਦੀ ਪਛਾਣ ਕਰ ਚੁੱਕੀ ਹੈ ਜਿਨ੍ਹਾਂ ਵਿੱਚ ਜਾਅਲੀ ਐਡਮਿਟ ਕਾਰਡ ਹਨ। ਇਨ੍ਹਾਂ ਵਿੱਚੋਂ 450 ਵਿਦਿਆਰਥੀ ਕਿਸੇ ਨਾ ਕਿਸੇ ਤਰ੍ਹਾਂ ਜਾਅਲੀ ਐਡਮਿਟ ਕਾਰਡਾਂ ਦੀ ਮਦਦ ਨਾਲ ਕੈਨੇਡਾ ਪਹੁੰਚ ਗਏ। ਇਨ੍ਹਾਂ ਵਿੱਚੋਂ 263 ਕੇਸਾਂ ਦੀ ਜਾਂਚ ਕੀਤੀ ਜਾ ਰਹੀ ਹੈ, ਜਿਨ੍ਹਾਂ ਵਿੱਚੋਂ 63 ਕੇਸ ਅਸਲੀ ਅਤੇ 103 ਕੇਸ ਫਰਜ਼ੀ ਪਾਏ ਗਏ ਹਨ। ਇਨ੍ਹਾਂ ਵਿੱਚੋਂ 25 ਦੇ ਕਰੀਬ ਕੇਸ ਪੰਜਾਬ ਦੇ ਵਿਦਿਆਰਥੀਆਂ ਨਾਲ ਵੀ ਸਬੰਧਤ ਹਨ। ਹੁਣ ਫਰਜ਼ੀ ਵਿਦਿਆਰਥੀਆਂ ਨੂੰ ਦੇਸ਼ ’ਚੋਂ ਕੱਢਿਆ ਜਾਵੇਗਾ। ਉਹਨਾਂ ਮਾਮਲਿਆਂ ਵਿੱਚ ਜਿੱਥੇ ਵਿਦਿਆਰਥੀਆਂ ਨੇ ਕੁਝ ਗਲਤ ਨਹੀਂ ਕੀਤਾ ਹੈ, ਉਹਨਾਂ ਨੂੰ ਇੱਕ ਅਸਥਾਈ ਅਧਿਐਨ ਵੀਜ਼ਾ ਦਿੱਤਾ ਜਾਵੇਗਾ ਅਤੇ ਉਹਨਾਂ ਨੂੰ ਆਪਣੀ ਪੜ੍ਹਾਈ ਜਾਰੀ ਰੱਖਣ ਦਾ ਮੌਕਾ ਦਿੱਤਾ ਜਾਵੇਗਾ। ਹਾਲਾਂਕਿ ਜਲੰਧਰ ਦੇ ਵੀਜ਼ਾ ਸਲਾਹਕਾਰ ਵੱਲੋਂ ਭੇਜੇ ਗਏ 700 ਵਿਦਿਆਰਥੀਆਂ ਦਾ ਮਾਮਲਾ ਵੱਖਰਾ ਹੈ, ਜਿਸ ਦੀ ਵੱਖਰੇ ਤੌਰ ’ਤੇ ਜਾਂਚ ਕੀਤੀ ਜਾ ਰਹੀ ਹੈ।

# ਮੋਦੀ ਸਰਕਾਰ ਉੱਪਰ ਵਿਰੋਧੀ ਧਿਰਾਂ ਦੇ ਆਗੂਆਂ ਤੇ ਪੱਤਰਕਾਰਾਂ ਉੱਤੇ ਚੌਤਰਫਾ ਹਮਲਾ ਬੋਲਣ ਤੇ ਜਸੂਸੀ ਦੇ ਦੋਸ਼ ਲੱਗੇ

## ਐਪਲ ਵੱਲੋਂ ਰਾਜ-ਪ੍ਰਯੋਜਿਤ ਸਾਈਬਰ ਹਮਲੇ ਦੀ ਚਿਤਾਵਨੀ ਮਿਲੀ

### ਇੰਡੀਆ ਗਠਜੋੜ ਦੇ ਚਾਰ ਵਿਰੋਧੀ ਨੇਤਾਵਾਂ ਤੇ ਹੋਰਨਾਂ ਨੇ ਕੀਤਾ ਦਾਅਵਾ



ਨਵੀਂ ਦਿੱਲੀ/ਏ.ਟੀ.ਨਿਊਜ਼: ਜਿਉਂ-ਜਿਉਂ ਲੋਕ ਸਭਾ ਦੀਆਂ ਚੋਣਾਂ ਨੇੜੇ ਆ ਰਹੀਆਂ ਹਨ, ਮੋਦੀ ਸਰਕਾਰ ਉੱਪਰ ਵਿਰੋਧੀ ਧਿਰਾਂ ਦੇ ਆਗੂਆਂ ਤੇ ਪੱਤਰਕਾਰਾਂ ਉੱਤੇ ਚੌਤਰਫਾ ਹਮਲਾ ਬੋਲਣ ਤੇ ਜਸੂਸੀ ਦੇ ਦੋਸ਼ ਲਗੇ ਹਨ । 'ਐਪਲ' ਨੇ ਕਈ ਵਿਰੋਧੀ ਆਗੂਆਂ ਤੇ ਪੱਤਰਕਾਰਾਂ ਨੂੰ ਸੂਚਿਤ ਕੀਤਾ ਹੈ ਕਿ ਇਸ ਸਮੇਂ ਉਹ ਸਰਕਾਰੀ ਸ਼ਹਿ-ਪ੍ਰਾਪਤ ਹਮਲਾਵਰਾਂ ਦੇ ਨਿਸ਼ਾਨੇ ਉੱਤੇ ਹਨ। ਦਾਅਵੇ ਮੁਤਾਬਕ, ਇਨ੍ਹਾਂ ਨੇਤਾਵਾਂ ਦੇ ਆਈਫੋਨ ਕਿਸੇ ਵੀ ਸਮੇਂ ਹੈਕ ਹੋ ਸਕਦੇ ਹਨ। ਐਪਲ ਨੇ ਇਹ ਨਹੀਂ ਸੀ ਦੱਸਿਆ ਕਿ ਇਹ ਹਮਲਾਵਰ ਕੌਣ ਹਨ। ਬਾਅਦ ਵਿੱਚ ਐਪਲ ਨੇ ਕਿਹਾ ਕਿ ਖ਼ਤਰੇ ਦੇ ਕੁਝ ਨੋਟੀਫਿਕੇਸ਼ਨ ਝੂਠੀਆਂ ਚਿਤਾਵਨੀਆਂ ਹੋ ਸਕਦੀਆਂ ਹਨ ਪਰ ਨਾਲ ਇਹ ਵੀ ਕਿਹਾ ਹੈ ਕਿ ਉਹ (ਕੰਪਨੀ) ਪੂਰੀ ਜਾਣਕਾਰੀ ਜਨਤਕ ਨਹੀਂ ਕਰ ਸਕਦੀ ਕਿਉਂਕਿ ਇਸ ਦਾ ਸਰਕਾਰੀ ਸ਼ਹਿ ਪ੍ਰਾਪਤ ਹਮਲਾਵਰਾਂ ਨੂੰ ਫ਼ਾਇਦਾ ਹੋ ਸਕਦਾ ਹੈ। ਮਹੂਆ ਮੋਇਤਰਾ, ਸ਼ਸ਼ੀ ਥਰੂਰ, ਪ੍ਰਿਅੰਕਾ ਚਤੁਰਵੇਦੀ ਤੇ ਅਖਿਲੇਸ਼ ਯਾਦਵ ਸਮੇਤ ਘੱਟੋ-ਘੱਟ ਦਸ ਵਿਅਕਤੀਆਂ ਨੇ ਇਸ ਦੀ ਸ਼ਿਕਾਇਤ ਕੀਤੀ ਹੈ। ਸ਼ਸ਼ੀ ਥਰੂਰ ਨੇ ਤਾਂ ਦਾਅਵਾ ਕੀਤਾ ਹੈ ਕਿ ਉਸ ਨੇ ਇਸ ਦੀ ਸੱਚਾਈ ਦਾ ਐਪਲ ਤੋਂ ਪਤਾ ਲਾਇਆ ਹੈ, ਜਿਸ ਨੇ ਇਸ ਦੀ ਪੁਸ਼ਟੀ ਕੀਤੀ ਹੈ।

ਥਰੂਰ ਨੇ ਆਪਣੇ ਫੋਨ ਉੱਤੇ ਮਿਲੀ 'ਐਪਲ' ਦੀ ਚਿਤਾਵਨੀ ਵਾਲੇ ਸੰਦੇਸ਼ ਦੇ ਸਕਰੀਨ ਸ਼ਾਟ ਨੂੰ ਟਵੀਟ ਕਰਦਿਆਂ ਲਿਖਿਆ ਹੈ 'ਇਹ ਐਪਲ ਆਈ ਡੀ ਤੋਂ ਪ੍ਰਾਪਤ ਹੋਇਆ ਹੈ, ਜਿਸ ਦੀ ਸੱਚਾਈ ਦੀ ਮੈਂ ਪੁਸ਼ਟੀ ਕਰ ਲਈ ਹੈ। ਖ਼ੁਸ਼ ਹਾਂ, ਕੁਝ ਵਿਹਲੇ ਅਫਸਰਾਂ ਨੂੰ ਮੇਰੇ ਵਰਗੇ ਟੈਕਸ ਦੇਣ ਵਾਲਿਆਂ ਦੀ ਜਾਸੂਸੀ ਕਰਨ ਦੇ ਕੰਮ ਲਾਇਆ ਹੋਇਆ ਹੈ।' ਐਪਲ' ਵੱਲੋਂ ਜਿਨ੍ਹਾਂ ਆਗੂਆਂ ਨੂੰ ਚਿਤਾਵਨੀ ਭੇਜੀ ਗਈ ਹੈ, ਉਹਨਾਂ ਵਿੱਚ ਟੀ ਐੱਮ ਸੀ ਸਾਂਸਦ (ਬਾਕੀ ਸਫ਼ਾ 31 'ਤੇ)

### ਸੁਪਰੀਮ ਕੋਰਟ ਦਾ ਨਿੱਜਤਾ ਦੇ ਹੱਕ 'ਚ ਪੁਰਾਣਾ ਫ਼ੈਸਲਾ



ਯਾਦ ਰਹੇ ਕਿ 2017 ਵਿਚ ਸੁਪਰੀਮ ਕੋਰਟ ਨੇ ਨਿੱਜਤਾ ਨੂੰ ਬੁਨਿਆਦੀ ਹੱਕ ਐਲਾਨਿਆ ਸੀ ਤੇ ਇਸ ਫੈਸਲੇ ਨੂੰ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦੀ ਸੁਰੱਖਿਆ ਲਈ ਮੌਜੂਦ ਸੰਵਿਧਾਨਿਕ ਢਾਂਚੇ ਨੂੰ ਮਜ਼ਬੂਤ ਕਰਨ ਸਬੰਧੀ ਕਦਮ ਵਜੋਂ ਦੇਖਿਆ ਗਿਆ ਸੀ। ਦੇਸ਼ ਦੀ ਸੁਰੱਖਿਆ ਲਈ ਸਰਕਾਰ ਨੂੰ ਕਾਨੂੰਨੀ ਢੰਗ-ਤਰੀਕਿਆਂ ਰਾਹੀਂ ਅਪਰਾਧੀਆਂ, ਅਤਿਵਾਦੀਆਂ ਅਤੇ ਅਸਮਾਜਿਕ ਤੱਤਾਂ 'ਤੇ ਨਿਗਰਾਨੀ ਕਰਨ ਦੇ ਅਧਿਕਾਰ ਪ੍ਰਾਪਤ ਹਨ ਪਰ ਆਮ ਨਾਗਰਿਕਾਂ, ਸਿਆਸੀ ਆਗੂਆਂ, ਪੱਤਰਕਾਰਾਂ, ਸਮਾਜਿਕ ਕਾਰਕੁਨਾਂ ਆਦਿ 'ਤੇ ਵਿਆਪਕ ਨਿਗਰਾਨੀ ਕਰਨੀ ਕਾਨੂੰਨ ਦੀ ਦੁਰਵਰਤੋਂ ਹੈ ਅਤੇ ਇਸ ਵਿਰੁੱਧ ਲਗਾਵਾਰ ਆਵਾਜ਼ਾਂ ਉੱਠਦੀਆਂ ਰਹੀਆਂ ਹਨ। ਮਨੁੱਖੀ ਅਧਿਕਾਰ ਸੰਗਠਨ ਤੇ ਹਾਈਕੋਰਟ ਦੇ ਵਕੀਲ ਰਾਜਵਿੰਦਰ ਬੈਂਸ ਤੇ ਹੋਰ ਬੋਧਿਕ ਹਲਕਿਆਂ ਦਾ ਮੰਨਣਾ ਹੈ ਕੀ ਨਿੱਜੀ ਤੇ ਡੇਟਾ ਸੁਰੱਖਿਆ ਲਈ ਬਣੇ ਕਾਨੂੰਨਾਂ ਦੀ ਦੁਰਵਰਤੋਂ ਜਮਹੂਰੀ ਤਾਣੇ-ਬਾਣੇ 'ਤੇ ਮਾੜਾ ਅਸਰ ਪਾਉਂਦੀ ਤੇ ਜਮਹੂਰੀ ਪ੍ਰਕਿਰਿਆ ਨੂੰ ਢਾਹ ਲਾਉਂਦੀ ਹੈ। ਅਜਿਹੀ ਦੁਰਵਰਤੋਂ ਨੂੰ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਸਿਆਸੀ ਪਾਰਟੀਆਂ, ਜਨਤਕ ਜਥੇਬੰਦੀਆਂ ਤੇ ਹੋਰ ਜਮਹੂਰੀ ਤਾਕਤਾਂ ਨੂੰ ਇਸ ਮਾਮਲੇ ਦੀ ਪਾਰਦਰਸ਼ਤਾ ਨਾਲ ਜਾਂਚ ਕਰਵਾਉਣ ਲਈ ਆਵਾਜ਼ ਉਠਾਉਣੀ ਚਾਹੀਦੀ ਹੈ।

### ਮੋਦੀ ਸਰਕਾਰ 'ਤੇ ਪਹਿਲਾਂ ਵੀ ਲੱਗੇ ਜਸੂਸੀ ਦੇ ਦੋਸ਼



ਇਸ ਤੋਂ ਪਹਿਲਾਂ 2021 ਵਿੱਚ ਵੀ ਸਟੇਟ/ਰਿਆਸਤ ਸਰਕਾਰ ਦੁਆਰਾ ਪ੍ਰਵਾਨਿਤ ਨਿਗਰਾਨੀ ਦੇ ਅਜਿਹੇ ਦੋਸ਼ ਸਾਹਮਣੇ ਆਏ ਅਤੇ ਵੱਡਾ ਮੁੱਦਾ ਬਣ ਗਏ ਸਨ; ਉਦੋਂ ਕਿਹਾ ਗਿਆ ਸੀ ਕਿ ਬਹੁਤ ਸਾਰੇ ਸਮਾਜਿਕ ਕਾਰਕੁਨਾਂ, ਪੱਤਰਕਾਰਾਂ ਤੇ ਸਿਆਸਤਦਾਨਾਂ ਨੂੰ ਇਜ਼ਰਾਇਲੀ ਫਰਮ ਐਨਐਸਓ ਦੇ ਸਪਾਈਵੇਅਰ (ਜਾਸੂਸੀ ਸੰਦ) ਪੈਗਾਸਸ ਦੀ ਮਦਦ ਨਾਲ ਨਿਸ਼ਾਨਾ ਬਣਾਇਆ ਗਿਆ ਹੈ। ਕੰਪਨੀ ਨੇ ਕਿਹਾ ਸੀ ਕਿ ਇਹ ਜਾਸੂਸੀ ਸੰਦ/ਸਪਾਈਵੇਅਰ ਸਿਰਫ਼ ਸਰਕਾਰਾਂ ਨੂੰ ਹੀ ਵੇਚਿਆ ਜਾਂਦਾ ਹੈ। ਇਸ ਕਾਰਨ ਇੱਕ ਵਾਰੀ ਫਿਰ ਸਿਆਸੀ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਅਤੇ ਸਮਾਜਿਕ ਜਾਂ ਸਿਆਸੀ ਅਸਹਿਮਤੀ ਨੂੰ ਦਬਾਉਣ ਲਈ ਮੋਬਾਈਲ ਫੋਨਾਂ ਦੀ ਗ਼ੈਰ-ਕਾਨੂੰਨੀ ਢੰਗ ਨਾਲ ਨਿਗਾਹਬਾਨੀ ਕਰਨ ਸਬੰਧੀ ਤਲਖ਼ ਸਵਾਲ ਪੁੱਛੇ ਜਾ ਰਹੇ ਹਨ। ਇੱਥੇ ਇਹ ਪ੍ਰਸ਼ਨ ਵੀ ਉੱਭਰਦਾ ਹੈ ਕਿ ਅਜਿਹੇ ਸੁਨੇਹੇ ਸਿਰਫ਼ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਹੀ ਕਿਉਂ ਮਿਲੇ ਹਨ।

ਇਜ਼ਰਾਈਲ ਦੀ ਕੰਪਨੀ ਐਨ.ਐਸ.ਓ. ਦਾ ਪੈਗਾਸਸ ਸਾਫਟਵੇਅਰ ਗੁਪਤ (ਐਨਕ੍ਰਿਪਟਿਡ) ਸੁਨੇਹਿਆਂ ਨੂੰ ਖ਼ੁਫ਼ੀਆ ਢੰਗ ਨਾਲ ਪੜ੍ਹਨ, ਫੋਨ ਦੇ ਕੈਮਰੇ ਤੇ ਮਾਈਕ੍ਰੋਫੋਨ ਨੂੰ ਦੂਰ ਤੋਂ ਹੀ ਚਾਲੂ ਕਰਨ ਅਤੇ ਵਰਤੋਂਕਾਰ ਦੇ ਸਥਾਨ (ਲੋਕੇਸ਼ਨ) ਉਤੇ ਲਗਾਤਾਰ ਨਜ਼ਰ ਰੱਖਣ ਦੇ ਸਮਰੱਥ ਹੈ। ਸੁਪਰੀਮ ਕੋਰਟ ਦੁਆਰਾ ਨਾਮਜ਼ਦ ਕੀਤੀ ਗਈ ਕਮੇਟੀ ਨੂੰ ਜਾਂਚੇ ਗਏ ਫੋਨਾਂ ਵਿੱਚ ਇਸ ਸਪਾਈਵੇਅਰ ਦੀ ਵਰਤੋਂ ਦਾ ਕੋਈ ਫ਼ੈਸਲਾਕੁਨ ਸਬੂਤ ਨਹੀਂ ਮਿਲਿਆ ਸੀ; ਉਸ ਸਮੇਂ ਕਮੇਟੀ ਨੇ ਇਸ ਗੱਲ ਉਤੇ ਜ਼ੋਰ ਦਿੱਤਾ ਸੀ ਕਿ ਕੇਂਦਰ ਸਰਕਾਰ ਨੇ ਉਸ ਨੂੰ ਸਹਿਯੋਗ ਨਹੀਂ ਦਿੱਤਾ। ਇਸ ਤਰ੍ਹਾਂ ਗ਼ੈਰ-ਕਾਨੂੰਨੀ ਨਿਗਰਾਨੀ ਸਬੰਧੀ ਅਸਪਸ਼ਟਤਾ ਬਣੀ ਹੋਈ ਹੈ।

'ਐਪਲ' ਉਨ੍ਹਾਂ ਗਾਹਕਾਂ ਨੂੰ ਚਿਤਾਵਨੀਆਂ ਜਾਰੀ ਕਰ ਰਿਹਾ ਹੈ, ਜਿਸ ਬਾਰੇ ਉਸ ਦਾ ਮੰਨਣਾ ਹੈ ਕਿ ਉਹ ਸਰਕਾਰੀ ਹਮਲਿਆਂ ਦਾ ਨਿਸ਼ਾਨਾ ਹਨ। ਐਪਲ ਨੇ ਇਹ ਫੰਕਸ਼ਨ ਉਦੋਂ ਸ਼ੁਰੂ ਕੀਤਾ ਸੀ, ਜਦੋਂ ਦੋ ਸਾਲ ਪਹਿਲਾਂ ਇਜ਼ਰਾਈਲੀ ਪੈਗਾਸਸ ਸਪਾਈਵੇਅਰ ਦਾ ਮਾਮਲਾ ਖਬਰਾਂ ਵਿੱਚ ਆਇਆ ਸੀ। ਇਹ ਖਬਰ ਐਪਲ ਦੇ ਆਈਫੋਨ ਨੂੰ ਹੈਕ ਕਰਕੇ ਅਮਰੀਕੀ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣ ਲਈ ਇਜ਼ਰਾਈਲੀ ਕੰਪਨੀ ਵਿਰੁੱਧ ਦਾਇਰ ਕੀਤੇ ਮੁਕੱਦਮੇ ਬਾਅਦ ਆਈ ਸੀ। ਉਸ ਸਮੇਂ ਐਮਨੈਸਟੀ ਇੰਟਰਨੈਸ਼ਨਲ ਤੇ ਸਿਟੀਜ਼ਨ ਲੈਬ ਦੀ ਇੱਕ ਜਾਂਚ ਤੋਂ ਪਤਾ ਲੱਗਾ ਸੀ ਕਿ ਪੈਗਾਸਸ ਸਪਾਈਵੇਅਰ ਦੁਨੀਆਂ ਭਰ ਦੇ ਪੱਤਰਕਾਰਾਂ, ਸਮਾਜਿਕ ਕਾਰਕੁਨਾਂ ਤੇ ਸਰਕਾਰ ਦੇ ਆਲੋਚਕਾਂ ਦੇ ਫੋਨਾਂ ਨੂੰ ਹੈਕ ਕਰਨ ਦੇ ਸਮਰੱਥ ਹੈ। ਇਸ ਤੋਂ ਬਾਅਦ ਐਪਲ ਨੇ ਆਪਣੇ ਆਈ ਫੋਨ ਨੂੰ ਅੱਪਡੇਟ ਕਰਕੇ ਸੰਭਾਵਤ ਹਮਲਿਆਂ ਬਾਰੇ ਚੇਤਾਵਨੀ ਭੇਜਣੀ ਸ਼ੁਰੂ ਕੀਤੀ ਸੀ।

## ਕੈਨੇਡਾ, ਭਾਰਤ ਨਾਲ ਗੱਲਬਾਤ 'ਚ ਸ਼ਾਮਲ ਪਰ ਨਿੱਝਰ ਮਾਮਲੇ 'ਚ ਆਪਣੇ ਦੋਸ਼ਾਂ 'ਤੇ ਕਾਇਮ : ਜੌਲੀ



ਓਟਾਵਾ/ਏ.ਟੀ.ਨਿਊਜ਼ : ਕੈਨੇਡਾ ਦੀ ਵਿਦੇਸ਼ ਮੰਤਰੀ ਮੇਲਾਨੀਆ ਜੌਲੀ ਨੇ ਕਿਹਾ ਕਿ ਉਹ ਆਪਣੇ ਭਾਰਤੀ ਹਮਰੁਤਬਾ ਐੱਸ. ਜੈਸ਼ੰਕਰ ਦੇ ਸੰਪਰਕ ਵਿੱਚ ਹੈ ਅਤੇ ਉਹ ਅਜਿਹਾ ਕਰਨਾ ਜਾਰੀ ਰੱਖਣਗੇ ਕਿਉਂਕਿ ਦੋਵਾਂ ਦੇਸ਼ਾਂ ਦੇ ਦੁਵੱਲੇ ਸਬੰਧ ਦਹਾਕਿਆਂ ਪੁਰਾਣੇ ਹਨ। ਉਨ੍ਹਾਂ ਦੀ ਟਿੱਪਣੀ ਅਜਿਹੇ ਸਮੇਂ ਆਈ ਹੈ, ਜਦੋਂ ਭਾਰਤ ਨੇ ਤਕਰੀਬਨ ਇੱਕ ਹ.ਫਤਾ ਪਹਿਲਾਂ ਕੈਨੇਡਾ 'ਚ ਕੁਝ ਵੀਜ਼ਾ ਸੇਵਾਵਾਂ ਬਹਾਲ ਕੀਤੀਆਂ ਸਨ। ਭਾਰਤ ਨੇ ਦੋ ਮਹੀਨੇ ਪਹਿਲਾਂ ਖਾਲਿਸਤਾਨੀ ਕੱਟੜਪੰਥੀ ਹਰਦੀਪ ਸਿੰਘ ਨਿੱਝਰ ਦੇ ਕਤਲ ਵਿਵਾਦ ਕਾਰਨ ਇਹ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਸਨ ।ਜੌਲੀ ਨੇ ਕਿਹਾ ਕਿ ਕੈਨੇਡਾ ਨਿੱਝਰ ਦੇ ਕਤਲ ਦੇ ਦੋਸ਼ਾਂ ਬਾਰੇ ਕੈਨੇਡੀਅਨਾਂ ਨੂੰ ਦੱਸਣ ਦੇ ਆਪਣੇ ਫ਼ੈਸਲੇ 'ਤੇ ਕਾਇਮ ਹੈ ਪਰ ਉਹ ਇਸ ਮੁੱਦੇ 'ਤੇ ਭਾਰਤ ਸਰਕਾਰ ਨਾਲ ਗੱਲਬਾਤ ਵੀ ਕਰ ਰਿਹਾ ਹੈ। ਜੌਲੀ ਟੋਰਾਂਟੋ ਵਿੱਚ ਕੈਨੇਡਾ ਦੇ ਆਰਥਿਕ ਕਲੱਬ ਵਿੱਚ ਸੰਬੋਧਨ ਕਰ ਰਹੀ ਸੀ। ਜੌਲੀ ਨੇ ਕਿਹਾ ਕਿ ਅਸੀਂ ਭਰੋਸੇਮੰਦ ਭਾਰਤੀ ਏਜੰਟਾਂ ਦੀ ਸ਼ਮੂਲੀਅਤ ਦੀ ਸੰਭਾਵਨਾ ਦਾ ਦੋਸ਼ ਲਗਾਇਆ ਸੀ। ਭਾਰਤ ਨੇ ਇਹਨਾਂ ਦੋਸ਼ਾਂ ਨੂੰ ਖਾਰਿਜ ਕਰ ਦਿੱਤਾ ਸੀ। ਬਾਅਦ ਵਿੱਚ ਐਕਸ 'ਤੇ ਇੱਕ ਪੋਸਟ ਵਿੱਚ ਉਸਨੇ ਕਿਹਾ, "ਕੈਨੇਡਾ ਅੰਤਰਰਾਸ਼ਟਰੀ ਕਾਨੂੰਨਾਂ ਅਤੇ ਨਿਯਮਾਂ ਦੇ ਸਨਮਾਨ ਨੂੰ ਵਧਾਵਾ ਦੇਣ ਲਈ ਕੰਮ ਕਰੇਗਾ। ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਲਈ ਕੰਮ ਕਰਦਾ ਰਹੇਗਾ। ਇਹ ਸਮਝਦੇ ਹੋਏ ਕਿ ਅੰਤਰਰਾਸ਼ਟਰੀ ਸੁਰੱਖਿਆ ਲਈ ਖਤਰੇ ਸਾਡੀ ਸਾਂਝੀ ਖੁਸ਼ਹਾਲੀ ਲਈ ਖਤਰੇ ਹਨ।"

### ਅਮਰੀਕੀ ਫਰਮ ਰਿਸਕਿਊਰਿਟੀ ਨੇ ਕੀਤਾ ਦਾਅਵਾ

## ਡਾਰਕ ਵੈੱਬ 'ਤੇ ਕਰੀਬ 81.5 ਕਰੋੜ ਭਾਰਤੀਆਂ ਦੀ ਨਿੱਜੀ ਜਾਣਕਾਰੀ ਲੀਕ ਹੋਈ

ਨਵੀਂ ਦਿੱਲੀ/ਏ.ਟੀ.ਨਿਊਜ਼ : ਅਮਰੀਕਾ ਸਥਿਤ ਸਾਈਬਰ ਸੁਰੱਖਿਆ ਫਰਮ ਰਿਸਕਿਊਰਿਟੀ ਦੀ ਇੱਕ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਡਾਰਕ ਵੈੱਬ 'ਤੇ ਕਰੀਬ 81.5 ਕਰੋੜ ਭਾਰਤੀਆਂ ਦੀ ਨਿੱਜੀ ਜਾਣਕਾਰੀ ਲੀਕ ਹੋ ਗਈ ਹੈ। ਨਾਮ, ਫ਼ੋਨ ਨੰਬਰ, ਪਤਾ, ਆਧਾਰ, ਪਾਸਪੋਰਟ ਦੀ ਜਾਣਕਾਰੀ ਸਮੇਤ ਡਾਟਾ ਆਨਲਾਈਨ ਵਿਕਰੀ ਲਈ ਲੀਕ ਹੋ ਗਿਆ ਹੈ। ਬਿਜ਼ਨੈੱਸ ਸਟੈਂਡਰਡ ਦੀ ਰਿਪੋਰਟ ਮੁਤਾਬਕ ਰਿਸਕਿਊਰਿਟੀ ਨੇ ਇੱਕ ਬਲਾਗਪੋਸਟ ਵਿੱਚ ਲਿਖਿਆ, '9 ਅਕਤੂਬਰ ਨੂੰ, 'ਪੀ.ਡਬਲਯੂ. ਐਨ.0001' ਨਾਮ ਦੇ ਇੱਕ ਵਿਅਕਤੀ ਨੇ ਬ੍ਰੀਚ ਫੋਰਮ 'ਤੇ ਇੱਕ ਥ੍ਰੈਡ ਪੋਸਟ ਰਾਹੀਂ 81.5 ਕਰੋੜ ਭਾਰਤੀਆਂ ਦੇ ਆਧਾਰ ਅਤੇ ਪਾਸਪੋਰਟ ਰਿਕਾਰਡ ਵੇਚਣ ਦੀ ਪੇਸ਼ਕਸ਼ ਕੀਤੀ ਸੀ'। ਭਾਰਤ ਦੀ ਕੁੱਲ ਆਬਾਦੀ। 148.6 ਕਰੋੜ ਤੋਂ ਵੱਧ ਹੈ। ਕੰਪਨੀ ਨੇ ਇਹ ਵੀ ਕਿਹਾ ਕਿ ਉਸਦੀ ਹੰਮਿਟ ਯੂਨਿਟ ਦੇ ਜਾਂਚਕਰਤਾਵਾਂ ਨੇ ਧਮਕੀ ਦੇਣ ਵਾਲੇ ਵਿਅਕਤੀ ਨਾਲ ਸੰਪਰਕ ਸਥਾਪਿਤ ਕੀਤਾ ਸੀ। ਇਹ ਖੁਲਾਸਾ ਹੋਇਆ ਸੀ ਕਿ ਉਹ ਪੂਰੇ ਆਧਾਰ ਅਤੇ ਭਾਰਤੀ ਪਾਸਪੋਰਟ ਡੇਟਾਬੇਸ ਨੂੰ 80,000 ਡਾਲਰ ਵਿੱਚ ਵੇਚਣ ਲਈ ਤਿਆਰ ਹਨ।



ਮੀਡੀਆ ਰਿਪੋਰਟਾਂ ਦੇ ਅਨੁਸਾਰ, ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਇਸ ਸਮੇਂ ਹੈਕਰ 'ਪੀ.ਡਬਲਯੂ.ਐਨ.0001' ਦੀ ਜਾਂਚ ਕਰ ਰਿਹਾ ਹੈ। ਇੱਕ ਹੋਰ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਹ ਡੇਟਾ ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ (ਆਈ.ਸੀ.ਐਮ.ਆਰ.) ਡੇਟਾਬੇਸ ਨਾਲ ਸਬੰਧਤ ਹੋ ਸਕਦਾ ਹੈ। ਇੱਕ ਹੈਕਰ ਇਸ ਵਿੱਚ ਪਿਤਾ ਦਾ ਨਾਮ, ਫ਼ੋਨ ਨੰਬਰ, ਹੋਰ ਨੰਬਰ, ਪਾਸਪੋਰਟ ਨੰਬਰ, ਆਧਾਰ ਨੰਬਰ, ਉਮਰ ਆਦਿ ਸ਼ਾਮਲ ਕਰਦਾ ਹੈ।

**ਇਸ ਤੋਂ ਪਹਿਲਾਂ ਵੀ ਨਿੱਜੀ ਜਾਣਕਾਰੀ ਹੋ ਚੁੱਕੀ ਹੈ ਲੀਕ**

ਇਹ ਪਹਿਲੀ ਵਾਰ ਨਹੀਂ ਹੈ ਜਦੋਂ ਡੇਟਾ ਦੀ ਉਲੰਘਣਾ ਹੋਈ ਹੈ। ਇਸ ਤੋਂ ਪਹਿਲਾਂ ਜੂਨ ਵਿੱਚ, ਸਰਕਾਰ ਨੇ ਇੱਕ ਟੈਲੀਗ੍ਰਾਮ ਮੈਸੇਂਜਰ ਚੈਨਲ ਦੁਆਰਾ ਕਥਿਤ ਤੌਰ 'ਤੇ ਕੋਵਿਨ ਵੈਬਸਾਈਟ ਤੋਂ ਵੀ.ਵੀ.ਆਈ.ਪੀਜ਼. ਸਮੇਤ ਟੀਕਾਕਰਨ ਕੀਤੇ ਗਏ ਨਾਗਰਿਕਾਂ ਦੇ ਨਿੱਜੀ ਡੇਟਾ ਦੇ ਲੀਕ ਹੋਣ ਤੋਂ ਬਾਅਦ ਡੇਟਾ ਉਲੰਘਣਾ ਦੀ ਜਾਂਚ ਸ਼ੁਰੂ ਕੀਤੀ ਸੀ। ਡਾਟਾ ਉਲੰਘਣਾ ਦਾਅਵਿਆਂ ਸਰਕਾਰ ਲਈ ਇੱਕ ਵੱਡਾ ਝਟਕਾ ਹੈ, ਜੋ ਕਿ ਅਰਥਵਿਵਸਥਾ ਨੂੰ ਡਿਜੀਟਾਈਜ਼ ਕਰਨ ਅਤੇ ਬਾਇਓਮੀਟ੍ਰਿਕ ਪਛਾਣ ਨੰਬਰ ਆਧਾਰ, ਵਿਅਕਤੀਆਂ ਦੇ ਮੋਬਾਈਲ ਨੰਬਰਾਂ ਅਤੇ ਬੈਂਕ ਖਾਤਿਆਂ ਦੇ ਆਧਾਰ 'ਤੇ ਡਿਜੀਟਲ ਜਨਤਕ ਬੁਨਿਆਦੀ ਢਾਂਚਾ ਬਣਾਉਣ ਲਈ ਕਦਮ ਚੁੱਕ ਰਹੀ ਹੈ।

# ਅਮਰੀਕਾ ਖ਼ਬਰਨਾਮਾ

## ਚੋਣ ਜਿੱਤਿਆ ਤਾਂ ਚੋਣਵੇਂ ਦੇਸ਼ਾਂ ਦੇ ਮੁਸਲਮਾਨਾਂ ਦੀ ਅਮਰੀਕਾ ਯਾਤਰਾ ਉੱਪਰ ਮੁੜ ਲਗਾਵਾਂਗਾ ਪਾਬੰਦੀ : ਟਰੰਪ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੁਝ ਮੁਸਲਿਮ ਬਹੁਗਿਣਤੀ ਵਾਲੇ ਕੁਝ ਚੋਣਵੇਂ ਦੇਸ਼ਾਂ ਦੇ ਲੋਕਾਂ 'ਤੇ ਵਿਵਾਦਮਈ ਯਾਤਰਾ ਪਾਬੰਦੀ ਮੁੜ ਸ਼ੁਰੂ ਕਰਨ ਦੀ ਕਸਮ ਖਾਧੀ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਬਣਦੇ ਹੀ ਉਹ ਪਹਿਲੇ ਦਿਨ ਤੋਂ ਇਹ ਪਾਬੰਦੀ ਮੁੜ ਲਾਗੂ ਕਰਨਗੇ। ਇਸ ਬਿਆਨ ਦੀ ਵ੍ਹਾਈਟ ਹਾਊਸ ਨੇ ਆਲੋਚਨਾ ਕੀਤੀ ਹੈ। ਟਰੰਪ ਬੀਤੇ ਦਿਨੀਂ ਰਿਪਬਲਿਕਨ ਯਹੂਦੀ ਗਠਜੋੜ ਦੇ ਸਾਲਾਨਾ ਸਿਖਰ ਸੰਮੇਲਨ ਨੂੰ ਸੰਬੋਧਨ ਕਰ ਰਹੇ ਸਨ।

ਉਨ੍ਹਾਂ ਕਿਹਾ ਸੀ ਕਿ ਅਸੀਂ ਯਾਤਰਾ 'ਤੇ ਪਾਬੰਦੀ ਇਸ ਲਈ ਲਗਾਈ ਸੀ ,ਕਿਉਂਕਿ ਅਸੀਂ ਨਹੀਂ ਚਾਹੁੰਦੇ ਸਨ ਕਿ ਅਮਰੀਕਾ ਵਿੱਚ ਅਜਿਹੇ ਲੋਕ ਆਉਣ ਜਿਹੜੇ ਸਾਡੇ ਦੇਸ਼ ਨੂੰ ਨੁਕਸਾਨ ਪਹੁੰਚਾਉਣ ਦਾ ਵਿਚਾਰ ਰੱਖਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੌਰਾਨ ਲਗਾਈ ਗਈ ਯਾਤਰਾ ਪਾਬੰਦੀ ਬੇਮਿਸਾਲ ਕਾਮਯਾਬੀ ਸੀ। ਰਿਪਬਲਿਕਨ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰੀ ਦੀ ਦੌੜ ਵਿੱਚ ਸਭ ਤੋਂ ਅੱਗੇ ਚੱਲ ਰਹੇ ਟਰੰਪ ਨੇ ਕਿਹਾ ਕਿ ਸਾਡੇ ਚਾਰ ਸਾਲ ਦੇ ਕਾਰਜਕਾਲ ਦੌਰਾਨ ਇਕ ਵੀ ਘਟਨਾ ਨਹੀਂ ਵਾਪਰੀ ਕਿਉਂਕਿ ਅਸੀਂ ਬੁਰੇ ਲੋਕਾਂ ਨੂੰ ਦੇਸ਼ ਵਿਚੋਂ ਬਾਹਰ ਰੱਖਿਆ। ਜ਼ਿਕਰਯੋਗ ਹੈ ਕਿ 2017



ਵਿੱਚ ਟਰੰਪ ਨੇ ਰਾਸ਼ਟਰਪਤੀ ਦਾ ਅਹੁਦਾ ਸੰਭਾਲਦੇ ਹੀ ਈਰਾਨ, ਲੀਬੀਆ, ਸੋਮਾਲੀਆ, ਸੀਰੀਆ, ਯਮਨ ਤੇ ਸ਼ੁਰੂਆਤ 'ਚ ਇਰਾਕ ਤੇ ਸੂਡਾਨ ਤੋਂ ਯਾਤਰੀਆਂ ਦੇ ਦਾਖ਼ਲੇ 'ਤੇ ਪਾਬੰਦੀ ਲਗਾ ਦਿੱਤੀ ਸੀ।

ਹਾਲਾਂਕਿ ਜਦੋਂ ਜੋਅ ਬਾਇਡਨ ਰਾਸ਼ਟਰਪਤੀ ਬਣੇ ਤਾਂ ਉਨ੍ਹਾਂ ਨੇ ਪਾਬੰਦੀ ਹਟਾ ਦਿੱਤੀ ਸੀ। ਉੱਧਰ, ਰਿਪਬਲਿਕਨ ਅਹੁਦੇ ਦੀ ਉਮੀਦਵਾਰੀ ਲਈ ਮੁਕਾਬਲਾ ਕਰ ਰਹੀ ਭਾਰਤਵੰਸ਼ੀ ਨਿੱਕੀ ਹੇਲੀ ਨੇ ਟਰੰਪ 'ਤੇ ਨਿਸ਼ਾਨਾ ਵਿੰਨਿਆ। ਉਨ੍ਹਾਂ ਕਿਹਾ ਕਿ 2024 ਦੀ ਚੋਣ ਵਿੱਚ ਡੋਨਾਲਡ ਟਰੰਪ ਦੀ ਜਿੱਤ ਦਾ ਨਤੀਜਾ ਚਾਰ ਸਾਲ ਦੀ ਅਰਾਜਕਤਾ, ਬਦਲੇ ਤੇ ਨਾਟਕ ਹੋਣਗੇ ਜੋ ਅਮਰੀਕਾ ਲਈ ਖ਼ਤਰਨਾਕ ਸਾਬਤ ਹੋਵੇਗਾ।

## ਅਮਰੀਕਾ ਦੇ ਫ਼ਲੋਰਿਡਾ 'ਚ ਦੋ ਧੜਿਆਂ ਵਿਚਾਲੇ ਝਗੜੇ ਉਪਰੰਤ ਚੱਲੀਆਂ ਗੋਲੀਆਂ, 2 ਮੌਤਾਂ ਤੇ 16 ਜ਼ਖ਼ਮੀ

ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਅਮਰੀਕਾ ਦੇ ਫਲੋਰਿਡਾ ਰਾਜ ਦੇ ਟਾਂਪਾ ਸ਼ਹਿਰ ਦੀ ਭੀੜ ਭੜਕੇ ਵਾਲੀ ਸੜਕ ਉਪਰ ਹੋਈ ਗੋਲੀਬਾਰੀ ਦੀ ਘਟਨਾ ਵਿੱਚ ਦੋ ਵਿਅਕਤੀਆਂ ਦੇ ਮਾਰੇ ਜਾਣ ਤੇ 16 ਹੋਰਨਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਟਾਂਪਾ ਪੁਲਿਸ ਵਿਭਾਗ ਵੱਲੋਂ ਜਾਰੀ ਪ੍ਰੈਸ ਬਿਆਨ ਵਿੱਚ ਕਿਹਾ ਗਿਆ ਹੈ ਕਿ ਗੋਲੀਬਾਰੀ ਦੀ ਇਹ ਘਟਨਾ ਦੋ ਧੜਿਆਂ ਵਿਚਾਲੇ ਹੋਏ ਝਗੜੇ ਉਪਰੰਤ ਵਾਪਰੀ ਹੈ। ਪੁਲਿਸ ਅਨੁਸਾਰ ਇੱਕ ਵਿਅਕਤੀ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦ ਕਿ ਦੂਸਰਾ ਹਸਪਤਾਲ ਲਿਜਾਂਦਿਆਂ ਰਾਹ ਵਿਚ ਦਮ ਤੋੜ ਗਿਆ। ਟਾਂਪਾ ਪੁਲਿਸ ਮੁਖੀ ਲੀ ਬਰਕਾਅ ਅਨੁਸਾਰ ਤੜਕਸਾਰ 3 ਵਜੇ ਤੋਂ ਪਹਿਲਾਂ ਵਾਪਰੀ ਗੋਲੀਬਾਰੀ ਦੀ ਇਸ ਘਟਨਾ ਵਿੱਚ ਇੱਕ 14 ਸਾਲਾ ਨਬਾਲਗ ਤੇ ਇੱਕ 22 ਸਾਲਾ ਵਿਅਕਤੀ ਮਾਰੇ ਗਏ ਹਨ। ਜ਼ਖਮੀਆਂ ਵਿਚੋਂ 15 ਦੇ ਗੋਲੀਆਂ ਵੱਜੀਆਂ ਹਨ ਜਦ ਕਿ ਇੱਕ ਹੋਰ ਵਿਅਕਤੀ ਦੇ ਗੰਭੀਰ ਸੱਟਾਂ ਵੱਜੀਆਂ ਹਨ। ਪੁਲਿਸ ਮੁਖੀ ਅਨੁਸਾਰ ਜ਼ਖਮੀਆਂ ਨੂੰ ਨੇੜੇ ਦੇ ਹਸਪਤਾਲਾਂ ਵਿੱਚ ਲਿਜਾਇਆ ਗਿਆ ਹੈ। ਟਾਂਪਾ ਪੁਲਿਸ ਦੇ ਇੱਕ ਬੁਲਾਰੇ ਅਨੁਸਾਰ ਇਸ ਘਟਨਾ ਸਬੰਧੀ ਸ਼ੱਕੀ ਟਾਇਰੈਲ ਸਟੀਫਨ ਫਿਲਿਪਸ (22) ਨਾਮੀ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ ਉਸ ਵਿਰੁੱਧ ਦੂਸਰਾ ਦਰਜਾ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ ਜਦ ਕਿ ਇਕ ਹੋਰ ਵਿਅਕਤੀ ਦੀ ਤਲਾਸ਼ ਹੈ। ਪੁਲਿਸ ਨੇ ਮ੍ਰਿਤਕਾਂ ਦੇ ਨਾਂ ਜਾਰੀ ਨਹੀਂ ਕੀਤੇ ਹਨ।

## 18 ਲੋਕਾਂ ਦੀ ਹੱਤਿਆ ਕਰਨ ਵਾਲੇ ਸ਼ੱਕੀ ਹਮਲਾਵਰ ਦੀ ਮਿਲੀ ਲਾਸ਼

ਸੈਕਰਾਮੈਂਟੋ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਬੀਤੇ ਬੁੱਧਵਾਰ ਅਮਰੀਕਾ ਦੇ ਮੇਨੇ ਰਾਜ ਦੇ ਲੇਵਿਸਟਨ ਸ਼ਹਿਰ ਵਿੱਚ ਅੰਨੇਵਾਹ ਗੋਲੀਆਂ ਚਲਾ ਕੇ 18 ਲੋਕਾਂ ਦੀ ਹੱਤਿਆ ਕਰਨ ਤੇ ਅਨੇਕਾਂ ਹੋਰਨਾਂ ਨੂੰ ਜ਼ਖਮੀ ਕਰਨ ਵਾਲੇ ਸ਼ੱਕੀ ਦੋਸ਼ੀ ਰਾਬਰਟ ਕਾਰਡ ਦੀ ਲਾਸ਼ ਮਿਲਣ ਦੀ ਖਬਰ ਹੈ।



ਐਂਡਰੋਸਕੋਗਿਨ ਕਾਊਂਟੀ ਸ਼ੈਰਿਫ ਦਫਤਰ ਨੇ ਕਾਰਡ ਦੀ ਲਾਸ਼ ਮਿਲਣ ਦੀ ਪੁਸ਼ਟੀ ਕੀਤੀ ਹੈ। ਅਮਰੀਕੀ ਰਿਜ਼ਰਵ ਫੌਜ ਨੂੰ ਮਿਲੀ ਰਾਬਰਟ ਦੀ ਲਾਸ਼ ਤੋਂ ਪਤਾ ਲੱਗਦਾ ਹੈ ਉਸ ਨੇ ਖੁਦ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕੀਤੀ ਹੈ ਹਾਲਾਂ ਕਿ ਅਧਿਕਾਰਤ ਤੌਰ 'ਤੇ ਰਾਬਰਟ ਦੀ ਮੌਤ ਦੇ ਕਾਰਨ ਬਾਰੇ ਅਜੇ ਕੁਝ ਨਹੀਂ ਕਿਹਾ ਗਿਆ ਹੈ। ਅਮਰੀਕੀ ਰਿਜ਼ਰਵ ਫੋਰਸ , ਪੁਲਿਸ ਤੇ ਹੋਰ ਲਾਅ ਇਨਫੋਰਸਮੈਂਟ ਏਜੰਸੀਆਂ ਰਾਬਰਟ ਕਾਰਡ ਦੀ ਪਿਛਲੇ ਦੋ ਦਿਨਾਂ ਤੋਂ ਵੱਡੀ ਪੱਧਰ ਉਪਰ ਭਾਲ ਕਰ ਰਹੀਆਂ ਸਨ।

ਸੂਤਰਾਂ ਅਨੁਸਾਰ ਰਾਬਰਟ ਦੀ ਲਾਸ਼ ਲੇਵਿਸਟਨ ਸ਼ਹਿਰ ਤੋਂ ਤਕਰੀਬਨ 8 ਮੀਲ ਦੂਰ ਜੰਗਲੀ ਖੇਤਰ ਵਿਚੋਂ ਲਿਸਬਨ ਕਸਬੇ ਨੇੜਿਉਂ ਮਿਲੀ। ਇਥੇ ਜ਼ਿਕਰਯੋਗ ਹੈ ਕਿ ਗੋਲੀਬਾਰੀ ਤੋਂ ਬਾਅਦ ਲੇਵਿਸਟਨ ਸ਼ਹਿਰ ਤੇ ਨਾਲ ਲੱਗਦੇ ਖੇਤਰਾਂ ਵਿੱਚ ਸਹਿਮ ਤੇ ਡਰ ਦਾ ਮਾਹੌਲ ਪੈਦਾ ਹੋ ਗਿਆ ਸੀ। ਅਧਿਕਾਰੀਆਂ ਨੇ ਲੋਕਾਂ ਨੂੰ ਘਰਾਂ ਵਿੱਚ ਰਹਿਣ ਦੀ ਹਦਾਇਤ ਕੀਤੀ ਸੀ । ਇਸ ਤੋਂ ਇਲਾਵਾ ਸਕੂਲ ਤੇ ਕਾਰੋਬਾਰੀ ਅਦਾਰੇ ਬੰਦ ਕਰ ਦਿੱਤੇ ਗਏ ਸਨ। ਕਾਨੂੰਨੀ ਪ੍ਰਕ੍ਰਿਆ ਪੂਰੀ ਕਰਕੇ ਖਰੀਦੀ ਸੀ ਗੰਨ ਲਾਅ ਇਨਫੋਰਸਮੈਂਟ ਦੇ ਸੂਤਰਾਂ ਅਨੁਸਾਰ ਜਾਂਚਕਾਰਾਂ ਦਾ ਵਿਸ਼ਵਾਸ਼ ਹੈ ਕਿ ਕਾਰਡ ਨੇ ਲੋਕਾਂ ਨੂੰ ਮਾਰਨ ਲਈ ਜਿਸ ਗੰਨ ਦੀ ਵਰਤੋਂ ਕੀਤੀ ਹੈ ਉਹ ਉਸ ਨੇ ਹਸਪਤਾਲ ਵਿੱਚ ਆਪਣੀ ਮਾਨਸਿਕ ਸਿਹਤ ਦੀ ਜਾਂਚ ਲਈ ਦਾਖਲ ਹੋਣ ਤੋਂ ਕੁਝ ਦਿਨ ਪਹਿਲਾਂ ਹੀ ਕਾਨੂੰਨੀ ਤੌਰ 'ਤੇ ਖਰੀਦੀ ਸੀ। ਸੂਤਰਾਂ ਨੇ ਕਿਹਾ ਹੈ ਕਿ ਮੱਧ ਜੁਲਾਈ ਵਿੱਚ ਨਿਊ ਯਾਰਕ ਸਟੇਟ ਪੁਲਿਸ ਨੂੰ ਕੈਂਪ ਸਮਿਥ ਜਿਥੇ ਕਾਰਡ ਨੇ ਨੌਕਰੀ ਕੀਤੀ ਸੀ, ਵਿੱਚ ਸੱਦਿਆ ਗਿਆ ਸੀ ਕਿਉਂਕਿ ਉਸ ਦਾ ਵਿਵਹਾਰ ਠੀਕ ਨਹੀਂ ਸੀ । ਉਹ ਹਮਲਾਵਰ ਸੀ ਤੇ ਸੰਭਾਵੀ ਤੌਰ 'ਤੇ ਉਸ ਨੇ ਨਸ਼ਾ ਕੀਤਾ ਹੋਇਆ ਸੀ। ਸਟੇਟ ਪੁਲਿਸ ਕਾਰਡ ਨੂੰ ਹਸਪਤਾਲ ਲੈ ਕੇ ਗਈ ਸੀ। ਨਸ਼ਾ ਕਰਨ ਲਈ ਉਸ ਦਾ ਇਲਾਜ਼ ਕੀਤਾ ਗਿਆ ਸੀ ਤੇ ਅਗਲੇ ਦਿਨ ਉਸ ਨੂੰ ਹਸਪਤਾਲ ਵਿਚੋਂ ਛੁੱਟੀ ਦੇ ਦਿੱਤੀ ਗਈ ਸੀ।

## 49 ਡਾਲਰ ਦੀ ਗੈਲਰੀ ਲਿਕਵਿਡ ਬਾਇਓਪਸੀ 50 ਤੋਂ ਵੱਧ ਕਿਸਮਾਂ ਦੇ ਕੈਂਸਰ ਦਾ ਪਤਾ ਲਗਾਏਗੀ

### ਅਮਰੀਕਾ ਵਿੱਚ ਹਰ ਸਾਲ 600, 000 ਲੋਕ ਕੈਂਸਰ ਨਾਲ ਗੁਆ ਦਿੰਦੇ ਨੇ ਜ਼ਿੰਦਗੀਆਂ

ਨਿਊਯਾਰਕ/ਏ.ਟੀ.ਨਿਊਜ਼: ਅਮਰੀਕਾ ਵਿੱਚ ਡਾਕਟਰ ਤੇ ਖੋਜੀ ਇੱਕ ਨਵੇਂ ਬਲੱਡ ਟੈਸਟ ਨੂੰ ਲੈ ਕੇ ਕਾਫੀ ਉਤਸ਼ਾਹਿਤ ਹਨ ਜੋ ਕੈਂਸਰ ਦਾ ਛੇਤੀ ਪਤਾ ਲਗਾਉਣ ਦਾ ਦਾਅਵਾ ਕਰਦਾ ਹੈ। ਪਰ ਇਸ ਬਾਰੇ ਡਾਕਟਰੀ ਮਾਹਿਰਾਂ ਵਿੱਚ ਅਸਹਿਮਤੀ ਹੈ ਕਿ ਕੀ ਉਹਨਾਂ ਨੂੰ ਇਸ ਸਮੇਂ ਅਸਲ ਵਿੱਚ ਇਸਦੀ ਵਰਤੋਂ ਕਰਨੀ ਚਾਹੀਦੀ ਹੈ ਜਾਂ ਨਹੀਂ। ਇਹ ਦਾਅਵਾ ਕੀਤਾ ਗਿਆ ਹੈ ਕਿ 949 ਡਾਲਰ ਦੀ ਗੈਲਰੀ ਲਿਕਵਿਡ ਬਾਇਓਪਸੀ 50 ਤੋਂ ਵੱਧ ਕਿਸਮਾਂ ਦੇ ਕੈਂਸਰ ਦਾ ਪਤਾ ਲਗਾ ਸਕਦੀ ਹੈ। ਇਹ ਖੂਨ ਦੇ ਪ੍ਰਵਾਹ ਵਿੱਚ ਟਿਊਮਰ ਦੁਆਰਾ ਜਾਰੀ ਕੀਤੇ ਗਏ ਡੀਐਨਏ ਵਿੱਚ ਕੈਂਸਰ ਦੇ ਸੰਕੇਤਾਂ ਦੀ ਖੋਜ ਕਰਕੇ ਕੰਮ ਕਰਦਾ ਹੈ। ਜੀਨ-ਸਿਕਵੇਂਸਿੰਗ ਕੰਪਨੀ ਇਲੁਮਿਨਾ ਦੀ ਇੱਕ ਯੂਨਿਟ ਗ੍ਰੇਲ ਨੇ ਇਹ ਟੈਸਟ ਤਿਆਰ ਕੀਤਾ ਹੈ।

**ਕੰਪਨੀ ਨੇ ਕੀਤਾ ਇਹ ਦਾਅਵਾ**

ਇਹ ਟੈਸਟ ਕਰਨ ਵਾਲੀ ਕੰਪਨੀ ਅਤੇ ਗੈਲਰੀ ਲਿਕਵਿਡ ਬਾਇਓਪਸੀ ਦੇ ਸਮਰਥਕਾਂ ਦਾ ਕਹਿਣਾ ਹੈ ਕਿ ਪਹਿਲਾਂ ਕੈਂਸਰ ਨੂੰ ਫੜਨ ਦਾ ਸੰਭਾਵੀ ਲਾਭ ਇਨ੍ਹਾਂ ਸਾਰੀਆਂ ਚਿੰਤਾਵਾਂ ਤੋਂ ਵੱਧ ਹੈ। ਕੰਪਨੀ ਦਾ ਮੰਨਣਾ ਹੈ ਕਿ ਇਹ ਟੈਸਟ ਕਰਵਾਉਣ ਨਾਲ ਕੈਂਸਰ ਦੀ ਪਛਾਣ ਵਧੇਗੀ ਅਤੇ ਲੋਕਾਂ ਦੀ ਸਿਹਤ ਵਿੱਚ ਸੁਧਾਰ ਹੋਵੇਗਾ। ਜੇਕਰ ਤੁਹਾਨੂੰ ਕੈਂਸਰ ਲਈ ਸਕਾਰਾਤਮਕ ਨਤੀਜਾ ਮਿਲਦਾ ਹੈ, ਤਾਂ ਤੁਹਾਨੂੰ ਹਰ ਤਰ੍ਹਾਂ ਦੇ ਟੈਸਟ ਕਰਵਾਉਣ ਤੋਂ ਬਾਅਦ ਇਸਦੀ ਪੁਸ਼ਟੀ ਕਰਨੀ ਚਾਹੀਦੀ ਹੈ। ਗਰੇਲ ਦੇ ਵਿਗਿਆਨੀ ਡਾ. ਐਰਿਕ



ਕਲੇਨ ਕਹਿੰਦੇ ਹਨ, 'ਅਮਰੀਕਾ ਵਿੱਚ ਅਸੀਂ ਅਜੇ ਵੀ ਹਰ ਸਾਲ 600,000 ਲੋਕਾਂ ਨੂੰ ਕੈਂਸਰ ਨਾਲ ਗੁਆ ਦਿੰਦੇ ਹਾਂ, ਜੋ ਅਸਲ ਵਿੱਚ ਇਸ ਨਵੀਂ ਤਕਨੀਕ ਦੀ ਲੋੜ ਅਤੇ ਮਹੱਤਤਾ ਨੂੰ ਦਰਸਾਉਂਦਾਹੈ।'

**ਮੈਡੀਕਲ ਖੇਤਰ ਨਾਲ ਜੁੜੇ ਲੋਕਾਂ ਨੇ ਦਿੱਤੀ ਚਿਤਾਵਨੀ**

'ਵਾਲ ਸਟਰੀਟ ਜਰਨਲ' ਦੀ ਇੱਕ ਰਿਪੋਰਟ ਅਨੁਸਾਰ ਇਸ ਟੈਸਟ ਨੂੰ ਬਣਾਉਣ ਵਾਲੀ ਕੰਪਨੀ ਨੇ ਜੂਨ 2021 ਵਿੱਚ ਮਾਰਕੀਟ ਵਿੱਚ ਗੈਲਰੀ ਲਿਕਵਿਡ ਬਾਇਓਪਸੀ ਦੀ ਸ਼ੁਰੂਆਤ ਤੋਂ ਬਾਅਦ 130,000 ਤੋਂ ਵੱਧ ਪ੍ਰਿਸਕ੍ਰਿਪਸ਼ਨ ਵਾਲੇ ਟੈਸਟ ਵੇਚੇ ਹਨ। ਕੁਝ ਡਾਕਟਰ ਮਰੀਜ਼ਾਂ ਨੂੰ ਪੂਰੇ ਸਰੀਰ ਦੇ ਐਮਆਰਆਈ ਅਤੇ ਹੋਰ ਕੈਂਸਰ ਟੈਸਟਾਂ ਦੇ ਨਾਲ ਇਹ ਟੈਸਟ ਕਰਵਾਉਣ ਦੀ ਸਿਫਾਰਸ਼ ਕਰ ਰਹੇ ਹਨ। ਉੱਥੇ ਇਸ ਦੀ ਵਧਦੀ ਵਿਕਰੀ ਅਤੇ ਕੁਝ ਡਾਕਟਰਾਂ ਦੇ ਸਮਰਥਨ ਦੇ ਬਾਵਜੂਦ ਮੈਡੀਕਲ ਜਗਤ ਦੇ ਹੋਰ ਲੋਕ ਅਜੇ ਵੀ ਇਸ ਤੋਂ ਸਾਵਧਾਨ ਰਹਿਣ ਲਈ ਕਹਿ ਰਹੇ ਹਨ। ਉਹ ਕਹਿੰਦੇ ਹਨ ਕਿ ਅਜਿਹੀ ਕੋਈ ਖੋਜ ਨਹੀਂ ਹੈ ਜੋ ਦਿਖਾਉਂਦੀ ਹੈ ਕਿ ਇਹ ਨਵਾਂ ਟੈਸਟ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਨੂੰ ਰੋਕੇਗਾ ਅਤੇ ਗ਼ਲਤ ਸਕਾਰਾਤਮਕ ਜਾਂ ਨਕਾਰਾਤਮਕ ਨਤੀਜੇ ਪ੍ਰਾਪਤ ਕਰਨ ਦੇ ਜੋਖਮ ਬਾਰੇ ਚੇਤਾਵਨੀ ਦੇਵੇਗਾ।

ਇੱਕ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਜ਼ਿਆਦਾਤਰ ਸ਼ੁਰੂਆਤੀ ਟੈਸਟਾਂ ਵਿੱਚ ਸਕਾਰਾਤਮਕ ਕੈਂਸਰ ਦੇ ਨਤੀਜੇ ਵਾਲੇ ਲਗਭਗ ਅੱਧੇ ਲੋਕਾਂ ਨੂੰ ਕੈਂਸਰ ਨਹੀਂ ਸੀ। ਕੈਂਸਰ ਦੀਆਂ ਝੂਠੀਆਂ ਸਕਾਰਾਤਮਕ ਰਿਪੋਰਟਾਂ ਪ੍ਰਾਪਤ ਕਰਨ ਨਾਲ ਲੋਕਾਂ ਵਿੱਚ ਚਿੰਤਾ ਵਧ ਸਕਦੀ ਹੈ ਅਤੇ ਬੇਲੋੜੇ ਅਤੇ ਮਹਿੰਗੇ ਇਲਾਜ ਸ਼ੁਰੂ ਹੋ ਸਕਦੇ ਹਨ। ਝੂਠੇ ਨਕਾਰਾਤਮਕ ਟੈਸਟ ਦੇ ਨਤੀਜੇ ਮਰੀਜ਼ਾਂ ਨੂੰ ਜ਼ਰੂਰੀ ਟੈਸਟ ਕਰਵਾਉਣ ਤੋਂ ਰੋਕ ਸਕਦੇ ਹਨ ਅਤੇ ਕੈਂਸਰ ਦਾ ਪਤਾ ਲਗਾਉਣ ਵਿੱਚ ਦੇਰੀ ਕਰ ਸਕਦੇ ਹਨ। ਇਸ ਕਾਰਨ ਮਰੀਜ਼ਾਂ ਦੀ ਮੌਤ ਦਾ ਖਤਰਾ ਕਾਫੀ ਵੱਧ ਸਕਦਾ ਹੈ। ਯੂ.ਐਸ ਨੈਸ਼ਨਲ ਕੈਂਸਰ ਇੰਸਟੀਚਿਊਟ ਦੇ ਕੈਂਸਰ ਰੋਕਥਾਮ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਲੋਰੀ ਮਿਨਾਸੀਅਨ ਨੇ ਕਿਹਾ, ਜੇ ਮੈਂ ਠੀਕ ਮਹਿਸੂਸ ਕਰ ਰਿਹਾ ਹਾਂ ਅਤੇ ਮੇਰੇ ਕੋਈ ਲੱਛਣ ਨਹੀਂ ਹਨ ਅਤੇ ਮੈਨੂੰ ਕੈਂਸਰ ਦਾ ਘੱਟ ਤੋਂ ਘੱਟ ਖ਼ਤਰਾ ਹੈ, ਤਾਂ ਕੀ ਮੈਨੂੰ ਇਹ ਲੈਣ ਦੀ ਲੋੜ ਹੈ ? ਮੈਨੂੰ ਨਹੀਂ ਲਗਦਾ ਕਿ ਅਜੇ ਤੱਕ ਕਾਫ਼ੀ ਸਬੂਤ ਹਨ ਕਿ ਇਹ ਬਹੁਤ ਪ੍ਰਭਾਵਸ਼ਾਲੀ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਰਾਜਾ ਵੜਿੰਗ ਵੱਲੋਂ ਕਮਲ ਨਾਥ ਨੂੰ ਸਿੱਖ ਕਤਲੇਆਮ ਮਾਮਲੇ 'ਚ ਦਿੱਤੀ ਕਲੀਨ ਚਿੱਟ ਕਾਰਨ ਗਰਮਾਈ ਸਿਆਸਤ

ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਕਮਲ ਨਾਥ ਨੂੰ ਸਿੱਖ ਕਤਲੇਆਮ ਮਾਮਲੇ 'ਚ ਕਲੀਨ ਚਿੱਟ ਦਿੱਤੇ ਜਾਣ 'ਤੇ ਵਿਰੋਧੀਆਂ ਨੇ ਉਨ੍ਹਾਂ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਦੇ ਬਿਆਨ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਨੇ ਵੀ ਇਤਰਾਜ਼ ਪ੍ਰਗਟਾਇਆ ਹੈ। ਇਸ ਦੇ ਨਾਲ ਹੀ ਅਕਾਲੀ ਦਲ ਨੇ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਹੈ। ਰਾਜਾ ਵੜਿੰਗ ਨੇ ਕਿਹਾ ਹੈ ਕਿ ਇਹ ਗਲਤ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਕਮਲਨਾਥ ਸਿੰਘ ਨੇ ਸਿੱਖਾਂ 'ਤੇ ਤਸ਼ੱਦਦ ਕੀਤਾ ਹੈ। ਮੇਰੀ ਉਮਰ 44 ਸਾਲ ਹੈ। ਮੈਂ ਕੈਬਨਿਟ ਮੰਤਰੀ ਵੀ ਰਿਹਾ ਹਾਂ। ਅੱਜ ਤੱਕ ਮੈਂ ਨਾ ਤਾਂ ਇਹ ਸੁਣਿਆ ਹੈ ਅਤੇ ਨਾ ਹੀ ਦੇਖਿਆ ਹੈ ਕਿ



ਕਮਲਨਾਥ ਨੇ ਸਰਦਾਰਾਂ 'ਤੇ ਕੋਈ ਅੱਤਿਆਚਾਰ ਕੀਤਾ ਹੋਵੇ। ਰਾਜਾ ਵੜਿੰਗ ਦੇ ਇਸ ਬਿਆਨ ਦਾ ਸ਼੍ਰੋਮਣੀ ਕਮੇਟੀ ਨੇ ਵਿਰੋਧ ਕੀਤਾ ਹੈ। ਸ਼੍ਰੋਮਣੀ ਕਮੇਟੀ ਦਾ ਕਹਿਣਾ ਹੈ ਕਿ ਝੂਠ ਬੋਲ ਕੇ ਖ਼ੂਨ ਨਾਲ ਲੱਥਪੱਥ ਇਤਿਹਾਸ ਨੂੰ ਬਦਲਿਆ ਨਹੀਂ ਜਾ ਸਕਦਾ। ਕਮਲਨਾਥ ਨੇ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਹਿੰਸਕ ਭੀੜ ਦੀ ਅਗਵਾਈ ਕੀਤੀ ਸੀ। ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਟਵੀਟ ਕਰਕੇ ਕਿਹਾ ਕਿ ਕੋਈ ਵੀ ਹੈਰਾਨ ਨਹੀਂ ਹੋਇਆ। ਇੰਦਰਾ ਗਾਂਧੀ ਨੂੰ ਆਪਣੀ ਮਾਂ ਕਹਿਣ ਵਾਲਾ ਵਿਅਕਤੀ 1984 ਦੇ ਸਿੱਖ ਕਤਲੇਆਮ ਦੇ ਕੇਸਾਂ ਵਿੱਚ ਕਮਲਨਾਥ ਨੂੰ ਆਸਾਨੀ ਨਾਲ ਕਲੀਨ ਚਿੱਟ ਦੇ ਸਕਦਾ ਹੈ। ਅਸੀਂ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਦੇ ਜ਼ਖਮਾਂ 'ਤੇ ਵਾਰ-ਵਾਰ ਲੂਣ ਛਿੜਕਣ ਨੂੰ ਬਰਦਾਸ਼ਤ ਨਹੀਂ ਕਰਾਂਗੇ।

ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਆਪਣੇ ਬਿਆਨ ਲਈ ਤੁਰੰਤ ਸਿੱਖ ਕੌਮ ਤੋਂ ਮੁਆਫੀ ਮੰਗਣੀ ਚਾਹੀਦੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਵੜਿੰਗ ਦਾ ਬਿਆਨ ਸਿੱਖਾਂ ਦੇ ਜ਼ਖਮਾਂ 'ਤੇ ਲੂਣ ਛਿੜਕਣ ਵਾਲਾ ਹੈ। ਉਸ ਨੂੰ ਆਪਣੇ ਬਿਆਨ ਲਈ ਸਿੱਖ ਧਰਮ ਤੋਂ ਮੁਆਫੀ ਮੰਗਣੀ ਚਾਹੀਦੀ ਹੈ। ਕਮਲਨਾਥ ਵਰਗੇ ਗਾਂਧੀ ਪਰਿਵਾਰ ਦੇ ਚਹੇਤਿਆਂ ਨੇ ਸਿੱਖਾਂ ਦੇ ਕਤਲੇਆਮ ਦੀ ਅਗਵਾਈ ਕੀਤੀ ਸੀ। 1984 ਦੇ ਸਿੱਖ ਕਤਲੇਆਮ ਦੇ 39 ਸਾਲ ਪੂਰੇ ਹੋਣ 'ਤੇ ਰਾਜਾ ਵੜਿੰਗ ਦਾ ਇਹ ਗੈਰ-ਸੰਵੇਦਨਸ਼ੀਲ ਬਿਆਨ ਹੈ।

## '84 ਸਿੱਖ ਵਿਰੋਧੀ ਦੰਗੇ ਮਾਮਲੇ 'ਚ ਰਾਜਾ ਵੜਿੰਗ ਦਾ ਕਮਲ ਨਾਥ ਨੂੰ ਕਲੀਨ ਚਿੱਟ ਦੇਣਾ ਸੱਚ ਤੋਂ ਕੋਹਾਂ ਦੂਰ : ਚੁੱਘ



ਚੰਡੀਗੜ੍ਹ/ਏ.ਟੀ.ਨਿਊਜ਼ : ਗਾਂਧੀ-ਨਹਿਰੂ ਪਰਿਵਾਰ ਦੇ ਇਸ਼ਾਰਿਆਂ 'ਤੇ 1984 ਦੇ ਸਿੱਖ ਵਿਰੋਧੀ ਦੰਗਿਆਂ 'ਚ ਸ਼ਾਮਲ ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਕਮਲ ਨਾਥ ਨੂੰ ਸਿੱਖਾਂ ਦੇ ਕਤਲੇਆਮ 'ਤੇ ਐੱਨ.ਓ.ਸੀ. ਦੇਣ 'ਤੇ ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਜਨਰਲ ਸਕੱਤਰ ਤਰੁਣ ਚੁੱਘ ਨੇ ਕਿਹਾ ਕਿ ਇਹ ਸੱਚ ਤੋਂ ਕੋਹਾਂ ਦੂਰ, ਹੈ, ਮੰਦਭਾਗਾ ਹੈ ਅਤੇ ਇਹ ਸ਼ਰਮਨਾਕ ਬਿਆਨ ਹੈ ਕਿ ਜਿਨ੍ਹਾਂ ਨੇਤਾਵਾਂ ਨੇ ਸ਼ਰੇਆਮ 1984 ਸਿੱਖ ਵਿਰੋਧੀ ਦੰਗਿਆਂ 'ਚ ਸਿੱਖਾਂ ਦਾ ਕਤਲ ਕਰਨ ਵਾਲੀ ਭੀੜ ਦੀ ਅਗਵਾਈ ਕੀਤੀ, ਗੁਰਦੁਆਰੇ ਸਾੜੇ, ਦਿੱਲੀ ਅਤੇ ਦੇਸ਼ ਦੇ ਹੋਰ ਸ਼ਹਿਰਾਂ 'ਚ ਹਫੜਾ-ਦਫੜੀ ਮਚਾ ਕੇ ਮੌਤ ਦਾ ਨੰਗਾ ਨਾਚ ਕੀਤਾ, ਉਨ੍ਹਾਂ ਨੇਤਾਵਾਂ ਦੀ ਕਾਂਗਰਸ ਹਮੇਸ਼ਾ ਵਡਿਆਈ ਕਰਦੀ ਹੈ ਅਤੇ ਉਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰਦੀ ਰਹੀ ਹੈ ਅਤੇ ਕਲੀਨ ਚਿੱਟ ਦਿੰਦੀ ਰਹੀ ਹੈ।

(ਬਾਕੀ ਸਫ਼ਾ 31 'ਤੇ)

## ਰਾਜਪਾਲ ਨੇ ਦੋ ਮਨੀ ਬਿੱਲਾਂ 'ਤੇ ਲਾਈ ਮੋਹਰ

### ਪੰਜਾਬ ਵਿੱਤੀ ਜ਼ਿੰਮੇਵਾਰੀ ਤੇ ਬਜਟ ਪ੍ਰਬੰਧਨ (ਸੋਧ) ਬਿੱਲ ਨੂੰ ਹਾਲੇ ਨਹੀਂ ਦਿੱਤੀ ਮਨਜ਼ੂਰੀ



ਚੰਡੀਗੜ੍ਹ/ਏ.ਟੀ.ਨਿਊਜ਼ :ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਸੁਪਰੀਮ ਕੋਰਟ ਵਿੱਚ ਦਾਇਰ ਪਟੀਸ਼ਨ ਦੀ ਸੁਣਵਾਈ ਤੋਂ ਪਹਿਲਾਂ ਸੂਬਾ ਸਰਕਾਰ ਵੱਲੋਂ ਭੇਜੇ ਗਏ ਦੋ ਮਨੀ ਬਿੱਲਾਂ ਨੂੰ ਹੁਣ ਆਪਣੀ ਪ੍ਰਵਾਨਗੀ ਦੇ ਦਿੱਤੀ ਹੈ। ਸੁਪਰੀਮ ਕੋਰਟ 'ਚ ਮਨੀ ਬਿੱਲਾਂ ਨੂੰ ਰੋਕੇ ਜਾਣ ਦੇ ਮਾਮਲੇ 'ਚ ਸੁਣਵਾਈ 3 ਨਵੰਬਰ ਨੂੰ ਹੋਣੀ ਹੈ। ਰਾਜਪਾਲ ਨੇ ਦੋ ਦਿਨ ਪਹਿਲਾਂ ਮਨੀ ਬਿੱਲਾਂ ਬਾਰੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਲਿਖਿਆ ਸੀ ਕਿ ਉਹ ਮਨੀ ਬਿੱਲਾਂ 'ਤੇ ਸੂਬੇ ਦੇ ਵਡੇਰੇ ਹਿੱਤਾਂ ਦੇ ਮੱਦੇਨਜ਼ਰ ਵਿਚਾਰ ਕਰ ਰਹੇ ਹਨ।

ਸੂਤਰਾਂ ਅਨੁਸਾਰ ਰਾਜਪਾਲ ਨੇ ਕੁਝ ਸਮੇਂ ਦੀਆਂ ਰੁਕਾਵਟਾਂ ਮਗਰੋਂ ਅੱਜ ਪੰਜਾਬ ਗੁੱਡਜ਼ ਐਂਡ ਸਰਵਿਸਿਜ਼ ਟੈਕਸ (ਸੋਧ) ਬਿੱਲ 2023 ਅਤੇ ਇੰਡੀਅਨ ਸਟੈਂਪ (ਪੰਜਾਬ ਸੋਧ) ਬਿੱਲ 2023 ਨੂੰ ਆਪਣੀ ਸਹਿਮਤੀ ਦੇ ਦਿੱਤੀ ਹੈ। ਪਹਿਲਾ ਬਿੱਲ ਆਨਲਾਈਨ ਗੇਮਿੰਗ 'ਤੇ ਜੀਐੱਸਟੀ ਲਗਾਉਣ ਅਤੇ ਜੀਐੱਸਟੀ ਅਪੀਲੀ ਟ੍ਰਿਬਿਊਨਲ ਸਥਾਪਤਿ ਕੀਤੇ ਜਾਣ ਲਈ ਰਾਹ ਪੱਧਰਾ ਕਰਦਾ ਹੈ ਜਦਕਿ ਦੂਸਰਾ ਬਿੱਲ ਜਾਇਦਾਦ ਗਹਿਣੇ ਰੱਖਣ 'ਤੇ ਸਟੈਂਡ ਡਿਊਟੀ ਲਗਾਉਣ ਬਾਰੇ ਹੈ। ਰਾਜਪਾਲ ਨੇ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ (ਸੋਧ) ਬਿੱਲ 2023 ਨੂੰ ਹਾਲੇ

(ਬਾਕੀ ਸਫ਼ਾ 31 'ਤੇ)

## ਪੰਜਾਬ 'ਚ ਮੇਲਿਆਂ ਦੌਰਾਨ ਟਰੈਕਟਰ ਸਟੰਟ 'ਤੇ ਪਾਬੰਦੀ

ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬ 'ਚ ਹੁਣ ਮੇਲਿਆਂ ਦੌਰਾਨ ਟਰੈਕਟਰ 'ਤੇ ਸਟੰਟ ਨਹੀਂ ਦਿਖਾਏ ਜਾ ਸਕਣਗੇ। ਮੁੱਖ ਮੰਤਰੀ ਭਗਵੰਤ ਮਾਨ ਨੇ ਐਕਸ 'ਤੇ ਪੋਸਟ ਪਾ ਕੇ ਉਕਤ ਜਾਣਕਾਰੀ ਦਿੱਤੀ। ਮਾਨ ਨੇ ਕਿਹਾ ਕਿ ਪਿਆਰੇ ਪੰਜਾਬੀਓ, ਟਰੈਕਟਰ ਨੂੰ ਖੇਤਾਂ ਦਾ ਰਾਜਾ ਕਿਹਾ ਜਾਂਦਾ ਹੈ। ਇਸ ਨੂੰ ਮੌਤ ਦਾ ਦੂਤ ਨਾ ਬਣਾਓ, ਟਰੈਕਟਰ ਤੇ ਸਬੰਧਤ ਖੇਤੀ ਸੰਦਾਂ ਨਾਲ ਕਿਸੇ ਵੀ ਕਿਸਮ ਦੇ ਸਟੰਟ ਜਾਂ ਖ਼ਤਰਨਾਕ ਪ੍ਰਦਰਸ਼ਨ 'ਤੇ ਪੰਜਾਬ 'ਚ ਪਾਬੰਦੀ ਲਾਈ ਜਾ ਰਹੀ ਹੈ। ਇਸ ਸਬੰਧੀ ਬਾਕੀ ਦਿਸ਼ਾ-ਨਿਰਦੇਸ਼ ਬਾਅਦ 'ਚ ਨਿਰਧਾਰਤ ਕੀਤੇ ਜਾਣਗੇ। ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀਆਂ ਕੀਮਤੀ ਜਾਨਾਂ ਦੀ ਰਾਖੀ ਲਈ ਵਚਨਬੱਧ ਹੈ ਅਤੇ ਇਹ ਫ਼ੈਸਲਾ ਵਡੇਰੇ ਲੋਕ ਹਿੱਤ 'ਚ ਲਿਆ ਗਿਆ ਹੈ।

### ਮੁੱਖ ਮੰਤਰੀ ਨੇ ਬਟਾਲਾ ਘਟਨਾ ਤੋਂ ਬਾਅਦ ਲਿਆ ਫ਼ੈਸਲਾ

**ਪਿੰਡ ਸਰਾਚੂਰ 'ਚ ਹੋਈ ਸੀ ਨੌਜਵਾਨ ਦੀ ਮੌਤ**

ਚੇਤੇ ਰਹੇ ਕਿ ਕੁਝ ਦਿਨ ਪਹਿਲਾਂ ਬਟਾਲੇ ਦੇ ਪਿੰਡ ਸਰਾਚੂਰ 'ਚ ਇਕ ਛਿੰਝ ਮੇਲੇ 'ਚ ਸਟੰਟ ਕਰ ਰਹੇ ਸੁਖਮਨਦੀਪ ਸਿੰਘ ਦੀ ਟਰੈਕਟਰ ਹੇਠਾਂ ਆਉਣ ਕਾਰਨ ਮੌਤ ਹੋ ਗਈ। ਉਸ ਦੀ ਉਮਰ ਕਰੀਬ 29 ਸਾਲ ਸੀ। ਸੁਖਮਨਦੀਪ ਆਪਣੇ ਹੀ ਟਰੈਕਟਰ ਨਾਲ ਸਟੰਟ ਕਰਨ ਸਮੇਂ ਉਸ ਦੇ ਹੇਠਾਂ ਆ ਗਿਆ। ਫ਼ਤਹਿਗੜ੍ਹ ਚੂੜੀਆਂ ਨਿਵਾਸੀ ਸੁਖਮਨਦੀਪ ਸਿੰਘ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ ਤੇ ਕਿਸਾਨ ਮੋਰਚੇ 'ਚ ਉਸ ਨੇ ਕਾਫ਼ੀ ਸਰਗਰਮੀ ਨਾਲ ਹਿੱਸਾ ਲਿਆ ਸੀ। ਸੁਖਮਨਦੀਪ ਦੀ ਮੌਤ ਪਿੱਛੋਂ ਮੇਲਾ ਪ੍ਰਬੰਧਕਾਂ ਨੇ ਮੇਲਾ



ਰੱਦ ਕਰਨ ਦਾ ਐਲਾਨ ਕਰ ਦਿੱਤਾ।

ਪਿੰਡ ਸਾਰਚੂਰ ਦੇ ਖੇਡ ਮੈਦਾਨ 'ਚ ਛਿੰਝ ਮੇਲਾ ਚੱਲ ਰਿਹਾ ਸੀ ਜਿਸ ਦੌਰਾਨ ਦੇਰ ਰਾਤ ਮੇਲੇ 'ਚ ਸੁਖਮਨਦੀਪ ਸਿੰਘ ਠੱਠਾ ਆਪਣੇ ਟਰੈਕਟਰ ਨਾਲ ਸਟੰਟ ਕਰਨ ਪੁੱਜਾ। ਉਹ ਆਪਣੇ ਟਰੈਕਟਰ ਦੇ ਅਗਲੇ ਪਹੀਏ ਉਪਰ ਚੁੱਕ ਕੇ ਪਿਛਲੇ ਟਾਇਰਾਂ ਨੂੰ ਮਿੱਟੀ 'ਚ ਦਬਾ ਕੇ ਦੌੜਦੇ ਹੋਏ ਹੇਠਾਂ ਉਤਰ ਗਿਆ ਤੇ ਟਰੈਕਟਰ ਦੇ ਨਾਲ-ਨਾਲ ਚੱਲਣ ਲੱਗਾ। ਪਰ ਟਰੈਕਟਰ ਬੇਕਾਬੂ ਹੋ ਗਿਆ ਤੇ ਮਿੱਟੀ 'ਚੋਂ ਨਿਕਲ ਕੇ ਮੇਲਾ ਦੇਖ ਰਹੇ ਲੋਕਾਂ ਵੱਲ ਦੌੜਨ ਲੱਗਾ।

ਇਸ ਨੂੰ ਕਾਬੂ ਕਰਨ ਲਈ ਜਿਉਂ ਹੀ ਸੁਖਮਨਦੀਪ ਟਰੈਕਟਰ ਕੋਲ ਗਿਆ ਤਾਂ ਬੇਕਾਬੂ ਟਰੈਕਟਰ ਦੇ ਹੇਠਾਂ ਆ ਗਿਆ। ਇਸ ਦੌਰਾਨ ਨੇੜੇ ਖੜ੍ਹੇ ਦੋ ਲੋਕਾਂ ਨੇ ਉਸ ਨੂੰ ਟਰੈਕਟਰ ਹੇਠੋਂ ਕੱਢਣ ਦਾ ਯਤਨ ਵੀ ਕੀਤਾ ਪਰ ਉਦੋਂ ਤੱਕ ਸੁਖਮਨਦੀਪ ਸਿੰਘ ਠੱਠਾ ਦੀ ਮੌਤ ਹੋ ਚੁੱਕੀ ਸੀ।

## ਵਨ ਨੇਸ਼ਨ-ਵਨ ਇਲੈਕਸ਼ਨ: ਚੋਣ ਕਮਿਸ਼ਨ ਨੂੰ ਤਿਆਰੀਆਂ ਲਈ ਲੱਗੇਗਾ ਡੇਢ ਸਾਲ ਦਾ ਸਮਾਂ

### 30 ਲੱਖ ਈ.ਵੀ.ਐਮ. ਦੀ ਹੋਵੇਗੀ ਲੋੜ

ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਇੱਕੋ ਸਮੇਂ ਕਰਾਉਣ ਲਈ ਚੋਣ ਕਮਿਸ਼ਨ ਨੂੰ ਲਗਭਗ 30 ਲੱਖ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈ.ਵੀ.ਐਮ.) ਦੀ ਲੋੜ ਹੈ ਅਤੇ ਇਸ ਦੀ ਤਿਆਰੀ ਲਈ ਡੇਢ ਸਾਲ ਦਾ ਸਮਾਂ ਲੱਗੇਗਾ। ਸੂਤਰਾਂ ਮੁਤਾਬਕ ਜੇਕਰ ਚੋਣਾਂ ਦੌਰਾਨ ਵੋਟਿੰਗ ਮਸ਼ੀਨ 'ਚ ਕਿਸੇ ਤਰ੍ਹਾਂ ਦੀ ਖਰਾਬੀ ਹੁੰਦੀ ਹੈ ਤਾਂ ਈਵੀਐੱਮ ਅਤੇ ਵੀਵੀਪੈਟ ਆਦਿ ਨੂੰ ਰਿਜ਼ਰਵ 'ਚ ਰੱਖਣਾ ਹੋਵੇਗਾ। ਇਸ ਦੇ ਲਈ ਚੋਣ ਕਮਿਸ਼ਨ ਨੂੰ 30 ਲੱਖ ਈਵੀਐਮ, 43 ਲੱਖ ਬੈਲਟ ਪੇਪਰ ਅਤੇ ਕਰੀਬ 32 ਲੱਖ ਵੀਵੀਪੀਏਟੀ ਦੀ ਲੋੜ ਹੋਵੇਗੀ।

ਸੂਤਰਾਂ ਦਾ ਕਹਿਣਾ ਹੈ ਕਿ ਜੇਕਰ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਇੱਕੋ ਸਮੇਂ ਕਰਵਾਈਆਂ ਜਾਣ ਤਾਂ ਚੋਣ ਕਮਿਸ਼ਨ ਕੋਲ ਕਰੀਬ 35 ਲੱਖ ਵੋਟਿੰਗ ਯੂਨਿਟਾਂ (ਈਵੀਐਮ, ਬੈਲਟ ਪੇਪਰ ਅਤੇ ਵੀਵੀਪੀਏਟੀ) ਦੀ ਕਮੀ ਹੈ। ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀਆਂ



ਇੱਕੋ ਸਮੇਂ ਚੋਣਾਂ ਕਰਵਾਉਣ ਦੀ ਰਿਪੋਰਟ 'ਤੇ ਕੰਮ ਕਰ ਰਹੇ ਲਾਅ ਕਮਿਸ਼ਨ ਨੇ ਕੁਝ ਮਹੀਨੇ ਪਹਿਲਾਂ ਚੋਣ ਕਮਿਸ਼ਨ ਨਾਲ ਇੱਕੋ ਸਮੇਂ ਚੋਣਾਂ ਕਰਵਾਉਣ ਦੀਆਂ ਲੋੜਾਂ ਅਤੇ ਚੁਣੌਤੀਆਂ 'ਤੇ ਗੱਲਬਾਤ ਕੀਤੀ ਸੀ। ਚੋਣ ਕਮਿਸ਼ਨ ਨੇ ਉਦੋਂ ਕਾਨੂੰਨ ਕਮਿਸ਼ਨ ਨੂੰ ਕਿਹਾ ਸੀ ਕਿ ਉਸ ਨੂੰ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਨੂੰ ਸਟੋਰ ਕਰਨ ਲਈ ਢੁਕਵੀਂ ਸਟੋਰੇਜ ਸੁਵਿਧਾਵਾਂ ਦੀ ਵੀ ਲੋੜ ਹੋਵੇਗੀ।

ਕਾਨੂੰਨ ਕਮਿਸ਼ਨ ਅਤੇ ਚੋਣ ਕਮਿਸ਼ਨ ਦਰਮਿਆਨ ਗੱਲਬਾਤ ਤੋਂ ਜਾਣੂ ਸੂਤਰਾਂ ਨੇ ਕਿਹਾ ਕਿ ਜਦੋਂ ਅਜਿਹੀ ਕੋਈ ਕਵਾਇਦ ਹੋਵੇਗੀ ਤਾਂ ਬਹੁਤ ਕੁਝ ਪੋਲਿੰਗ ਸਟੇਸ਼ਨਾਂ ਦੀ ਗਿਣਤੀ 'ਤੇ ਨਿਰਭਰ ਕਰੇਗਾ। ਜਦੋਂ ਕੁਝ ਰਾਜਾਂ ਵਿੱਚ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਇੱਕੋ ਸਮੇਂ ਹੁੰਦੀਆਂ ਹਨ, ਤਾਂ ਵੋਟਰ ਦੋ ਵੱਖ-ਵੱਖ ਈਵੀਐਮ ਵਿੱਚ ਆਪਣੀ ਵੋਟ ਪਾਉਂਦੇ ਹਨ। ਪਿਛਲੀਆਂ ਲੋਕ ਸਭਾ ਚੋਣਾਂ ਵਿੱਚ 12.50 ਲੱਖ ਪੋਲਿੰਗ ਸਟੇਸ਼ਨ ਸਨ।

ਕਮਿਸ਼ਨ ਨੂੰ ਹੁਣ 12.50 ਲੱਖ ਪੋਲਿੰਗ ਸਟੇਸ਼ਨਾਂ ਲਈ ਲਗਭਗ 15 ਲੱਖ ਕੰਟਰੋਲ ਯੂਨਿਟ, 15 ਲੱਖ ਵੀਵੀਪੀਏਟੀ ਯੂਨਿਟ ਅਤੇ 18 ਲੱਖ ਬੈਲਟ ਯੂਨਿਟਾਂ ਦੀ ਲੋੜ ਹੈ।

ਇੱਕ ਈਵੀਐਮ ਦੀ ਸ਼ੈਲਫ ਲਾਈਫ 15 ਸਾਲ ਹੈ। ਹਾਲਾਂਕਿ ਇਨ੍ਹਾਂ ਵੋਟਿੰਗ ਯੂਨਿਟਾਂ ਦੀ ਕੀਮਤ ਬਾਰੇ ਕੋਈ ਅਧਿਕਾਰਤ ਜਾਣਕਾਰੀ ਉਪਲਬਧ ਨਹੀਂ ਹੈ। ਪਿਛਲੀਆਂ ਖਰੀਦ ਦਰਾਂ 'ਤੇ ਵੀ, ਇੱਕ ਕਰੋੜ ਯੂਨਿਟਾਂ ਦੀ ਕੁੱਲ ਲਾਗਤ 15,000 ਕਰੋੜ ਰੁਪਏ ਤੋਂ ਵੱਧ ਹੋਣੀ ਸੀ, ਜਿਸ ਵਿੱਚ ਈ.ਵੀ.ਐਮ. ਯੂਨਿਟਾਂ ਲਈ 6,500 ਕਰੋੜ ਰੁਪਏ ਤੋਂ ਵੱਧ ਸ਼ਾਮਲ ਹਨ। ਇਸ ਦੇ ਨਾਲ ਹੀ ਜੇਕਰ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਦੇ ਨਾਲ-ਨਾਲ ਲੋਕਲ ਬਾਡੀ ਚੋਣਾਂ ਵੀ ਕਰਵਾਈਆਂ ਜਾਣ ਤਾਂ ਇਸ ਦੀ ਕੀਮਤ ਹੋਰ ਵੀ ਵੱਧ ਸਕਦੀ ਹੈ।

ਦੱਸ ਦਈਏ ਕਿ ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਦੀ ਪ੍ਰਧਾਨਗੀ 'ਚ 'ਵਨ ਨੇਸ਼ਨ, ਵਨ ਇਲੈਕਸ਼ਨ' 'ਤੇ ਬਣੀ ਉੱਚ ਪੱਧਰੀ ਕਮੇਟੀ ਨੇ ਸੰਵਿਧਾਨ ਦੇ ਤਹਿਤ ਮੌਜੂਦਾ ਢਾਂਚੇ ਨੂੰ ਧਿਆਨ 'ਚ ਰੱਖਦੇ ਹੋਏ ਲੋਕ ਸਭਾ, ਵਿਧਾਨ ਸਭਾਵਾਂ, ਨਗਰ ਪਾਲਿਕਾਵਾਂ ਅਤੇ ਪੰਚਾਇਤਾਂ ਲਈ ਨਾਲੋ-ਨਾਲ ਚੋਣਾਂ ਕਰਵਾਉਣ ਦੀ ਸਿਫਾਰਿਸ਼ ਕੀਤੀ ਹੈ।

ਚੋਣ ਕਮਿਸ਼ਨ ਨੇ 2024 ਦੀਆਂ ਲੋਕ ਸਭਾ ਚੋਣਾਂ ਲਈ ਪੂਰੇ ਭਾਰਤ ਵਿੱਚ ਪੜਾਅਵਾਰ ਐਫ਼.ਐਲ.ਸੀ. ਸ਼ੁਰੂ ਕਰ ਦਿੱਤਾ ਹੈ। ਐਫ਼.ਐਲ.ਸੀ. ਦੌਰਾਨ, ਈ.ਵੀ.ਐਮ ਮਸ਼ੀਨਾਂ ਸਮੇਤ, ਭਾਰਤ ਇਲੈਕਟ੍ਰੌਨਿਕਸ ਲਿਮਟਿਡ ਅਤੇ ਇਲੈਕਟ੍ਰੌਨਿਕਸ ਕਾਰਪੋਰੇਸ਼ਨ ਆਫ਼ ਇੰਡੀਆ ਲਿਮਿਟੇਡ ਦੇ ਇੰਜੀਨੀਅਰਾਂ ਦੁਆਰਾ ਮਕੈਨੀਕਲ ਨੁਕਸ ਲਈ ਜਾਂਚ ਕੀਤੀ ਜਾਂਦੀ ਹੈ। ਖਰਾਬ ਮਸ਼ੀਨਾਂ ਨੂੰ ਮੁਰੰਮਤ ਜਾਂ ਬਦਲਣ ਲਈ ਨਿਰਮਾਤਾਵਾਂ ਨੂੰ ਵਾਪਸ ਕਰ ਦਿੱਤਾ ਜਾਂਦਾ ਹੈ। ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਦੀ ਮੌਜੂਦਗੀ ਵਿੱਚ ਦੋਵਾਂ ਮਸ਼ੀਨਾਂ ਦੀ ਜਾਂਚ ਲਈ ਇੱਕ ਮੌਕ ਪੋਲ ਵੀ ਕਰਵਾਇਆ ਜਾਂਦਾ ਹੈ।

# ਆਈਸਲੈਂਡ ਦੇ ਸੱਭਿਆਚਾਰ ਵਿੱਚ ਔਰਤਾਂ ਵਿਰੁੱਧ ਹਿੰਸਾ ਦੀ ਜੜ੍ਹ ਹੈ ਡੂੰਘੀ

## ਪ੍ਰਧਾਨ ਮੰਤਰੀ ਕੈਟਰੀਨ ਯਾਕੋਵਸਡੋਟੀਰ ਸਮੇਤ ਹਜ਼ਾਰਾਂ ਔਰਤਾਂ ਨੇ ਕੀਤੀ ਇੱਕ ਦਿਨ ਦੀ ਹੜਤਾਲ








ਸੰਸਾਰ ਦੇ ਨਕਸ਼ੇ 'ਤੇ ਬਿਲਕੁਲ ਛੋਟਾ ਜਿਹਾ ਦਿਖਾਈ ਦਿੰਦਾ ਦੇਸ਼ 'ਆਈਸਲੈਂਡ' ਉਦੋਂ ਦੁਨੀਆਂ ਭਰ ਦੀਆਂ ਸੁਰਖ਼ੀਆਂ ਵਿੱਚ ਛਾ ਗਿਆ, ਜਦੋਂ ਉਥੋਂ ਦੀ ਮਹਿਲਾ ਪ੍ਰਧਾਨ ਮੰਤਰੀ ਦੀ ਅਗਵਾਈ ਵਿੱਚ ਹਜ਼ਾਰਾਂ ਮਹਿਲਾਵਾਂ ਨੇ ਇਸ ਦੇਸ਼ ਵਿੱਚ ਤਨਖ਼ਾਹ ਦੀ ਅਸਮਾਨਤਾ ਅਤੇ ਲਿੰਗ ਆਧਾਰਿਤ ਹਿੰਸਾ ਦਾ ਵਿਰੋਧ ਕਰਦਿਆਂ ਹੜਤਾਲ ਕਰ ਦਿੱਤੀ। ਦੁਨੀਆਂ ਦੇ ਇਤਿਹਾਸ ਵਿੱਚ ਸ਼ਾਇਦ ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਦੇਸ਼ ਦਾ ਪ੍ਰਧਾਨਮੰਤਰੀ ਖੁਦ ਹੀ ਹੜਤਾਲ 'ਤੇ ਚਲਿਆ ਗਿਆ ਹੋਵੇ ਪਰ ਯੂਰੋਪ ਦੇ ਦੇਸ਼ ਆਈਸਲੈਂਡ ਦੀ ਪ੍ਰਧਾਨ ਮੰਤਰੀ ਕੈਟਰੀਨ ਯਾਕੋਵਸਡੋਟੀਰ ਨੇ ਸਾਬਿਤ ਕਰ ਦਿੱਤਾ ਕਿ ਸੱਤਾ ਵਿੱਚ ਹੋਣ ਦੇ ਬਾਵਜੂਦ ਉਹ ਸੱਤਾ ਦੇ ਨਸ਼ੇ ਵਿੱਚ ਚੂਰ ਨਹੀਂ ਹੋਈ ਸਗੋਂ ਆਪਣੇ ਦੇਸ਼ ਵਿੱਚ ਔਰਤਾਂ ਦੇ ਅਧਿਕਾਰਾਂ ਦੀ ਰਾਖੀ ਲਈ ਅੱਜ ਵੀ ਸਰਗਰਮ ਹੈ।

24 ਅਕਤੂਬਰ 2023 ਨੂੰ ਆਈਸਲੈਂਡ ਦੀ ਪ੍ਰਧਾਨ ਮੰਤਰੀ ਕੈਟਰੀਨ ਯਾਕੋਵਸਡੋਟੀਰ ਸਮੇਤ ਹਜ਼ਾਰਾਂ ਔਰਤਾਂ ਇੱਕ ਦਿਨ ਦੀ ਹੜਤਾਲ 'ਤੇ ਗਈਆਂ ਸਨ। ਇਹ ਔਰਤਾਂ ਦੇਸ਼ ਵਿੱਚ ਤਨਖ਼ਾਹ ਦੀ ਅਸਮਾਨਤਾ ਅਤੇ ਲਿੰਗ ਆਧਾਰਿਤ ਹਿੰਸਾ ਦਾ ਵਿਰੋਧ ਕਰ ਰਹੀਆਂ ਸਨ।

ਆਈਸਲੈਂਡ ਵਿੱਚ ਸਿਹਤ ਅਤੇ ਸਿੱਖਿਆ ਦੇ ਖੇਤਰਾਂ ਵਿੱਚ ਕੰਮ ਕਰਨ ਵਾਲੀਆਂ ਜ਼ਿਆਦਾਤਰ ਔਰਤਾਂ ਇਸ ਤੋਂ ਪ੍ਰਭਾਵਿਤ ਹਨ ਅਤੇ ਹੜਤਾਲ ਵਿੱਚ ਸ਼ਾਮਲ ਇਨ੍ਹਾਂ ਔਰਤਾਂ ਨੇ ਕਿਸੇ ਵੀ ਤਰ੍ਹਾਂ ਦਾ ਕੰਮ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

ਹੜਤਾਲ ਵਿੱਚ ਘਰੇਲੂ ਕੰਮਕਾਜ ਕਰਦੀਆਂ ਔਰਤਾਂ ਵੀ ਸ਼ਾਮਲ ਸਨ।

ਇਸ ਦਿਨ ਆਈਸਲੈਂਡ ਵਿੱਚ ਪ੍ਰੀ- ਅਤੇ ਪ੍ਰਾਇਮਰੀ ਸਕੂਲ ਬੰਦ ਰਹੇ ਅਤੇ ਇੱਥੋਂ ਤੱਕ ਕਿ ਜਿਹੜੇ ਖੁੱਲ੍ਹੇ ਸਨ, ਉਨ੍ਹਾਂ ਕੋਲ ਲੋੜੀਂਦਾ ਸਟਾਫ਼ ਨਹੀਂ ਸੀ। ਇਸ ਹੜਤਾਲ ਦਾ ਅਸਰ ਅਜਾਇਬ ਘਰਾਂ, ਲਾਇਬ੍ਰੇਰੀਆਂ ਅਤੇ ਚਿੜੀਆਘਰਾਂ 'ਤੇ ਵੀ ਦੇਖਣ ਨੂੰ ਮਿਲਿਆ।

ਹੜਤਾਲ ਵਿੱਚ ਸ਼ਾਮਲ ਆਈਸਲੈਂਡ ਦੀ ਪ੍ਰਧਾਨ ਮੰਤਰੀ ਨੇ ਕਿਹਾ, "ਮੈਂ ਅੱਜ ਕੰਮ ਨਹੀਂ ਕਰਾਂਗੀ ਅਤੇ ਮੈਨੂੰ ਉਮੀਦ ਹੈ ਕਿ ਮੰਤਰੀ ਮੰਡਲ ਵਿੱਚ ਮੌਜੂਦ ਸਾਰੀਆਂ ਔਰਤਾਂ ਵੀ ਅਜਿਹਾ ਹੀ ਕਰਨਗੀਆਂ।"

ਦੇਸ਼ ਦੇ ਅਧਿਆਪਕ ਯੂਨੀਅਨ ਅਨੁਸਾਰ ਸਿੱਖਿਆ ਦੇ ਖੇਤਰ ਵਿੱਚ ਹਰ ਪੱਧਰ 'ਤੇ ਔਰਤਾਂ ਬਹੁਗਿਣਤੀ ਵਿੱਚ ਹਨ। ਇਨ੍ਹਾਂ ਵਿੱਚੋਂ 94 ਫੀਸਦੀ ਕਿੰਡਰਗਾਰਟਨ ਯਾਨੀ ਛੋਟੇ ਬੱਚਿਆਂ ਦੇ ਅਧਿਆਪਕ ਹਨ।

ਜੇਕਰ ਸਿਹਤ ਖੇਤਰ ਦੀ ਗੱਲ ਕਰੀਏ ਤਾਂ ਆਈਸਲੈਂਡ ਦਾ ਸਭ ਤੋਂ ਵੱਡਾ ਹਸਪਤਾਲ ਨੈਸ਼ਨਲ ਯੂਨੀਵਰਸਿਟੀ ਹਸਪਤਾਲ ਹੈ। ਇਸ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਵਿੱਚ 80 ਫੀਸਦੀ ਔਰਤਾਂ ਹਨ। ਹੜਤਾਲ ਦੇ ਆਯੋਜਕ ਕ੍ਰਿਸਟਿਨ ਨੇ ਦੱਸਿਆ, 'ਆਈਸਲੈਂਡ ਵਿੱਚ ਲਿੰਗ ਸਮਾਨਤਾ ਵਧੀ ਹੈ, ਪਰ ਔਰਤਾਂ ਵਿਰੁੱਧ ਹਿੰਸਾ ਅਜੇ ਵੀ ਇੱਕ ਸਮੱਸਿਆ ਹੈ।'

ਇਸ ਆਯੋਜਕ ਨੇ ਕਿਹਾ, ਸਿਧਾਂਤਕ ਤੌਰ 'ਤੇ, ਇਹ ਜ਼ਿਆਦਾ ਲਿੰਗ ਸਮਾਨਤਾ, ਘੱਟ ਹਿੰਸਾ ਹੋਣੀ ਚਾਹੀਦੀ ਸੀ। ਪਰ ਅਜਿਹਾ ਨਹੀਂ ਹੈ।

ਉਸਨੇ ਦੱਸਿਆ, 'ਔਰਤਾਂ ਵਿਰੁੱਧ ਹਿੰਸਾ ਦੀ ਜੜ੍ਹ ਸਾਡੇ ਸੱਭਿਆਚਾਰ ਵਿੱਚ ਡੂੰਘੀ ਹੈ।'

ਸੰਯੁਕਤ ਰਾਸ਼ਟਰ ਦੁਆਰਾ ਔਰਤਾਂ ਵਿਰੁੱਧ ਹਿੰਸਾ 'ਤੇ ਇਕੱਠੇ ਕੀਤੇ ਗਲੋਬਲ ਅੰਕੜਿਆਂ ਅਨੁਸਾਰ, ਆਈਸਲੈਂਡ ਦੀਆਂ 22 ਪ੍ਰਤੀਸ਼ਤ ਔਰਤਾਂ ਨੇ ਆਪਣੇ ਸਾਥੀ ਤੋਂ ਸਰੀਰਕ ਜਾਂ ਜਿਨਸੀ ਹਿੰਸਾ ਦਾ ਅਨੁਭਵ ਕੀਤਾ ਹੈ।

ਹਾਲਾਂਕਿ ਇਹ ਤਾਜ਼ਾ ਅੰਕੜੇ ਨਹੀਂ ਹਨ, ਪਰ ਇਹ ਦੱਸਿਆ ਗਿਆ ਹੈ ਕਿ 18-80 ਸਾਲ ਦੀ ਉਮਰ ਦੀਆਂ ਇਨ੍ਹਾਂ ਔਰਤਾਂ ਨੇ ਆਪਣੀ ਜ਼ਿੰਦਗੀ ਦੇ ਕਿਸੇ ਸਮੇਂ ਹਿੰਸਾ ਦਾ ਅਨੁਭਵ ਕੀਤਾ ਹੈ। ਔਰਤਾਂ ਨੇ ਪਹਿਲੀ ਵਾਰ 1975 ਵਿੱਚ ਲਿੰਗ ਸਮਾਨਤਾ ਨੂੰ ਲੈ ਕੇ ਪ੍ਰਦਰਸ਼ਨ ਕੀਤਾ। ਆਈਸਲੈਂਡ ਯੂਰਪ ਦਾ ਇੱਕ ਛੋਟਾ ਜਿਹਾ ਦੇਸ਼ ਹੈ ਅਤੇ ਇਸਦੀ ਰਾਜਧਾਨੀ ਰੇਕਜਾਵਿਕ ਹੈ। ਇਸ ਦੀ ਆਬਾਦੀ ਤਿੰਨ ਲੱਖ ਤੋਂ ਥੋੜ੍ਹੀ ਜ਼ਿਆਦਾ ਹੈ। ਇੱਥੇ ਔਰਤਾਂ ਜ਼ਿਆਦਾਤਰ ਸਿਹਤ ਅਤੇ ਸਿੱਖਿਆ ਦੇ ਖੇਤਰਾਂ ਵਿੱਚ ਕੰਮ ਕਰਦੀਆਂ ਹਨ। ਵਰਲਡ ਇਕਨਾਮਿਕ ਫੋਰਮ ਮੁਤਾਬਕ ਆਈਸਲੈਂਡ ਦੁਨੀਆਂ ਦੇ ਉਨ੍ਹਾਂ ਸਰਵੋਤਮ ਦੇਸ਼ਾਂ 'ਚੋਂ ਇੱਕ ਹੈ, ਜਿਸ ਦਾ ਨਾਂ ਲਿੰਗ ਸਮਾਨਤਾ ਦੀ ਸੂਚੀ 'ਚ ਲਗਾਤਾਰ 14 ਸਾਲਾਂ ਤੋਂ ਸ਼ਾਮਲ ਹੈ। ਫੋਰਮ ਨੇ ਦੇਸ਼ ਨੂੰ 91.2 ਫੀਸਦੀ ਅੰਕ ਦਿੱਤੇ ਹਨ।ਇਸ ਦੇਸ਼ ਨੂੰ ਔਰਤਾਂ ਲਈ 'ਨਾਰੀਵਾਦੀ ਸਵਰਗ' ਜਾਂ ਸਵਰਗ ਵਜੋਂ ਜਾਣਿਆ ਜਾਂਦਾ ਹੈ ਕਿਉਂਕਿ ਆਈਸਲੈਂਡ ਨੇ ਲਿੰਗ ਸਮਾਨਤਾ ਦੇ ਪਾੜੇ ਨੂੰ 90 ਪ੍ਰਤੀਸ਼ਤ ਤੱਕ ਬੰਦ ਕਰ ਦਿੱਤਾ ਹੈ।

ਹਾਲਾਂਕਿ, ਹੜਤਾਲ ਵਿੱਚ ਹਿੱਸਾ ਲੈਣ ਵਾਲੀ ਇੱਕ ਔਰਤ ਨੇ ਕਿਹਾ, ਅਸੀਂ ਇਹ ਦੱਸਣਾ ਚਾਹੁੰਦੇ ਹਾਂ ਕਿ ਸਾਨੂੰ ਬਰਾਬਰੀ ਦਾ ਫਿਰਦੌਸ ਮੰਨਿਆ ਜਾਂਦਾ ਹੈ ਪਰ ਲਿੰਗ ਅਸਮਾਨਤਾ ਅਜੇ ਵੀ ਮੌਜੂਦ ਹੈ ਅਤੇ ਐਮਰਜੈਂਸੀ ਕਦਮ ਚੁੱਕਣ ਦੀ ਲੋੜ ਹੈ।

ਇਹ ਪਹਿਲੀ ਵਾਰ ਨਹੀਂ ਹੈ ਜਦੋਂ ਆਈਸਲੈਂਡ ਵਿੱਚ ਲਿੰਗ ਅਸਮਾਨਤਾ ਵਿਰੁੱਧ ਆਵਾਜ਼ ਉਠਾਈ ਗਈ ਹੈ, ਇਸਦਾ ਇੱਕ ਇਤਿਹਾਸ ਵੀ ਹੈ। ਸਾਲ 1975 ਵਿੱਚ ਪਹਿਲੀ ਵਾਰ ਦੇਸ਼ ਵਿੱਚ ਔਰਤਾਂ ਨੇ ਪੂਰੇ ਦਿਨ ਦੀ ਹੜਤਾਲ ਕੀਤੀ। 24 ਅਕਤੂਬਰ 1975 ਨੂੰ ਦੇਸ਼ ਦੀਆਂ 90 ਫੀਸਦੀ ਔਰਤਾਂ ਨੇ ਆਪਣੀ ਸਹੂਲਤ ਦਾ ਹਵਾਲਾ ਦੇ ਕੇ ਹੜਤਾਲ ਕਰ ਦਿੱਤੀ ਸੀ।

ਇਸ ਦਿਨ ਔਰਤਾਂ ਨੇ ਦਫਤਰ, ਘਰ ਜਾਣ ਜਾਂ ਬੱਚਿਆਂ ਦੀ ਦੇਖਭਾਲ ਕਰਨ ਦੀ ਬਜਾਏ ਸੜਕਾਂ 'ਤੇ ਉਤਰਨ ਦਾ ਫੈਸਲਾ ਕੀਤਾ ਸੀ। ਹੱਥਾਂ ਵਿੱਚ ਬੈਨਰ ਫੜ ਕੇ ਹਜ਼ਾਰਾਂ ਦੀ ਗਿਣਤੀ ਵਿੱਚ ਇਕੱਠੀਆਂ ਹੋਈਆਂ ਇਨ੍ਹਾਂ ਔਰਤਾਂ ਨੇ ਮਰਦਾਂ ਦੇ ਬਰਾਬਰ ਅਧਿਕਾਰਾਂ ਦੀ ਮੰਗ ਕੀਤੀ। ਇਸ ਦਿਨ ਨੂੰ ਆਈਸਲੈਂਡ ਵਿੱਚ ਵੂਮੈਨ ਡੇਅ ਆਫ ਵਜੋਂ ਵੀ ਜਾਣਿਆ ਜਾਂਦਾ ਹੈ। ਆਈਸਲੈਂਡ ਵਿੱਚ ਔਰਤਾਂ ਨੂੰ 1915 ਵਿੱਚ ਵੋਟ ਪਾਉਣ ਦਾ ਅਧਿਕਾਰ ਮਿਲਿਆ ਸੀ। 1975 ਵਿੱਚ ਆਈਸਲੈਂਡ ਦੀ ਸੰਸਦ ਵਿੱਚ ਸਿਰਫ਼ ਤਿੰਨ ਮਹਿਲਾ ਸੰਸਦ ਮੈਂਬਰ ਸਨ। ਇਸ ਸਮੇਂ ਉੱਥੇ ਦੀ ਸੰਸਦ ਵਿੱਚ 30 ਮਹਿਲਾ ਸੰਸਦ ਮੈਂਬਰ ਹਨ।

# ਇਜ਼ਰਾਈਲ-ਫਲਸਤੀਨ ਦਰਮਿਆਨ ਜੰਗਬੰਦੀ ਲਈ ਸੰਯੁਕਤ ਰਾਸ਼ਟਰ ਤੁਰੰਤ ਦਖ਼ਲ ਦੇਵੇ : ਗਲੋਬਲ ਸਿੱਖ ਕੌਂਸਲ

## ਭਾਰਤ ਨੂੰ ਨਿੱਝਰ ਕਤਲ ਕੇਸ ਦੀ ਜਾਂਚ 'ਚ ਸਹਿਯੋਗ ਕਰਨ ਲਈ ਆਖਿਆ

## ਸ਼੍ਰੋਮਣੀ ਕਮੇਟੀ ਚੋਣਾਂ 'ਚ ਸਾਰੇ ਸਿੱਖਾਂ ਨੂੰ ਸਰਗਰਮੀ ਨਾਲ ਹਿੱਸਾ ਲੈਣ ਦੀ ਅਪੀਲ

ਚੰਡੀਗੜ੍ਹ/ਏ.ਟੀ.ਨਿਊਜ਼ : ਗਲੋਬਲ ਸਿੱਖ ਕੌਂਸਲ (ਜੀ.ਐਸ.ਸੀ.) ਨੇ ਇੱਕ ਗੜ੍ਹਕਵੇਂ ਸੱਦੇ ਰਾਹੀਂ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ (ਯੂ.ਐਨ.ਐਸ.ਸੀ.) ਨੂੰ ਅਪੀਲ ਕੀਤੀ ਹੈ ਕਿ ਉਹ ਇਜ਼ਰਾਈਲ-ਫਲਸਤੀਨ ਦਰਮਿਆਨ ਗਾਜਾ ਖੇਤਰ ਵਿੱਚ ਫੌਰੀ ਜੰਗਬੰਦੀ ਲਈ ਦਖਲਅੰਦਾਜ਼ੀ ਦੇਵੇ ਤਾਂ ਜੋ ਇਸ ਲੜਾਈ ਦੌਰਾਨ ਅਜਾਈਂ ਜਾ ਰਹੀਆਂ ਮਾਸੂਮ ਜਾਨਾਂ, ਖਾਸ ਕਰਕੇ ਬੱਚਿਆਂ ਅਤੇ ਔਰਤਾਂ ਦੀਆਂ ਦੁੱਖਦਾਈ ਮੌਤਾਂ ਰੁਕ ਸਕਣ। ਜੀ.ਐਸ.ਸੀ. ਵੱਲੋਂ ਆਯੋਜਿਤ ਆਨਲਾਈਨ ਕਾਨਫਰੰਸ ਅਤੇ ਸਾਲਾਨਾ ਜਨਰਲ ਮੀਟਿੰਗ (ਏ.ਜੀ.ਐਮ.) ਦੌਰਾਨ ਕੌਂਸਲ ਦੀ ਕਾਰਜਕਾਰੀ ਕਮੇਟੀ ਨੇ ਦੁਵੱਲੇ ਵਿਨਾਸ਼ਕਾਰੀ ਹਵਾਈ ਹਮਲਿਆਂ ਦੀ ਨਿੰਦਾ ਕਰਦੇ ਹੋਏ ਇੱਕ ਮਤਾ ਪਾਸ ਕਰਦਿਆਂ ਕਿਹਾ ਕਿ ਇਸ ਜੰਗ ਦੇ ਨਤੀਜੇ ਵਜੋਂ ਬੇਕਸੂਰ ਨਾਗਰਿਕਾਂ ਨੂੰ ਚੁਫੇਰਿਓਂ ਬਹੁਤ ਦੁੱਖ ਝੱਲਣਾ ਪੈ ਰਿਹਾ ਹੈ। ਕੌਂਸਲ ਨੇ ਸੰਯੁਕਤ ਰਾਸ਼ਟਰ ਨੂੰ ਗਾਜ਼ਾ ਦੇ ਲੋਕਾਂ ਨੂੰ ਜ਼ਰੂਰੀ ਡਾਕਟਰੀ ਸਪਲਾਈ ਅਤੇ ਭੋਜਨ ਸਮੇਤ ਤੁਰੰਤ ਮਾਨਵਤਾਵਾਦੀ ਸਹਾਇਤਾ ਦੀ ਸਪਲਾਈ ਸ਼ੁਰੂ ਕਰਨ ਲਈ ਵੀ ਕਿਹਾ ਹੈ। ਇੱਥੋਂ ਜਾਰੀ ਇੱਕ ਪ੍ਰੈਸ ਬਿਆਨ ਵਿੱਚ 31 ਦੇਸ਼ਾਂ ਦੇ ਕੌਮੀ ਸੰਗਠਨਾਂ ਦੇ ਸੰਸਾਰ ਪੱਧਰੀ ਕੰਸੋਰਟੀਅਮ ਵਜੋਂ ਨੁਮਾਇੰਦਗੀ ਕਰਨ ਵਾਲੀ ਸੰਸਥਾ, ਜੀ.ਐਸ.ਸੀ. ਦੀ ਪ੍ਰਧਾਨ ਲੇਡੀ ਸਿੰਘ ਡਾ. ਕੰਵਲਜੀਤ ਕੌਰ ਓ.ਬੀ.ਈ. ਨੇ ਦੱਸਿਆ ਕਿ ਕੌਂਸਲ ਨੇ ਵੈਨਕੂਵਰ (ਕੈਨੇਡਾ) ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਭਾਈ ਹਰਦੀਪ ਸਿੰਘ ਨਿੱਝਰ ਦੇ ਬੇਰਹਿਮੀ ਨਾਲ ਹੋਏ ਕਤਲ ਸਬੰਧੀ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਲਏ ਗਏ ਦਲੇਰੀ ਭਰੇ ਫੈਸਲੇ ਦੀ ਸ਼ਲਾਘਾ ਕਰਦੇ ਹੋਏ ਜੀ.ਐਸ.ਸੀ. ਨੇ ਇੱਕ ਹੋਰ ਮਤਾ ਵੀ ਪਾਸ ਕੀਤਾ ਹੈ ਕਿ ਜਿਸ ਵਿੱਚ ਕਾਤਲਾਂ ਨੂੰ ਨਿਆਂ ਦੇ ਕਟਹਿਰੇ ਵਿੱਚ ਖੜਾ ਕਰਨ ਲਈ ਭਾਰਤ ਸਰਕਾਰ ਨੂੰ ਅੰਤਰਰਾਸ਼ਟਰੀ ਜਾਂਚ ਵਿੱਚ ਸਹਿਯੋਗ ਕਰਨ ਦੀ ਅਪੀਲ ਕੀਤੀ ਹੈ।



ਵਿਸ਼ਵ ਭਰ ਵਿੱਚ, ਖਾਸ ਕਰਕੇ ਪੰਜਾਬ ਅਤੇ ਭਾਰਤ ਦੇ ਹੋਰ ਰਾਜਾਂ ਵਿੱਚ ਸਿੱਖ ਕੌਮ ਦੇ ਮਾਮਲਿਆਂ ਉੱਪਰ ਵਿਚਾਰਾਂ ਕਰਦਿਆਂ ਕੌਂਸਲ ਮੈਂਬਰਾਂ ਨੇ ਸਮੂਹ ਸਿੱਖਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੀਆਂ ਅਗਾਮੀ ਆਮ ਚੋਣਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ, ਮੈਂਬਰ ਵਜੋਂ ਵੋਟਾਂ ਬਣਾਉਣ ਅਤੇ ਗੁਰਦੁਆਰਾ ਚੋਣਾਂ ਵਿੱਚ ਵੋਟ ਦੇ ਅਧਿਕਾਰ ਦੀ ਸੂਝ-ਬੂਝ ਨਾਲ ਵਰਤੋਂ ਕਰਨ ਦਾ ਸੱਦਾ ਦਿੱਤਾ ਹੈ। ਇਸ ਕਾਨਫਰੰਸ ਦੌਰਾਨ, ਤਾਮਿਲਨਾਡੂ ਤੋਂ ਐਡਵੋਕੇਟ ਜੀਵਨ ਸਿੰਘ ਨੇ ਸਿੱਖ ਕੌਮ ਦੇ ਅੰਦਰ ਜਾਤ-ਪਾਤ ਦੇ ਮੁੱਦੇ ਨੂੰ ਛੋਹਿਆ ਅਤੇ ਤਿੰਨ ਸਦੀਆਂ ਪਹਿਲਾਂ 'ਖਾਲਸਾ' ਪੰਥ ਦੀ ਸਥਾਪਨਾ ਵੇਲੇ ਗੁਰੂ ਸਾਹਿਬਾਨ ਵੱਲੋਂ ਸਥਾਪਿਤ ਸਿਧਾਂਤਾਂ ਦੇ ਅਨੁਸਾਰ ਭਾਰਤ ਵਿੱਚ ਜਾਤ-ਪਾਤ ਰਹਿਤ ਅਤੇ ਬਰਾਬਰੀ ਵਾਲੇ ਸਮਾਜ ਦੀ ਸਥਾਪਨਾ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਇੱਕ ਗਿਆਨਵਾਨ ਰਾਸ਼ਟਰ ਦੀ ਸਿਰਜਣਾ ਲਈ ਹਾਸ਼ੀਏ 'ਤੇ ਪਏ ਅਤੇ ਲੋੜਾਂ ਤੋਂ ਵਾਂਝੇ ਤਬਕਿਆਂ ਨੂੰ ਉੱਚਾ ਚੁੱਕਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਜੀ.ਐਸ.ਸੀ. ਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਯੂਕੇ ਤੋਂ ਲੇਡੀ ਸਿੰਘ ਡਾ: ਕੰਵਲਜੀਤ ਕੌਰ ਨੇ ਸ਼੍ਰੋਮਣੀ ਕਮੇਟੀ ਨੂੰ ਖ਼ਾਲਸਾ ਪੰਥ ਦੀਆਂ ਵਿਆਪਕ ਲੋੜਾਂ, ਚੁਣੌਤੀਆਂ ਅਤੇ ਤਰਜੀਹਾਂ ਵੱਲ ਧਿਆਨ ਦੇਣ ਦੀ ਅਪੀਲ ਕੀਤੀ। ਇਸ ਮੌਕੇ ਵੱਖ-ਵੱਖ ਸਿੱਖ ਆਗੂਆਂ ਨੇ ਸਿੱਖ ਮਸਲਿਆਂ ਅਤੇ ਪ੍ਰਸਤਾਵਿਤ ਮਤਿਆਂ ਬਾਰੇ ਵਿਚਾਰ ਸਾਂਝੇ ਕੀਤੇ ਉਨ੍ਹਾਂ ਵਿੱਚ ਗਿਆਨੀ ਕੇਵਲ ਸਿੰਘ ਸਾਬਕਾ ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ, ਸਰਦਾਰਨੀ ਕਿਰਨਜੋਤ ਕੌਰ ਮੈਂਬਰ ਐਸ.ਜੀ.ਪੀ.ਸੀ., ਵਰਲਡ ਸਿੱਖ ਨਿਊਜ਼ ਦੇ ਜਗਮੋਹਨ ਸਿੰਘ, ਹਰਸਿਮਰਨ ਸਿੰਘ, ਆਸਟ੍ਰੇਲੀਆ ਤੋਂ ਹਰਬੀਰ ਸਿੰਘ ਭਾਟੀਆ, ਕਰਨਲ ਜਗਤਾਰ ਸਿੰਘ ਮੁਲਤਾਨੀ, ਮਲੇਸ਼ੀਆ ਤੋਂ ਜਾਗੀਰ ਸਿੰਘ, ਇੰਡੋਨੇਸ਼ੀਆ ਤੋਂ ਡਾ: ਕਰਮਿੰਦਰ ਸਿੰਘ, ਫਰਾਂਸ ਤੋਂ ਗੁਰਦਿਆਲ ਸਿੰਘ, ਕੈਨੇਡਾ ਤੋਂ ਕਰਨਬੀਰ ਸਿੰਘ, ਰਜਿੰਦਰ ਸਿੰਘ, ਹਰਜੀਤ ਸਿੰਘ, ਹਰਸਰਨ ਸਿੰਘ, ਯੂਕੇ ਤੋਂ ਸਤਨਾਮ ਸਿੰਘ ਅਤੇ ਅਮਰੀਕਾ ਤੋਂ ਪਰਮਜੀਤ ਸਿੰਘ ਆਦਿ ਸ਼ਾਮਿਲ ਹਨ।

# ਗੱਤਕਾ ਫ਼ੈਡਰੇਸ਼ਨ ਯੂ.ਐਸ.ਏ. ਵੱਲੋਂ ਪਹਿਲੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਕਰਵਾਈ

## ਨਿਊਯਾਰਕ ਗੱਤਕਾ ਐਸੋਸੀਏਸ਼ਨ ਰਹੀ ਜੇਤੂ, ਕੈਨਸਸ ਗੱਤਕਾ ਐਸੋਸੀਏਸ਼ਨ ਦੂਜੇ ਤੇ ਨਿਊਜਰਸੀ ਗੱਤਕਾ ਐਸੋਸੀਏਸ਼ਨ ਤੀਜੇ ਨੰਬਰ 'ਤੇ ਰਹੀਆਂ





ਨਿਊਯਾਰਕ/ ਏ.ਟੀ.ਨਿਊਜ਼ : ਗੱਤਕਾ ਖੇਡ ਨੂੰ ਅਮਰੀਕਾ ਵਿੱਚ ਪ੍ਰਫੁਲਿਤ ਕਰ ਰਹੀ ਗੱਤਕਾ ਖੇਡ ਦੀ ਨੈਸ਼ਨਲ ਜਥੇਬੰਦੀ ਗੱਤਕਾ ਫੈਡਰੇਸ਼ਨ ਯੂ.ਐਸ.ਏ. ਵੱਲੋਂ ਅਮਰੀਕਾ ਵਿੱਚ 28 ਅਕਤੂਬਰ ਨੂੰ 'ਦਿ ਸਿੱਖ ਸੈਂਟਰ ਆਫ਼ ਨਿਉਯਾਰਕ' ਇੰਕ, 222-28-95 ਅਵੈਨਿਉ, ਕੁਇਨਜ ਵਿਲੇਜ ਨਿਉਯਾਰਕ ਦੇ ਉਚੇਚੇ ਸਹਿਯੋਗ ਨਾਲ ਪਹਿਲੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਯੂ.ਐਸ.ਏ. ਖ਼ਾਲਸਾਈ ਜਾਹੋ-ਜਲਾਲ ਨਾਲ ਕਰਵਾਈ ਗਈ। ਚੈਂਪੀਅਨਸ਼ਿਪ ਵਿੱਚ ਬੀਬੀਆਂ ਅਤੇ ਸਿੰਘਾਂ ਦੇ ਵੱਖ - ਵੱਖ ਉਮਰ ਵਰਗ ਵਿੱਚ ਸੈਂਕੜੇ ਖਿਡਾਰੀਆ ਨੇ ਭਾਰ ਲਿਆ। ਜ਼ਿਕਰਯੋਗ ਹੈ ਕਿ ਅਮਰੀਕਾ ਵਿੱਚ ਗੱਤਕਾ ਫੈਡਰੇਸ਼ਨ ਯੂ.ਐਸ.ਏ ਪਿਛਲੇ ਕਾਫ਼ੀ ਸਾਲਾਂ ਤੋਂ ਪੱਬਾਂ ਭਾਰ ਹੋ ਕੇ ਵੱਖ ਵੱਖ ਰਾਜਾਂ ਵਿੱਚ ਗੱਤਕਾ ਖੇਡ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਚਾਰਾਜੋਈ ਕਰ ਰਹੀ ਹੈ।

ਅਮਰੀਕਾ ਵਿੱਚ ਇਹ ਕਰਵਾਈ ਗਈ ਇਸ ਪਹਿਲੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਦੇ ਬਾਰੇ ਵਿਸਤਾਰ ਵਿੱਚ ਗੱਲ ਕਰਦਿਆਂ ਗੱਤਕਾ ਫੈਡਰੇਸ਼ਨ ਯੂ.ਐਸ.ਏ. ਦੇ ਚੇਅਰਮੈਨ ਸ. ਗੁਰਿੰਦਰ ਸਿੰਘ ਖਾਲਸਾ ਅਤੇ ਪ੍ਰਧਾਨ, ਸ. ਕਲਵਿੰਦਰ ਸਿੰਘ ਕੈਲੀਫੋਰਨੀਆ- ਉੱਘੇ ਕਾਰੋਬਾਰੀ ਨੇ ਕਿਹਾ ਕਿ ਭਾਵੇਂ ਕਿ ਵੱਖ-ਵੱਖ ਜਥੇਬੰਦੀਆਂ ਵੱਲੋਂ ਅਤੇ ਫੈਡਰੇਸ਼ਨ ਵੱਲੋਂ ਗੱਤਕਾ ਪ੍ਰਚਾਰ ਹਿੱਤ ਕਈ ਉਪਰਾਲੇ ਕੀਤੇ ਜਾਂਦੇ ਹਨ ਪਰ ਪਹਿਲੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਯੂ.ਐਸ.ਏ ਆਪਣੇ ਆਪ ਵਿੱਚ ਨਿਵੇਕਲੀ ਹੋ ਨਿੱਬੜੀ ਹੈ ਅਤੇ ਇਤਿਹਾਸਿਕ ਮੀਲ ਪੱਧਰ ਰਖਿਆ ਗਿਆ ਹੈ ਕਿਉਂਕਿ ਅਮਰੀਕਾ ਵਿੱਚ ਗੱਤਕਾ ਖੇਡ ਦਾ ਨੈਸ਼ਨਲ ਪੱਧਰ ਦਾ ਮੁਕਾਬਲਾ ਅਜੇ ਤੱਕ ਨਹੀਂ ਸੀ ਕਰਵਾਇਆ ਗਿਆ ਜੋ ਕਿ ਗੱਤਕੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ।

ਉਹਨਾਂ ਦੱਸਿਆ ਕਿ ਇਸ ਮੌਕੇ ਸਿੰਗਲ ਸੋਟੀ ਸਿੰਘਾਂ ਦੇ 21 ਸਾਲ ਵਰਗ ਦੇ ਗਹਿ ਗੱਚ ਮੁਕਾਬਲਿਆਂ ਦੌਰਾਨ ਅੰਮ੍ਰਿਤਨੀਰ ਸਿੰਘ-ਸ਼ਹੀਦ ਬਾਬਾ ਅਜੀਤ ਸਿੰਘ ਗੱਤਕਾ ਅਖਾੜਾ ਨਿਊਜਰਸੀ ਪਹਿਲੇ, ਦਸਮੇਸ਼ ਸਿੰਘ ਪੰਥ ਖਾਲਸਾ ਗੱਤਕਾ ਅਖਾੜਾ ਦੂਜੇ ਤੇ ਸਵਰਜੋਤ ਸਿੰਘ- ਕੈਨਸਸ ਗੱਤਕਾ ਐਸੋਸੀਏਸ਼ਨ ਨੇ ਤੀਜੇ ਸਥਾਨ ਲਈ ਜਿੱਤ ਦਰਜ ਕਰਵਾਈ ਗਈ।

ਬੀਬੀਆਂ ਦੇ 21 ਸਾਲ ਵਰਗ ਦੇ ਸਿੰਗਲ ਸੋਟੀ ਦੇ ਮੁਕਾਬਲਿਆਂ ਦੌਰਾਨ ਗੁਰਵਿੰਦਰ ਕੌਰ-ਕੈਨਸਸ ਗੱਤਕਾ ਐਸੋਸੀਏਸ਼ਨ ਪਹਿਲੇ, ਗੁਰਬਾਣੀ ਕੌਰ ਨਿਉਜਰਸੀ ਗੱਤਕਾ ਐਸੋਸੀਏਸ਼ਨ ਅਤੇ ਤੀਜੇ ਨੰਬਰ ਦੀ ਜੇਤੂ ਸਿਮਰਨ ਕੌਰ- ਨਿਉਯਾਰਕ ਗੱਤਕਾ ਐਸੋਸੀਏਸ਼ਨ ਰਹੀ।

ਉਮਰ ਵਰਗ 17 ਸਾਲ ਸਿੰਘਾਂ ਦੇ ਮੁਕਾਬਲਿਆਂ ਦੌਰਾਨ ਪਹਿਲਾ ਸਥਾਨ ਵੰਸ਼ਦੀਪ ਸਿੰਘ-ਅਕਾਲ ਗੱਤਕਾ ਗੁਰਮਤਿ ਗਰੁੱਪ ਨਿਊਯਾਰਕ, ਦੂਜਾ ਹਰਪ੍ਰੀਤ ਸਿੰਘ -ਅਕਾਲ ਗੱਤਕਾ ਗੁਰਮਤਿ ਗਰੁੱਪ ਨਿਊਯਾਰਕ, ਅਤੇ ਤੀਜੇ ਸਥਾਨ ਲਈ ਅਰਮਾਨਜੋਤ ਸਿੰਘ- ਕੈਨਸਸ ਗੱਤਕਾ ਐਸੋਸੀਏਸ਼ਨ ਨੇ ਜਿੱਤ ਦਰਜ ਕਰਵਾਈ।

ਉਮਰ ਵਰਗ 17 ਸਾਲ ਬੀਬੀਆਂ ਦੇ ਮੁਕਾਬਲਿਆਂ ਦੌਰਾਨ ਪਹਿਲਾ ਸਥਾਨ ਬੀਬੀ ਉਨੀਤ ਕੌਰ- ਸ਼ਹੀਦ ਬਾਬਾ ਅਜੀਤ ਸਿੰਘ ਗੱਤਕਾ ਅਖਾੜਾ ਨਿਉਜਰਸੀ, ਦੂਜਾ ਸਥਾਨ ਬੀਬੀ ਗੁਰਕੀਰਥ ਕੌਰ- ਸ਼ਹੀਦ ਬਾਬਾ ਅਜੀਤ ਸਿੰਘ ਗੱਤਕਾ ਅਖਾੜਾ ਨਿਉਜਰਸੀ ਅਤੇ ਤੀਜੇ ਸਥਾਨ ਲਈ ਬੀਬੀ ਕੁਲਰਾਜਪ੍ਰੀਤ ਕੌਰ-ਕੈਨਸਸ

ਗੱਤਕਾ ਐਸੋਸੀਏਸ਼ਨ ਨੇ ਵਧੀਆਂ ਪ੍ਰਦਰਸ਼ਨ ਕਰਦਿਆਂ ਆਪਣੀ ਜਗ੍ਹਾ ਪੱਕੀ ਕੀਤੀ।

ਉਮਰ ਵਰਗ 14 ਸਾਲ ਬੀਬੀਆਂ ਦੇ ਗੱਤਕਾ ਪ੍ਰਦਰਸ਼ਨੀ ਇਵੇਂਟ ਵਿੱਚ ਬਹੁਤ ਹੀ ਵਧੀਆ ਪ੍ਰਦਰਸ਼ਨ ਕਰਦਿਆਂ ਬਾਬਾ ਦੀਪ ਸਿੰਘ ਗੱਤਕਾ ਅਕੈਡਮੀ, ਨਿਉਯਾਰਕ ਦੀਆਂ ਬੀਬੀਆਂ ਨੇ ਪਹਿਲੇ ਤੇ ਦੂਜੇ ਸਥਾਨ 'ਤੇ ਕਬਜ਼ਾ ਕਰਦਿਆਂ ਬੀਬੀ ਹਰਨਿੱਧ ਕੌਰ ਤੇ ਪ੍ਰਭਗੁਣ ਕੌਰ ਨੇ ਜਿੱਤ ਦਰਜ ਕਰਵਾਈ ਅਤੇ ਜਸਲੀਨ

ਕੌਰ-ਸ਼ਾਹਿਬਜਾਦਾ ਬਾਬਾ ਫ਼ਤਿਹ ਸਿੰਘ ਜੀ ਗੱਤਕਾ ਅਖਾੜਾ ਪਲੇਨਵਿਉ ਨਿਉਯਾਰਕ ਨੇ ਜਿੱਤ ਦਰਜ ਕੀਤੀ।

ਉਮਰ ਵਰਗ 14 ਸਾਲ ਸਿੰਘਾਂ ਦੀ ਗੱਤਕਾ ਪ੍ਰਦਰਸ਼ਨੀ ਇਵੇਂਟ ਵਿੱਚ ਪਹਿਲੇ ਸਥਾਨ 'ਤੇ ਗੁਰਰਾਜ ਸਿੰਘ ਅਕਾਲ ਗੱਤਕਾ ਗੁਰਮਤਿ ਗਰੁੱਪ ਨਿਉਯਾਰਕ, ਦੂਜੇ ਸਥਾਨ 'ਤੇ ਏਕਮਜੋਤ ਸਿੰਘ- ਕੈਨਸਸ ਗੱਤਕਾ ਐਸੋਸੀਏਸ਼ਨ ਅਤੇ ਤੀਜਾ ਸਥਾਨ ਪੂਨੀਤ ਸਿੰਘ-ਦਸਮੇਸ਼ ਗੱਤਕਾ ਅਕੈਡਮੀ, ਨਿਊਯਾਰਕ ਨੇ ਹਾਸਿਲ ਕੀਤਾ।

ਜੱਜਮੈਂਟ ਅਤੇ ਰੈਫ਼ਰੀ ਕੌਸ਼ਲ ਦੀ ਸੇਵਾ ਲਵਪ੍ਰੀਤ ਸਿੰਘ ਵਾਈਸ ਪ੍ਰਧਾਨ ਗੱਤਕਾ ਫੈਡਰੇਸ਼ਨ ਕਨੈਡਾ, ਸ. ਸਾਹਿਬ ਸਿੰਘ ਸੀਨੀਅਰ ਰੈਫ਼ਰੀ ਕਨੈਡਾ, ਸ. ਸੁਜਾਨ ਸਿੰਘ ਸੀਨੀਅਰ ਰੈਫ਼ਰੀ ਅਮਰੀਕਾ, ਬੀਬਾ ਸਿਮਰਨ ਕੌਰ ਅਮਰੀਕਾ, ਸ. ਜਸਕੀਰਤ ਸਿੰਘ ਸੀਨੀਅਰ ਕੋਚ, ਭਾਈ ਗਗਨਦੀਪ ਸਿੰਘ ਟ੍ਰਸਟੀ ਸਿੱਖ ਕਲਚਰਲ ਸੋਸਾਇਟੀ, ਨਿਉਯਾਰਕ, ਭਾਈ ਤਰਨਜੋਤ ਸਿੰਘ ਨਿਉਯਾਰਕ, ਭਾਈ ਦਲਬੀਰ ਸਿੰਘ ਅਖੰਡ ਕੀਰਤਨੀ ਜੱਥਾ, ਭਾਈ ਸਰਬਜੀਤ ਸਿੰਘ ਕੁਇਨਜ ਵਿਲੇਜ, ਭਾਈ ਜਗਜੀਤ ਸਿੰਘ ਦਮਦਮੀ ਟਕਸਾਲ, ਮਨਦੀਪ ਸਿੰਘ ਨਿਉਜਰਸੀ, ਜਸ਼ਨਦੀਪ ਸਿੰਘ, ਪ੍ਰਭਜੋਤ ਸਿੰਘ, ਆਦਿ ਵਲੋਂ ਕੀਤੀ ਗਈ।

ਇਸ ਤੋਂ ਇਲਾਵਾ ਸ. ਗੁਰਪ੍ਰੀਤ ਸਿੰਘ ਅਤੇ ਉਨੀਤ ਕੌਰ ਨੂੰ ਬੈੱਸਟ ਖਿਡਾਰੀ ਦਾ ਐਵਾਰਡ ਵੀ ਦਿੱਤਾ ਗਿਆ।ਟੀਮਾਂ ਵਿੱਚ ਬੈੱਸਟ ਟੀਮ ਦਾ ਐਵਾਰਡ ਕੈਨਸਸ ਗੱਤਕਾ ਐਸੋਸੀਏਸ਼ਨ ਅਤੇ ਐਮ.ਵੀ.ਪੀ ਟੀਮ ਦਾ ਇਨਾਮ ਅਕਾਲ ਗੱਤਕਾ ਗੁਰਮਤਿ ਗਰੁੱਪ ਨਿਊਯਾਰਕ ਨੇ ਹਾਸਿਲ ਕੀਤਾ।

ਕਲਵਿੰਦਰ ਸਿੰਘ ਕੈਲੀਫੋਰਨੀਆ, ਬੀਬਾ ਸਰਬਜੀਤ ਕੌਰ ਵੈਸਚੈਸਟਰ ਕਾਂਉਟੀ, ਸ. ਦਲੇਰ ਸਿੰਘ ਚੇਅਰਮੈਨ, ਭਾਈ ਗਗਨਦੀਪ ਸਿੰਘ, ਸਤਿਨਾਮ ਸਿੰਘ ਪਰਹਾਰ, ਡਾ. ਟੀਨਾ, ਸ. ਜਤਿੰਦਰ ਸਿੰਘ ਡਾਇਰੈਕਟਰ,- ਯੁਨਾਇਟਿਡ ਸਿੱਖਜ਼ ਅਤੇ ਡਾ. ਦੀਪ ਸਿੰਘ ਨੇ ਸਮੂਹ ਜੇਤੂ ਖਿਡਾਰੀਆਂ ਨੂੰ ਇਨਾਮ ਵੰਡੇ।

# ਸੜਕ ਹਾਦਸਿਆਂ ਨੇ ਲੰਘੇ ਸਾਲ 1.68 ਲੱਖ ਜ਼ਿੰਦਗੀਆਂ ਨਿਗਲੀਆਂ




ਨਵੀਂ ਦਿੱਲੀ/ ਏ.ਟੀ.ਨਿਊਜ਼ : ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਦੀ ਰਿਪੋਰਟ ਅਨੁਸਾਰ ਸਾਲ 2022 ਵਿੱਚ ਕੁੱਲ 4,61,312 ਸੜਕ ਹਾਦਸੇ ਵਾਪਰੇ, ਜਿਨ੍ਹਾਂ ਵਿੱਚ 1,68,491 ਵਿਅਕਤੀਆਂ ਦੀ ਜਾਨ ਚਲੀ ਗਈ ਜਦੋਂਕਿ 4,43,366 ਵਿਅਕਤੀ ਜ਼ਖ਼ਮੀ ਹੋਏ। ਮੰਤਰਾਲੇ ਵੱਲੋਂ ਜਾਰੀ 'ਰੋਡ ਐਕਸੀਡੈਂਟਸ ਇਨ ਇੰਡੀਆ-2022' ਸਿਰਲੇਖ ਵਾਲੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਸੜਕ ਹਾਦਸਿਆਂ ਦੀ ਗਿਣਤੀ ਵਿੱਚ ਸਾਲਾਨਾ 11.9 ਫੀਸਦੀ ਦਾ ਵਾਧਾ ਹੋਇਆ ਹੈ ਅਤੇ ਇਨ੍ਹਾਂ ਕਾਰਨ ਹੋਣ ਵਾਲੀਆਂ ਮੌਤਾਂ ਦੀ ਦਰ 9.4 ਫੀਸਦੀ ਵਧੀ ਹੈ। ਇਸੇ ਤਰ੍ਹਾਂ ਹਾਦਸਿਆਂ 'ਚ ਜ਼ਖਮੀ ਹੋਏ ਵਿਅਕਤੀਆਂ ਦੀ ਗਿਣਤੀ 'ਚ 15.3 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ।

ਰਿਪੋਰਟ ਮੁਤਾਬਕ 2022 ਵਿੱਚ ਵਾਪਰੇ ਕੁੱਲ 4,61,312 ਸੜਕ ਹਾਦਸਿਆਂ 'ਚੋਂ 1,51,997 ਯਾਨੀ 32.9 ਫੀਸਦੀ ਹਾਦਸੇ ਐਕਸਪ੍ਰੈਸਵੇਅ ਅਤੇ ਨੈਸ਼ਨਲ ਹਾਈਵੇਅ (ਐੱਨਐੱਚ) 'ਤੇ ਹੋਏ। ਇਸੇ ਤਰ੍ਹਾਂ 1,06,682 (23.1 ਫੀਸਦ) ਹਾਦਸੇ ਰਾਜ ਮਾਰਗਾਂ 'ਤੇ ਵਾਪਰੇ ਜਦਕਿ 2,02,633 (43.9) ਫੀਸਦੀ ਹਾਦਸੇ ਹੋਰ ਸੜਕਾਂ 'ਤੇ ਵਾਪਰੇ। ਰਿਪੋਰਟ ਅਨੁਸਾਰ, "ਸੜਕ ਹਾਦਸਿਆਂ 'ਚ ਹੋਈਆਂ ਕੁੱਲ 1,68,491 ਮੌਤਾਂ 'ਚੋਂ 61,038 ਵਿਅਕਤੀ ਕੌਮੀ ਰਾਜ ਮਾਰਗਾਂ 'ਤੇ ਵਾਪਰੇ ਹਾਦਸਿਆਂ ਵਿੱਚ ਮਾਰੇ ਗਏ।" ਇਸੇ ਤਰ੍ਹਾਂ 41,012 ਦੀ ਰਾਜ ਮਾਰਗਾਂ 'ਤੇ ਅਤੇ 66,441 (39.4 ਫੀਸਦ) ਵਿਅਕਤੀਆਂ ਦੀ ਹੋਰ ਸੜਕਾਂ 'ਤੇ ਵਾਪਰੇ ਹਾਦਸਿਆਂ 'ਚ ਮੌਤ ਹੋ ਗਈ।

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Allstate
You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਮੋਦੀ ਸਰਕਾਰ ਦੇ ਰਾਜ ਦੌਰਾਨ ਵੱਡੇ ਡਿਫ਼ਾਲਟਰਾਂ 'ਚ ਹੋ ਰਿਹੈ ਵਾਧਾ

## ਡਿਫ਼ਾਲਟਰਾਂ ਵੱਲ ਬਕਾਇਆ ਰਕਮ 1.20 ਲੱਖ ਕਰੋੜ ਰੁਪਏ ਤੱਕ ਵਧ ਗਈ

- ਸ਼ਡਿਊਲਡ ਕਮਰਸ਼ੀਅਲ ਬੈਂਕਾਂ ਨੇ ਪਿਛਲੇ ਪੰਜ ਵਿੱਤੀ ਸਾਲਾਂ ਦੌਰਾਨ 10,57,326 ਕਰੋੜ ਰੁਪਏ ਦੀ ਰਕਮ ਵੱਟੇ-ਖਾਤੇ ਪਾਈ
- ਕੇਂਦਰੀ ਵਿੱਤ ਮੰਤਰਾਲੇ ਮੁਤਾਬਕ ਸਿਖ਼ਰਲੇ 50 ਬਕਾਇਆਦਾਰਾਂ ਵੱਲ ਬੈਂਕਾਂ ਤੇ ਵਿੱਤੀ ਸੰਸਥਾਨਾਂ ਦੇ 87.295 ਕਰੋੜ ਰੁਪਏ ਖੜ੍ਹੇ

ਨਵੀਂ ਦਿੱਲੀ/ਏ.ਟੀ.ਨਿਊਜ਼ : ਮਾਰਚ 2019 ਤੋਂ ਜਾਣਬੁੱਝ ਕੇ ਕਰਜ਼ ਨਾ ਚੁਕਾਉਣ ਵਾਲਿਆਂ (ਵਿਲਫੁੱਲ ਡਿਫਾਲਟਰਜ਼) 'ਤੇ ਬਕਾਇਆ ਰਕਮ 100 ਕਰੋੜ ਰੁਪਏ ਰੋਜ਼ਾਨਾ ਤੋਂ ਵੱਧ ਦੀ ਰਫਤਾਰ ਨਾਲ ਵਧੀ ਹੈ ।ਅਜਿਹੇ ਡਿਫਾਲਟਰਾਂ ਵੱਲ ਇਹ ਬਕਾਇਆ ਰਕਮ 1.20 ਲੱਖ ਕਰੋੜ ਰੁਪਏ ਤੱਕ ਵਧ ਗਈ ਹੈ। 'ਵਿਲਫੁੱਲ ਡਿਫਾਲਟਰ' ਸ਼ਬਦ ਦੀ ਵਰਤੋਂ ਉਨ੍ਹਾਂ ਕਰਜ਼ਾਈਆਂ ਲਈ ਕੀਤੀ ਜਾਂਦੀ ਹੈ, ਜਿਹੜੇ ਕਰਜ਼ ਚੁਕਾਉਣ ਦੀ ਸਮਰੱਥਾ ਹੋਣ ਦੇ ਬਾਵਜੂਦ ਕਰਜ਼ ਨਹੀਂ ਚੁਕਾਉਂਦੇ ।ਇਨ੍ਹਾਂ ਵਿੱਚ ਛੋਟੇ ਕਰਜ਼ਦਾਰ ਸ਼ਾਮਲ ਨਹੀਂ ਹੁੰਦੇ, ਜਿਵੇਂ ਕਿ ਸੰਕਟਗ੍ਰਸਤ ਕਿਸਾਨ ਆਦਿ । ਮਾਰਚ 2019 ਤੋਂ ਬਾਅਦ ਰੋਜ਼ਾਨਾ 100 ਕਰੋੜ ਰੁਪਏ ਦਾ ਵਾਧਾ 22 ਜੁਲਾਈ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕੀਤੇ ਗਏ ਇਸ ਦਾਅਵੇ ਨੂੰ ਪੂਰੀ ਤਰ੍ਹਾਂ ਖਾਰਜ ਕਰਦਾ ਹੈ ਕਿ ਪਿਛਲੀ ਯੂ ਪੀ ਏ ਸਰਕਾਰ ਨੇ ਘੁਟਾਲਿਆਂ ਨਾਲ ਬੈਂਕਿੰਗ ਖੇਤਰ ਨੂੰ ਬਰਬਾਦ ਕਰ ਦਿੱਤਾ ਸੀ, ਜਦਕਿ ਉਨ੍ਹਾਂ ਦੀ ਸਰਕਾਰ ਨੇ ਇਸ ਦੀ 'ਚੰਗੀ ਵਿੱਤੀ ਸਿਹਤ' ਦੀ ਬਹਾਲੀ ਕੀਤੀ ਹੈ। ਬਕਾਇਆ ਰਕਮ ਹੋਰ ਵੀ ਵੱਧ ਹੋ ਸਕਦੀ ਹੈ, ਕਿਉਂਕਿ ਇਕ ਕੌਮੀਕ੍ਰਿਤ ਬੈਂਕ ਤੇ ਇਕ ਨਿੱਜੀ ਬੈਂਕ ਨੇ ਅਜੇ ਤੱਕ ਜੂਨ ਦੇ ਅੰਕੜੇ ਨਹੀਂ ਦਿੱਤੇ ।ਨਿੱਜੀ ਖੇਤਰ ਦੇ ਬੈਂਕਾਂ ਤੇ ਹੋਰਨਾਂ ਵਿੱਤੀ ਸੰਸਥਾਨਾਂ ਨੇ ਅਜਿਹੇ ਕਰਜ਼ਿਆਂ, ਜਿਹੜੇ ਵਾਪਸ ਨਹੀਂ ਕੀਤੇ ਜਾ ਰਹੇ, ਵਿੱਚ ਉਨ੍ਹਾਂ ਦੀ ਹਿੱਸੇਦਾਰੀ ਵਿੱਚ ਥੋੜ੍ਹਾ ਵਾਧਾ ਦੇਖਿਆ ਹੈ, ਪਰ ਚਿੰਤਾ ਦੀ ਗੱਲ ਇਹ ਹੈ ਕਿ ਸਰਵਜਨਕ ਬੈਂਕਾਂ ਨੂੰ ਸਭ ਤੋਂ ਵੱਧ ਨੁਕਸਾਨ ਹੋ ਰਿਹਾ ਹੈ । ਜੂਨ 2023 ਵਿੱਚ ਵਿਲਫੁੱਲ ਡਿਫਾਲਟਰਾਂ ਵੱਲੋਂ ਨਾ ਚੁਕਾਏ ਗਏ ਕਰਜ਼ ਵਿੱਚ ਉਨ੍ਹਾਂ ਦੀ ਹਿੱਸੇਦਾਰੀ 77.5 ਫੀਸਦੀ ਸੀ । ਜਾਣਬੁੱਝ ਕੇ ਕਰਜ਼ ਨਾ ਚੁਕਾਉਣ ਵਾਲਿਆਂ ਵੱਲ 10 ਕੌਮੀਕ੍ਰਿਤ ਬੈਂਕਾਂ ਦਾ ਡੇਢ ਲੱਖ ਕਰੋੜ ਰੁਪਏ ਦਾ ਬਕਾਇਆ ਹੈ, ਜਿਸ ਵਿੱਚ ਸਟੇਟ ਬੈਂਕ ਆਫ ਇੰਡੀਆ ਦੇ 80 ਹਜ਼ਾਰ ਕਰੋੜ ਰੁਪਏ (ਜੂਨ ਮਹੀਨੇ ਤੱਕ) ਸ਼ਾਮਲ ਹਨ ।ਨਿੱਜੀ ਬੈਂਕਾਂ ਦਾ ਬਕਾਇਆ 53,500 ਕਰੋੜ ਰੁਪਏ ਸੀ ।



ਕੇਂਦਰ ਸਰਕਾਰ ਉਦੋਂ ਤੋਂ ਦਬਾਅ ਹੇਠ ਹੈ, ਜਦੋਂ ਤੋਂ ਆਰ ਟੀ ਆਈ ਦੇ ਜਵਾਬਾਂ, ਸੰਸਦੀ ਸਵਾਲਾਂ ਤੇ ਬੈਂਕ ਅੰਕੜਿਆਂ ਨਾਲ ਵੱਡੇ ਕਰਜ਼ਦਾਰਾਂ ਵੱਲ ਕਾਫੀ ਸਰਵਜਨਕ ਧਨ ਬਕਾਇਆ ਹੋਣ ਦਾ ਖੁਲਾਸਾ ਹੋਇਆ ਹੈ । ਜਿਹੜੇ ਲੋਕ ਕਰਜ਼ੇ ਮੋੜਦੇ ਨਹੀਂ, ਉਨ੍ਹਾਂ ਸੰਬੰਧੀ ਵਿੱਤ ਰਾਜ ਮੰਤਰੀ ਭਾਗਵਤ ਕਰਾਡ ਨੇ ਰਾਜ ਸਭਾ ਵਿੱਚ ਲਿਖਤੀ ਜਵਾਬ 'ਚ ਖੁਲਾਸਾ ਕੀਤਾ ਸੀ ਕਿ ਸ਼ਡਿਊਲਡ ਕਮਰਸ਼ੀਅਲ ਬੈਂਕਾਂ ਨੇ ਪਿਛਲੇ ਪੰਜ ਵਿੱਤੀ ਸਾਲਾਂ ਦੌਰਾਨ 10,57,326 ਕਰੋੜ ਰੁਪਏ ਦੀ ਰਕਮ ਵੱਟੇ-ਖਾਤੇ ਪਾ ਦਿੱਤੀ ਹੈ ।ਉਨ੍ਹਾਂ ਇਹ ਵੀ ਦੱਸਿਆ ਕਿ 10 ਸਿਖਰਲੇ ਵਿਲਫੁੱਲ ਡਿਫਾਲਟਰਾਂ ਵੱਲ ਬੈਂਕਾਂ ਦੇ 40,825 ਕਰੋੜ ਰੁਪਏ ਨਿਕਲਦੇ ਹਨ । ਕੇਂਦਰੀ ਵਿੱਤ ਮੰਤਰਾਲੇ ਮੁਤਾਬਕ ਸਿਖਰਲੇ 50 ਬਕਾਇਆਦਾਰਾਂ ਵੱਲ ਬੈਂਕਾਂ ਤੇ ਵਿੱਤੀ ਸੰਸਥਾਨਾਂ ਦੇ 87.295 ਕਰੋੜ ਰੁਪਏ ਖੜ੍ਹੇ ਹਨ। ਭਗੌੜੇ ਕਾਰੋਬਾਰੀ ਮੇਹੁਲ ਚੋਕਸੀ ਦੀ ਗੀਤਾਂਜਲੀ ਜੈਮਜ਼ ਸਭ ਤੋਂ ਵੱਡੀ ਵਿਲਫੁੱਲ ਡਿਫਾਲਟਰ ਹੈ, ਜਿਸ ਵੱਲ ਬੈਂਕਾਂ ਦੇ 8738 ਕਰੋੜ ਰੁਪਏ ਨਿਕਲਦੇ ਹਨ । ਸਰਵਜਨਕ ਧਨ ਨੂੰ ਲੈ ਕੇ ਪਹਿਲਾਂ ਵੀ ਸਰਕਾਰ 'ਤੇ ਉਂਗਲੀ ਉਠ ਚੁੱਕੀ ਹੈ, ਜਦੋਂ ਹਿੰਡਨਬਰਗ ਰਿਸਰਚ ਦੀ ਰਿਪੋਰਟ ਦੇ ਬਾਅਦ ਅਡਾਨੀ ਗਰੁੱਪ ਨੂੰ ਲੈ ਕੇ ਵਿਵਾਦ ਛਿੜਿਆ ਸੀ । ਦੋਸ਼ ਲੱਗੇ ਸਨ ਕਿ ਅਡਾਨੀ ਦੇ ਸ਼ੇਅਰਾਂ ਵਿਚ 60 ਫੀਸਦੀ ਗਿਰਾਵਟ ਦੇ ਬਾਵਜੂਦ ਸਰਕਾਰ ਨੇ ਐੱਲ ਆਈ ਸੀ ਨੂੰ ਉਸ ਦੇ ਸ਼ੇਅਰ ਖਰੀਦਣ ਲਈ ਕਿਹਾ ਸੀ । 'ਸਰਕਾਰੀ ਸਰਪ੍ਰਸਤੀ' ਦਾ ਨਤੀਜਾ ਹੈ ਕਿ ਕਾਰੋਬਾਰੀ ਚੋਣਾਂ ਲਈ ਬਾਂਡਾਂ ਦੀ ਸ਼ਕਲ ਵਿਚ ਭਾਜਪਾ ਨੂੰ ਭਾਰੀ ਦਾਨ ਕਰਦੇ ਹਨ, ਪਰ ਬੈਂਕਾਂ ਦੇ ਪੈਸੇ ਮੋੜਨ ਤੋਂ ਨਾਂਹ ਕਰ ਦਿੰਦੇ ਹਨ, ਜਿਹੜੀਆਂ ਕਿ ਆਮ ਲੋਕਾਂ ਵੱਲੋਂ ਜਮ੍ਹਾਂ ਕਰਾਏ ਪੈਸੇ ਨਾਲ ਚਲਦੀਆਂ ਹਨ।

# ਭਗਵੇਂ ਫਾਸ਼ੀਵਾਦ ਵਿਰੋਧੀ ਅਦਾਰੇ ਨਿਊਜ਼ਕਲਿੱਕ ਦੀ ਜ਼ੁਬਾਨਬੰਦੀ ਦੀ ਮੋਦੀ ਸਰਕਾਰ ਵੱਲੋਂ ਕੋਝੀ ਕੋਸ਼ਿਸ਼

## ਸੰਘ ਪਰਿਵਾਰ ਦੀਆਂ ਫ਼ਿਰਕੂ ਨੀਤੀਆਂ ਤੇ ਘੱਟਗਿਣਤੀਆਂ ਉੱਪਰ ਹਮਲਿਆਂ ਦਾ ਕਰਦਾ ਰਿਹਾ ਸੀ ਪਰਦਾਫਾਸ਼

**ਨਵਜੋਤ ਨਵੀ**




ਬੀਤੇ ਦਿਨੀਂ ਭਾਰਤ ਦੀ ਮੋਦੀ ਸਰਕਾਰ ਦੇ ਗ੍ਰਹਿ ਮੰਤਰਾਲੇ ਦੇ ਨਿਰਦੇਸ਼ਾਂ ਤਹਿਤ ਦਿੱਲੀ ਪੁਲਿਸ ਵੱਲੋਂ ਖ਼ਬਰਾਂ ਦੇ ਵੈੱਬ ਪੋਰਟਲ 'ਨਿਊਜਕਲਿੱਕ' ਨਾਲ਼ ਜੁੜੇ ਪੱਤਰਕਾਰਾਂ, ਅਮਲਾ ਫੈਲਾ, ਸੰਪਾਦਕ ਆਦਿ ਦੇ ਘਰਾਂ ਉੱਤੇ ਛਾਪੇ ਮਾਰੇ ਗਏ। ਨਿਊਜਕਲਿੱਕ ਦਾ ਦਿੱਲੀ ਸਥਿਤ ਦਫ਼ਤਰ ਸੀਲ ਕਰ ਦਿੱਤਾ ਗਿਆ ਤੇ ਉਸ ਦੇ ਸੰਪਾਦਕ ਪ੍ਰਬੀਰ ਤੇ ਪ੍ਰਸ਼ਾਸਨਿਕ ਅਫਸਰ ਅਮਿਤ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਨਿਊਜਕਲਿੱਕ ਦੇ ਦਫ਼ਤਰ ਦੇ, ਮੁਲਾਜ਼ਮਾਂ ਦੇ ਲੈਪਟੋਪ, ਫੋਨ, ਹੋਰ ਡਿਜਿਟਲ ਡਾਟਾ, ਡਾਟਾ ਦੀਆਂ ਹਰ ਤਰ੍ਹਾਂ ਦੀਆਂ ਕਾਪੀਆਂ, ਨਕਦੀ, ਰਸੀਦਾਂ ਆਦਿ ਜ਼ਬਤ ਕਰ ਲਏ ਗਏ ਹਨ। ਇਸ ਪੂਰੀ ਪ੍ਰਕਿਰਿਆ ਦੌਰਾਨ ਨਿਊਜਕਲਿੱਕ ਅਨੁਸਾਰ ਨਾ ਤਾਂ ਦਿੱਲੀ ਪੁਲਿਸ ਵੱਲੋਂ ਉਹਨਾਂ ਨੂੰ ਐਫ.ਆਈ.ਆਰ. ਦੀ ਕੋਈ ਕਾਪੀ ਦਿੱਤੀ ਗਈ ਨਾ ਹੀ ਦਿੱਲੀ ਪੁਲਿਸ ਨੇ ਇਹਨਾਂ ਸਾਰਿਆਂ ਛਾਪਿਆਂ ਸਮੇਂ ਕਨੂੰਨੀ ਪ੍ਰਕਿਰਿਆ ਦਾ ਹੀ ਕੋਈ ਪਾਲਣ ਕੀਤਾ। ਸੂਤਰਾਂ ਅਨੁਸਾਰ ਨਿਊਜਕਲਿੱਕ ਉੱਤੇ ਜਿਹੜੇ ਇਹ ਛਾਪੇ ਮਾਰੇ ਗਏ ਹਨ ਤੇ ਸੰਪਾਦਕ ਤੇ ਪ੍ਰਸ਼ਾਸਨਿਕ ਅਫਸਰ ਨੂੰ ਗ੍ਰਿਫ਼ਤਾਰ ਕੀਤਾ ਗਿਆ, ਇਹ ਕੋਈ ਛੋਟੀ ਮੋਟੀ ਧਾਰਾ ਲਾਕੇ ਨਹੀਂ ਸਗੋਂ ਪੁਲਿਸ ਵੱਲੋਂ ਇਹਨਾਂ ਉੱਤੇ ਗੈਰ-ਕਾਨੂੰਨੀ ਸਰਗਰਮੀਆਂ ਰੋਕੂ ਕਨੂੰਨ (ਯੂਏਪੀਏ) ਥੋਪਿਆ ਗਿਆ ਹੈ। ਇਸ ਕਾਲ਼ੇ ਕਨੂੰਨ ਦੀ ਵਰਤੋਂ ਮੋਦੀ ਸਰਕਾਰ ਵੱਲੋਂ 2014 ਤੋਂ ਭਾਰਤ ਦੀ ਸੱਤਾ ਉੱਤੇ ਬਿਰਾਜਮਾਨ ਹੋਣ ਮਗਰੋਂ ਲਗਾਤਾਰ ਵਧਾਈ ਗਈ ਹੈ ਜਿਸ ਰਾਹੀਂ ਨਾ ਸਿਰਫ਼ ਕਸ਼ਮੀਰ, ਉੱਤਰ ਪੂਰਬ ਵਿੱਚ ਲੋਕਾਂ ਦੇ ਹੱਕੀ ਘੋਲ਼ਾਂ ਨੂੰ ਹੀ ਦਬਾਇਆ ਜਾ ਰਿਹਾ ਹੈ ਸਗੋਂ ਮੋਦੀ ਸਰਕਾਰ ਵੱਲੋਂ ਹਰ ਤਰ੍ਹਾਂ ਦੀ ਲੋਕ ਪੱਖੀ ਤੇ ਸਰਕਾਰ ਵਿਰੋਧੀ ਆਵਾਜ਼ ਨੂੰ ਵੀ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਨਿਊਜਕਲਿੱਕ ਉੱਤੇ ਗੈਰ-ਕਾਨੂੰਨੀ ਸਰਗਰਮੀਆਂ ਰੋਕੂ ਕਨੂੰਨ ਲਾਉਣ ਪਿੱਛੇ ਭਾਜਪਾ ਸਰਕਾਰ ਵੱਲੋਂ ਇਹਨਾਂ ਉੱਤੇ ਚੀਨੀ ਪ੍ਰਚਾਰ ਕਰਨ ਤੇ ਚੀਨ ਤੋਂ ਫੰਡਿੰਗ ਹਾਸਲ ਕਰਨ ਦਾ ਦੋਸ਼ ਲਾਇਆ ਗਿਆ ਹੈ। ਇਸ ਦਾ ਅਧਾਰ ਪਿੱਛੇ ਜਿਹੇ ਸੰਯੁਕਤ ਰਾਜ ਅਮਰੀਕਾ (ਅੱਗੇ ਸਿਰਫ਼ ਅਮਰੀਕਾ) ਤੋਂ ਛਪਣ ਵਾਲ਼ੇ ਅਖ਼ਬਾਰ 'ਨਿਊ ਯਾਰਕ ਟਾਈਮਜ਼' ਵਿੱਚ ਛਪਿਆ ਇੱਕ ਲੇਖ ਬਣਿਆ ਹੈ ਜਿਸ ਵਿੱਚ ਬਿਨਾਂ ਤੱਥਾਂ ਤੋਂ ਇਹ ਗੱਲ ਕਹੀ ਗਈ ਹੈ ਕਿ ਨਿਊਜਕਲਿੱਕ ਇੱਕ ਅਮਰੀਕੀ ਸਰਮਾਏਦਾਰ ਰਾਹੀਂ ਚੀਨ ਤੋਂ ਫੰਡਿੰਗ ਹਾਸਲ ਕਰਦਾ ਹੈ ਤੇ ਉਹਨਾਂ ਦੇ ਹੱਕ ਵਿੱਚ ਪ੍ਰਚਾਰ-ਪ੍ਰਸਾਰ ਕਰਦਾ ਹੈ। ਅਮਰੀਕੀ ਨਾਗਰਿਕਾਂ ਦੇ ਇੱਕ ਹਿੱਸੇ ਵੱਲੋਂ ਪਿਛਲੇ ਦਿਨਾਂ ਵਿੱਚ ਨਿਊਯਾਰਕ ਟਾਈਮਜ਼ ਦੇ ਮੁੱਖ ਦਫ਼ਤਰ ਸਾਹਮਣੇ ਇਸ ਗਲਤ ਪ੍ਰਚਾਰ ਖ਼ਿਲਾਫ਼ ਰੋਸ ਵਿਖਾਵਾ ਵੀ ਕੀਤਾ ਗਿਆ ਹੈ।

ਨਿਊਜਕਲਿੱਕ ਦੇ ਮਾਮਲੇ ਵਿੱਚ ਇਹ ਪਹਿਲੀ ਵਾਰ ਨਹੀਂ ਕਿ ਮੋਦੀ ਸਰਕਾਰ ਵੱਲੋਂ ਇਸ ਨੂੰ ਨਿਸ਼ਾਨਾ ਬਣਾਇਆ ਗਿਆ ਹੋਵੇ ਸਗੋਂ ਲਗਾਤਾਰ ਹੀ 2021 ਤੋਂ ਇਸ ਦੇ ਮੁੱਖ ਦਫ਼ਤਰ, ਮੁਲਾਜ਼ਮਾਂ, ਪੱਤਰਕਾਰਾਂ, ਇਸ ਨਾਲ਼ ਜੁੜੇ ਬੁੱਧੀਜੀਵੀਆਂ, ਸੰਪਾਦਕਾਂ ਆਦਿ ਉੱਤੇ ਛਾਪੇ ਵੱਜਦੇ ਰਹੇ ਹਨ ਤੇ ਪੁੱਛ-ਗਿੱਛ ਹੁੰਦੀ ਰਹੀ ਹੈ। ਇਹ ਛਾਪੇ ਜ਼ਿਆਦਾਤਰ ਇਨਫੋਰਸਮੈਂਟ ਡਾਇਰੈਕਟਰੇਟ, ਆਮਦਨੀ ਕਰ ਵਿਭਾਗ ਤੇ ਦਿੱਲੀ ਪੁਲਿਸ ਦੇ ਆਰਥਿਕ ਅਪਰਾਧ ਵਿੰਗ ਰਾਹੀਂ ਕੀਤੇ ਗਏ ਹਨ। ਇਨਫੋਰਸਮੈਂਟ ਡਾਇਰੈਕਟਰੇਟ ਤੇ ਆਮਦਨੀ ਕਰ ਵਿਭਾਗ ਤਾਂ ਮੋਦੀ ਸਰਕਾਰ ਵੱਲੋਂ ਲਗਾਤਾਰ ਆਪਣੇ ਵਿਰੋਧੀ ਅਵਾਜ਼ਾਂ ਨੂੰ ਸ਼ਾਂਤ ਕਰਨ ਲਈ ਵਰਤਿਆ ਜਾਂਦਾ ਰਿਹਾ ਹੈ। ਨਿਊਜਕਲਿੱਕ ਅਨੁਸਾਰ ਪਿਛਲੇ ਦੋ ਸਾਲਾਂ ਵਿੱਚ ਲਗਾਤਾਰ ਛਾਪਿਆਂ ਦੇ ਬਾਵਜੂਦ ਭਾਜਪਾ ਸਰਕਾਰ ਦੀਆਂ ਇਹ ਏਜੇਂਸੀਆਂ ਇੱਕ ਵੀ ਅਜਿਹਾ ਕੇਸ ਨਿਊਜਕਲਿੱਕ ਅਦਾਰੇ ਖ਼ਿਲਾਫ਼ ਪੇਸ਼ ਨਹੀਂ ਕਰ ਸਕੀਆਂ ਜਿਸ ਵਿੱਚ ਕੋਈ ਦੋਸ਼ ਸਾਬਤ ਹੋਇਆ ਹੋਵੇ। ਸਾਫ ਹੈ ਕਿ ਇਹ ਭਾਜਪਾ ਸਰਕਾਰ ਵੱਲੋਂ ਸਿਆਸੀ ਕਿੜ ਕੱਢਣ ਲਈ ਹੀ ਕੀਤਾ ਜਾ ਰਿਹਾ ਹੈ।

ਆਖਰ ਭਾਜਪਾ ਦਾ ਨਿਊਜਕਲਿੱਕ ਨਾਲ ਵਿਰੋਧ ਕੀ ਹੈ ?

ਅਦਾਰਾ ਨਿਊਜਕਲਿੱਕ ਪਿਛਲੇ ਲੰਬੇ ਸਮੇਂ ਤੋਂ ਭਾਜਪਾ ਸਰਕਾਰ ਦੀਆਂ ਆਰਥਿਕ ਤੇ ਸਿਆਸੀ ਨੀਤੀਆਂ ਦਾ ਲਗਾਤਾਰ ਵਿਰੋਧ ਕਰਦਾ ਆਇਆ ਹੈ। ਤਿੰਨ ਖੇਤੀ ਕਨੂੰਨਾਂ ਤੇ ਨਾਗਰਿਕਤਾ ਸੋਧ ਕਨੂੰਨ ਖ਼ਿਲਾਫ਼ ਚੱਲੇ ਲੋਕ ਘੋਲ਼ਾਂ ਵਿੱਚ ਇਹਨਾਂ ਖੁੱਲ੍ਹ ਕੇ ਲੋਕਾਂ ਦੀ ਧਿਰ ਮੱਲੀ ਤੇ ਭਾਜਪਾ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕੀਤਾ। ਇਸ ਤੋਂ ਬਿਨਾਂ ਕਸ਼ਮੀਰ ਵਿੱਚੋਂ ਧਾਰਾ 370 ਤੇ 35 ਏ ਹਟਾਉਣ ਦਾ ਵੀ ਨਿਊਜਕਲਿੱਕ ਵੱਲੋਂ ਵਿਰੋਧ ਕੀਤਾ ਗਿਆ (ਭਾਵੇਂ ਇਹ ਕਸ਼ਮੀਰ ਤੇ ਹੋਰਾਂ ਕੌਮਾਂ ਦੇ ਆਪਾ ਨਿਰਣੇ ਦੇ ਹੱਕ ਦੀ ਵਕਾਲਤ ਨਹੀਂ ਕਰਦੇ)। ਨਿਊਜਕਲਿੱਕ ਵੱਲੋਂ ਭਾਜਪਾ ਦੀ ਮਾਂ ਜਥੇਬੰਦੀ ਰਾਸ਼ਟਰੀ ਸਵੈ ਸੇਵਕ ਸੰਘ (ਅੱਗੇ ਆਰ.ਐਸ.ਐਸ.) ਦੇ ਫਿਰਕੂ ਫਾਸ਼ੀਵਾਦੀ ਮਨਸੂਬਿਆਂ ਦਾ ਵੀ ਸਮੇਂ-ਸਮੇਂ ਉੱਤੇ ਦਾਫਾਸ਼ ਕੀਤਾ ਜਾਂਦਾ ਰਿਹਾ ਹੈ। ਭਾਜਪਾ ਸਮੇਂ-ਸਮੇਂ ਉੱਤੇ ਆਪਣੇ ਹਾਕਮਾਂ, ਅਜਾਰੇਦਾਰ ਸਰਮਾਏਦਾਰਾਂ ਦੇ ਗੀਝੇ ਭਰਨ ਲਈ ਜੋ ਲੋਕ ਵਿਰੋਧੀ ਨੀਤੀਆਂ ਲਿਆਉਂਦੀ ਰਹਿੰਦੀ ਹੈ ਜਿਵੇਂ ਮਜ਼ਦੂਰ ਵਿਰੋਧੀ ਕਿਰਤ ਕਨੂੰਨ, ਸਰਕਾਰੀ ਖਰੀਦ ਖਤਮ ਕਰਨ ਲਈ ਲਿਆਂਦਾ ਗਿਆ ਕਨੂੰਨ, ਜੰਗਲਾਤ ਸਾਂਭ-ਸੰਭਾਲ ਕਨੂੰਨ ਆਦਿ ਦਾ ਵੀ ਨਿਊਜਕਲਿੱਕ ਉੱਤੇ ਛਪਦੇ ਲੇਖਾਂ ਵਿੱਚ ਵਿਰੋਧ ਕੀਤਾ ਜਾਂਦਾ ਰਿਹਾ ਹੈ। ਨਿਊਜਕਲਿੱਕ ਵੱਲੋਂ ਭਾਜਪਾ ਸਰਕਾਰ ਦੇ ਅਜਾਰੇਦਾਰ ਸਰਮਾਏਦਾਰਾਂ ਖ਼ਾਸਕਰ ਅੰਬਾਨੀ, ਅਦਾਨੀ ਨਾਲ਼ ਯਾਰਾਨੇ ਸਬੰਧੀ ਤੱਥ ਵੀ ਲਗਾਤਾਰ ਨਸ਼ਰ ਕੀਤੇ ਜਾਂਦੇ ਹਨ, ਅਦਾਨੀ ਵੱਲੋਂ ਕੀਤੀ ਜਾਲ੍ਹਸਾਜੀ ਨੂੰ ਵੀ ਇਸ ਅਦਾਰੇ ਵੱਲੋਂ ਕਾਫ਼ੀ ਤਵੱਕੋ ਦਿੱਤੀ ਗਈ ਸੀ। ਇਸ ਤੋਂ ਬਿਨਾਂ ਇੱਥੇ ਕਈ ਲੇਖ ਭਾਰਤ ਦੀ ਕਿਰਤੀ ਅਬਾਦੀ ਦੀਆਂ ਭਿਅੰਕਰ ਜੀਵਨ ਹਾਲਤਾਂ, ਗਰੀਬੀ, ਬੇਰੁਜ਼ਗਾਰੀ, ਕੁਪੋਸ਼ਣ, ਅਮੀਰ-ਗਰੀਬ ਦਾ ਵਧਦਾ ਪਾੜਾ, ਇਹਨਾਂ ਦੇ ਜਮਹੂਰੀ ਹੱਕਾਂ ਦੇ ਹੁੰਦੇ ਘਾਣ ਸਬੰਧੀ ਛਪਦੇ ਰਹਿੰਦੇ ਹਨ ਜੋ ਮੋਦੀ ਸਰਕਾਰ ਦੀਆਂ ਨੀਤੀਆਂ ਉੱਤੇ ਸਵਾਲੀਆ ਨਿਸ਼ਾਨ ਖੜ੍ਹਾ ਕਰਦੇ ਹਨ। ਇਹਨਾਂ ਸਭ ਕਾਰਨਾਂ ਕਰਕੇ ਹੀ ਨਿਊਜਕਲਿੱਕ ਆਰ.ਐਸ.ਐਸ.-ਭਾਜਪਾ ਦੀਆਂ ਅੱਖਾਂ ਵਿੱਚ ਰੜਕਦਾ ਹੈ।

ਭਾਜਪਾ ਤੇ ਇਸ ਦੇ ਹਾਕਮਾਂ ਦੀ ਮੀਡੀਆ ਸਬੰਧੀ ਨੀਤੀ

ਆਰ. ਐਸ. ਐਸ.-ਭਾਜਪਾ ਤੇ ਇਸ ਦੇ ਹਾਕਮਾਂ ਦੀ ਮੀਡੀਆ ਸਬੰਧੀ ਦੂਹਰੀ ਨੀਤੀ ਰਹੀ ਹੈ।ਪਹਿਲੀ ਹੈ ਕਿ ਮੀਡੀਆ ਅਦਾਰਿਆਂ ਦੇ ਵੱਡੇ ਹਿੱਸੇ ਨੂੰ ਸਿੱਧੇ ਫੰਡਿੰਗ ਜਾਂ ਖਰੀਦਣ ਰਾਹੀਂ ਉਹਨਾਂ ਨੂੰ ਆਪਣੇ ਜ਼ਹਿਰੀਲੇ ਪ੍ਰਚਾਰ ਪ੍ਰਸਾਰ ਲਈ ਵਰਤਿਆ ਜਾਵੇ। ਮੀਡੀਆ ਦੇ ਇਸ ਹਿੱਸੇ ਨੂੰ ਭਾਜਪਾ ਵੱਲੋਂ ਪੂਰਨ ਤੌਰ ਉੱਤੇ ਅਜ਼ਾਦੀ ਹੈ, ਇਹ ਮੀਡੀਆ ਲਗਾਤਾਰ ਭਾਜਪਾ, ਭਾਰਤ ਦੇ ਸਰਮਾਏਦਾਰਾਂ ਦੇ ਗੁਣਗਾਣ ਵਿੱਚ ਰੁੱਝਿਆ ਰਹਿੰਦਾ ਹੈ ਤੇ ਆਰ.ਐਸ.ਐਸ. ਦੇ ਫਿਰਕੂ-ਫਾਸ਼ੀਵਾਦੀ ਪ੍ਰੋਜੈਕਟ ਹਿੰਦੀ, ਹਿੰਦੂ, ਹਿੰਦੁਸਤਾਨ ਤਹਿਤ ਮੁਸਲਮਾਨਾਂ, ਈਸਾਈਆਂ, ਲੋਕ ਪੱਖੀ ਜਥੇਬੰਦੀਆਂ, ਕਾਰਕੁੰਨਾਂ ਆਦਿ ਖ਼ਿਲਾਫ਼ ਨਿੱਤ ਦਿਨ ਜ਼ਹਿਰ ਉਗਲਦਾ ਹੈ ਤੇ ਲੋਕਾਈ ਦੇ ਇੱਕ ਵੱਡੇ ਹਿੱਸੇ ਵਿੱਚ ਮੁਸਲਮਾਨਾਂ, ਈਸਾਈਆਂ, ਲੋਕ ਪੱਖੀ ਬੁੱਧੀਜੀਵੀਆਂ ਆਦਿ ਖ਼ਿਲਾਫ਼ ਤਅੱਸਬ ਤੇ ਨਫ਼ਰਤ ਭਰਦਾ ਹੈ। ਆਰ.ਐਸ.ਐਸ. ਦੀ ਭੂਤਰੀ ਭੀੜ ਜੋ ਅਕਸਰ ਮੁਸਲਮਾਨਾਂ ਦੀਆਂ ਮਸੀਤਾਂ, ਉਹਨਾਂ ਦੇ ਘਰ ਆਦਿ ਨੂੰ ਅੱਗ ਲਾਉਣ ਜਿਹੇ ਕਾਰਜਾਂ ਨੂੰ ਅੰਜਾਮ ਦਿੰਦੀ ਹੈ, ਨੂੰ ਤਿਆਰ ਕਰਨ, ਖਾਦ ਪਾਣੀ ਦੇਣ ਵਿੱਚ ਅਜਿਹੇ ਮੀਡੀਏ ਦੀ ਵੱਡੀ ਭੂਮਿਕਾ ਹੈ।

ਮੀਡੀਆ ਦਾ ਦੂਜਾ ਹਿੱਸਾ ਜੋ ਭਾਜਪਾ ਵਿਰੋਧੀ ਸੁਰ ਰੱਖਦਾ ਹੈ, ਨੂੰ ਭਾਜਪਾ ਤੇ ਉਸ ਦੇ ਹਾਕਮ ਜਾਂ ਤਾਂ ਸਰਮਾਏ ਦੀ ਤਾਕਤ ਨਾਲ਼ ਖਰੀਦਣ ਦੀ ਕੋਸ਼ਿਸ਼ ਕਰਦੇ ਹਨ ਤੇ ਜਾਂ ਆਪਣੀਆਂ ਇਨਫੋਰਸਮੈਂਟ ਡਾਇਰੈਕਟਰੇਟ ਜਹੀਆਂ ਏਜੰਸੀਆਂ ਰਾਹੀਂ ਇਹਨਾਂ ਦੀ ਜ਼ੁਬਾਨਬੰਦੀ ਨੂੰ ਅੰਜਾਮ ਦਿੰਦੇ ਹਨ। ਅਜਿਹੇ ਮੀਡੀਆ ਦੀ ਸੰਘੀ ਘੁੱਟਣ ਲਈ ਆਰ.ਐਸ.ਐਸ.-ਭਾਜਪਾ ਲਗਾਤਾਰ ਕਾਰਜਸ਼ੀਲ

(ਬਾਕੀ ਸਫ਼ਾ 31 'ਤੇ)

## ਦਰਪਣ ਝੂਠ ਨਹੀਂ ਬੋਲਦਾ

# ਰੂਸ-ਯੂਕਰੇਨ ਯੁੱਧ ਅਤੇ ਹੁਣ ਇਜ਼ਰਾਈਲ-ਹਮਾਸ ਯੁੱਧ ਤੋਂ ਬਾਅਦ ਆਰਥਿਕ ਸਥਿਤੀ ਹੋਰ ਵਿਗੜੇਗੀ

### ਮੋਰਗਨ ਚੇਜ਼ ਬੈਂਕ ਦੇ ਮੁਖੀ ਜੈਮੀ ਡਿਮਨ ਨੇ ਖ਼ਦਸ਼ਾ ਪ੍ਰਗਟਾਇਆ

## ਕਿਹਾ ਤਾਨਾਸ਼ਾਹ ਸੱਤਾ ਅਰਥਚਾਰੇ ਤੇ ਮਨੁੱਖੀ ਅਜ਼ਾਦੀ ਨੂੰ ਪੂਰੀ ਤਰ੍ਹਾਂ ਅਧੀਨ ਰੱਖੇਗੀ ਤਾਂ ਕਿ 'ਸੱਤਾ' ਉੱਪਰ ਕਾਇਮ ਰਹਿ ਸਕੇ



ਇਜ਼ਰਾਈਲ-ਹਮਾਸ ਯੁੱਧ ਸ਼ੁਰੂ ਹੋਣ ਤੋਂ ਠੀਕ ਬਾਅਦ, ਜੇਪੀ ਮੋਰਗਨ ਚੇਜ਼ ਬੈਂਕ ਦੇ ਮੁਖੀ ਜੈਮੀ ਡਿਮਨ ਨੇ ਕਿਹਾ ਕਿ ਦੁਨੀਆ ਇਸ ਸਮੇਂ ਸਭ ਤੋਂ ਖਤਰਨਾਕ ਦੌਰ ਤੋਂ ਗੁਜ਼ਰ ਰਹੀ ਹੈ ਅਤੇ ਅਜਿਹਾ ਖਤਰਨਾਕ ਦੌਰ ਪਿਛਲੇ ਕਈ ਦਹਾਕਿਆਂ ਵਿੱਚ ਨਹੀਂ ਦੇਖਿਆ ਗਿਆ ਹੈ। ਜੇਪੀ ਮੋਰਗਨ ਚੇਜ਼ ਅਮਰੀਕਾ ਦਾ ਸਭ ਤੋਂ ਵੱਡਾ ਪ੍ਰਾਈਵੇਟ ਬੈਂਕ ਹੈ ਅਤੇ ਹਾਲ ਹੀ ਵਿੱਚ ਜਦੋਂ ਕਈ ਬੈਂਕ ਅਮਰੀਕਾ ਵਿੱਚ ਫੇਲ ਹੋ ਰਹੇ ਸਨ ਤਾਂ ਇਸ ਬੈਂਕ ਨੇ ਉਨ੍ਹਾਂ ਨੂੰ ਐਕਵਾਇਰ ਕਰ ਲਿਆ ਸੀ। ਇਸ ਵਿੱਚ ਫਸਟ ਰਿਪਬਲਿਕ ਬੈਂਕ ਦੀ ਕਾਫੀ ਚਰਚਾ ਹੋਈ ਸੀ। ਚੇਜ਼ ਬੈਂਕ ਦੇ ਚੇਅਰਮੈਨ ਜੈਮੀ ਡਿਮਨ ਨੇ ਮੌਜੂਦਾ ਵਿਸ਼ਵ ਆਰਥਿਕ ਸਥਿਤੀ 'ਤੇ ਕਿਹਾ ਕਿ ਰੂਸ-ਯੂਕਰੇਨ ਯੁੱਧ ਅਤੇ ਹੁਣ ਇਜ਼ਰਾਈਲ-ਹਮਾਸ ਯੁੱਧ ਤੋਂ ਬਾਅਦ ਆਰਥਿਕ ਸਥਿਤੀ ਹੋਰ ਵਿਗੜ ਜਾਵੇਗੀ ਅਤੇ ਭਾਵੇਂ ਇਹ ਮੱਧ ਪੂਰਬ ਦਾ ਮਾਮਲਾ ਹੈ, ਇਸ ਦਾ ਅਸਰ ਸਾਰੀ ਦੁਨੀਆ ਉਪਰ ਪਵੇਗਾ। ਇਸ ਨਾਲ ਊਰਜਾ ਅਤੇ ਭੋਜਨ ਦੀਆਂ ਕੀਮਤਾਂ, ਵਿਸ਼ਵ ਵਪਾਰ, ਦੇਸ਼ਾਂ ਦੇ ਸਬੰਧਾਂ ਅਤੇ ਕੂਟਨੀਤਕ ਸਬੰਧਾਂ 'ਤੇ ਮਾੜੇ ਪ੍ਰਭਾਵ ਹੋਣਗੇ। ਜੈਮੀ ਡਿਮਨ ਕਈ ਸਾਲਾਂ ਤੋਂ ਜੇਪੀ ਮੋਰਗਨ ਚੇਜ਼ ਦੇ ਚੇਅਰਮੈਨ ਰਹੇ ਹਨ ਅਤੇ ਖੁਦ ਅਰਬਪਤੀ ਹਨ। ਸਪੱਸ਼ਟ ਹੈ ਕਿ ਉਸ ਦਾ ਹਰ ਵਿਚਾਰ ਕੱਟੜ ਪੂੰਜੀਵਾਦ ਨੂੰ ਦਰਸਾਉਂਦਾ ਹੈ। ਪੂੰਜੀਵਾਦ ਸੰਸਾਰ ਨੂੰ ਸਮੱਸਿਆਵਾਂ ਦਾ ਡਰ ਦਿਖਾਉਂਦਾ ਹੈ, ਪਰ ਇਹਨਾਂ ਸਮੱਸਿਆਵਾਂ ਦੇ ਵਿਚਕਾਰ ਇਸਦਾ ਮੁਨਾਫਾ ਵਧਦਾ ਰਹਿੰਦਾ ਹੈ। ਜੈਮੀ ਡਿਮਨ ਨੇ ਅਪ੍ਰੈਲ 2021 ਵਿੱਚ ਕੋਵਿਡ-19 ਦੇ ਭਿਆਨਕ ਦੌਰ ਤੋਂ ਬਾਅਦ ਸਮਾਜ ਵਿੱਚ ਵਧ ਰਹੀ ਨਸਲੀ ਅਤੇ ਆਰਥਿਕ ਅਸਮਾਨਤਾ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ ਸੀ ਅਤੇ ਇਸ ਦੇ ਗੰਭੀਰ ਨਤੀਜਿਆਂ ਬਾਰੇ ਦੱਸਿਆ ਸੀ। ਇਹਨਾਂ ਸਾਰੀਆਂ ਅਖੌਤੀ ਸਮੱਸਿਆਵਾਂ ਦੇ ਬਾਵਜੂਦ, ਬਹੁਤ ਸਾਰੇ ਪੂੰਜੀਪਤੀਆਂ ਵਾਂਗ, ਚੇਅਰਮੈਨ ਜੈਮੀ ਡਿਮਨ ਦੇ ਨਿੱਜੀ ਅਤੇ ਜੇਪੀ ਮੋਰਗਨ ਚੇਜ਼ ਬੈਂਕ ਦੇ ਮੁਨਾਫੇ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।

ਜੁਲਾਈ 2023 ਤੋਂ ਸਤੰਬਰ 2023 ਤੱਕ ਦੀ ਤਿਮਾਹੀ ਲਈ ਜੇਪੀ ਮੋਰਗਨ ਚੇਜ਼ ਬੈਂਕ ਦੇ ਮੁਨਾਫੇ ਵਿੱਚ ਪਿਛਲੀ ਤਿਮਾਹੀ ਦੇ ਮੁਕਾਬਲੇ 35 ਪ੍ਰਤੀਸ਼ਤ ਦਾ ਵਾਧਾ ਦਰਜ ਕੀਤਾ ਗਿਆ ਹੈ। ਖੁਦ ਅਰਬਪਤੀ ਅਤੇ ਕੱਟੜ ਪੂੰਜੀਪਤੀਆਂ ਦੀ ਨੁਮਾਇੰਦਗੀ ਕਰਨ ਵਾਲੇ ਜੈਮੀ ਡਿਮਨ ਦੇ ਹਰ ਬਿਆਨ ਨੂੰ ਸਰਮਾਏਦਾਰਾਂ ਦੀ ਸੋਚ ਨਾਲ ਜੋੜਕੇ ਦੇਖਿਆ ਜਾ ਸਕਦਾ ਹੈ। ਸਰਮਾਏਦਾਰਾ ਪ੍ਰਬੰਧ ਤਾਨਾਸ਼ਾਹ ਹੈ, ਜਿਸ ਵਿੱਚ ਸਾਰੀਆਂ ਸ਼ਕਤੀਆਂ ਕੁਝ ਕੁ ਲੋਕਾਂ ਦੇ ਹੱਥਾਂ ਵਿੱਚ ਕੇਂਦਰਿਤ ਹਨ ਅਤੇ ਬਾਕੀ ਉਹਨਾਂ ਦੇ ਗੁਲਾਮ ਹਨ। ਇਸੇ ਲਈ ਜਿਉਂ-ਜਿਉਂ ਪੂੰਜੀਵਾਦੀ ਪ੍ਰਬੰਧ ਦਾ ਦਬਦਬਾ ਵਧਦਾ ਹੈ, ਰਵਾਇਤੀ ਜਮਹੂਰੀਅਤ ਅਤੇ ਮਨੁੱਖੀ ਅਧਿਕਾਰ ਸਭ ਤੋਂ ਪਹਿਲਾਂ ਖ਼ਤਮ ਹੁੰਦੇ ਹਨ। ਸਾਰੀ ਦੁਨੀਆਂ ਵਿੱਚ ਅਜਿਹਾ ਹੀ ਹੋ ਰਿਹਾ ਹੈ। ਭਾਰਤ ਵਿੱਚ ਵੀ ਅਡਾਨੀ-ਅੰਬਾਨੀ ਦੇ ਵਧਦੇ ਦਬਦਬੇ ਨਾਲ ਲੋਕਤੰਤਰ ਦਾ ਤਾਨਾਸ਼ਾਹ ਰੂਪ ਸਾਹਮਣੇ ਆਇਆ ਹੈ। ਪਰੰਪਰਾਗਤ ਜਮਹੂਰੀਅਤ ਦਾ ਇੱਕ ਮਜ਼ਬੂਤ ??ਥੰਮ੍ਹ ਸਮਾਜਵਾਦ ਹੈ, ਜਿਸ ਵਿੱਚ ਸਾਰਿਆਂ ਲਈ ਬਰਾਬਰ ਅਧਿਕਾਰਾਂ ਅਤੇ ਜਾਇਦਾਦ ਉੱਤੇ ਅਧਿਕਾਰਾਂ ਦੀ ਗੱਲ ਕੀਤੀ ਗਈ ਹੈ। ਸਮਾਜਵਾਦ ਅਤੇ ਪੂੰਜੀਵਾਦ ਇੱਕ ਦੂਜੇ ਦੇ ਵਿਰੋਧੀ ਧਰੁਵ ਹਨ ਅਤੇ ਇੱਕ ਸਿਹਤਮੰਦ ਸਮਾਜਵਾਦ ਵਿੱਚ ਪੂੰਜੀਵਾਦ ਦੀ ਕੋਈ ਥਾਂ ਨਹੀਂ ਹੈ। ਚੇਜ਼ ਬੈਂਕ ਦੇ ਚੇਅਰਮੈਨ ਜੈਮੀ ਡਿਮਨ ਨੇ ਅਪ੍ਰੈਲ 2019 ਵਿੱਚ ਜੇਪੀ ਮੋਰਗਨ ਚੇਜ਼ ਬੈਂਕ ਦੇ ਸ਼ੇਅਰਧਾਰਕਾਂ ਨੂੰ ਇੱਕ ਸਾਲਾਨਾ ਪੱਤਰ ਭੇਜਿਆ, ਜਿਸ ਵਿੱਚ ਉਸਨੇ ਸਮਾਜਵਾਦ 'ਤੇ ਜ਼ੋਰਦਾਰ ਹਮਲਾ ਕੀਤਾ। ਉਨ੍ਹਾਂ ਅਨੁਸਾਰ ਸਮਾਜਵਾਦ ਵਿਕਾਸ ਵਿੱਚ ਰੁਕਾਵਟ, ਭ੍ਰਿਸ਼ਟਾਚਾਰ ਅਤੇ ਹੋਰ ਸਮਾਜਿਕ ਅਤੇ ਆਰਥਿਕ ਬੁਰਾਈਆਂ ਦਾ ਸਭ ਤੋਂ ਵੱਡਾ ਕਾਰਨ ਹੈ ਅਤੇ ਇਹ ਕਿਸੇ ਵੀ ਸਮਾਜ ਲਈ ਕਿਸੇ ਤਬਾਹੀ ਤੋਂ ਘੱਟ ਨਹੀਂ ਹੈ। ਉਨ੍ਹਾਂ ਅੱਗੇ ਕਿਹਾ ਸੀ ਕਿ ਅੱਜਕੱਲ੍ਹ ਨਵੀਂ ਖੱਬੇਪੱਖੀ ਵਿਚਾਰਧਾਰਾ ਦੇਖਣ ਨੂੰ ਮਿਲ ਰਹੀ ਹੈ, ਜਿਸ ਨੂੰ ਜਮਹੂਰੀ ਸਮਾਜਵਾਦ ਕਿਹਾ ਜਾ ਸਕਦਾ ਹੈ, ਇਸ ਦਾ ਪ੍ਰਚਾਰ ਕਰਨਾ ਸਮਾਜ ਲਈ ਘਾਤਕ ਹੈ।

ਇਸ ਵਿੱਚ ਵੱਡੇ ਕਾਰੋਬਾਰ ਨੂੰ ਕਈ ਛੋਟੇ ਹਿੱਸਿਆਂ ਵਿੱਚ ਵੰਡਣ ਅਤੇ ਬੈਂਕਿੰਗ ਖੇਤਰ 'ਤੇ ਪਹਿਲਾਂ ਨਾਲੋਂ ਜ਼ਿਆਦਾ ਕੰਟਰੋਲ ਕਰਨ ਦੀ ਗੱਲ ਹੋ ਰਹੀ ਹੈ - ਜੇਕਰ ਅਜਿਹਾ ਹੁੰਦਾ ਹੈ ਤਾਂ ਅਰਥਵਿਵਸਥਾ ਢਹਿ ਜਾਵੇਗੀ। ਜਦੋਂ ਸਰਕਾਰਾਂ ਉਦਯੋਗਾਂ ਅਤੇ ਕਾਰੋਬਾਰਾਂ ਨੂੰ ਕੰਟਰੋਲ ਕਰਨਾ ਸ਼ੁਰੂ ਕਰ ਦਿੰਦੀਆਂ ਹਨ, ਤਾਂ ਕੁਝ ਸਮੇਂ ਬਾਅਦ ਆਰਥਿਕਤਾ ਨੂੰ ਸਿਆਸੀ ਉਦੇਸ਼ਾਂ ਦੀ ਪੂਰਤੀ ਲਈ ਵਰਤਿਆ ਜਾਣਾ ਸ਼ੁਰੂ ਹੋ ਜਾਂਦਾ ਹੈ। ਇਹ ਬਾਜ਼ਾਰਾਂ ਅਤੇ ਕੰਪਨੀਆਂ ਨੂੰ ਅਯੋਗ ਬਣਾਉਂਦਾ ਹੈ, ਅਤੇ ਭ੍ਰਿਸ਼ਟਾਚਾਰ ਅਤੇ ਪੱਖਪਾਤ ਵਧਦਾ ਹੈ। ਰਾਸ਼ਟਰਪਤੀ ਜੈਮੀ ਡਿਮੋਨ ਮੁਤਾਬਕ ਤਾਨਾਸ਼ਾਹੀ ਸ਼ਾਸਨ ਅਰਥਵਿਵਸਥਾ ਅਤੇ ਮਨੁੱਖੀ ਅਧਿਕਾਰਾਂ ਨੂੰ ਪੂਰੀ ਤਰ੍ਹਾਂ ਕੰਟਰੋਲ ਵਿਚ ਰੱਖਣਾ ਚਾਹੁੰਦਾ ਹੈ, ਤਾਂ ਜੋ ਉਹ ਲੰਬੇ ਸਮੇਂ ਤੱਕ ਸੱਤਾ ਵਿੱਚ ਰਹਿ ਸਕਣ। ਉਸ ਨੇ ਸ਼ੇਅਰਧਾਰਕਾਂ ਨੂੰ ਕਿਹਾ ਕਿ ਪੂੰਜੀਵਾਦ ਵਿੱਚ ਕੁਝ ਕਮੀਆਂ ਹੋ ਸਕਦੀਆਂ ਹਨ, ਪਰ ਇਹ ਵਿਸ਼ਵ ਲਈ ਆਰਥਿਕਤਾ ਦਾ ਸਭ ਤੋਂ ਵਧੀਆ ਰੂਪ ਹੈ। ਅਮਰੀਕਾ ਵਿੱਚ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਸਾਲ 2020 'ਚ ਚੋਣ ਪ੍ਰਚਾਰ ਦੌਰਾਨ ਕਿਹਾ ਸੀ ਕਿ ਉਹ ਅਮਰੀਕਾ ਨੂੰ ਕਦੇ ਵੀ ਸਮਾਜਵਾਦੀ ਦੇਸ਼ ਨਹੀਂ ਬਣਨ ਦੇਣਗੇ।

### ਇਜ਼ਰਾਈਲ ਫਲਸਤੀਨੀਆਂ ਦੀ ਨਸਲਕੁਸ਼ੀ ਦੇ ਰਾਹ ਪਿਆ

# ਮਨੁੱਖੀ ਘਾਣ ਦੀ ਸੱਚਾਈ ਨੂੰ ਦਬਾਉਣ ਲਈ ਇਜ਼ਰਾਈਲ ਨੇ ਪੱਤਰਕਾਰਾਂ ਨੂੰ ਚੁਣ-ਚੁਣ ਕੇ ਮਾਰਿਆ

## ਗਾਜ਼ਾ ਵਿੱਚ 21 ਪੱਤਰਕਾਰਾਂ ਸਮੇਤ ਅਲ ਜਜ਼ੀਰਾ ਦੇ ਬਿਊਰੋ ਚੀਫ਼ ਦਾਹਦੋਹ ਦਾ ਸਾਰਾ ਪਰਿਵਾਰ ਮਾਰ ਦਿਤਾ

ਇਸ ਸਮੇਂ ਗਾਜ਼ਾ ਵਿੱਚ ਇਜ਼ਰਾਈਲ ਦੇ ਹਮਲੇ ਇਸ ਗੱਲ ਦਾ ਸਬੂਤ ਹਨ ਕਿ ਉਹ ਫਲਸਤੀਨੀਆਂ ਦਾ ਨਸਲਘਾਤ ਕਰਨ ਦੇ ਰਾਹ ਪੈ ਚੁੱਕਾ ਹੈ। ਪਿਛਲੇਰੀ ਰਾਤ ਉਸ ਨੇ ਜ਼ਮੀਨੀ ਹਮਲਿਆਂ ਦੀ ਸ਼ੁਰੂਆਤ ਕਰ ਦਿੱਤੀ ਹੈ। ਹੁਣ ਤੱਕ ਗਾਜ਼ਾ ਵਿੱਚ ਮਰਨ ਵਾਲਿਆਂ ਦੀ ਗਿਣਤੀ 8 ਹਜ਼ਾਰ ਤੋਂ ਟੱਪ ਚੁੱਕੀ ਹੈ। ਇਨ੍ਹਾਂ ਵਿੱਚ 2931 ਬੱਚੇ, 1709 ਔਰਤਾਂ ਤੇ 397 ਬਜ਼ੁਰਗ ਸ਼ਾਮਲ ਹਨ। ਵੈਸਟ ਬੈਂਕ ਵਿੱਚ ਵੀ ਹੁਣ ਤੱਕ 100 ਫਲਸਤੀਨੀ ਮਾਰੇ ਜਾ ਚੁੱਕੇ ਹਨ।



ਸਭ ਤੋਂ ਦੁਖਦਾਈ ਗੱਲ ਇਹ ਹੈ ਕਿ ਇਜ਼ਰਾਈਲ ਪੱਤਰਕਾਰਾਂ ਨੂੰ ਚੁਣ-ਚੁਣ ਕੇ ਮਾਰ ਰਿਹਾ ਹੈ, ਤਾਂ ਜੋ ਉਸ ਦੇ ਅਣਮਨੁੱਖੀ ਵਿਹਾਰ ਦੀਆਂ ਖ਼ਬਰਾਂ ਬਾਹਰ ਨਾ ਆ ਸਕਣ। ਹੁਣ ਤੱਕ ਗਾਜ਼ਾ ਵਿੱਚ 21 ਪੱਤਰਕਾਰ ਮਾਰੇ ਜਾ ਚੁੱਕੇ ਹਨ। ਅਲ ਜਜ਼ੀਰਾ ਦੇ ਬਿਊਰੋ ਚੀਫ਼ ਦਾਹਦੋਹ ਦਾ ਸਾਰਾ ਪਰਿਵਾਰ ਇਜ਼ਰਾਈਲੀ ਗੋਲੀਬਾਰੀ ਵਿੱਚ ਉਸ ਸਮੇਂ ਮਾਰ ਦਿੱਤਾ ਗਿਆ, ਜਦੋਂ ਉਹ ਜੰਗ ਦੀ ਰਿਪੋਰਟਿੰਗ ਕਰ ਰਿਹਾ ਸੀ। ਦਾਹਦੋਹ ਦੇ ਪਰਵਾਰ, ਜਿਸ ਵਿੱਚ ਉਸ ਦੀ ਪਤਨੀ, ਬੇਟਾ, ਬੇਟੀ ਤੇ ਪੋਤੇ ਸ਼ਾਮਲ ਸਨ, ਨੇ ਨੁਸੀਰਾਤ ਰਿਫਿਊਜ਼ੀ ਕੈਂਪ ਵਿੱਚ ਸ਼ਰਨ ਲਈ ਹੋਈ ਸੀ, ਜਿਸ 'ਤੇ ਇਜ਼ਰਾਈਲ ਵੱਲੋਂ ਹਵਾਈ ਹਮਲਾ ਕਰ ਦਿੱਤਾ ਗਿਆ ਸੀ।

ਅਲ ਜਜ਼ੀਰਾ ਨੇ ਜੋ ਫੁੱਟੇਜ ਦਿਖਾਈਆਂ ਹਨ, ਉਸ ਵਿੱਚ ਦਾਹਦੋਹ ਆਪਣੀ ਮਾਰ ਦਿੱਤੀ ਗਈ ਪਤਨੀ, ਬੇਟੇ ਤੇ ਬੇਟੀ ਨੂੰ ਮੋਰਚਰੀ ਵਿੱਚ ਦੇਖਣ ਲਈ ਅਲ-ਅਕਸਾ ਹਸਪਤਾਲ ਵਿੱਚ ਹਨ। ਉਹ ਝੁਕ ਕੇ ਆਪਣੇ 15 ਸਾਲਾ ਬੇਟੇ ਮਹਿਮੂਦ ਦਾ ਚਿਹਰਾ ਛੂਹ ਰਹੇ ਹਨ, ਜਿਹੜਾ ਆਪਣੇ ਪਿਤਾ ਵਾਂਗ ਹੀ ਪੱਤਰਕਾਰ ਬਣਨਾ ਚਾਹੁੰਦਾ ਸੀ। ਫਿਰ ਉਹ ਆਪਣੀ ਸੱਤ ਸਾਲਾ ਕਫ਼ਨ ਵਿੱਚ ਲਿਪਟੀ ਬੇਟੀ ਦਾ ਹੱਥ ਫੜ ਕੇ ਉਸ ਨਾਲ ਗੱਲਾਂ ਕਰਨ ਦੀ ਕੋਸ਼ਿਸ਼ ਕਰਦੇ ਹਨ।ਦਾਹਦੋਹ ਨੇ ਹਸਪਤਾਲ ਵਿਚੋਂ ਬਾਹਰ ਆ ਕੇ ਕਿਹਾ, "ਜੋ ਹੋਇਆ ਉਹ ਸਪੱਸ਼ਟ ਹੈ। ਬੱਚਿਆਂ, ਔਰਤਾਂ ਤੇ ਬਜ਼ੁਰਗਾਂ ਨੂੰ ਟਾਰਗੇਟ ਕੀਤਾ ਜਾ ਰਿਹਾ ਹੈ। ਮੈਂ ਅਜਿਹੇ ਹੀ ਇੱਕ ਹਮਲੇ ਬਾਰੇ ਯਰਮੌਕ ਵਿੱਚ ਰਿਪੋਰਟਿੰਗ ਕਰ ਰਿਹਾ ਸੀ, ਤਦੇ ਮੈਨੂੰ ਇਹ ਮਨਹੂਸ ਖ਼ਬਰ ਮਿਲੀ। ਸਾਨੂੰ ਪਹਿਲਾਂ ਹੀ ਸ਼ੱਕ ਸੀ ਕਿ ਇਜ਼ਰਾਈਲੀ ਇਨ੍ਹਾਂ ਲੋਕਾਂ ਨੂੰ ਦੰਡ ਦਿੱਤੇ ਬਿਨਾਂ ਨਹੀਂ ਜਾਣ ਦੇਣਗੇ। ਹਾਲਾਂਕਿ ਇਜ਼ਰਾਈਲੀ ਫੌਜ ਨੇ ਵੀ ਸਾਨੂੰ ਕਿਹਾ ਸੀ ਕਿ ਇਹ ਸੁਰੱਖਿਅਤ ਖੇਤਰ ਹੈ।"

ਅਲ ਜਜ਼ੀਰਾ ਮੀਡੀਆ ਨੈੱਟਵਰਕ ਨੇ ਇੱਕ ਬਿਆਨ ਵਿੱਚ ਕਿਹਾ ਹੈ, "ਇਜ਼ਰਾਈਲੀ ਫੌਜ ਦੇ ਅੰਧਾਧੁੰਦ ਹਮਲੇ ਵਿੱਚ ਦਾਹਦੋਹ ਦੀ ਪਤਨੀ, ਬੇਟੇ ਤੇ ਬੇਟੀ ਦੀ ਮੌਤ ਹੋ ਗਈ ਹੈ, ਜਦੋਂ ਕਿ ਬਾਕੀ ਪਰਵਾਰ ਮਲਬੇ ਹੇਠਾਂ ਦਬ ਗਿਆ ਹੈ। ਉਨ੍ਹਾਂ ਦੇ ਘਰ ਨੂੰ

(ਬਾਕੀ ਸਫ਼ਾ 30 'ਤੇ)

# ਪੰਜਾਬ ਦੇ ਖ਼ਲਨਾਇਕ ਪੁਲਿਸ ਕੈਟ ਪਿੰਕੀ ਦੀ ਮੌਤ

## ਕਈ ਸਿੱਖ ਬੇਗੁਨਾਹਾਂ ਦੇ ਐਨਕਾਊਂਟਰ ਵਿੱਚ ਸ਼ਾਮਲ ਸੀ ਇਹ ਕੈਟ



ਬੀਤੇ ਦਿਨੀਂ ਪੁਲਿਸ ਦੀ ਵਰਦੀ ਵਿੱਚ ਕਈ ਸਿੱਖ ਬੇਗੁਨਾਹਾਂ ਦੇ ਐਨਕਾਊਂਟਰ ਵਿੱਚ ਸ਼ਾਮਲ ਖਲਨਾਇਕ ਕੈਟ ਗੁਰਮੀਤ ਸਿੰਘ ਪਿੰਕੀ ਦੀ ਮੌਤ ਹੋ ਗਈ ਹੈ ।ਪਿੰਕੀ ਨੂੰ ਡੇਂਗੂ ਸੀ ਉਸ ਦੇ ਪਲੇਟਲੈਟਸ ਘੱਟ ਗਏ ਸਨ ।ਉਸ ਨੂੰ ਨਿੱਜੀ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਸੀ ।ਪਿੰਕੀ ਖਰੜ ਦੇ ਨਜ਼ਦੀਕ ਸਰਹਿੰਦ ਵਿੱਚ ਬਣੇ ਫਾਰਮ ਹਾਊਸ ਵਿੱਚ ਰਹਿੰਦਾ ਸੀ। ਇਥੇ ਜ਼ਿਕਰਯੋਗ ਹੈ ਕਿ ਪੰਜਾਬ ਵਿੱਚ 90 ਦੇ ਦਹਾਕੇ ਦੌਰਾਨ ਗੁਰਮੀਤ ਸਿੰਘ ਪਿੰਕੀ ਨੂੰ ਪੰਜਾਬ ਪੁਲਿਸ ਦਾ ਮੁਖ਼ਬਰ ਮੰਨਿਆ ਜਾਂਦਾ ਸੀ ।ਜਿਸ ਦੇ ਬਾਅਦ ਉਸ ਨੂੰ ਪੰਜਾਬ ਪੁਲਿਸ ਵਿੱਚ ਇੰਸਪੈਕਟਰ ਬਣਾਇਆ ਗਿਆ ।ਉਸ ਨੂੰ ਸਾਬਕਾ ਡੀਜੀਪੀ ਸੁਮੇਧ ਸਿੰਘ ਸੈਣੀ ਦਾ ਖ਼ਾਸ ਮੰਨਿਆ ਜਾਂਦਾ ਸੀ ।2001 ਵਿੱਚ ਉਸ ਨੇ ਲੁਧਿਆਣਾ ਦੇ ਇੱਕ ਸ਼ਖ਼ਸ ਅਵਤਾਰ ਸਿੰਘ ਉਰਫ਼ ਗੋਲਾ ਨੂੰ ਰਸਤਾ ਪੁੱਛ ਕੇ ਗੋਲੀ ਮਾਰ ਦਿੱਤੀ ਸੀ। 2006 ਵਿੱਚ ਪਿੰਕੀ ਨੂੰ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਸੀ ਅਤੇ ਉਸ ਨੂੰ ਨੌਕਰੀ ਤੋਂ ਡਿਸਮਿਸ ਕਰ ਦਿੱਤਾ ਗਿਆ ਸੀ।

ਅਦਾਲਤ ਤੋਂ ਮਿਲੀ ਸਜ਼ਾ ਤੋਂ ਬਾਅਦ ਕੇਂਦਰ ਸਰਕਾਰ ਨੇ 1997 ਵਿੱਚ ਪਿੰਕੀ ਨੂੰ ਮਿਲਿਆ ਗਲੈਂਟਰੀ ਅਵਾਰਡ ਵੀ ਵਾਪਸ ਲੈ ਲਿਆ ਸੀ ।ਹਾਲਾਂਕਿ ਤਤਕਾਲੀ ਬਾਦਲ ਸਰਕਾਰ ਨੇ 24 ਮਈ 2014 ਨੂੰ ਗੁਰਮੀਤ ਸਿੰਘ ਪਿੰਕੀ ਨੂੰ ਜੇਲ੍ਹ ਤੋਂ ਚੁੱਪ ਚੁਪੀਤੇ ਰਿਹਾਅ ਕਰ ਦਿੱਤਾ ਸੀ ਅਤੇ ਅਗਲੇ ਸਾਲ 16 ਮਈ 2015 ਨੂੰ ਮੁੜ ਤੋਂ ਇੰਸਪੈਕਟਰ ਦੇ ਅਹੁਦੇ 'ਤੇ ਨਿਯੁਕਤ ਕਰ ਦਿੱਤਾ ਸੀ। ਉਸ ਵੇਲੇ ਪੰਜਾਬ ਦੇ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਸਨ ਅਤੇ ਸੂਬੇ ਦੇ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਸਨ ।ਜਦੋਂ ਸਿੱਖ ਜਥੇਬੰਦੀਆਂ ਨੇ ਪਿੰਕੀ ਦੀ ਮੁੜ ਨਿਯੁਕਤੀ ਦਾ ਵਿਰੋਧ ਕੀਤਾ ਤਾਂ ਵਿਵਾਦ ਨੂੰ ਵੇਖਦੇ ਹੋਏ ਉਸ ਦੀ ਨਿਯੁਕਤੀ ਨੂੰ ਰੋਕ ਦਿੱਤਾ ਗਿਆ ਸੀ।

2007 ਤੋਂ ਲੈਕੇ 2017 ਤੱਕ ਅਕਾਲੀ ਦਲ ਅਤੇ ਬੀਜੇਪੀ ਦੀ ਸਰਕਾਰ ਰਹੀ ਇਸ ਦੌਰਾਨ ਬਾਦਲ ਸਰਕਾਰ ਨੇ ਨਿਰਦੋਸ਼ ਨੌਜਵਾਨਾਂ ਦੇ ਐਨਕਾਉਂਟਰ ਵਿੱਚ ਸ਼ਾਮਲ ਗੁਰਮੀਤ ਸਿੰਘ ਪਿੰਕੀ 'ਤੇ ਕਾਫ਼ੀ ਮਿਹਰਬਾਨੀਆਂ ਕੀਤੀਆਂ ।ਗੁਰਮੀਤ ਸਿੰਘ ਪਿੰਕੀ ਨੂੰ

### ਕੈਨੇਡਾ ਦੀਆਂ ਗੁਰਦੁਆਰਾ ਕਮੇਟੀਆਂ ਅਤੇ ਫ਼ਾਈਵ ਆਈਜ਼ ਕੰਟਰੀਆਂ ਦੇ ਦਬਾਅ ਕਾਰਨ ਮੋਦੀ ਸਰਕਾਰ ਨੂੰ ਝੁਕਣਾ ਪਿਆ

# ਕੈਨੇਡੀਅਨਾਂ ਲਈ 4 ਤਰ੍ਹਾਂ ਦੀ ਵੀਜ਼ਾ ਸੇਵਾ ਮੁੜ ਸ਼ੁਰੂ



ਹਰਦੀਪ ਸਿੰਘ ਨਿੱਝਰ ਵਿਵਾਦ ਤੋਂ ਬਾਅਦ ਭਾਰਤ ਸਰਕਾਰ ਨੇ 21 ਸਤੰਬਰ ਤੋਂ ਕੈਨੇਡਾ ਦੇ ਵੀਜ਼ਾ 'ਤੇ ਰੋਕ ਲੱਗਾ ਦਿੱਤੀ ਸੀ ਜਿਸ ਨੂੰ ਹੁਣ ਮੁੜ ਤੋਂ ਸ਼ੁਰੂ ਕਰ ਦਿੱਤਾ ਗਿਆ ਹੈ ।ਕੈਨੇਡਾ ਨੇ ਦੇਸ਼ ਵਿੱਚ ਕੁਝ ਵੀਜ਼ਾ ਸੇਵਾਵਾਂ ਮੁੜ ਸ਼ੁਰੂ ਕਰਨ ਦੇ ਭਾਰਤ ਦੇ ਫ਼ੈਸਲੇ ਦਾ ਸਵਾਗਤ ਕਰਦਿਆਂ ਕਿਹਾ ਸੀ ਕਿ ਇਹ ਪਹਿਲ 'ਚਿੰਤਾ ਭਰੇ ਸਮੇਂ' ਬਾਅਦ ਇੱਕ ਚੰਗਾ ਸੰਕੇਤ ਹੈ। ਕੈਨੇਡਾ ਦੇ ਇਮੀਗਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਕਿ ਭਾਰਤ ਦਾ ਮੁੜ ਵੀਜ਼ਾ ਸ਼ੁਰੂ ਕਰਨ ਦਾ ਫ਼ੈਸਲਾ ਚੰਗਾ ਹੈ, ਇਹ ਕੈਨੇਡਾ ਦੇ ਲੋਕਾਂ ਲਈ ਮੁਸ਼ਕਿਲ ਸਮਾਂ ਸੀ, ਉਹ ਵੀਜ਼ਾ ਸ਼ੁਰੂ ਹੋਣ ਦੀ ਉਡੀਕ ਕਰ ਰਹੇ ਸੀ। ਉਨ੍ਹਾਂ ਨੇ ਕਿਹਾ ਅਸੀਂ ਸਮਝਦੇ ਹਾਂ ਵੀਜ਼ਾ ਸਸਪੈਨਸ਼ਨ ਕਦੇ ਵੀ ਨਹੀਂ ਹੋਣਾ ਚਾਹੀਦਾ ਹੈ।

ਉੱਧਰ ਐਮਰਜੈਂਸੀ ਪ੍ਰੀਪੇਡਨੈਸ ਮੰਤਰੀ ਹਰਜੀਤ ਸਿੰਘ ਸੱਜਣ ਨੇ ਕਿਹਾ ਮੈਂ ਸਿੱਖ ਹਾਂ ਅਤੇ ਕਹਿ ਸਕਦਾ ਹਾਂ ਕਿ ਭਾਰਤ ਦੇ ਫ਼ੈਸਲੇ ਨਾਲ ਸਿੱਖ ਤੇ ਪੰਜਾਬੀ ਭਾਈਚਾਰੇ ਵਿੱਚ ਕਾਫ਼ੀ ਰੋਸ ਸੀ। ਉਹ ਭਾਰਤ ਵਿੱਚ ਇਲਾਜ ਨਹੀਂ ਕਰਵਾਉਣ ਜਾ ਸਕਦੇ ਸਨ ਪਰਿਵਾਰ ਦੇ ਕਿਸੇ ਪ੍ਰੋਗਰਾਮ ਵਿੱਚ ਸ਼ਾਮਲ ਨਹੀਂ ਹੋ ਪਾ ਰਹੇ ਸਨ ਪਰ ਹੁਣ ਮੁੜ ਤੋਂ ਵੀਜ਼ਾ ਸੇਵਾਵਾਂ ਸ਼ੁਰੂ ਹੋਣਾ ਚੰਗੀ ਖ਼ਬਰ ਹੈ ।ਪਰ ਅਸੀਂ ਇਸ 'ਤੇ ਚਰਚਾ ਨਹੀਂ ਕਰਨਾ ਚਾਹੁੰਦੇ ਹਾਂ ਕਿ ਨਵੀਂ ਦਿੱਲੀ ਇਸ ਨਾਲ ਕੀ ਸੁਨੇਹਾ ਦੇਣਾ ਚਾਹੁੰਦਾ ਸੀ । ਕੈਨੇਡਾ ਦੇ ਮੰਤਰੀ ਹਰਜੀਤ ਸਿੰਘ ਸੱਜਣ ਨੇ ਵੀਜ਼ਾ ਮੁੜ

(ਬਾਕੀ ਸਫ਼ਾ 30 'ਤੇ)

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ

# ਉਮੀਦਵਾਰ ਦਾ ਐਲਾਨ ਪਾਰਟੀਆਂ ਨਾ ਕਰਨ, ਸੰਗਤ ਸਾਂਝੀ ਰਾਇ ਨਾਲ ਫ਼ੈਸਲਾ ਕਰਕੇ ਉਮੀਦਵਾਰ ਚੁਣੇ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੌਜੂਦਾ ਪ੍ਰਬੰਧ ਹਰ ਸੁਹਿਰਦ ਸਿੱਖ ਠੀਕ ਕਰਨਾ ਚਾਹੁੰਦਾ ਹੈ ਪਰ ਇਸ ਕਾਰਜ ਲਈ ਹਰ ਵਾਰ ਪਾਰਟੀਆਂ ਉੱਤੇ ਟੇਕ ਲਾ ਲਈ ਜਾਂਦੀ ਹੈ, ਜਿਸ ਕਰਕੇ ਇਹ ਕਾਰਜ ਨੇਪਰੇ ਨਹੀਂ ਚੜ੍ਹਦਾ। ਪਾਰਟੀਆਂ ਆਪਣੇ ਹਿਸਾਬ ਕਿਤਾਬ ਲਾ ਕੇ ਬਿਨਾਂ ਸੰਗਤ ਦੀ ਰਾਇ ਨਾਲ ਚੋਣਾਂ ਲਈ ਆਪਣੇ ਉਮੀਦਵਾਰ ਐਲਾਨ ਦਿੰਦੀਆਂ ਹਨ। ਇਸ ਤਰੀਕੇ ਐਲਾਨਿਆ ਉਮੀਦਵਾਰ ਸਿਰਫ਼ ਆਪਣੀ ਪਾਰਟੀ ਦੇ ਮੁਖੀ ਨੂੰ ਜਵਾਬਦੇਹ ਹੁੰਦਾ ਹੈ।

ਆਗੂ ਚੁਣਨ ਦਾ ਇਹ ਤਰੀਕਾ ਸਾਡੀ ਰਵਾਇਤ ਦੇ ਅਨੁਸਾਰੀ ਨਹੀਂ ਹੈ। ਗੁਰੂ ਖਾਲਸਾ ਪੰਥ ਵਿੱਚ ਸ੍ਰੀ ਗੁਰੂ ਨਾਨਕ ਸੱਚੇ ਪਾਤਸ਼ਾਹ ਹਜ਼ੂਰ ਦੇ ਸਮੇਂ ਤੋਂ ਹੀ ਆਗੂ ਚੁਣਨ ਦੀ ਰਵਾਇਤ ਗੁਣ ਅਧਾਰਤ ਰਹੀ ਹੈ, ਵੋਟਾਂ ਵਾਲੀ ਨਹੀਂ। ਸੰਗਤ ਦੁਆਰਾ ਚੁਣੀ ਜਾਂਦੀ ਸ਼ਖਸੀਅਤ ਵਿੱਚ ਸਿਮਰਨ ਬੰਦਗੀ, ਪੰਥ ਪ੍ਰੇਮ ਤੇ ਦੁਨਿਆਵੀ ਗੁਣਾਂ ਦਾ ਤਵਾਜ਼ਨ ਹੁੰਦਾ ਸੀ।

ਮੌਜੂਦਾ ਸਥਾਪਿਤ ਵੋਟ ਪ੍ਰਬੰਧ ਨੂੰ ਜੇ ਹਾਲ ਦੀ ਘੜੀ ਬਦਲਣਾ ਸੰਭਵ ਨਹੀਂ ਤਾਂ ਘੱਟੋ-ਘੱਟ ਆਪਣੀ ਰਵਾਇਤ ਅਨੁਸਾਰ ਜੋ ਸੰਭਵ ਹੈ, ਓਹਦੇ 'ਤੇ ਗੌਰ ਕਰਨੀ ਚਾਹੀਦੀ ਹੈ। ਸੰਗਤ ਨੂੰ ਆਪਣੀ ਊਰਜਾ ਅੱਧੀ ਦਰਜਨ ਪਾਰਟੀਆਂ ਨੂੰ ਇਕ ਹੋ ਕੇ ਵੋਟਾਂ ਲੜਨ ਲਈ ਸਮਝਾਉਣ ਦੀ ਥਾਂ ਆਪਣੇ ਫੈਸਲੇ ਲੈਣ ਦੀ ਰਵਾਇਤ ਨੂੰ ਬਹਾਲ ਕਰਨ ਲਈ ਲਾਉਣੀ ਚਾਹੀਦੀ ਹੈ। ਬਜਾਏ ਇਸ ਦੇ ਕਿ ਪਾਰਟੀਆਂ ਸੰਗਤ ਨੂੰ ਦੱਸਣ, ਸੰਗਤਾਂ ਇਕੱਤਰ ਹੋ ਕੇ ਗੁਰੂ ਪਾਤਸ਼ਾਹ ਦੀ ਹਜ਼ੂਰੀ ਵਿੱਚ ਗੁਰਮਤਾ ਕਰਨ ਅਤੇ ਪਾਰਟੀਆਂ ਨੂੰ ਦੱਸਣ ਕਿ ਸਾਡੇ ਵੱਲੋਂ ਇਹ ਉਮੀਦਵਾਰ ਹੈ। ਇਸ ਤਰ੍ਹਾਂ ਕਰਨ ਨਾਲ ਮੁੜ ਤੋਂ ਚੰਗੇ ਗੁਣਾਂ ਵਾਲੀਆਂ ਸ਼ਖਸੀਅਤਾਂ ਜਿੱਥੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਅੱਗੇ ਆਉਣਗੀਆਂ, ਨਾਲ ਹੀ ਇਹਨਾਂ ਸ਼ਖਸੀਅਤਾਂ ਉੱਤੇ ਕੁੰਡਾ ਸੰਗਤ ਦਾ ਹੋਵੇਗਾ। ਇਸ ਤਰ੍ਹਾਂ ਆਪਣੇ ਆਪ ਹੀ ਸਾਰੀਆਂ ਪਾਰਟੀਆਂ ਨੂੰ ਆਪਣੀ ਪ੍ਰਚਲਤ ਦੌੜ ਛੱਡਣੀ ਪੈ ਜਾਣੀ ਹੈ। ਇਹ ਕਾਰਜ ਤਿਆਗ ਨਾਲ ਅਤੇ ਨਿਸ਼ਕਾਮ ਰਹਿ ਕੇ ਹੀ ਕੀਤਾ ਜਾ ਸਕਦਾ ਹੈ, ਜਿਹੜੀਆਂ ਸੰਗਤਾਂ ਇਹ ਫੈਸਲੇ ਲੈਣ ਦੀ ਰਵਾਇਤ ਦੀ ਬਹਾਲੀ ਲਈ ਯਤਨ ਕਰਨ ਓਹਨਾਂ ਲਈ ਇਹ ਬਹੁਤ ਜਰੂਰੀ ਹੈ ਕਿ ਉਹ ਆਪ ਕਿਸੇ ਅਹੁਦੇ ਜਾ ਵੋਟਾਂ ਵਾਲੇ ਪ੍ਰਬੰਧ 'ਚ ਆਉਣ ਦੀ ਇੱਛਾ ਨਾ ਰੱਖਦੀਆਂ ਹੋਣ, ਫਿਰ ਹੀ ਉਹਨਾਂ ਦੀ ਗੱਲ ਸੁਣੀ ਅਤੇ ਮੰਨੀ ਜਾਣੀ ਹੈ।

ਸਿੱਖ ਜਥਾ ਮਾਲਵਾ, ਸੰਗਤ ਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੇ ਲਈ ਉਮੀਦਵਾਰ ਚੁਣਨ ਦੀ ਪੰਥਕ ਰਵਾਇਤ ਦਾ ਹਾਮੀ ਹੈ, ਜਥੇ ਦਾ ਆਪਣਾ ਕੋਈ ਵੀ ਉਮੀਦਵਾਰ ਨਹੀਂ ਹੋਵੇਗਾ। ਇਸ ਪ੍ਰਕਿਰਿਆ ਵਿੱਚ ਨਿਭਣ ਵਾਲੀ ਸੰਗਤ ਦਾ ਜਥੇ ਵੱਲੋਂ ਹਰ ਤਰ੍ਹਾਂ ਦਾ ਸਹਿਯੋਗ ਰਹੇਗਾ। ਇਸ ਤਰ੍ਹਾਂ ਦੀ ਸਥਿਤੀ ਵਿੱਚ ਸਿਰਫ਼ ਸੰਗਤ ਹੀ ਆਪਣੀ ਜਿੰਮੇਵਾਰੀ ਨਿਭਾ ਕੇ ਗੈਰ ਪੰਥਕ ਤਰੀਕੇ ਨੂੰ ਰੋਕ ਸਕਦੀ ਹੈ ਅਤੇ ਆਪਣੀ ਰਵਾਇਤ ਨੂੰ ਮੁੜ ਸੁਰਜੀਤ ਕਰਨ ਲਈ ਕੋਈ ਤਿਲ ਫੁੱਲ ਯੋਗਦਾਨ ਪਾ ਸਕਦੀ ਹੈ।

**ਸਿੱਖ ਜਥਾ ਮਾਲਵਾ**
**ਗੁਰੂ ਖਾਲਸਾ ਪੰਥ ਦੀ ਸੇਵਾ ਵਿੱਚ**

# ਜਨਤਕ ਸਟੇਜ 'ਤੇ ਮਾਨ ਦਾ ਰਾਧਾ ਸਵਾਮੀ ਮੁਖੀ ਨਾਲ ਇਕੱਠੇ ਆਉਣਾ ਵੱਡੇ ਸਿਆਸੀ ਅਤੇ ਧਾਰਮਿਕ ਸੰਕੇਤ

## ਡੇਰੇ ਦਾ ਪੰਜਾਬ ਦੇ 19 ਹਲਕਿਆਂ ਵਿੱਚ ਵੱਡਾ ਅਸਰ



ਚੋਣਾਂ ਦੌਰਾਨ ਅਕਸਰ ਪੰਜਾਬ ਵਿੱਚ ਸਿਆਸਤਦਾਨਾਂ ਵੱਲੋਂ ਡੇਰਿਆਂ ਦੇ ਗੇੜੇ ਲੱਗਣੇ ਸ਼ੁਰੂ ਹੋ ਜਾਂਦੇ ਹਨ ਪਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦਾ ਡੇਰੇ ਪਹੁੰਚ ਕੇ ਹਾਜ਼ਰੀ ਲੁਆਉਣਾ ਸਾਰਿਆਂ ਦੇ ਲਈ ਹੈਰਾਨੀਜਨਕ ਹੈ। ਸਿਮਰਨਜੀਤ ਸਿੰਘ ਮਾਨ ਅਤੇ ਡੇਰਾ ਰਾਧਾ ਸੁਆਮੀ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਇਕੱਠੇ ਲਹਿਰਾਗਾਗਾ ਵਿੱਚ ਰਾਧਾ ਸੁਆਮੀ ਡੇਰੇ ਵਿੱਚ ਨਜ਼ਰ ਆਏ। ਦੱਸਿਆ ਜਾ ਰਿਹਾ ਹੈ ਕਿ ਦੋਵੇ ਇੱਕ ਹੀ ਗੱਡੀ ਵਿੱਚ ਡੇਰਾ ਰਾਧਾ ਸੁਆਮੀ ਲਹਿਰਾਗਾਗਾ ਪਹੁੰਚੇ। ਸਿਮਰਨਜੀਤ ਸਿੰਘ ਮਾਨ ਦੇ ਨਾਲ ਗੋਵਿੰਦ ਸਿੰਘ ਮਾਨ ਵੀ ਹਾਜ਼ਰ ਸਨ। ਡੇਰਾ ਰਾਧਾ ਸੁਆਮੀ ਦੇ ਮੁੱਖੀ ਗੁਰਿੰਦਰ ਸਿੰਘ ਢਿੱਲੋ ਸਿਮਰਨਜੀਤ ਸਿੰਘ ਮਾਨ ਨੂੰ ਸਟੇਜ 'ਤੇ ਲੈਕੇ ਪਹੁੰਚੇ। ਲਹਿਰਾਗਾਗਾ ਵਾਲੇ ਰਾਧਾ ਸੁਆਮੀ ਡੇਰੇ 'ਤੇ ਜਿਵੇਂ ਹੀ ਲੋਕਾਂ ਨੂੰ ਡੇਰਾ ਮੁਖੀ ਗੁਰਿੰਦਰ ਸਿੰਘ ਢਿੱਲੋ ਦੇ ਪਹੁੰਚਣ ਦੀ ਖਬਰ ਮਿਲੀ ਵੱਡੀ ਗਿਣਤੀ ਵਿੱਚ ਡੇਰੇ ਨੂੰ ਮੰਨਣ ਵਾਲੇ ਪਹੁੰਚੇ ਗਏ। ਜਨਤਕ ਸਟੇਜ 'ਤੇ ਸਿਮਰਨਜੀਤ ਸਿੰਘ ਮਾਨ ਦਾ ਗੁਰਿੰਦਰ ਸਿੰਘ ਢਿੱਲੋ ਨਾਲ ਇਕੱਠੇ ਆਉਣਾ ਵੱਡੇ ਸਿਆਸੀ ਅਤੇ ਧਾਰਮਿਕ ਸੰਕੇਤ ਹੋ ਸਕਦੇ ਹਨ।

2 ਸਾਲ ਪਹਿਲਾਂ ਖਬਰ ਆਈ ਸੀ ਕਿ ਡੇਰਾ ਰਾਧਾ ਸੁਆਮੀ ਦੇ ਮੁਖੀ ਸਿਮਰਨਜੀਤ ਸਿੰਘ ਮਾਨ ਨੂੰ ਉਨ੍ਹਾਂ ਦੇ ਘਰ ਮਿਲਣ ਪਹੁੰਚੇ ਸਨ। ਉਸ ਵੇਲੇ ਦੱਸਿਆ ਗਿਆ ਸੀ ਕਿ ਸਿਮਰਨਜੀਤ ਸਿੰਘ ਮਾਨ ਦੀ ਤਬੀਅਤ ਠੀਕ ਨਹੀਂ ਸੀ ਇਸੇ ਲਈ ਉਹ ਪਤਾ ਲੈਣ ਦੇ ਲਈ ਪਹੁੰਚੇ ਸਨ। ਉਸ ਦੌਰਾਨ ਦੋਵਾਂ ਦੀ ਸਾਂਝੀ ਤਸਵੀਰ ਸਾਹਮਣੇ ਨਹੀਂ ਆਈ ਸੀ। ਹੁਣ ਪਹਿਲੀ ਵਾਰ ਜਦੋਂ ਡੇਰਾ ਮੁਖੀ ਅਤੇ ਸਿਮਰਨਜੀਤ ਸਿੰਘ ਮਾਨ ਦੀ ਤਸਵੀਰ ਨਾਲ ਨਜ਼ਰ ਆਈ ਹੈ ਤਾਂ ਸਿਆਸੀ ਕਿਆਸਰਾਹੀਆਂ ਵੀ ਸ਼ੁਰੂ ਹੋ ਗਈਆਂ ਹਨ। ਵੈਸੇ ਦੋਵਾਂ ਪਰਿਵਾਰਾਂ ਵਿੱਚ ਆਪਸੀ ਰਿਸ਼ਤੇਦਾਰੀ ਦੀ ਖਬਰਾਂ ਵੀ ਆਉਂਦੀਆਂ ਰਹਿੰਦੀਆਂ ਹਨ। ਡੇਰਾ ਰਾਧਾ ਸੁਆਮੀ ਦਾ ਪੰਜਾਬ ਵਿੱਚ ਵੱਡਾ ਵੋਟ ਬੈਂਕ ਹੈ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦੇ ਨਾਲ ਲੋਕਸਭਾ ਚੋਣਾਂ ਵੀ ਅਗਲੇ ਸਾਲ ਹੋਣ ਵਾਲੀਆਂ ਹਨ। ਅਜਿਹੇ ਵਿੱਚ ਡੇਰੇ ਦੀ ਹਮਾਇਤ ਕਿਸੇ ਵੀ ਪਾਰਟੀ ਦੇ ਲਈ ਕਾਫੀ ਅਹਿਮ ਹੈ। ਪਰ ਜਿਸ ਤਰ੍ਹਾਂ ਦੀ ਪੰਥਕ ਸੋਚ ਸਿਮਰਨਜੀਤ ਸਿੰਘ ਮਾਨ ਦੀ ਹੈ ਅਤੇ ਜਿਸ ਨੂੰ ਉਹ ਵਾਰ-ਵਾਰ ਜ਼ਾਹਿਰ ਵੀ ਕਰਦੇ ਰਹਿੰਦੇ ਹਨ ਉਨ੍ਹਾਂ ਦਾ ਡੇਰਾ ਰਾਧਾ ਸੁਆਮੀ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਦੇ ਨਾਲ ਆਉਣਾ ਸਾਰਿਆਂ ਲਈ ਹੈਰਾਨ ਕਰਨ ਵਾਲਾ ਹੈ। ਹਾਲਾਂਕਿ ਹੁਣ ਤੱਕ ਸਿਮਰਨਜੀਤ ਸਿੰਘ ਮਾਨ ਦਾ ਡੇਰੇ ਵਿੱਚ ਹਾਜ਼ਰੀ ਲਗਵਾਉਣ ਦਾ ਕੋਈ ਬਿਆਨ ਸਾਹਮਣੇ ਨਹੀਂ ਆਇਆ ਹੈ। ਪਰ ਸਿਮਰਨਜੀਤ ਸਿੰਘ ਮਾਨ ਜਿਸ ਤਰ੍ਹਾਂ ਸ਼੍ਰੋਮਣੀ ਦੀਆਂ ਚੋਣਾਂ ਅਤੇ ਲੋਕਸਭਾ ਵਿੱਚ ਆਪਣੀ ਦਾਅਵੇਦਾਰੀ ਨੂੰ ਮਜ਼ਬੂਤੀ ਨਾਲ ਪੇਸ਼ ਕਰ ਰਹੇ ਹਨ ਅਜਿਹੇ ਵਿੱਚ ਦੋਵਾਂ ਦਾ ਇੱਕ ਹੀ ਕਾਰ ਵਿੱਚ ਆਉਣਾ ਅਤੇ ਸਟੇਜ ਸਾਂਝੀ ਕਰਨਾ ਵੱਡੇ ਸਿਆਸੀ ਸਮੀਕਰਨ ਦਾ ਹਿੱਸਾ ਹੋ ਸਕਦਾ ਹੈ। ਹਾਲਾਂਕਿ ਡੇਰਾ ਮੁਖੀ ਗੁਰਿੰਦਰ ਸਿੰਘ ਢਿੱਲੋ ਦਾ ਬਾਦਲ ਅਤੇ ਅਕਾਲੀ ਦਲ ਨਾਲ ਵੀ ਚੰਗੇ ਰਿਸ਼ਤੇ ਹਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੋਂ ਲੈਕੇ ਆਪ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਵੀ ਡੇਰਾ ਬਿਆਸ ਆ ਚੁੱਕੇ ਹਨ। ਸਿਰਫ਼ ਇਨ੍ਹਾਂ ਹੀ ਨਹੀਂ ਰਾਹੁਲ ਗਾਂਧੀ ਵੀ ਚੋਣਾਂ ਦੌਰਾਨ ਅਕਸਰ ਡੇਰਾ ਰਾਧਾ ਸੁਆਮੀ ਆਉਂਦੇ ਰਹਿੰਦੇ ਹਨ। ਪਰ ਡੇਰੇ ਵੱਲੋਂ ਖੁੱਲਕੇ ਕਦੇ ਵੀ ਕਿਸੇ ਹੀ ਹਮਾਇਤ ਵਿੱਚ ਵੋਟ ਦਾ ਐਲਾਨ ਨਹੀਂ ਕੀਤਾ ਜਾਂਦਾ ਹੈ। ਇਸੇ ਲਈ ਡੇਰਾ ਰਾਧਾ ਸੁਆਮੀ ਨੂੰ ਲੈਕੇ ਵਿਵਾਦ ਵੀ ਘੱਟ ਹੀ ਹਨ। ਹਾਲਾਂਕਿ ਡੇਰਾ ਰਾਧਾ ਸੁਆਮੀ ਦੀ ਹਰ ਸੂਬੇ ਵਿੱਚ ਰਣਨੀਤੀ ਵੱਖ ਹੁੰਦੀ ਹੈ। ਪੰਜਾਬ ਵਿੱਚ ਡੇਰਾ ਦਾ ਸਿਆਸੀ ਝੁਕਾਅ ਅਕਸਰ ਕਾਂਗਰਸ ਵੱਲ ਵੇਖਿਆ ਗਿਆ ਹੈ। ਇਸ ਤੋਂ ਇਲਾਵਾ ਇੱਕ ਹੋਰ ਸਿੱਖ ਆਗੂ ਬਲਜੀਤ ਸਿੰਘ ਦਾਦੂਵਾਲ ਦੀਆਂ ਡੇਰਾ ਬਿਆਸ ਨਾਲ ਨਜ਼ਦੀਕੀਆਂ ਵੇਖੀਆਂ ਗਈਆਂ ਹਨ। ਸਾਬਕਾ ਮੁਤਬਾਜ਼ੀ ਜਥੇਦਾਰ ਅਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬਲਜੀਤ ਸਿੰਘ ਦਾਦੂਵਾਲ ਅਤੇ ਡੇਰਾ ਬਿਆਸ ਦੇ ਮੁਖੀ ਦੀ ਨਜ਼ਦੀਕੀਆਂ ਵੀ ਕਾਫੀ ਚਰਚਾ ਦਾ ਵਿਸ਼ਾ ਰਹੀਆਂ ਹਨ। ਦੱਸਿਆ ਜਾਂਦਾ ਹੈ ਕਿ ਬਲਜੀਤ ਸਿੰਘ ਦਾਦੂਵਾਲ ਦੇ ਆਨੰਦ ਕਾਰਜ ਅਤੇ ਮਾਂ ਦੇ ਦੇਹਾਂਤ ਮੌਕੇ ਵੀ ਡੇਰਾ ਮੁਖੀ ਗੁਰਿੰਦਰ ਸਿੰਘ ਢਿੱਲੋਂ ਖਾਸ ਤੌਰ 'ਤੇ ਪਹੁੰਚੇ ਸਨ। ਦਾਦੂਵਾਲ ਵੀ ਡੇਰਾ ਬਿਆਸ ਦੇ ਮੁਖੀ ਦੀ ਕਾਫੀ ਤਰੀਫ ਕਰਦੇ ਰਹਿੰਦੇ ਹਨ। ਉਨ੍ਹਾਂ ਦਾ ਕਹਿਣਾ ਸੀ ਡੇਰਾ ਬਿਆਸ ਦੀ ਨਜ਼ਦੀਕਿਆਂ ਨਾਲ ਵੱਡੀ ਗਿਣਤੀ ਵਿੱਚ ਡੇਰੇ ਨੂੰ ਮੰਨਣ ਵਾਲੇ ਸਿੱਖ ਧਰਮ ਨਾਲ ਜੁੜ ਰਹੇ ਹਨ। ਕੁਝ ਬੋਧਿਕ ਸਿੱਖ ਹਲਕਿਆਂ ਦਾ ਮੰਨਣਾ ਹੈ ਕਿ ਰਾਧਾ ਸਵਾਮੀ ਤੇ ਸਿੱਖਾਂ ਵਿਚਾਲੇ ਕੋਈ ਵੱਡਾ ਵਿਵਾਦ ਨਹੀਂ। ਰਾਧਾ ਸਵਾਮੀ ਮੁਖੀ ਅਨੇਕਾਂ ਵਾਰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਏ ਹਨ। ਸਿੱਖਾਂ ਨੂੰ ਇਸ ਡੇਰੇ ਉਪਰ ਰੋਸ ਇਹ ਹੈ ਕਿ ਉਹ ਗੁਰਬਾਣੀ ਵਿੱਚ ਗੁਰੂ ਦੀ ਵਰਤੋਂ ਦੇਹਧਾਰੀ ਲਈ ਕਰਦੇ ਹਨ। ਜਦ ਕਿ ਗੁਰੂ ਸ਼ਬਦ ਗੁਰੂ ਹੈ। ਪਰ ਇਸ ਦੇ ਬਾਵਜੂਦ ਹਿੰਦੂ ਸ਼ਰਧਾਲੂ ਰਾਧਾ ਸਵਾਮੀ ਡੇਰੇ ਕਾਰਨ ਗੁਰੂ ਗਰੰਥ ਸਾਹਿਬ ਤੇ ਸਿੱਖੀ ਵਲ ਝੁਕ ਰਹੇ ਹਨ।

**ਰਾਧਾ ਸੁਆਮੀ ਡੇਰੇ ਦਾ ਪੰਜਾਬ ਵਿੱਚ ਅਸਰ**

ਪੰਜਾਬ ਵਿੱਚ 6 ਅਹਿਮ ਡੇਰੇ ਹਨ ਜੋ ਪੰਜਾਬ ਦੀ ਸਿਆਸਤ 'ਤੇ ਵੱਡਾ ਅਸਰ ਪਾਉਂਦੇ ਹਨ। ਇਸ ਵਿੱਚ ਰਾਧਾ ਸੁਆਮੀ ਡੇਰਾ ਪੰਜਾਬ ਦੇ 19 ਹਲਕਿਆਂ ਵਿੱਚ ਵੱਡਾ ਅਸਰ ਪਾਉਂਦਾ ਹੈ। ਜਦਕਿ ਸੌਦਾ ਸਾਧ ਦਾ ਸਿਰਸਾ ਡੇਰਾ 27, ਡੇਰਾ ਨੂਰਮਹਿਲ 8, ਨਿਰੰਕਾਰੀ ਮਿਸ਼ਨ 4, ਡੇਰਾ ਸੱਚ ਖੰਡ ਬਲਾਨ 8, ਡੇਰਾ ਨਾਮਧਾਰੀ 2 ਵਿਧਾਨਸਭਾ ਹਲਕਿਆਂ 'ਤੇ ਅਸਰ ਪਾਉਂਦਾ ਹੈ।

# ਨਾਮਧਾਰੀ ਫਰੂਟ ਤੇ ਬੀਜ ਫਾਰਮ ਤੋਂ ਤਿਆਰ ਕੀਤੇ ਫਰੂਟ ਤੇ ਸ਼ਬਜੀਆਂ ਵਿਦੇਸ਼ਾਂ 'ਚ ਹੁੰਦੀਆਂ ਨੇ ਸਪਲਾਈ

## ਆਰਗੈਨਿਕ ਸਬਜ਼ੀਆਂ ਤੇ ਫਲਾਂ ਤੋਂ ਹੁੰਦਾ ਹੈ 10 ਗੁਣਾ ਲਾਭ










ਕੋਹਾੜਾ/ਏ.ਟੀ.ਨਿਊਜ਼: ਨਾਮਧਾਰੀ ਸੰਪਰਦਾਇ ਦੇ ਪਿੰਡ ਰਾਈਆਂ ਵਿੱਚ ਬਣਾਏ ਗਏ ਫਰੂਟ ਤੇ ਸਬਜੀਆਂ ਦਾ ਫਾਰਮ ਹੈ। ਇਸ ਫਾਰਮ ਤੋਂ ਤਿਆਰ ਕੀਤੀਆਂ ਜਾ ਰਹੀਆਂ ਆਰਗੈਨਿਕ ਸਬਜ਼ੀਆਂ ਤੇ ਫਰੂਟ ਦੀ ਵਿਦੇਸ਼ 'ਚ ਭਾਰੀ ਮੰਗ ਹੈ। ਨਾਮਧਾਰੀ ਫਾਰਮ ਚਲਾਉਣ ਵਾਲੇ ਸਾਹਿਬ ਸਿੰਘ ਨਾਮਧਾਰੀ ਨੇ ਦੱਸਿਆ ਕਿ ਉਨ੍ਹਾਂ ਦੇ ਫਾਰਮ ਦੇ ਜੀ.ਐਮ. ਗੁਰਚਰਨ ਸਿੰਘ ਹਨ ਅਤੇ ਪਲਵਿੰਦਰ ਸਿੰਘ ਇਸ ਦੀ ਦੇਖ-ਰੇਖ ਕਰਦੇ ਹਨ। ਇਹ ਫਾਰਮ 24 ਏਕੜ ਵਿੱਚ ਹੈ। ਫਾਰਮ ਵਿੱਚ ਤਿਆਰ ਬੇਬੀ ਕੌਰਨ ਦੀ ਇੰਗਲੈਂਡ ਵਿੱਚ ਬਹੁਤ ਮੰਗ ਹੈ। ਆਈਸ ਬਰਗ ਅਤੇ ਉਨ੍ਹਾਂ ਵੱਲੋਂ ਤਿਆਰ ਕੀਤੀ ਪਾਲਕ ਵਿਦੇਸ਼ ਵਿੱਚ ਜਾਂਦੀ ਹੈ। ਇਨ੍ਹਾਂ ਸਬਜ਼ੀਆਂ ਤੇ ਫਰੂਟ ਵਿੱਚ ਜੋ ਵੀ ਦਵਾਈ ਜਾਂ ਖਾਦ ਪਾਈ ਜਾਂਦੀ ਹੈ, ਉਹ ਸਿਰਫ ਫਸਲ ਨੂੰ ਫਾਇਦਾ ਦਿੰਦੀ ਹੈ ਜਿਸ ਦਾ ਖਾਣ ਵਾਲੇ ਲਈ ਕੋਈ ਨੁਕਸਾਨ ਨਹੀਂ ਹੁੰਦਾ।

ਪੰਜਾਬ ਦੀ ਖੇਤੀ ਦੀ ਗੱਲ ਕਰੀਏ ਤਾਂ ਪੰਜਾਬ ਵਿੱਚ ਕਿਸਾਨ ਜ਼ਿਆਦਾ ਕਰਕੇ ਕਣਕ ਤੇ ਜ਼ੀਰੀ ਦੀ ਫਸਲ ਪੈਦਾ ਕਰਦੇ ਹਨ। ਜ਼ੀਰੀ ਦੀ ਫਸਲ ਇੱਕ ਏਕੜ ਵਿੱਚ 30 ਕੁਵਿੰਟਲ ਦੇ ਕਰੀਬ ਪੈਦਾ ਹੁੰਦੀ ਹੈ ਜਿਸ ਦੀ ਆਮਦਨ 60 ਹਜ਼ਾਰ ਰੁਪਏ ਦੇ ਕਰੀਬ ਬਣਦੀ ਹੈ। ਇਸ ਨੂੰ ਪੈਦਾ ਕਰਨ ਲਈ ਕਿਸਾਨ ਦੇ ਜੇ ਖਰਚੇ ਦੀ ਗੱਲ ਕਰੀਏ ਤਾਂ ਇੱਕ ਏਕੜ ਵਿੱਚ ਝੋਨਾ ਲਗਾਉਣ ਦਾ ਖਰਚਾ 3000 ਹਜ਼ਾਰ ਰੁਪਏ ਪ੍ਰਤੀ ਏਕੜ ਹੁੰਦਾ ਹੈ ਜਿਸ ਵਿੱਚ ਟਰੈਕਟਰ ਤੇਲ ਖਰਚਾ 2000 ਹਜ਼ਾਰ ਰੁਪਏ ਹੈ। ਇਸ ਤੋਂ ਇਲਾਵਾ ਡਾਈ ਖਾਦ ਅਤੇ ਦਵਾਈਆਂ ਦੀ ਸਪਰੇਅ ਵਿੱਚ 3000 ਹਜ਼ਾਰ ਰੁਪਏ ਫਸਲ ਤਿਆਰ ਹੋਣ ਤੋਂ ਬਾਅਦ 1800 ਪ੍ਰਤੀ ਏਕੜ ਕੰਬਾਈਨ ਦਾ ਖਰਚਾ ਹੈ। ਇਸ ਤੋਂ ਇਲਾਵਾ ਕਿਸਾਨ ਦਾ 12000 ਹਜ਼ਾਰ ਰੁਪਏ ਖਰਚਾ ਹੁੰਦਾ ਹੈ। ਕਿਸਾਨ ਨੂੰ ਇਸ ਫਸਲ ਦਾ 48 ਹਜ਼ਾਰ ਰਪਏ ਪ੍ਰਤੀ ਏਕੜ ਬਣਦਾ ਹੈ। ਜੇਕਰ ਕਣਕ ਦੀ ਫਸਲ ਦੀ ਗੱਲ ਕਰੀਏ ਤਾਂ ਕਣਕ ਪ੍ਰਤੀ ਏਕੜ 20 ਕੁਵਿੰਟਲ ਪੈਦਾ ਹੁੰਦੀ ਹੈ ਜਿਸ ਦੀ ਕੀਮਤ 45 ਹਜਾਰ ਦੇ ਕਰੀਬ ਬਣਦੀ ਹੈ ਜਿਸ ਵਿੱਚ ਖਰਚਾ ਕੱਢ ਕੇ ਕਿਸਾਨ ਨੂੰ 30 ਹਜ਼ਾਰ ਪ੍ਰਤੀ ਏਕੜ ਬਣਦਾ ਹੈ। ਪੂਰੇ ਸਾਲ ਦੀ ਕਮਾਈ 78 ਹਜ਼ਾਰ ਬਣਦੀ ਹੈ।

ਨਾਮਧਾਰੀ ਫਾਰਮ ਵਿੱਚ ਅਕਤੂਬਰ ਵਿੱਚ ਸਟ੍ਰਾਅਬੇਰੀ ਲਾਈ ਗਈ ਹੈ। ਇਹ ਫਸਲ 60 ਦਿਨਾਂ ਵਿੱਚ ਤਿਆਰ ਹੁੰਦੀ ਹੈ। ਇੱਕ ਏਕੜ ਜ਼ਮੀਨ ਵਿੱਚੋਂ 6 ਟਨ ਪੈਦਾਵਾਰ ਹੁੰਦੀ ਹੈ ਜਿਸ ਦੀ ਕੀਮਤ 6 ਲੱਖ ਰੁਪਏ ਬਣਦੀ ਹੈ। ਇਸ ਨੂੰ ਪੈਦਾ ਕਰਨ ਵਿੱਚ 2 ਲੱਖ ਰੁਪਏ ਖਰਚ ਆਉਂਦਾ ਹੈ। 60 ਦਿਨਾਂ ਵਿੱਚ ਏਕੜ ਵਿੱਚੋ 4 ਲੱਖ ਰੁਪਏ ਦੀ ਆਮਦਨ ਕੀਤੀ ਗਈ ਹੈ। ਫਾਰਮ ਵਿੱਚ ਤਿਆਰ ਕੀਤੀ ਜਾਣ ਵਾਲੀ ਬਰੋਕਲੀ ਜਿਸ ਦੀ ਪੰਜਾਬ ਵਿੱਚ ਭਾਰੀ ਮੰਗ ਹੈ। ਬਰੋਕਲੀ ਅਕਤੂਬਰ ਵਿੱਚ ਲਗਾਈ ਜਾਂਦੀ ਹੈ। ਇਹ ਫਸਲ ਵੀ 60 ਦਿਨਾਂ ਵਿੱਚ ਤਿਆਰ ਹੁੰਦੀ ਹੈ, ਇਸ ਨੂੰ ਤਿਆਰ ਕਰਨ ਲਈ ਪ੍ਰਤੀ ਏਕੜ 65 ਹਜ਼ਾਰ ਰੁਪਏ ਖਰਚ ਹੁੰਦਾ ਹੈ ਅਤੇ ਬਰੋਕਲੀ 2 ਲੱਖ ਰੁਪਏ ਦੀ ਕਰੀਬ ਵਿਕ ਜਾਂਦੀ ਹੈ। ਇਸ ਤਰ੍ਹਾਂ ਉਹਨਾਂ ਵਲੋਂ ਮੌਸਮ ਦੇ ਹਿਸਾਬ ਨਾਲ ਫਲ ਅਤੇ ਸਬਜ਼ੀਆਂ ਲਗਾਈਆਂ ਜਾਦੀਆਂ ਹਨ। ਕਈ ਫਲ ਤੇ ਸਬਜ਼ੀਆਂ ਵਿਦੇਸ਼ਾਂ ਵਿੱਚ ਜਾਂਦੀਆਂ ਹਨ ਅਤੇ ਕਈ ਸਬਜ਼ੀਆਂ ਫਲ ਪੰਜਾਬ ਅਤੇ ਦੂਸਰੇ ਰਾਜਾਂ ਵਿੱਚ ਜਾਂਦੀਆਂ ਹਨ। ਇਸ ਤਰ੍ਹਾਂ ਇਸ 24 ਏਕੜ ਦੇ ਫਾਰਮ ਵਿੱਚ ਸੇਬ, ਕੀਵੀ ਫਲ, ਨਾਸ਼ਪਾਤੀ ਆਵਲਾ , ਅੰਬ ਤੋਂ ਇਲਾਵਾ ਹੋਰ ਕਈ ਤਰ੍ਹਾਂ ਦੇ ਮੌਸਮੀ ਫਲ ਲਗਾਏ ਗਏ ਹਨ। ਇਸ ਤਰ੍ਹਾਂ ਨਾਮਧਾਰੀ ਫਾਰਮ ਪੰਜਾਬ ਦੇ ਕਿਸਾਨਾ ਨੂੰ ਪ੍ਰੇਰਿਤ ਕਰਨ ਲਈ ਮੋਹਰੀ ਰੋਲ ਨਿਭਾ ਰਿਹਾ ਹੈ।

**ਆਰਗੈਨਿਕ ਖੇਤੀ ਵਧੇਰੇ ਲਾਹੇਵੰਦ : ਡਾ. ਜਸਪ੍ਰੀਤ ਕੌਰ**

ਬਾਗਬਾਨੀ ਵਿਭਾਗ ਦੇ ਡਾ. ਜਸਪ੍ਰੀਤ ਕੌਰ ਨੇ ਦੱਸਿਆ ਕਿ ਸਬਜ਼ੀਆਂ ਤੇ ਫਲਾਂ ਦੇ ਖੇਤੀ 'ਚ ਲੱਖਾਂ ਰੁਪਏ ਜ਼ਿਆਦਾ ਆਮਦਨ ਹੈ। ਬਾਗਬਾਨੀ

(ਬਾਕੀ ਸਫ਼ਾ 31 'ਤੇ)

# ਹਕੂਮਤਾਂ ਨਾਲ ਟੱਕਰ ਲੈਣ ਵਾਲੀਆਂ ਪੰਜਾਬ ਦੀਆਂ ਲਹਿਰਾਂ

## ਪਰਵਾਸੀ ਪੰਜਾਬੀਆਂ ਨੇ ਪੰਜਾਬ ਦੀਆਂ ਲਹਿਰਾਂ ਨੂੰ ਦਿੱਤਾ ਹਰ ਪੱਖੋਂ ਸਹਿਯੋਗ





ਪੰਜਾਬ ਦੀ ਧਰਤੀ ਨੂੰ ਇਹ ਮਾਣ ਹੈ ਕਿ ਇਸ ਪਵਿੱਤਰ ਧਰਤੀ 'ਤੇ ਵੱਖ- ਵੱਖ ਸਮੇਂ ਅਜਿਹੀਆਂ ਲਹਿਰਾਂ ਦਾ ਜਨਮ ਹੋਇਆ, ਜਿਹਨਾਂ ਲਹਿਰਾਂ ਨੇ ਪਰਵਾਸੀ ਪੰਜਾਬੀਆਂ ਦੀ ਮਦਦ ਨਾਲ ਸਮੇਂ ਦੀਆਂ ਹਕੂਮਤਾਂ ਲਈ ਸਿਰਦਰਦੀ ਪੈਦਾ ਕੀਤੀ। ਕਿਹਾ ਜਾ ਸਕਦਾ ਹੈ ਕਿ ਦੇਸ਼ ਦੀ ਆਜ਼ਾਦੀ ਦੀ ਲਹਿਰ ਤੋਂ ਲੈ ਕੇ ਪੰਜਾਬ ਵਿੱਚ ਪੈਦਾ ਹੋਈ ਹਰ ਲਹਿਰ ਨੂੰ ਪਰਵਾਸੀ ਪੰਜਾਬੀਆਂ ਨੇ ਹਰ ਪੱਖੋਂ ਸਹਿਯੋਗ ਦਿੱਤਾ ਹੈ, ਜਿਸ ਕਾਰਨ ਹੀ ਇਹ ਲਹਿਰਾਂ ਆਪਣਾ ਅਸਰ ਦਿਖਾ ਸਕੀਆਂ। ਇਸ ਕਾਰਨ ਇਹਨਾਂ ਲਹਿਰਾਂ ਦੀ ਜਦੋਜਹਿਦ ਵਿੱਚ ਪਰਵਾਸੀ ਪੰਜਾਬੀਆਂ ਦੇ ਯੋਗਦਾਨ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਪੰਜਾਬ ਦੀਆਂ ਲਹਿਰਾਂ ਨੂੰ ਪਰਵਾਸੀਆਂ ਦੀ ਮਾਲੀ ਇਮਦਾਦ ਹਮੇਸ਼ਾ ਤੋਂ ਰਹੀ ਹੈ। ਹੋਰ ਤਾਂ ਹੋਰ ਕਮਿਊਨਿਸਟ ਪਾਰਟੀਆਂ ਤੋਂ ਲੈ ਕੇ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਸਾਰਿਆਂ ਦੇ ਐੱਨਆਈਆਰ ਵਿੰਗ ਬਣੇ ਹੋਏ ਹਨ। ਅੱਜ ਦੀ ਗਲੋਬਲਾਇਜ਼ਡ ਸਿਆਸਤ ਨੇ ਵੀ ਪਰਵਾਸੀ ਭਾਈਚਾਰੇ ਦੇ ਅਸਰ ਨੂੰ ਵਧਾਇਆ ਹੈ।

ਪੰਜਾਬ ਵਿੱਚ ਆਜ਼ਾਦੀ ਤੋਂ ਪਹਿਲਾਂ ਗ਼ਦਰ ਲਹਿਰ, ਬੱਬਰ ਅਕਾਲੀ ਲਹਿਰ, ਕਿਰਤੀ ਲਹਿਰ ਪੈਦਾ ਹੋਈਆਂ। ਆਜ਼ਾਦੀ ਤੋਂ ਬਾਅਦ ਪੰਜਾਬੀਆਂ ਨੇ ਪੰਜਾਬੀ ਸੂਬਾ ਮੋਰਚਾ, ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਲਈ ਲੜਾਈ, ਮੁਜਾਰਾ ਲਹਿਰ, ਨਕਸਲਵਾਦੀ ਲਹਿਰ, ਧਰਮ ਯੁੱਧ ਮੋਰਚਾ, ਖ਼ਾਲਿਸਤਾਨ ਪੱਖੀ ਲਹਿਰ ਅਤੇ 2020-21 ਵਿੱਚ ਲੜੇ ਗਏ ਕਿਸਾਨ ਅੰਦੋਲਨ ਵਰਗੇ ਵੱਡੇ ਸੰਘਰਸ਼ ਲੜੇ ਹਨ। ਵੱਖ- ਵੱਖ ਸਮੇਂ ਇਹਨਾਂ ਲਹਿਰਾਂ ਨੇ ਲੰਬਾ ਸੰਘਰਸ਼ ਕੀਤਾ ਤੇ ਜਨ ਜੀਵਨ ਤੋਂ ਲੈ ਕੇ ਸਿਆਸਤ ਦੇ ਗਲਿਆਰਿਆਂ ਅਤੇ ਹਕੂਮਤ ਨੂੰ ਪ੍ਰਭਾਵਿਤ ਕੀਤਾ।

### ਖੇਤੀ ਕਾਨੂੰਨਾਂ ਖ਼ਿਲਾਫ਼ ਕਿਸਾਨ ਅੰਦੋਲਨ

ਨਵੰਬਰ 2020 ਨੂੰ ਨਰਿੰਦਰ ਮੋਦੀ ਸਰਕਾਰ ਵੱਲੋਂ ਪਾਸ ਕੀਤੇ ਗਏ ਤਿੰਨ ਖੇਤੀ ਕਾਨੂੰਨਾਂ ਖਿਲਾਫ਼ ਪੰਜਾਬ ਤੋਂ ਵੱਡਾ ਕਿਸਾਨੀ ਅੰਦੋਲਨ ਸ਼ੁਰੂ ਹੋਇਆ, ਜੋ ਕਰੀਬ ਇੱਕ ਸਾਲ ਦਿੱਲੀ ਦੀਆਂ ਸਰਹੱਦਾਂ ਉੱਤੇ ਡਟਿਆ ਰਿਹਾ।

ਭਾਵੇਂ ਕਿ ਇਸ ਵਿੱਚ ਹਰਿਆਣਾ, ਯੂਪੀ, ਉੱਤਰਾਖੰਡ, ਮੱਧ ਪ੍ਰਦੇਸ਼, ਰਾਜਸਥਾਨ ਅਤੇ ਹੋਰ ਕਈ ਸੂਬਿਆਂ ਦੇ ਕਿਸਾਨ ਸ਼ਾਮਲ ਸਨ, ਪਰ ਇਸ ਦੀ ਅਗਵਾਈ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਕਰ ਰਹੀਆਂ ਸਨ।

ਇਸ ਅੰਦੋਲਨ ਨੂੰ ਪਰਵਾਸੀ ਭਾਈਚਾਰੇ ਨੇ ਵੱਡਾ ਸਮਰਥਨ ਦਿੱਤਾ ਗਿਆ। ਲੰਗਰ ਲਾਏ ਗਏ, ਜ਼ਰੂਰੀ ਵਸਤਾਂ ਵੰਡੀਆਂ ਗਈਆਂ ਅਤੇ ਆਰਥਿਕ ਮਦਦ ਵੀ ਮਹੱਈਆ ਕਰਵਾਈ ਗਈ।

ਪਰਵਾਸੀ ਭਾਈਚਾਰੇ ਦੇ ਸਮਰਥਨ ਕਾਰਨ ਵੀ ਕਿਸਾਨ ਅੰਦੋਲਨ ਨੂੰ ਕਦੇ ਖਾਲਿਸਤਾਨੀ ਅਤੇ ਕਦੇ ਨਕਸਲਵਾਦੀ ਅੰਦੋਲਨ ਕਿਹਾ ਗਿਆ। ਆਈਐੱਨਏ ਨੇ 40 ਤੋਂ ਵੱਧ ਲੋਕਾਂ ਨੂੰ ਵਿਦੇਸ਼ਾਂ ਵਿੱਚੋਂ ਫੰਡ ਲੈਣ ਲਈ ਨੋਟਿਸ ਵੀ ਭੇਜੇ ਸੀ।

ਕਿਸਾਨ ਅੰਦੋਲਨ ਦਾ ਸਮਰਥਨ ਕਰਨ ਕਰਕੇ ਕਈ ਪਰਵਾਸੀ ਸਿੱਖਾਂ ਜਿਨ੍ਹਾਂ ਕਾਰੋਬਾਰੀ, ਪੱਤਰਕਾਰ ਅਤੇ ਕਾਰਕੁਨ ਸ਼ਾਮਲ ਸਨ, ਨੂੰ ਅੰਦੋਲਨ ਤੋਂ ਬਾਅਦ ਭਾਰਤ ਵਿੱਚ ਦਾਖ਼ਲ ਤੱਕ ਨਹੀਂ ਹੋਣ ਦਿੱਤਾ ਗਿਆ।

ਜਿਵੇਂ -ਜਿਵੇਂ ਭਾਰਤ ਵਿੱਚ ਕਿਸਾਨ ਅੰਦੋਲਨ ਕਰ ਰਹੇ ਸਨ, ਉਵੇਂ ਹੀ ਕੈਨੇਡਾ, ਅਮਰੀਕਾ, ਯੂਕੇ, ਨਿਊਜੀਲੈਂਡ ਅਤੇ ਆਸਟ੍ਰੇਲੀਆਂ ਵਿੱਚ ਰੋਸ ਮਾਰਚ ਹੋ ਰਹੇ ਸਨ। ਇਹ ਪਰਵਾਸੀ ਭਾਈਚਾਰੇ ਦਾ ਹੀ ਪ੍ਰਭਾਵ ਸੀ ਕਿ ਕਿਸਾਨ ਅੰਦੋਲਨ ਦੀ ਗੂੰਜ ਕਈ ਮੁਲਕਾਂ ਦੀ ਸੰਸਦ ਵਿੱਚ ਪਈ ਸੀ।



### ਖ਼ਾਲਿਸਤਾਨ ਲਹਿਰ

ਸੀਨੀਅਰ ਪੱਤਰਕਾਰ ਜਗਤਾਰ ਸਿੰਘ ਇੱਕ ਲੇਖ ਵਿੱਚ ਲਿਖਦੇ ਹਨ, ਖ਼ਾਲਿਸਤਾਨ ਸ਼ਬਦ ਦਾ ਜ਼ਿਕਰ ਭਾਵੇਂ ਭਾਰਤ ਦੀ ਅਜ਼ਾਦੀ ਤੋਂ ਪਹਿਲਾਂ ਹੀ ਮਿਲਦਾ ਹੈ, ਪਰ ਖ਼ਾਲਿਸਤਾਨ ਦੀ ਮੰਗ ਕੁਝ ਸਿੱਖ ਆਗੂਆਂ ਜਿਵੇਂ ਇੰਗਲੈਂਡ ਤੋਂ ਚਰਨ ਸਿੰਘ ਪੰਛੀ ਤੇ ਫ਼ਿਰ 70ਵਿਆਂ ਦੇ ਸ਼ੁਰੂ ਵਿੱਚ ਡਾਕਟਰ ਜਗਜੀਤ ਸਿੰਘ ਚੌਹਾਨ ਨੇ ਕੀਤੀ ਸੀ।

ਡਾ. ਜਗਜੀਤ ਸਿੰਘ ਚੌਹਾਨ 1970ਵੇਂ ਦੇ ਦਹਾਕੇ ਵਿੱਚ ਬਰਤਾਨੀਆ ਨੂੰ ਆਪਣਾ ਆਧਾਰ ਬਣਾ ਕੇ ਅਮਰੀਕਾ ਅਤੇ ਪਾਕਿਸਤਾਨ ਦਾ ਦੌਰਾ ਵੀ ਕਰਦੇ ਰਹੇ ਸਨ।

ਕੁਝ ਨੌਜਵਾਨ ਸਿੱਖਾਂ ਨੇ ਖ਼ਾਲਿਸਤਾਨ ਤੇ ਹੋਰ ਸਿਆਸੀ ਉਦੇਸ਼ਾਂ ਲਈ 1978 ਵਿੱਚ ਚੰਡੀਗੜ੍ਹ ਵਿੱਚ ਦਲ ਖ਼ਾਲਸਾ ਦੀ ਸਥਾਪਨਾ ਕੀਤੀ ਸੀ।

ਜਗਤਾਰ ਸਿੰਘ ਲਿਖਦੇ ਹਨ ਕਿ ਸਿੱਖ ਖਾੜਕੂਆਂ ਦੇ ਸੰਘਰਸ਼ ਦਾ ਪਹਿਲਾ ਗੇੜ ਸਾਲ 1984 ਵਿੱਚ ਸ੍ਰੀ ਦਰਬਾਰ ਸਾਹਿਬ 'ਤੇ ਆਪਰੇਸ਼ਨ ਬਲਿਊ ਸਟਾਰ ਤਹਿਤ ਫ਼ੌਜੀ ਹਮਲੇ ਨਾਲ ਖ਼ਤਮ ਹੋਇਆ। ਇਸ ਨੂੰ 'ਆਪ੍ਰੇਸ਼ਨ ਬਲੂ ਸਟਾਰ' ਕਿਹਾ ਗਿਆ।

ਹਾਲਾਂਕਿ ਇਸ ਹਥਿਆਰਬੰਦ ਸੰਘਰਸ਼ ਦੀ ਅਗਵਾਈ ਕਰਨ ਵਾਲੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਇਸ ਸੰਘਰਸ਼ ਵਿੱਚ ਸ਼ਹੀਦ ਹੋ ਗਏ ਸਨ। ਉਨ੍ਹਾਂ ਨੇ ਕਦੇ ਵੀ ਸਪੱਸ਼ਟ ਤੌਰ 'ਤੇ ਕਦੇ ਇਸ ਦੀ ਮੰਗ ਨਹੀਂ ਸੀ ਕੀਤੀ।

ਹਾਂ, ਪਰ ਉਨ੍ਹਾਂ ਨੇ ਇੱਕ ਨਾਅਰਾ ਜ਼ਰੂਰ ਬਣਾਇਆ ਸੀ, 'ਸ੍ਰੀ ਦਰਬਾਰ ਸਾਹਿਬ 'ਤੇ ਫ਼ੌਜੀ ਹਮਲਾ ਖ਼ਾਲਿਸਤਾਨ ਦੀ ਨੀਂਹ ਰੱਖੇਗਾ।' ਉਨ੍ਹਾਂ ਨੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਵੱਲੋਂ ਅਪਣਾਏ ਗਏ ਸ੍ਰੀ ਆਨੰਦਪੁਰ ਸਾਹਿਬ 1973 ਦੇ ਮਤੇ ਨੂੰ ਲਾਗੂ ਕਰਵਾਉਣ ਲਈ ਦਬਾਅ ਪਾਇਆ ਸੀ।

1980-90 ਵਿਆਂ ਦੌਰਾਨ ਚੱਲੀ ਇਸ ਲਹਿਰ ਵਿੱਚ ਸੈਂਕੜੇ ਲੋਕ ਪੁਲਿਸ ਮੁਕਾਬਲਿਆਂ ਤੇ ਸੁਰੱਖਿਆਂ ਬਲਾਂ ਦੀਆਂ ਕਾਰਵਾਈਆਂ ਅਤੇ ਕੱਟੜਪੰਥੀਆਂ ਹੱਥੋਂ ਮਾਰੇ ਗਏ। ਹਜ਼ਾਰਾਂ ਨੇ ਜੇਲ੍ਹਾਂ ਕੱਟੀਆਂ, ਕੁਝ ਤਾਂ ਅਜੇ ਵੀ ਜੇਲ੍ਹਾਂ ਵਿੱਚ ਬੰਦ ਹਨ।

1984 ਦੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਫੌਜੀ ਕਾਰਵਾਈ ਅਤੇ ਫੇਰ ਨਵੰਬਰ 1984 ਵਿੱਚ ਹੋਏ ਸਿੱਖ ਕਤਲੇਆਮ ਦਾ ਨਿਆਂ ਨਾ ਹੋਣ ਕਾਰਨ ਸਿੱਖ ਭਾਈਚਾਰੇ ਦੇ ਮਨਾਂ ਵਿੱਚ ਰੋਸ ਘਰ ਕਰ ਗਿਆ। ਜਿਸ ਕਾਰਨ ਖ਼ਾਲਿਸਤਾਨ ਲਹਿਰ ਦੇ ਕਾਰਕੁਨਾਂ ਲਈ ਪਰਵਾਸੀ ਭਾਈਚਾਰੇ ਤੋਂ ਸਮਰਥਨ ਹਾਸਲ ਕਰਨਾ ਸੁਖਾਲਾ ਹੈ।ਇਨ੍ਹਾਂ ਘਟਨਾਵਾਂ ਨੂੰ ਜਦੋਂ ਵੀ ਵਿਦੇਸ਼ਾਂ ਵਿੱਚ ਯਾਦ ਕੀਤਾ ਜਾਂਦਾ ਹੈ ਤਾਂ ਵੱਡੇ ਨਗਰ ਕੀਰਤਨ ਹੁੰਦੇ ਹਨ, ਉਨ੍ਹਾਂ ਵਿੱਚ ਵੱਡੀ ਗਿਣਤੀ ਲੋਕ ਸ਼ਾਮਲ ਹੁੰਦੇ ਹਨ, ਖ਼ਾਲਿਸਤਾਨੀ ਸਮਰਥਕ ਵੀ ਇਸ ਵਿੱਚ ਸ਼ਮੂਲੀਅਤ ਕਰਦੇ ਹਨ, ਉਹ ਜਦੋਂ ਆਪਣੀ ਗੱਲ ਖੁੱਲ੍ਹ ਕੇ ਰੱਖਦੇ ਹਨ ਤਾਂ ਅਜਿਹਾ ਪ੍ਰਭਾਵ ਮਿਲਦਾ ਹੈ ਜਿਵੇਂ ਸਾਰਾ ਇਕੱਠ ਖਾਲਿਸਤਾਨ ਦੇ ਹੱਕ ਵਿੱਚ ਹੀ ਹੋਵੇ।

### ਗ਼ਦਰ ਲਹਿਰ

ਡਾਕਟਰ ਹਰੀਸ਼ ਪੁਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਦੇ ਸੇਵਾਮੁਕਤ ਪ੍ਰੋਫੈਸਰ ਹਨ ਅਤੇ ਗ਼ਦਰ ਲਹਿਰ ਬਾਰੇ ਉਨ੍ਹਾਂ ਦੀ ਵਿਸ਼ੇਸ਼ ਮੁਹਾਰਤ ਹੈ। ਉਹਨਾਂ ਦਾ ਕਹਿਣਾ ਹੈ ਕਿ ਗ਼ਦਰ ਲਹਿਰ ਤਾਂ ਨਿਰੋਲ ਪਰਵਾਸੀਆਂ ਦੀ ਲਹਿਰ ਸੀ, ਜਿਸ ਵਿੱਚ ਬਹੁਗਿਣਤੀ ਪੰਜਾਬੀ ਜਾਂ ਸਿੱਖ ਸਨ। ਇਹ ਅਮਰੀਕਾ ਸਣੇ ਕਈ ਮੁਲਕਾਂ ਤੋਂ ਆਪਣੇ ਕਾਰੋਬਾਰ ਛੱਡ ਕੇ, ਘਰ-ਬਾਰ ਤੇ ਜਾਇਦਾਦਾਂ ਵੇਚ ਕੇ ਭਾਰਤ ਦੀ ਆਜ਼ਾਦੀ ਲਈ ਗ਼ਦਰ ਕਰਨ ਆਏ ਸਨ।

21 ਅਪ੍ਰੈਲ 1913 ਨੂੰ ਹੋਂਦ ਵਿੱਚ ਆਈ ਜਥੇਬੰਦੀ ਹਿੰਦੀ ਪੈਸੇਫਿਕ ਐਸੋਸ਼ੀਏਸ਼ਨ ਨੇ ਗ਼ਦਰ ਨਾਂ ਦਾ ਅਖ਼ਬਾਰ ਕੱਢਿਆ ਅਤੇ ਇਹ ਲਹਿਰ, ਗ਼ਦਰ ਪਾਰਟੀ ਦੀ ਲਹਿਰ ਦੇ ਨਾਂ ਨਾਲ ਲੋਕਾਂ ਵਿੱਚ ਮਕਬੂਲ ਹੋਈ। ਇਨ੍ਹਾਂ ਨੇ ਪਹਿਲੀ ਵਿਸ਼ਵ ਜੰਗ ਦੌਰਾਨ 1914 ਵਿੱਚ ਭਾਰਤ ਆ ਕੇ ਬਰਤਾਨਵੀਂ ਭਾਰਤੀ ਫੌਜੀਆਂ ਨੂੰ ਆਪਣੇ ਨਾਲ ਜੋੜ ਕੇ ਗ਼ਦਰ ਕਰਨ ਦੀ ਕੋਸ਼ਿਸ਼ ਕੀਤੀ ਸੀ।

ਸਰਕਾਰੀ ਅੰਕੜਿਆਂ ਮੁਤਾਬਕ 13 ਅਕਤੂਬਰ 1914 ਤੋਂ ਲੈ ਕੇ 25 ਫਰਵਰੀ 1915 ਤੱਕ 2312 ਹਿੰਦੂ ਭਾਰਤ ਵਾਪਸ ਆਏ ਅਤੇ 1916 ਤੱਕ ਗ਼ਦਰੀਆਂ ਦਾ ਭਾਰਤ ਆਉਣਾ ਜਾਰੀ ਰਿਹਾ ਅਤੇ ਇੱਕ ਅੰਦਾਜ਼ੇ ਮੁਤਾਬਕ ਅਜਿਹੇ 8000 ਲੋਕ ਭਾਰਤ ਦੀ ਅਜ਼ਾਦੀ ਲਈ ਅੰਗਰੇਜ਼ਾਂ ਖ਼ਿਲਾਫ਼ ਗ਼ਦਰ ਕਰਨ ਲਈ ਆਏ ਸਨ। ਇਸ ਅੰਕੜੇ ਵਿੱਚ ਕੋਲੰਬੋ ਰੂਟ ਰਾਹੀਂ ਆਉਣ ਵਾਲਿਆਂ ਦੀ ਸਹੀ ਗਿਣਤੀ ਨਹੀਂ ਹੈ। ਫੜ੍ਹੇ ਗਏ ਗ਼ਦਰੀਆਂ ਵਿਚੋਂ 291 ਖ਼ਿਲਾਫ਼ ਲਾਹੌਰ ਸਾਜਿਸ਼ ਕੇਸ ਤਹਿਤ ਮੁਕੱਦਮਾ ਚੱਲਿਆ, ਜਿਨ੍ਹਾਂ ਵਿਚੋਂ 42 ਨੂੰ ਫਾਂਸੀ, 114 ਨੂੰ ਕਾਲ਼ੇ ਪਾਣੀਆਂ ਦੀਆਂ ਸਜ਼ਾਵਾਂ ਅਤੇ 93 ਨੂੰ ਉਮਰ ਕੈਦ ਦੀਆਂ ਸਜ਼ਾਵਾਂ ਹੋਈਆਂ। ਗ਼ਦਰ ਲਹਿਰ ਦੇ ਨਾਲ ਦੂਜੀ ਵੱਡੀ ਘਟਨਾ ਜਿਹੜੀ ਪਰਵਾਸੀ ਭਾਈਚਾਰੇ ਦੇ ਯੋਗਦਾਨ ਨੂੰ ਦਰਸਾਉਂਦੀਹੈ, ਉਹ ਸੀ ਕਾਮਾਗਾਟਾ ਮਾਰੂ ਜਹਾਜ਼ ਵਾਲੀ।

### ਬੱਬਰ ਅਕਾਲੀ ਲਹਿਰ

ਡਾਕਟਰ ਪਰਮਿੰਦਰ ਗੁਰੂ ਨਾਨਕ ਦੇਵ ਯੂਨੀਵਰਿਸਟੀ ਦੇ ਪ੍ਰੋਫੈਸਰ ਹਨ ਅਤੇ ਭਾਰਤ ਦੀ ਅਜ਼ਾਦੀ ਦੀਆਂ ਲਹਿਰਾਂ ਦੀ ਯਾਦ ਵਿੱਚ ਬਣੇ ਅਦਾਰੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੇ ਉੱਪ ਪ੍ਰਧਾਨ ਹਨ। ਗੱਲਬਾਤ ਦੌਰਾਨ ਉਨ੍ਹਾਂ ਦੱਸਿਆ ਕਿ ਗ਼ਦਰ ਲਹਿਰ ਦੇ ਅਸਫ਼ਲ ਹੋਣ ਤੋਂ ਬਾਅਦ ਬਚੇ-ਖੁਚੇ ਗ਼ਦਰੀਆਂ ਅਤੇ ਗੁਰਦੁਆਰਾ ਸੁਧਾਰ ਲਹਿਰ ਦੀ ਅਹਿੰਸਕ ਅਕਾਲੀ ਲਹਿਰ ਤੋਂ ਵੱਖ ਹੋ ਕੇ ਬੱਬਰ ਅਕਾਲੀ ਲਹਿਰ ਚੱਲੀ, ਜਿਸ ਦਾ ਮਕਸਦ ਸਿੱਧੇ ਤੌਰ ਉੱਤੇ ਅੰਗਰੇਜ਼ਾਂ ਅਤੇ ਉਨ੍ਹਾਂ ਦੇ ਸਮਰਥਕਾਂ ਨਾਲ ਨਿਪਟਣਾ ਸੀ।

(ਬਾਕੀ ਸਫ਼ਾ 30 'ਤੇ)





ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

1 ਨਵੰਬਰ ਤੋਂ 7 ਨਵੰਬਰ, 2023

## ਵਿਵਾਦਤ ਫ਼ਿਲਮ: ਸਿੱਖ ਸੰਗਤ ਅਤੇ ਸਿਰਮੌਰ ਸੰਸਥਾਵਾਂ ਦੀ ਭੂਮਿਕਾ

ਵਿਵਾਦਤ ਫ਼ਿਲਮ 'ਦਾਸਤਾਨ-ਏ-ਸਰਹਿੰਦ' ਨੂੰ ਦੁਬਾਰਾ ਤੋਂ ਜਿਉਂ ਹੀ ਫ਼ਿਲਮ ਪ੍ਰੋਡਿਊਸਰ ਪੁਸ਼ਪਿੰਦਰ ਅਤੇ ਗੁਰਪ੍ਰੀਤ ਘੁੱਗੀ ਵੱਲੋਂ ਪੱਤਰਕਾਰ ਮਿਲਣੀ ਰਾਹੀਂ ਐਲਾਨ ਕੀਤਾ ਗਿਆ ਤਾਂ ਸਿੱਖ ਸੰਗਤਾਂ ਨੇ ਫੌਰਨ ਇਸ ਫ਼ਿਲਮ ਨੂੰ ਬੰਦ ਕਰਵਾਉਣ ਲਈ ਆਪਣੇ ਵੱਲੋਂ ਕੋਸ਼ਿਸ਼ਾਂ ਆਰੰਭ ਕਰ ਦਿੱਤੀਆਂ। ਫ਼ਿਲਮ ਪ੍ਰੋਡਿਊਸਰ ਅਤੇ ਗੁਰਪ੍ਰੀਤ ਘੁੱਗੀ ਵੱਲੋਂ ਕਥਿਤ ਤੌਰ 'ਤੇ ਇਸ ਦੀ ਮਨਜ਼ੂਰੀ ਮਿਲ ਜਾਣ ਦੀ ਗੱਲ ਵਾਰ-ਵਾਰ ਕਹੀ ਗਈ। ਇਸ ਸਬੰਧੀ ਸਿੱਖ ਸੰਗਤ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਵਾਲ ਪੁੱਛੇ ਗਏ ਕਿ ਜਦੋਂ ਤੁਸੀਂ ਪਿਛਲੇ ਸਾਲ ਇਸ ਤਰ੍ਹਾਂ ਦੀਆਂ ਸਭ ਫ਼ਿਲਮਾਂ ਨੂੰ ਬੰਦ ਕਰਨ ਦਾ ਮਤਾ ਲਿਖ ਚੁੱਕੇ ਹੋ, ਤਾਂ ਮਨਜ਼ੂਰੀ ਦੇਣ ਦੀ ਕੀ ਤੁਕ ਬਣਦੀ ਹੈ ? ਇਸ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਇਸ ਮਸਲੇ ਪ੍ਰਤੀ ਆਏ ਜਵਾਬ ਵਿੱਚ ਦੱਸਿਆ ਗਿਆ ਕਿ ਉਹਨਾਂ ਵੱਲੋਂ ਫ਼ਿਲਮ ਨੂੰ ਕਿਸੇ ਕਿਸਮ ਦੀ ਕੋਈ ਮਨਜ਼ੂਰੀ ਨਹੀਂ ਦਿੱਤੀ ਅਤੇ ਨਾਲ ਹੀ ਉਹਨਾਂ ਨੇ ਪਿਛਲੇ ਸਾਲ ਵਾਲੇ ਮਤੇ ਦਾ ਹਵਾਲਾ ਦੇ ਕੇ ਫ਼ਿਲਮ ਵਾਲਿਆਂ ਨੂੰ ਫ਼ਿਲਮ ਸਬੰਧੀ ਬੇਨਤੀ ਵੀ ਕੀਤੀ। ਇਸ ਬਿਆਨ ਨੂੰ ਜਾਰੀ ਹੋਏ ਅੱਜ ਹਫਤੇ ਤੋਂ ਵੱਧ ਦਾ ਵੇਲਾ ਲੰਘ ਗਿਆ ਹੈ ਪਰ ਲੱਗਦਾ ਨਹੀਂ ਕਿ ਫ਼ਿਲਮ ਵਾਲਿਆਂ ਵੱਲੋਂ ਸ਼੍ਰੋਮਣੀ ਕਮੇਟੀ ਦੇ ਬਿਆਨ ਦੀ ਥੋੜ੍ਹੀ ਜਿਹੀ ਵੀ ਪ੍ਰਵਾਹ ਕੀਤੀ ਗਈ ਹੋਵੇ। ਇਸ ਦੌਰਾਨ ਫ਼ਿਲਮ ਸਬੰਧੀ ਫ਼ਲੈਕਸਾਂ ਅਤੇ ਪ੍ਰਚਾਰ ਜਾਰੀ ਰਹਿੰਦਾ ਹੈ ਅਤੇ ਫ਼ਿਲਮ ਨਾਲ ਸਬੰਧਿਤ ਗੀਤ ਅਤੇ ਵੱਖ-ਵੱਖ ਨਕਲਚੀਆਂ (ਫ਼ਿਲਮੀ ਕਲਾਕਾਰ) ਵੱਲੋਂ ਫ਼ਿਲਮ ਵੇਖਣ ਜਾਣ ਦੇ ਸੱਦੇ ਆਉਂਦੇ ਰਹਿੰਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇੱਕ ਬਿਆਨ ਤੋਂ ਅੱਗੇ ਜਾ ਕੇ ਇਸ ਫ਼ਿਲਮ ਨੂੰ ਮੁਕੰਮਲ ਤੌਰ 'ਤੇ ਬੰਦ ਕਰਵਾਉਣ ਦਾ ਕੋਈ ਯਤਨ ਨਹੀਂ ਕੀਤਾ। ਸਿੱਖ ਧਾਰਮਿਕ ਵਿਸ਼ਵਾਸ, ਗੁਰਦੁਆਰਾ, ਸਿੱਖ ਰਹਿਤ ਬਹਿਤ ਅਤੇ ਬਾਣੇ ਪ੍ਰਤੀ ਫ਼ਿਲਮਾਂ ਬਣਾਉਣ ਵਾਲਿਆਂ ਵੱਲੋਂ ਭਾਰੀ ਬੇਗਾਨਗੀ ਦਿਖਾਉਂਦਿਆਂ ਇਹਨਾਂ ਨੂੰ ਕੋਹਜ ਤਰੀਕੇ ਦਿਖਾਇਆ ਜਾਂਦਾ ਹੈ ਅਤੇ ਮਨਮੱਤ ਕੀਤੀ ਜਾਂਦੀ ਹੈ। ਗੁਰਦੁਆਰਿਆਂ ਵਿੱਚ ਮਨਮਤ ਅਤੇ ਮਰਿਯਾਦਾ ਤੋਂ ਉਲਟ ਫ਼ਿਲਮਾਉਣ ਦੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਜਦੋਂ ਪੰਜਾਬ ਵਿੱਚ ਹੀ ਫ਼ਿਲਮਾਂ ਬਣਾਉਣ ਵਾਲਿਆਂ ਨੂੰ ਰੋਕਣ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਫਲ ਨਹੀਂ ਹੋ ਰਹੀ ਅਤੇ ਫ਼ਿਲਮਾਂ ਦਾ ਰਾਹ ਖੁੱਲ੍ਹਣ ਦੀ ਢਿੱਲ ਦੇ ਰਹੀ ਹੈ ਤਾਂ ਪੰਜਾਬ ਤੋਂ ਬਾਹਰ ਫ਼ਿਲਮਾਂ ਬਣਾਉਣ ਵਾਲਿਆਂ ਨੂੰ ਕਿਸ ਤਰ੍ਹਾਂ ਸਿੱਖਾਂ ਪ੍ਰਤੀ ਕੋਹਜ ਦਿਖਾਉਣ ਤੋਂ ਰੋਕਿਆ ਜਾ ਸਕੇਗਾ।

ਸੰਗਤਾਂ ਦਾ ਵਿਰੋਧ ਲਗਾਤਾਰ ਜਾਰੀ ਹੈ ਅਤੇ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਈ ਜਾ ਰਹੀ ਹੈ। ਸੰਗਤ ਵੱਲੋਂ ਸਿਨੇਮੇ ਵਾਲਿਆਂ ਨੂੰ ਰੋਕਿਆ ਜਾ ਰਿਹਾ ਹੈ, ਫਿਲਮ ਦੇ ਬੋਰਡ ਹਟਾਏ ਜਾ ਰਹੇ ਹਨ ਅਤੇ ਫਿਲਮ ਨੂੰ ਬੰਦ ਕਰਵਾਉਣ ਲਈ ਹਰ ਸੰਭਵ ਤਰੀਕੇ ਯਤਨ ਕੀਤੇ ਜਾ ਰਹੇ ਹਨ ਪਰ ਸ਼੍ਰੋਮਣੀ ਕਮੇਟੀ ਵੱਲੋਂ ਇੱਕ ਤਰ੍ਹਾਂ ਚੁੱਪ ਹੀ ਵੱਟੀ ਹੋਈ ਹੈ। ਬੀਤੇ ਵਰ੍ਹਿਆਂ ਦੌਰਾਨ ਜਿੰਨੀਆਂ ਵੀ ਸਿੱਖ ਇਤਿਹਾਸ ਉਪਰ ਜਾਂ ਧਾਰਮਿਕ ਫਿਲਮਾਂ ਬਣੀਆਂ ਹਨ ਉਹਨਾਂ ਸਾਰਿਆਂ ਬਾਰੇ ਹਰ ਵਾਰ ਸਿੱਖ ਸੰਗਤ ਦੇ ਵੱਡੇ ਹਿੱਸੇ ਵੱਲੋਂ ਇਤਰਾਜ਼ ਜਤਾਇਆ ਜਾਂਦਾ ਹੈ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਢਿੱਲ ਦੇ ਕਰਕੇ ਹੌਲੀ-ਹੌਲੀ ਸਿਨਮਾ ਮੰਡੀ ਦੇ ਰਾਹ ਖੁੱਲ੍ਹਦੇ ਜਾ ਰਹੇ ਹਨ। ਜਿਹੜੀ ਗੱਲ ਪ੍ਰਤੀ ਸਿੱਖ ਸੰਗਤ ਸੁਚੇਤ ਹੈ ਅਤੇ ਹਰ ਵਾਰ ਆਪਣੀਆਂ ਸਿਰਮੌਰ ਸੰਸਥਾਵਾਂ ਨੂੰ ਇਸ ਗਲਤ ਕਵਾਇਦ ਤੋਂ ਜਾਣੂ ਕਰਵਾਉਂਦੀ ਹੈ, ਉਸ ਗੱਲ ਪ੍ਰਤੀ ਇਹਨਾਂ ਸੰਸਥਾਵਾਂ ਦੀ ਅਜਿਹੀ ਚੁੱਪ ਦੇ ਬਹੁਤ ਖਤਰਨਾਕ ਮਾਇਨੇ ਹਨ।

ਪੱਤਰਕਾਰ ਮਿਲਣੀ ਵਿੱਚ ਸਿੱਖ ਸੰਗਤ ਨੂੰ ਫਿਲਮ ਪ੍ਰੋਡਿਊਸਰ ਪੁਸ਼ਪਿੰਦਰ ਸਾਰੋਂ ਬਾਰੇ ਪਤਾ ਲੱਗਦਾ ਹੈ। ਹੁਣ ਇਸ ਪ੍ਰੋਡਿਊਸਰ ਦੇ ਘਟੀਆ ਕਿਰਦਾਰ ਬਾਰੇ ਵੀ ਸੰਗਤ ਨੂੰ ਚਾਨਣਾ ਹੋ ਗਿਆ ਹੈ। ਪੁਸ਼ਪਿੰਦਰ ਸਾਰੋਂ ਦੇ ਕਹਿਣ ਅਨੁਸਾਰ ਉਹ ਸਿੱਖ ਧਰਮ ਦਾ ਪ੍ਰਚਾਰ ਚਾਹੁੰਦਾ ਹੈ। ਪਰ ਪੁਸ਼ਪਿੰਦਰ ਸਾਰੋਂ ਖੁਦ ਅਧਰਮ ਦੇ ਅਨੇਕ ਧੰਦੇ ਕਰਦਾ ਹੈ, ਜਿਸ ਵਿੱਚ ਉਹ ਸਿਨਮਿਆਂ ਦਾ ਮਾਲਕ ਹੈ, ਇੱਕ ਬੀਅਰ ਬਾਰ ਚਲਾਉਂਦਾ ਹੈ। ਇਹੀ ਨਹੀਂ ਸੋਸ਼ਲ ਮੀਡੀਆ ਵਿੱਚ ਪੁਸ਼ਪਿੰਦਰ ਸਾਰੋਂ ਬਾਰੇ ਆਈ ਜਾਣਕਾਰੀ ਅਨੁਸਾਰ ਇਹਨਾਂ ਸਿਨਮਿਆਂ ਵਿੱਚ ਉਸਨੇ ਸੰਨ 2017 ਵਿੱਚ ਸਿਰਸੇ ਵਾਲੇ ਗੁਰਮੀਤ ਰਾਮ ਰਹੀਮ ਦੀਆਂ ਫ਼ਿਲਮਾਂ ਵੀ ਸਿੱਖ ਸੰਗਤ ਦੀਆਂ ਭਾਵਨਾਵਾਂ ਦੇ ਵਿਰੁੱਧ ਦਿਖਾਈਆਂ ਹਨ। ਇਹਨਾਂ ਗੱਲਾਂ ਤੋਂ ਸਿੱਧ ਇਹ ਸਪਸ਼ਟ ਹੁੰਦਾ ਹੈ ਕਿ ਇਹ ਫਿਲਮਾਂ ਵਾਲੇ ਲੋਕ ਮਾਇਆਧਾਰੀ ਹਨ। ਜਦੋਂ ਸਰਸੇ ਵਾਲੇ ਦੀਆਂ ਫ਼ਿਲਮਾਂ ਚਲਾ ਕੇ ਇਹਨਾਂ ਨੂੰ ਕਮਾਈ ਹੋਣੀ ਸੀ, ਉਦੋਂ ਇਹਨਾਂ ਨੇ ਖ਼ੂਬ ਕਮਾਈ ਕੀਤੀ। ਹੁਣ ਸਿੱਖ ਇਤਿਹਾਸ ਦੀ ਘਟੀਆ ਤਰੀਕੇ ਰਾਹੀਂ ਨਕਲ ਤੋਂ ਕਮਾਈਆਂ ਕਰਨ ਦੇ ਲਈ ਫ਼ਿਲਮਾਂ ਬਣਾਉਣ ਦੀ ਜ਼ਿੱਦ ਲਗਾਤਾਰ ਵਿਰੋਧ ਦੇ ਬਾਵਜੂਦ ਜਾਰੀ ਹੈ। ਇਹਨਾਂ ਸਭ ਗੱਲਾਂ ਤੋਂ ਜਾਣੂ ਹੋਣ ਤੋਂ ਬਾਅਦ ਪਿਛਲੇ ਜਦੋਂ ਪੁਸ਼ਪਿੰਦਰ ਸਾਰੋਂ ਨੂੰ ਇੱਕ ਗੁਰੂ ਘਰ ਵਿੱਚ ਸਮਾਗਮ ਦੌਰਾਨ ਸਨਮਾਨ ਕਰਵਾਉਣ ਲਈ ਬੁਲਾਇਆ ਜਾ ਰਿਹਾ ਸੀ, ਉਦੋਂ ਸਿੱਖ ਸੰਗਤ ਵੱਲੋਂ ਸੁਚੇਤਤਾ ਵਰਤਦਿਆਂ ਉਸ ਨੂੰ ਰੋਕ ਦਿੱਤਾ ਗਿਆ।

ਇਸ ਸਭ ਦੇ ਚੱਲਦਿਆਂ ਪੰਥ ਦੀਆਂ ਸਾਰੀਆਂ ਸੰਸਥਾਵਾਂ ਨੂੰ ਅਜਿਹੀਆਂ ਫ਼ਿਲਮਾਂ ਬਣਨ 'ਤੇ ਪੂਰਨ ਰੋਕ ਲਗਾਉਣ ਲਈ ਚਾਰਾਜੋਈ ਅਰੰਭਣੀ ਅਤੇ ਉਸ 'ਤੇ ਸਖ਼ਤੀ ਨਾਲ ਪਹਿਰਾ ਦੇਣਾ ਚਾਹੀਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣਾ ਸਿਆਸੀ ਰਸੂਖ ਵਰਤਦਿਆਂ ਪ੍ਰਸ਼ਾਸਨਿਕ ਪੱਧਰ ਉੱਤੇ ਇਸ ਫ਼ਿਲਮ ਨੂੰ ਪੱਕੇ ਤੌਰ 'ਤੇ ਬੰਦ ਕਰਵਾਉਣ ਦੇ ਲਈ ਕਾਰਵਾਈ ਅਰੰਭਣੀ ਚਾਹੀਦੀ ਹੈ। ਇਹ ਅਜਿਹਾ ਸਮਾਂ ਨਹੀਂ ਹੈ, ਜਦੋਂ ਸਿਰਫ਼ ਬਿਆਨ ਦੇ ਕੇ ਹੀ ਬੁੱਤਾ ਸਾਰ ਦਿੱਤਾ ਜਾਵੇ। ਹੁਣ ਬਿਆਨਾਂ ਤੋਂ ਅੱਗੇ ਵਧਣਾ ਪਵੇਗਾ। ਇਹ ਸਾਰੀ ਢਿੱਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੀ ਹੈ ਕਿਉਂਕਿ ਬੀਤੇ ਵਿੱਚ ਅਜਿਹੇ ਫੈਸਲੇ ਇਹ ਕਮੇਟੀ ਲੈ ਰਹੀ ਹੈ ਪਰ ਨਾਲ ਇਹ ਵੀ ਬੀਤੇ ਵਿੱਚ ਗੜਬੜ ਹੋਈ ਹੈ ਕਿ ਜਿਹੜੇ ਫੈਸਲੇ ਅਕਾਲ ਤਖਤ ਸਾਹਿਬ ਤੋਂ ਹੋਣੇ ਚਾਹੀਦੇ ਸਨ ਉਹ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲੈ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਿਆਂ ਦੇ ਸੁਚੱਜੇ ਪ੍ਰਬੰਧ ਲਈ ਹੈ ਅਤੇ ਚਾਹੀਦਾ ਤਾਂ ਇਹ ਹੈ ਕਿ ਅਜਿਹੇ ਮਸਲਿਆਂ 'ਤੇ ਫੈਸਲੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੀ ਹੋਣ। ਇਤਿਹਾਸ ਦਾ ਇਹ ਸਮਾਂ ਬਹੁਤ ਅਹਿਮ ਹੈ, ਇਹਨਾਂ ਸੰਸਥਾਵਾਂ ਤੋਂ ਪੰਥ ਦੇ ਠੋਸ ਫੈਸਲੇ ਹੋਣੇ ਚਾਹੀਦੇ ਹਨ।

**-ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਵੱਡੇ ਕਰਜ਼ੇ ਦੇ ਜਾਲ਼ ਵਿੱਚ ਫ਼ਸੇ ਪੰਜਾਬ ਨੂੰ ਕੇਂਦਰ ਸਰਕਾਰ ਦੇਵੇ ਵਿਸ਼ੇਸ਼ ਪੈਕੇਜ



ਡਾ. ਸ.ਸ. ਛੀਨਾ




ਵੀਹਵੀਂ ਸਦੀ ਦੇ ਅੰਤ ਤੱਕ ਪੰਜਾਬ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਭਾਰਤ ਵਿੱਚ ਪਹਿਲੇ ਨੰਬਰ ਦਾ ਪ੍ਰਾਂਤ ਸੀ ਜੋ ਖਿਸਕਦਾ ਹੋਇਆ ਹੁਣ 12ਵੇਂ ਸਥਾਨ 'ਤੇ ਪਹੁੰਚ ਗਿਆ ਹੈ। ਭਾਵੇਂ ਪੰਜਾਬ ਦੀ ਬੰਦਰਗਾਹਾਂ ਤੋਂ 1500 ਕਿਲੋਮੀਟਰ ਦੀ ਦੂਰੀ ਹੈ ਪਰ ਇੱਥੋਂ ਦੀਆਂ ਖੇਤੀ ਤੇ ਉਦਯੋਗਿਕ ਵਸਤਾਂ ਦੀ ਬਰਾਮਦ, ਬੰਦਰਗਾਹਾਂ 'ਤੇ ਸਥਿਤ ਪ੍ਰਾਂਤਾਂ ਮਹਾਰਾਸ਼ਟਰ, ਗੁਜਰਾਤ ਅਤੇ ਤਾਮਿਲਨਾਡੂ ਦੇ ਬਰਾਬਰ ਸੀ ਜੋ ਹੁਣ 15ਵੇਂ ਸਥਾਨ 'ਤੇ ਪਹੁੰਚ ਗਈ ਹੈ।

ਇਹ ਭਾਵੇਂ ਅਜੇ ਵੀ ਖੇਤੀ ਵਿੱਚ ਸਭ ਤੋਂ ਵੱਧ ਵਿਕਸਤ ਪ੍ਰਾਂਤ ਹੈ ਅਤੇ ਦੇਸ਼ ਦੇ ਅੰਨ ਭੰਡਾਰਾਂ ਵਿੱਚ ਕਣਕ ਅਤੇ ਚੌਲਾਂ ਦੇ ਭੰਡਾਰਾਂ ਵਿੱਚ ਪੰਜਾਬ ਦਾ ਹਿੱਸਾ ਹਾਲੇ ਵੀ 37 ਫ਼ੀਸਦੀ ਦੇ ਬਰਾਬਰ ਹੈ, ਡੇਅਰੀ ਦਾ ਪ੍ਰਾਂਤ ਦੇ ਘਰੇਲੂ ਉਤਪਾਦਨ ਵਿੱਚ 9 ਫ਼ੀਸਦੀ ਹਿੱਸਾ ਹੈ ਜਦਕਿ ਰਾਸ਼ਟਰੀ ਪੱਧਰ 'ਤੇ ਇਹ 5 ਪ੍ਰਤੀਸ਼ਤ ਹੈ ਪਰ ਇਸ ਦੇ ਬਾਵਜੂਦ ਪੰਜਾਬ ਬੁਰੀ ਤਰ੍ਹਾਂ ਕਰਜ਼ੇ ਦੇ ਜਾਲ ਵਿੱਚ ਫਸਿਆ ਹੋਇਆ ਹੈ ਤੇ ਉਹ ਕਰਜ਼ਾ ਪ੍ਰਾਂਤ ਵਿੱਚ ਮਿਲਣ ਵਾਲੀ ਸਮਾਜਿਕ ਸੁਰੱਖਿਆ ਅਤੇ ਵਿਕਾਸ ਵਿੱਚ ਸਭ ਤੋਂ ਵੱਡੀ ਰੁਕਾਵਟ ਬਣਿਆ ਹੋਇਆ ਹੈ। ਪੰਜਾਬ ਸਰਕਾਰ ਸਿਰ 1980-81 ਵਿੱਚ ਸਿਰਫ਼ 1009 ਕਰੋੜ ਰੁਪਏ ਦਾ ਕਰਜ਼ਾ ਸੀ ਜਿਹੜਾ 10 ਸਾਲਾਂ ਵਿੱਚ ਵਧ ਕੇ 1990-91 ਵਿੱਚ 7102 ਕਰੋੜ ਹੋ ਗਿਆ ਜਿਸ ਨੂੰ ਉਸ ਵਕਤ ਬਹੁਤ ਵੱਡਾ ਬੋਝ ਸਮਝਿਆ ਜਾਂਦਾ ਸੀ ਪਰ ਉਸ ਤੋਂ ਬਾਅਦ ਤਾਂ ਇਹ ਕਰਜ਼ਾ ਛਾਲਾਂ ਮਾਰਦਾ ਹੋਇਆ ਵਧਦਾ ਗਿਆ। ਅਗਲੇ ਦਸ ਸਾਲਾਂ ਜਾਂ 2000-10 ਵਿੱਚ ਇਹ ਤੇਜ਼ੀ ਨਾਲ ਵਧ ਕੇ 34063 ਕਰੋੜ ਹੋਇਆ ਅਤੇ ਉਸ ਤੋਂ ਬਾਅਦ ਇਸ ਦੇ ਵਧਣ ਦੀ ਰਫ਼ਤਾਰ ਵਿੱਚ ਤੇਜ਼ੀ ਹੀ ਆਉਂਦੀ ਗਈ ਭਾਵੇਂ ਕਿ 1980 ਤੋਂ 2000 ਤੱਕ ਦੇ 20 ਸਾਲਾਂ ਵਿੱਚ ਇਹ 33 ਕਰੋੜ ਹੀ ਵਧਿਆ ਸੀ ਪਰ 2010-11 ਤੱਕ ਇਹ 50 ਹਜ਼ਾਰ ਕਰੋੜ ਰੁਪਏ ਵਧ ਕੇ 83009 ਹਜ਼ਾਰ ਕਰੋੜ ਰੁਪਏ ਹੋ ਗਿਆ ਸੀ। ਪਰ 2021-22 ਵਿੱਚ ਇਹ 2 ਲੱਖ 81 ਹਜ਼ਾਰ ਕਰੋੜ ਅਤੇ ਫਿਰ ਹੋਰ ਤੇਜ਼ੀ ਨਾਲ 2022-23 ਵਿੱਚ 3 ਲੱਖ 12 ਹਜ਼ਾਰ ਕਰੋੜ ਅਤੇ 2023-24 ਵਿੱਚ 3 ਲੱਖ 47 ਹਜ਼ਾਰ ਕਰੋੜ ਰੁਪਏ ਦਾ ਹੋ ਗਿਆ।

ਭਾਵ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ 18 ਮਹੀਨੇ ਵਿੱਚ ਹੀ ਇਸ ਵਿੱਚ 50 ਹਜ਼ਾਰ ਕਰੋੜ ਰੁਪਏ ਦਾ ਹੋਰ ਵਾਧਾ ਹੋ ਗਿਆ ਜਿਸ ਸਬੰਧੀ ਗਵਰਨਰ ਪੰਜਾਬ ਨੇ ਇਸ ਦੀ ਵਰਤੋਂ ਬਾਰੇ ਪੁੱਛਗਿੱਛ ਵੀ ਕੀਤੀ ਅਤੇ ਵਿੱਤ ਮੰਤਰੀ ਵੱਲੋਂ ਇਸ ਦਾ ਜਵਾਬ ਵੀ ਦਿੱਤਾ ਗਿਆ। ਕਿਸੇ ਵੀ ਪ੍ਰਾਂਤ ਦੀ ਆਮਦਨ ਜਾਂ ਖ਼ਰਚ ਵਿੱਚ ਪ੍ਰਾਂਤ ਦੇ ਲੋਕਾਂ ਦਾ ਬਰਾਬਰ ਦਾ ਹਿੱਸਾ ਹੈ। ਜੇ ਇਕ ਪ੍ਰਾਂਤ ਕਰਜ਼ਾ ਮੁਕਤ ਹੈ ਅਤੇ ਉਸ ਦੀ ਸਾਲਾਨਾ ਆਮਦਨ ਟੈਕਸਾਂ ਤੋਂ ਜਾਂ ਟੈਕਸਾਂ ਤੋਂ ਬਾਹਰੋਂ ਜਨਤਕ ਵਪਾਰਕ ਕੰਮਾਂ ਵਿੱਚੋਂ ਜ਼ਿਆਦਾ ਹੈ ਤਾਂ ਸਰਕਾਰ ਉਸ ਨਾਲ ਆਪਣੀ ਜਨਤਾ ਨੂੰ ਹੋਰ ਸਮਾਜਿਕ ਸੁਰੱਖਿਆ ਅਤੇ ਸਹੂਲਤਾਂ ਦੇ ਸਕਦੀ ਹੈ ਪਰ ਜੇ ਸਰਕਾਰ ਕਰਜ਼ੇ ਦੇ ਬੋਝ ਥੱਲੇ ਹੈ ਤਾਂ ਉਹ ਕਰਜ਼ਾ ਕਿਸੇ ਮੰਤਰੀ ਨੇ ਨਹੀਂ ਦੇਣਾ ਬਲਕਿ ਪ੍ਰਾਂਤ ਦੀ ਜਨਤਾ 'ਤੇ ਭਾਰ ਹੈ।

ਇਸ ਵਕਤ ਪੰਜਾਬ ਵਿੱਚ ਪ੍ਰਤੀ ਵਿਅਕਤੀ ਕਰਜ਼ਾ ਦੇਸ਼ ਭਰ ਵਿੱਚ ਜ਼ਿਆਦਾ ਹੋਣ ਦੇ ਬਾਵਜੂਦ ਪੰਜਾਬ ਦੀ ਜਨਤਾ ਨੂੰ ਮਿਲਣ ਵਾਲੀਆਂ ਸਹੂਲਤਾਂ ਦੇਣ ਦਾ ਐਲਾਨ ਕੀਤਾ ਗਿਆ ਸੀ ਜਿਹੜਾ ਕਿਸੇ ਤਰਕ 'ਤੇ ਆਧਾਰਤ ਨਹੀਂ ਸੀ। ਉਸ ਵਿੱਚੋਂ ਹੀ ਹਰ ਬਾਲਗ ਔਰਤ ਨੂੰ ਪ੍ਰਤੀ ਮਹੀਨਾ 1000 ਰੁਪਏ ਦੇਣ ਦਾ ਵਾਅਦਾ ਹਾਲੇ ਪੂਰਾ ਨਹੀਂ ਕੀਤਾ ਗਿਆ। ਕਰਜ਼ੇ ਦੇ ਬੋਝ ਨੂੰ ਜੇ ਪ੍ਰਾਂਤ ਵਿੱਚ ਹੋਣ ਵਾਲੇ ਕੁੱਲ ਘਰੇਲੂ ਉਤਪਾਦਨ ਦੇ ਅਨੁਪਾਤ ਨਾਲ ਵਾਚਿਆ ਜਾਵੇ ਤਾਂ ਉਸ ਹਿਸਾਬ ਨਾਲ ਵੀ ਪੰਜਾਬ ਵੱਡੇ ਬੋਝ ਥੱਲੇ ਹੈ। ਸੰਨ 1990-91 ਵਿੱਚ ਭਾਵੇਂ ਕਰਜ਼ਾ ਬਹੁਤ ਘੱਟ ਸੀ ਪਰ ਫਿਰ ਵੀ ਪ੍ਰਾਂਤਾਂ ਦੇ ਕੁੱਲ ਘਰੇਲੂ ਉਤਪਾਦਨ ਅਤੇ ਪ੍ਰਾਂਤ ਸਰਕਾਰ ਸਿਰ ਕਰਜ਼ੇ ਦਾ ਅਨੁਪਾਤ 37.6 ਫ਼ੀਸਦੀ ਸੀ। ਉਸ ਤੋਂ ਬਾਅਦ ਪ੍ਰਾਂਤ ਵਿੱਚ ਕੁੱਲ ਘਰੇਲੂ ਉਤਪਾਦਨ ਵਿੱਚ ਵੱਡਾ ਵਾਧਾ ਹੁੰਦਾ ਰਿਹਾ ਪਰ ਕਰਜ਼ਾ ਵੀ ਸਥਿਰ ਨਾ ਰਿਹਾ ਅਤੇ ਨਾ ਘਟਿਆ। ਇਸ ਲਈ 2021-22 ਵਿੱਚ ਇਹ ਅਨੁਪਾਤ 48.2 ਫ਼ੀਸਦੀ ਹੋ ਗਿਆ ਅਤੇ 2022-23 ਵਿੱਚ ਭਾਵੇਂ ਕੁੱਲ ਘਰੇਲੂ ਉਤਪਾਦਨ ਵਿੱਚ ਵੀ ਵੱਡਾ ਵਾਧਾ ਹੋਇਆ ਪਰ ਕਰਜ਼ੇ ਵਿੱਚ ਵਾਧਾ ਹੋਣ ਕਰਕੇ ਇਹ ਅਨੁਪਾਤ 49.7 ਫ਼ੀਸਦੀ ਹੋ ਗਿਆ। ਜਿਸ ਹਿਸਾਬ ਨਾਲ ਕਰਜ਼ਾ ਲਿਆ ਜਾ ਰਿਹਾ ਹੈ ਅਤੇ ਉਤਾਰਿਆ ਨਹੀਂ ਜਾ ਰਿਹਾ, ਇਹ 2023-24 ਦੇ ਸਾਲ ਵਿੱਚ 50 ਪ੍ਰਤੀਸ਼ਤ ਤੋਂ ਵੀ ਵੱਧ ਹੋ ਜਾਵੇਗਾ। ਕਰਜ਼ਾ ਮਾਪਣ ਲਈ ਸਾਲਾਨਾ ਔਸਤ ਕਰਜ਼ਾ ਇਕ ਹੋਰ ਢੰਗ ਹੈ।

ਉਸ ਅਨੁਸਾਰ ਵੀ 2018 ਤੋਂ 2021 ਤੱਕ ਹਰ ਸਾਲ ਸਾਲਾਨਾ 19849 ਕਰੋੜ ਰੁਪਏ ਦਾ ਕਰਜ਼ਾ ਲਿਆ ਗਿਆ ਜਿਹੜਾ 2002 ਤੋਂ 2006 ਤਕ ਸਿਰਫ਼ 3118 ਕਰੋੜ ਰੁਪਏ ਸਾਲਾਨਾ ਸੀ। ਪਰ ਇਸ ਕਰਜ਼ੇ ਦੀ ਔਸਤ ਵਿੱਚ ਸਾਲਾਨਾ ਵਾਧਾ ਕਿਉਂ ਹੁੰਦਾ ਗਿਆ ? ਕੀ ਇਸ ਨਾਲ ਜਨਤਕ ਉਦਯੋਗਿਕ ਇਕਾਈਆ ਸਥਾਪਤ ਕੀਤੀਆਂ ਗਈਆਂ ਜਾਂ ਉਹ ਜਨਤਕ ਸਹੂਲਤਾਂ ਪੈਦਾ ਕੀਤੀਆਂ ਗਈਆਂ ਜਿਨ੍ਹਾਂ ਨਾਲ ਪ੍ਰਾਂਤ ਵਿੱਚ ਰੁਜ਼ਗਾਰ, ਉਤਪਾਦਨ, ਆਮਦਨ ਜਾਂ ਖ਼ੁਸ਼ਹਾਲੀ ਵਿੱਚ ਵਾਧਾ ਹੋਇਆ।

ਇਸ ਦਾ ਜਵਾਬ ਵੀ ਅਸਪਸ਼ਟ ਹੈ। ਜਦਕਿ ਦੂਸਰੀ ਤਰਫ਼ ਖੇਤੀ ਜੋ ਪੰਜਾਬ ਦਾ ਅਜੇ ਵੀ ਮੁੱਖ ਪੇਸ਼ਾ ਹੈ, ਖੇਤੀ ਵਿੱਚ ਲੱਗੇ ਕਿਸਾਨਾਂ ਸਿਰ ਪ੍ਰਤੀ ਕਿਸਾਨ ਘਰ ਕਰਜ਼ਾ ਦੇਸ਼ ਭਰ ਵਿੱਚ ਸਭ ਤੋਂ ਜ਼ਿਆਦਾ ਹੈ। ਬੇਰੁਜ਼ਗਾਰੀ ਹੋਣ ਕਰਕੇ ਪ੍ਰਾਂਤ ਦੇ ਨੌਜਵਾਨ ਆਪਣੀਆਂ ਜ਼ਮੀਨਾਂ ਤੇ ਜਾਇਦਾਦਾਂ ਵੇਚ ਕੇ ਨੌਕਰੀਆਂ ਕਰਨ ਖ਼ਾਤਰ ਵਿਦੇਸ਼ਾਂ ਵਿੱਚ ਜਾ ਰਹੇ ਹਨ ਜੋ ਪ੍ਰਾਂਤ ਦੀ ਕਮਜ਼ੋਰ ਆਰਥਿਕ ਸਥਿਤੀ ਦਾ ਸੂਚਕ ਹੈ ਅਤੇ ਨੌਜਵਾਨ ਪੀੜ੍ਹੀ ਮੰਗ ਕਰਦੀ ਹੈ ਕਿ ਉਹ ਉਪਾਅ ਜ਼ਰੂਰ ਅਮਲ ਵਿੱਚ ਲਿਆਂਦੇ ਜਾਣ ਜਿਨ੍ਹਾਂ ਨਾਲ ਪ੍ਰਾਂਤ ਦਾ ਕਰਜ਼ਾ ਘੱਟ ਹੋਵੇ ਅਤੇ ਅੱਗੇ ਵਾਸਤੇ ਨਾ ਵਧੇ ਅਤੇ ਸਾਧਨਾਂ ਨੂੰ ਪ੍ਰਾਂਤ ਦੇ ਉਦਯੋਗਿਕ ਵਿਕਾਸ ਲਈ ਵਰਤਿਆ ਜਾਵੇ।

ਨੇਤਾਵਾਂ ਨੂੰ ਸਦਾ ਚੱਲਣ ਵਾਲੇ ਵਿਕਾਸ ਦਾ ਉਦੇਸ਼ ਸਾਹਮਣੇ ਰੱਖਦੇ ਹੋਏ ਸੁਲਝੇ ਨੀਤੀਵਾਨਾਂ ਵਾਲੀ ਨੀਤੀ ਅਪਣਾਉਣੀ ਪਵੇਗੀ ਜਿਸ ਵਿੱਚ ਤਾਕਤ ਨਾਲ ਚਿੰਬੜੇ ਰਹਿਣ ਦੀ ਬਜਾਏ ਲੋਕ ਭਲਾਈ ਦਾ ਉਦੇਸ਼ ਹੋਵੇ। ਔਰਤਾਂ ਨੂੰ ਬੱਸਾਂ ਵਿੱਚ ਮੁਫ਼ਤ ਸਫ਼ਰ ਦੀ ਸਹੂਲਤ ਦੇਣ ਵਿੱਚ ਕਿਹੜੀ ਲੋਕ ਭਲਾਈ ਹੈ। ਹਰ ਬੇਰੁਜ਼ਗਾਰ ਲਈ ਰੁਜ਼ਗਾਰ ਭੱਤਾ ਦੇਣ ਦਾ ਤਾਂ ਠੋਸ ਤਰਕ ਹੈ।

ਹਰ ਬਾਲਗ ਔਰਤ ਨੂੰ ਇਕ ਹਜ਼ਾਰ ਮਹੀਨਾ ਭੱਤਾ ਦੇਣ ਦਾ ਕੀ ਤਰਕ ਹੈ। ਬਿਜਲੀ ਦੀ ਸਬਸਿਡੀ 'ਤੇ ਹਜ਼ਾਰਾਂ ਕਰੋੜ ਰੁਪਏ ਸਾਲਾਨਾ ਦਿੱਤੇ ਜਾ ਰਹੇ ਹਨ। ਮੁਫ਼ਤ ਬਿਜਲੀ ਦੇਣ ਨਾਲ ਓਨੀ ਬਿਜਲੀ ਵਰਤੀ ਨਹੀਂ ਜਾਂਦੀ ਜਿੰਨੀ ਜ਼ਾਇਆ ਜਾਂਦੀ ਹੈ ਕਿਉਂ ਜੋ ਉਸ ਲਈ ਕਿਹੜਾ ਬਿੱਲ ਦੇਣਾ ਹੈ ਪਰ ਬਿਜਲੀ ਪੈਦਾ ਕਰਨ 'ਤੇ ਲਾਗਤ ਤਾਂ ਆਉਂਦੀ ਹੈ। ਉਹ ਕਿੱਥੋਂ ਪੂਰੀ ਕਰਨੀ ਹੈ ? ਬਿਜਲੀ ਮੁਫ਼ਤ ਹੋਣ ਕਰਕੇ ਪੰਜਾਬ ਵਿੱਚ 14 ਕੁ ਲੱਖ ਟਿਊਬਵੈੱਲ ਦਿਨ-ਰਾਤ ਪਾਣੀ ਬਾਹਰ ਕੱਢ ਰਹੇ ਹਨ ਜਿਹੜਾ ਜ਼ਰੂਰਤ ਤੋਂ ਵੀ ਜ਼ਿਆਦਾ ਕੱਢਿਆ ਜਾ ਰਿਹਾ ਹੈ ਜਿਸ ਨੇ ਧਰਤੀ ਹੇਠਲੇ ਪਾਣੀ ਨੂੰ ਤਾਂ ਡੂੰਘਾ ਕੀਤਾ ਹੀ ਹੈ, ਨਾਲ ਹੀ ਵਾਤਾਵਰਨ ਵਿੱਚ ਵਿਗਾੜ ਪੈਦਾ ਕਰ ਦਿੱਤਾ ਹੈ। ਬਿਜਲੀ ਸਸਤੀ ਹੋਣ ਦਾ ਤਾਂ ਤਰਕ ਹੈ, ਬਿਲਕੁਲ ਮੁਫ਼ਤ ਦਾ ਕੋਈ ਤਰਕ ਨਹੀਂ। ਪੰਜਾਬ ਵਿਚ 1960 ਤੋਂ ਪਹਿਲਾਂ ਜਨਤਕ ਕਾਰੋਬਾਰ ਜਿਵੇਂ ਬੱਸਾਂ, ਹੋਟਲ, ਖੰਡ ਮਿੱਲਾਂ ਆਦਿ ਸਰਕਾਰੀ ਖੇਤਰ ਅੰਦਰ ਖੋਲ੍ਹੀਆਂ ਗਈਆਂ ਸਨ। ਜੇ ਉਹ ਜਨਤਕ ਅਦਾਰੇ ਲਾਭ ਕਮਾਉਂਦੇ ਤਾਂ ਲੋਕਾਂ ਨੂੰ ਰਿਆਇਤ ਮਿਲਣੀ ਸੀ ਪਰ ਉਹ ਸਭ ਘਾਟੇ ਵਿੱਚ ਗਏ ਅਤੇ ਰਿਆਇਤ ਦੀ ਜਗ੍ਹਾ ਉਹ ਬੋਝ ਬਣ ਗਏ। ਪ੍ਰਬੰਧਕੀ ਤੌਰ 'ਤੇ ਸਖ਼ਤ ਅਤੇ ਲੋਕ ਹਿੱਤ ਦੇ ਫ਼ੈਸਲੇ ਲੈਣੇ ਪੈਣਗੇ।

ਜੇ ਜਨਤਕ ਇਕਾਈਆਂ ਕਾਮਯਾਬ ਨਹੀਂ ਹੋ ਸਕਦੀਆਂ ਤਾਂ ਜਨਤਕ-ਨਿੱਜੀ ਇਕਾਈਆਂ ਚੱਲ ਸਕਦੀਆਂ ਹਨ। ਖੰਡ ਮਿੱਲਾਂ, ਹੋਟਲ, ਬੱਸਾਂ ਨਿੱਜੀ ਹੱਥਾਂ ਵਿੱਚ ਵੱਡੇ ਲਾਭ ਕਮਾ ਰਹੀਆਂ ਹਨ। ਜੇ ਉਨ੍ਹਾਂ ਲਾਭਾਂ ਵਿੱਚ ਸਰਕਾਰ ਵੀ ਭਾਈਵਾਲ ਬਣੇ ਤਾਂ ਸਰਕਾਰੀ ਆਮਦਨ ਵਧ ਸਕਦੀ ਹੈ। ਦੁਨੀਆਂ ਦਾ ਕੋਈ ਵੀ ਦੇਸ਼ ਇਕੱਲੀ ਖੇਤੀ ਦੇ ਆਧਾਰ 'ਤੇ ਨਾ ਤਾਂ ਬੇਰੁਜ਼ਗਾਰੀ ਦੂਰ ਕਰ ਸਕਿਆ ਹੈ, ਨਾ ਖ਼ੁਸ਼ਹਾਲੀ ਪੈਦਾ ਕਰ ਸਕਿਆ ਹੈ।

ਵਿਕਸਤ ਦੇਸ਼ਾਂ ਵਿੱਚ ਉਦਯੋਗਾਂ ਵਿੱਚ 70 ਫ਼ੀਸਦੀ ਵਸੋਂ ਕੰਮ ਕਰਦੀ ਹੈ। ਵਸੋਂ ਨੂੰ ਉਦਯੋਗ ਵੱਲ ਬਦਲਣਾ ਪਵੇਗਾ ਜਿਸ ਲਈ ਜੇ ਨਿੱਜੀ ਨਿਵੇਸ਼ ਨਹੀਂ ਹੁੰਦਾ ਤਾਂ ਸਰਕਾਰੀ ਨਿਵੇਸ਼ ਹੋਵੇ। ਨਿੱਜੀ ਨਿਵੇਸ਼ ਨਾ ਹੋਣ ਦੀਆਂ ਸਮੱਸਿਆਵਾਂ ਨੂੰ ਦੂਰ ਕੀਤਾ ਜਾਵੇ ਜਿਸ ਦਾ ਯੋਗ ਹੱਲ ਹੈ ਖੇਤੀ ਆਧਾਰਤ ਉਦਯੋਗਾਂ ਦਾ ਵਧਾਉਣਾ ਜਿਨ੍ਹਾਂ ਲਈ ਕੱਚਾ ਮਾਲ ਪ੍ਰਾਂਤ ਵਿੱਚੋਂ ਹੀ ਮਿਲ ਸਕਦਾ ਹੈ।

ਇਸ ਦੇ ਨਾਲ ਜਿੰਨਾ ਵੱਡੇ ਕਰਜ਼ੇ ਦਾ ਬੋਝ ਹੈ ਉਸ ਨੂੰ ਦੂਰ ਕਰਨ ਲਈ ਕੇਂਦਰ ਸਰਕਾਰ ਨੂੰ ਵੀ ਵਿਸ਼ੇਸ਼ ਪੈਕੇਜ ਦੇਣਾ ਚਾਹੀਦਾ ਹੈ। ਇਹ ਗੱਲ ਸਾਹਮਣੇ ਆਈ ਹੈ ਕਿ ਨਵੇਂ ਲਏ ਕਰਜ਼ੇ ਨਾਲ ਪੁਰਾਣੇ ਕਰਜ਼ੇ ਦੇ ਵਿਆਜ ਦਿੱਤੇ ਗਏ ਹਨ। ਇਸ ਤਰ੍ਹਾਂ ਲਗਾਤਾਰ ਚੱਲਣ ਵਾਲੇ ਵਿਕਾਸ ਲਈ ਨਿਵੇਸ਼ ਕਿੱਥੋਂ ਆਵੇਗਾ ਜਿਸ ਲਈ ਕਰਜ਼ੇ ਦੀ ਇਸ ਵੱਡੀ ਸਮੱਸਿਆ ਦੇ ਹੱਲ ਲਈ ਦੂਰਅੰਦੇਸ਼ੀ ਅਪਣਾਉਣਾ ਸਰਕਾਰ ਦੀ ਪਹਿਲੀ ਤਰਜੀਹ ਬਣੇ।

**-(ਲੇਖਕ ਇੰਸਟੀਚਿਊਟ ਆਫ ਸੋਸ਼ਲ ਸਾਇੰਸਿਜ਼, ਨਵੀਂ ਦਿੱਲੀ ਦਾ ਸੀਨੀਅਰ**

# ਲੋਕ ਸਭਾ ਚੋਣਾਂ ਲਈ ਭਾਜਪਾ ਹੋਰ ਵੱਡੇ ਹਿੰਦੂ ਰਾਸ਼ਟਰਵਾਦੀ ਮੁੱਦੇ ਦੀ ਭਾਲ ਵਿੱਚ



ਅਭੈ ਦੂਬੇ



ਲਗਭਗ 6 ਮਹੀਨੇ ਪਹਿਲਾਂ ਦੀ ਗੱਲ ਹੈ, ਇਕ ਟੀ.ਵੀ. ਨਿਊਜ਼ ਚੈਨਲ 'ਤੇ ਹੋ ਰਹੀ ਚਰਚਾ 'ਚ ਇੱਕ ਤੋਂ ਜ਼ਿਆਦਾ ਗੰਭੀਰ ਸਮੀਖਿਅਕਾਂ ਦੀ ਰਾਏ ਸੀ ਕਿ ਭਾਜਪਾ ਜਨਵਰੀ, 2024 'ਚ ਅਯੁੱਧਿਆ ਦੇ ਰਾਮ ਮੰਦਰ ਵਿੱਚ ਮੂਰਤੀ ਸਥਾਪਨਾ ਪ੍ਰਧਾਨ ਮੰਤਰੀ ਦੇ ਹੱਥੋਂ ਕਰਵਾ ਕੇ ਲੋਕ ਸਭਾ ਚੋਣਾਂ ਦੀ ਜਿੱਤ ਵੱਲ ਆਖ਼ਰੀ ਕਦਮ ਵਧਾ ਦੇਵੇਗੀ। ਜਿਸ ਰਫ਼ਤਾਰ ਨਾਲ ਰਾਮ ਮੰਦਰ ਬਣ ਰਿਹਾ ਹੈ, ਉਹ ਬਹੁਤ ਤੇਜ਼ ਹੈ। ਪ੍ਰਧਾਨ ਮੰਤਰੀ ਨੇ ਆਪਣੇ ਬੇਹੱਦ ਭਰੋਸੇਮੰਦ ਅਫ਼ਸਰ ਨਰਪਿੰਦਰ ਮਿਸ਼ਰਾ ਨੂੰ ਇਸ ਕੰਮ ਦਾ ਇੰਚਾਰਜ ਬਣਾਇਆ ਹੈ। ਇਹ ਨਰਪਿੰਦਰ ਮਿਸ਼ਰਾ ਉਹੀ ਹਨ, ਜਿਨ੍ਹਾਂ ਨੂੰ ਸੇਵਾਕਾਰਜ 'ਚ ਵਾਧਾ ਦੇਣ ਲਈ 2014 'ਚ ਮੋਦੀ ਦੇ ਚੁਣੇ ਜਾਣ ਤੋਂ ਬਾਅਦ ਸੰਸਦ ਨੇ ਪਹਿਲੀ ਕਾਨੂੰਨੀ ਸੋਧ ਕੀਤੀ ਸੀ। ਪਰ ਮੰਦਰ ਬਣਨ ਦੀ ਇਹ ਤੇਜ਼ ਰਫ਼ਤਾਰ ਵੀ ਇਸ ਗੱਲ ਦੀ ਕੋਈ ਗਾਰੰਟੀ ਨਹੀਂ ਹੈ ਕਿ ਜਨਵਰੀ 'ਚ ਪੂਰਾ ਮੰਦਰ ਬਣ ਕੇ ਤਿਆਰ ਹੋ ਜਾਵੇਗਾ। ਜੋ ਵੀ ਹੋਵੇ, ਇਸ ਨੂੰ ਧਿਆਨ 'ਚ ਰੱਖਦੇ ਹੋਏ 'ਮੂਰਤੀ ਸਥਾਪਨਾ' ਦਾ ਏਜੰਡਾ ਤਿਆਰ ਕੀਤਾ ਗਿਆ ਹੈ। ਭਾਵ, ਮੰਦਰ ਪੂਰਾ ਹੋਵੇ ਜਾਂ ਅਧੂਰਾ, ਚੋਣ ਦੀ ਮੁਹਿੰਮ ਸ਼ੁਰੂ ਹੋਣ ਤੋਂ ਪਹਿਲਾਂ ਇਸ 'ਮੂਰਤੀ ਸਥਾਪਨਾ' ਸਮਾਰੋਹ ਰਾਹੀਂ ਪ੍ਰਧਾਨ ਮੰਤਰੀ ਨੂੰ ਸਾਰੇ ਦੇਸ਼ ਦੇ ਸਾਹਮਣੇ ਪ੍ਰਚਾਰ ਕਰਨ ਦਾ ਮੌਕਾ ਮਿਲ ਜਾਵੇਗਾ ਕਿ ਉਨ੍ਹਾਂ ਨੇ ਹਿੰਦੂ ਸਮਾਜ ਦੀ ਇਤਿਹਾਸਕ ਇੱਛਾ ਪੂਰੀ ਕਰ ਦਿੱਤੀ ਹੈ ਅਤੇ ਸਦੀਆਂ ਪਹਿਲਾਂ ਹੋਏ ਅਨਿਆਂ ਦਾ ਬਦਲਾ ਲੈ ਲਿਆ ਗਿਆ ਹੈ। ਹੁਣ ਇਸ ਬਦਲੇ ਦੀ ਬੁਨਿਆਦ 'ਤੇ ਹਿੰਦੂ ਰਾਸ਼ਟਰ ਦੀ ਇਮਾਰਤ ਬਣਾਈ ਜਾ ਸਕਦੀ ਹੈ। ਸਵਾਲ ਇਹ ਹੈ ਕਿ, ਕੀ ਭਾਜਪਾ ਸਿਰਫ਼ ਇਸ 'ਮੂਰਤੀ ਸਥਾਪਨਾ' ਰਾਹੀਂ ਚੋਣ ਜਿੱਤ ਸਕਦੀ ਹੈ ? ਦਰਅਸਲ, ਚੋਣਾਂ ਜਿੱਤਣ ਲਈ ਇੱਕ ਰਾਸ਼ਟਰਵਾਦੀ ਉਭਾਰ ਲਿਆਉਣਾ ਜ਼ਰੂਰੀ ਹੈ। 2019 'ਚ ਬਾਲਾਕੋਟ ਸਰਜੀਕਲ ਸਟ੍ਰਾਈਕ ਨੇ ਇਹ ਭੂਮਿਕਾ ਨਿਭਾਈ ਸੀ। ਭਾਜਪਾ ਅਗਲੀਆਂ ਚੋਣਾਂ ਜਿੱਤਣ ਲਈ ਅਜਿਹਾ ਹੀ ਰਾਸ਼ਟਰਵਾਦੀ ਉਭਾਰ ਲਿਆਉਣ ਦੀ ਯੋਜਨਾ ਬਣਾ ਰਹੀ ਹੈ। ਮੰਦਰ 'ਚ ਮੂਰਤੀ ਸਥਾਪਿਤ ਕਰਨ ਦੀ ਇਹ ਭਾਜਪਾਈ ਯੋਜਨਾ ਇੱਕ ਤਰ੍ਹਾਂ ਨਾਲ ਟਟੋਲਣ ਦੇ ਦੌਰ 'ਚ ਹੈ। ਉਹ ਚੋਣਾਂ ਲਈ ਇਕ ਮੁੱਦੇ ਦੀ ਭਾਲ 'ਚ ਹੈ। ਜ਼ਾਹਿਰ ਹੈ ਕਿ ਸਭ ਕੁਝ ਸੰਭਾਵਨਾਵਾਂ ਦੇ ਘੇਰੇ 'ਚ ਹੈ। ਇਹ ਵੀ ਨਹੀਂ ਕਿਹਾ ਜਾ ਸਕਦਾ ਹੈ ਕਿ ਜੇਕਰ ਮੰਦਰ ਬਣ ਵੀ ਗਿਆ ਤਾਂ ਕੀ ਇਸ ਨਾਲ ਰਾਸ਼ਟਰਵਾਦੀ ਭਾਵਨਾਵਾਂ ਨੂੰ ਭੜਕਾ ਕੇ ਵੋਟਾਂ ਪਾਉਣ ਲਈ ਔਜ਼ਾਰ ਦਾ ਕੰਮ ਲਾਜ਼ਮੀ ਤੌਰ 'ਤੇ ਇਹ ਮੁੱਦਾ ਇਕ ਹਥਿਆਰ ਦਾ ਕੰਮ ਕਰ ਵੀ ਸਕੇਗਾ ਜਾਂ ਨਹੀਂ ? ਦੇਸ਼ ਭਰ 'ਚ ਮੁਸਲਮਾਨਾਂ ਵੱਲੋਂ ਅਜਿਹੇ ਕਿਸੇ ਵੀ ਕਦਮ 'ਤੇ ਕੋਈ ਉਲਟ ਪ੍ਰਤੀਕਿਰਿਆ ਹੋਣ ਦੀਆਂ ਸੰਭਾਵਨਾਵਾਂ ਤਾਂ ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਬਾਅਦ ਪੂਰੀ ਤਰ੍ਹਾਂ ਨਾਲ ਖ਼ਤਮ ਹੋ ਚੁੱਕੀਆਂ ਹਨ। ਅਜਿਹੀ ਸੂਰਤ 'ਚ ਰਾਮ ਮੰਦਰ ਨਾਲ ਲੋਕਤੰਤਰ ਅਤੇ ਸਮਾਜ ਦਾ ਬਹੁਗਿਣਤੀਵਾਦੀ ਆਧਾਰ ਤਾਂ ਮਜ਼ਬੂਤ ਹੋਵੇਗਾ, ਪਰ ਹਿੰਦੂਆਂ ਦੀ ਉਲਟ ਪ੍ਰਤੀਕਿਰਿਆ ਨਹੀਂ ਹੋਵੇਗੀ। ਭਾਜਪਾ ਨੂੰ ਯਕੀਨੀ ਤੌਰ 'ਤੇ ਇਸ ਦਾ ਲਾਭ ਮਿਲੇਗਾ, ਪਰ ਉਹ ਇਕ ਫ਼ੈਸਲਾਕੁੰਨ ਲਾਭ ਨਹੀਂ ਹੋਵੇਗਾ।

ਦਰਅਸਲ, ਰਾਮ ਮੰਦਰ ਦਾ ਸਵਾਲ ਹੁਣ ਰਾਜਨੀਤੀ ਦੇ ਜਜ਼ਬਾਤੀ ਦਾਅਵਿਆਂ ਨੂੰ ਛੱਡ ਕੇ ਕਾਨੂੰਨ ਦੇ ਖੇਤਰ ਜਾਂ ਕਹੀਏ ਤਾਂ ਕਾਨੂੰਨੀ ਕਿਸਮ ਦੀ ਰਾਜਨੀਤੀ ਦੇ ਦਾਅਰੇ 'ਚ ਦਾਖਲ ਹੋ ਗਿਆ ਹੈ। ਉਸ ਦੇ ਜ਼ਰੀਏ ਕਾਨੂੰਨ ਦਾ ਸਹਾਰਾ ਲੈ ਕੇ ਹਿੰਦੂ ਬਹੁਸੰਖਿਆ ਨੂੰ ਬਹੁਸੰਖਿਆਵਾਦ ਵੱਲ ਧੱਕਣ ਦਾ ਹੱਥਕੰਡਾ ਅਪਣਾਇਆ ਗਿਆ ਹੈ। ਅਯੁੱਧਿਆ ਘਟਨਾਕ੍ਰਮ ਨਾਲ ਜੁੜੇ ਮੁਕੱਦਮਿਆਂ ਦੇ ਲੰਬੇ ਰੁਝਾਨ ਦਾ ਵੀ ਹਿੰਦੂਤਵਵਾਦੀ ਸ਼ਕਤੀਆਂ ਨੂੰ ਇਹ ਫ਼ਾਇਦਾ ਹੋਇਆ ਹੈ। ਨਾਰੀਵਾਦੀ ਸਮਾਜ-ਵਿਗਿਆਨਕ ਰਤਨਾ ਕਪੂਰ ਨੇ ਆਪਣੀਆਂ ਦੋ ਵਿਸ਼ਲੇਸ਼ਣਾਤਮਿਕ ਰਚਨਾਵਾਂ 'ਚ ਦਿਖਾਇਆ ਹੈ ਕਿ ਭਾਰਤੀ ਹਾਈ ਕੋਰਟਾਂ ਅਤੇ ਸੁਪਰੀਮ ਕੋਰਟ ਦੇ ਕਈ ਫ਼ੈਸਲੇ 60 ਦੇ ਦਹਾਕਿਆਂ ਤੋਂ ਬਾਅਦ ਤੋਂ ਹੀ ਦੋ ਰਾਹ ਖੋਲ੍ਹਦੇ ਦਿਖਾਈ ਦਿੰਦੇ ਹਨ: ਪਹਿਲਾ, ਉਹ ਹਿੰਦੂ ਧਰਮ ਨੂੰ ਇਕ ਯੂਨੀਫਾਰਮ ਕੈਨੋਨੀਕਲ ਕੋਡ ਤਹਿਤ ਪਰਿਭਾਸ਼ਤ ਕਰਨ ਦੀਆਂ ਗੁੰਜ਼ਾਇਸ਼ਾਂ ਬਣਾਉਂਦੇ ਹਨ ਅਤੇ ਅਯੁੱਧਿਆ ਘਟਨਾਕ੍ਰਮ ਆਉਂਦੇ-ਆਉਂਦੇਇਹ ਪ੍ਰਕਿਰਿਆ ਆਪਣੇ ਸਿੱਖਰਾਂ 'ਤੇ ਪਹੁੰਚ ਕੇ ਹਿੰਦੂਤਵਵਾਦੀ ਦਾਅਵੇਦਾਰੀਆਂ ਨੂੰ ਮਜ਼ਬੂਤ ਕਰਦੀ ਹੋਈ ਦਿਖਾਈ ਦਿੰਦੀ ਹੈ। ਦੂਜਾ, ਸਾਡੀਆਂ ਉੱਚ ਅਦਾਲਤਾਂ ਚ ਧਰਮ ਦੀ ਆਜ਼ਾਦੀ ਦੇ ਸਵਾਲ 'ਤੇ ਹੋਣ ਵਾਲੀ ਬਹਿਸ ਰਾਹੀਂ ਜਾਣੇ-ਅਣਜਾਣੇ ਵਿਚ ਹਿੰਤੂਤਵਵਾਦੀ ਏਜੰਡੇ ਨੂੰ ਮਜ਼ਬੂਤ ਕਰਨ ਦਾ ਮੌਕਾ ਖੁੱਲ੍ਹਦਾ ਹੈ। ਰਤਨਾ ਕਪੂਰ ਨੇ ਬਹੁਚਰਚਿਤ ਹਿੰਦੂਤਵ ਨਾਲ ਸੰਬੰਧਿਤ ਮੁਕੱਦਮਿਆਂ 'ਚ ਸੁਪਰੀਮ ਕੋਰਟ ਵਲੋਂ 'ਹਿੰਦੂਤਵ' ਅਤੇ 'ਹਿੰਦੂ ਧਰਮ' ਵਿਚਾਲੇ ਅੰਤਰ ਕਰਨ ਤੋਂ ਇਨਕਾਰ ਕਰਨ 'ਤੇ ਖ਼ਾਸ ਤੌਰ 'ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅੱਗੇ ਚੱਲ ਕੇ ਅਦਾਲਤਾਂ ਨੇ ਅਯੁੱਧਿਆ ਦੇ ਮਸਲੇ ਤੇ ਹਿੰਦੂਤਵਵਾਦੀ ਪੱਖ ਦੀ ਇਹ ਦਲੀਲ ਮੰਨ ਲਈ ਹੈ ਕਿ ਹਿੰਦੂਆਂ ਲਈ ਧਾਰਮਿਕ ਆਜ਼ਾਦੀ ਦਾ ਮਤਲਬ ਪੂਜਾ-ਪਾਠ ਦੀ ਨਿੱਜੀ ਸੁਤੰਤਰਤਾ ਹੀ ਨਹੀਂ ਹੈ, ਸਗੋਂ ਇਕ ਖ਼ਾਸ ਥਾਂ 'ਤੇ ਸਾਂਝੇ ਤੌਰ 'ਤੇ ਪੂਜਾ ਕਰਨ ਦਾ ਅਧਿਕਾਰ ਵੀ ਉਨ੍ਹਾਂ ਦੇ ਧਰਮ ਦਾ ਜ਼ਰੂਰੀ ਅੰਗ ਹੈ। ਖ਼ਾਸ ਗੱਲ ਇਹ ਹੈ ਕਿ ਘੱਟ-ਗਿਣਤੀ ਭਾਈਚਾਰਿਆਂ ਦੇ ਸੰਦਰਭ 'ਚ ਹਿੰਦੂਤਵ ਦੀ ਅਪੀਲ ਇਹ ਹੁੰਦੀ ਹੈ ਕਿ ਧਾਰਮਿਕ ਆਜ਼ਾਦੀ ਦਾ ਅਧਿਕਾਰ ਸਾਂਝਾ ਨਹੀਂ, ਸਗੋਂ ਨਿੱਜੀ ਹੋਣਾ ਚਾਹੀਦਾ ਹੈ। ਭਾਜਪਾ ਆਪਣੇ ਸੰਵਿਧਾਨ 'ਚ ਧਾਰਮਿਕ ਆਜ਼ਾਦੀ ਦੀ ਪਰਿਭਾਸ਼ਾ ਇਸੇ ਤਰ੍ਹਾਂ ਨਾਲ ਕਰਦੀ ਹੈ, ਪਰ ਅਯੁੱਧਿਆ ਮਸਲੇ 'ਤੇ ਉਸ ਦੇ ਪੱਖਕਾਰ ਆਪਣਾ ਰਵੱਈਆ ਬਦਲ ਕੇ ਸਾਂਝੇ ਤੌਰ 'ਤੇ ਪੂਜਾ ਕਰਨ ਦੇ ਅਧਿਕਾਰ ਦੀ ਵਕਾਲਤ ਕਰਨ ਲੱਗਦੇ ਹਨ। ਪਰ, ਰਤਨਾ ਕਪੂਰ ਦੇ ਮੁਤਾਬਿਕ ਇਸ ਤਬਦੀਲੀ 'ਤੇ ਸਵਾਲੀਆ ਨਿਸ਼ਾਨ ਲਗਾਉਣ ਦੀ ਬਜਾਏ ਕਾਨੂੰਨ ਹਿੰਦੂਤਵਵਾਦੀਆਂ ਦੇ ਹੱਥਾਂ 'ਚ ਖੇਡਦਾ ਨਜ਼ਰ ਆਉਂਦਾ ਹੈ।

ਇਹ ਪ੍ਰਕਿਰਿਆ ਅੱਸੀ ਦੇ ਦਹਾਕੇ ਤੋਂ ਚੱਲ ਰਹੀ ਹੈ। ਭਾਵ ਉਦੋਂ ਤੋਂ ਜਦੋਂ ਦੇਸ਼ 'ਤੇ ਰਾਜੀਵ ਗਾਂਧੀ ਦੀ ਅਗਵਾਈ 'ਚ ਕਾਂਗਰਸ ਦਾ ਸ਼ਾਸਨ ਸੀ ਅਤੇ ਭਾਰਤੀ ਜਨਤਾ ਪਾਰਟੀ ਸੰਸਦ 'ਚ ਸਿਰਫ਼ ਦੋ ਸੰਸਦ ਮੈਂਬਰ ਲੈ ਕੇ ਕ੍ਰਿਸ਼ਨ ਲਾਲ ਸ਼ਰਮਾ ਕਮੇਟੀ ਬਣਾ ਕੇ ਚੋਣਾਂ 'ਚ ਆਪਣੀ ਹਾਰ ਦੇ ਕਾਰਨਾਂ ਦੀ ਭਾਲ ਕਰ ਰਹੀ ਸੀ। ਇਸੇ ਸਮੇਂ ਰਾਜਨੀਤੀ 'ਚ ਇੱਕ ਅਜਿਹਾ ਰੁਝਾਨ ਪੈਦਾ ਹੋਇਆ, ਜੋ ਉਸ ਸਮੇਂ ਜਨਤਕ ਕਤਾਰਬੰਦੀ ਦੀ ਨਜ਼ਰ ਨਾਲ ਦੇਖਣ 'ਤੇ ਇੱਕ ਚੋਣ ਰਣਨੀਤੀ ਵਾਂਗ ਲਗਦਾ ਸੀ, ਪਰ ਜੋ ਦਰਅਸਲ ਸਾਡੇ ਲੋਕਤੰਤਰ ਦੀ ਬੁਨਿਆਦ ਨੂੰ ਖੋਖਲਾ ਕਰਦਾ ਚਲਾ ਗਿਆ। ਰਜਨੀ ਕੋਠਾਰੀ ਨੇ ਇਸ ਦੀ ਨਸਲੀ ਵਿਗਿਆਨ ਦੇ ਅੰਕੜਿਆਂ ਦੇ ਆਧਾਰ 'ਤੇ ਕੀਤੀ ਜਾਣ ਵਾਲੀ ਰਾਜਨੀਤੀ ਨਾਲ ਤੁਲਨਾ ਕੀਤੀ ਹੈ। ਭਾਵ ਲੋਕਤੰਤਰ 'ਚ 'ਚ ਘਟਦੇ ਚੱਲੇ ਜਾਣਾ। ਇਸ ਨਸਲੀ ਵਿਗਿਆਨ ਦੇ ਅੰਕੜਿਆਂ ਦੀ ਵਰਤੋਂ ਪਹਿਲਾਂ ਹਿੰਦੂਤਵਵਾਦੀ ਰਾਜਨੀਤੀ ਨੂੰ ਰੋਕਣ 'ਚ ਕੀਤੀ ਗਈ। ਇਸ ਤੋਂ ਬਾਅਦ ਖ਼ੁਦ ਹਿੰਦੂਤਵਵਾਦੀਆਂ ਵੱਲੋਂ ਇਸ ਦੀ ਵਰਤੋਂ ਕਰਕੇ ਆਪਣੇ ਵਿਰੋਧੀਆਂ ਨੂੰ ਹਰਾਉਣ ਦਾ ਸਿਲਸਿਲਾ ਸ਼ੁਰੂ ਹੋਇਆ, ਜੋ ਅੱਜ ਤੱਕ ਜਾਰੀ ਹੈ। ਕੋਠਾਰੀ 1985 'ਚ ਇਸ ਸਿੱਟੇ 'ਤੇ ਪਹੁੰਚ ਚੁੱਕੇ ਸਨ ਕਿ ਨਾ ਤਾਂ ਚੋਣ ਆਧਾਰਿਤ ਉਦਾਰਤਾਵਾਦੀ ਲੋਕਤੰਤਰ ਅਤੇ ਨਾ ਹੀ ਭਾਰਤ ਦਾ ਸਮਾਜਿਕ ਬਹੁਲਤਾਵਾਦ ਬਹੁਗਿਣਤੀਵਾਦੀ ਇਸ ਵਰਤਾਰੇ ਨੂੰ ਰੋਕ ਸਕਣ ਦੇ ਸਮਰੱਥ ਹੈ। ਇਕ ਤਰ੍ਹਾਂ ਨਾਲ ਉਹ ਉਸ ਨੂੰ ਉਤਸ਼ਾਹਿਤ ਕਰਨ ਦੀ ਜ਼ਮੀਨ ਮੁਹੱਈਆ ਕਰਵਾ ਰਹੇ ਹਨ। ਹਾਲਾਂਕਿ ਅੱਸੀ ਦੇ ਦਹਾਕੇ 'ਚ ਕੋਠਾਰੀ ਨੂੰ ਸਾਫ਼ ਦਿਖਾਈ ਦੇ ਰਿਹਾ ਸੀ ਕਿ ਕਾਂਗਰਸ ਚੋਣ ਫ਼ਾਇਦੇ ਲਈ ਬਹੁਸੰਖਿਆਵਾਦੀ ਪ੍ਰਭਾਵ ਨੂੰ ਹਵਾ ਦੇ ਰਹੀ ਹੈ,

(ਬਾਕੀ ਸਫ਼ਾ 29 'ਤੇ)

# 'ਆਪ' ਸਰਕਾਰ ਲਈ ਵੱਡਾ ਚੈਲਿੰਜ ਹੈ ਪੰਜਾਬ ਦੀ ਸਿਹਤ ਸੇਵਾ ਦੇ ਖੇਤਰ ਵਿੱਚ ਸੁਧਾਰ ਲਿਆਉਣਾ

ਧਰਮਜੀਤ ਸਿੰਘ

ਆਮ ਆਦਮੀ ਪਾਰਟੀ ਵੱਲੋਂ ਪੰਜਾਬ 'ਚ ਵਿਧਾਨ ਸਭਾ ਚੋਣਾਂ ਵੇਲੇ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਦੇਣ ਦਾ ਜ਼ੋਰ-ਸ਼ੋਰ ਨਾਲ ਵਾਅਦਾ ਕੀਤਾ ਗਿਆ ਸੀ, ਪ੍ਰੰਤੂ ਭਗਵੰਤ ਮਾਨ ਸਰਕਾਰ ਦੇ ਹੁਣ ਤੱਕ ਦੇ ਸ਼ਾਸਨ ਦੌਰਾਨ ਸਿਹਤ ਖੇਤਰ 'ਚ ਉਹ ਸੁਧਾਰ ਵਿਖਾਈ ਨਹੀਂ ਦੇ ਰਹੇ, ਜਿਸ ਦੀ ਤਵੱਕੋ ਸੂਬੇ ਦੇ ਲੋਕਾਂ ਨੇ ਕੀਤੀ ਸੀ। ਸਮੇਂ-ਸਮੇਂ ਦੀਆਂ ਸਰਕਾਰਾਂ ਦੀ ਅਣਗਹਿਲੀ ਕਾਰਨ ਇਹ ਤਲਖ਼ ਹਕੀਕਤ ਅੱਜ ਵੀ ਕਾਇਮ ਹੈ ਕਿ ਗ਼ਰੀਬ ਤੇ ਮੱਧਵਰਗੀ ਲੋਕ ਕਿਸੇ ਗੰਭੀਰ ਬਿਮਾਰੀ ਦੀ ਜਕੜ ਵਿਚ ਆ ਕੇ ਮਹਿੰਗਾ ਇਲਾਜ ਕਰਵਾਉਣ ਖੁਣੋਂ ਸੰਸਾਰ ਤੋਂ ਰੁਖ਼ਸਤ ਹੋ ਜਾਂਦੇ ਹਨ। ਇਸ ਵਿਚ ਕੋਈ ਦੋ-ਰਾਵਾਂ ਨਹੀਂ ਕਿ ਤਤਕਾਲੀਨ ਸਰਕਾਰਾਂ ਨੇ ਸਰਕਾਰੀ ਸਿਹਤ ਢਾਂਚੇ ਨੂੰ ਕਮਜ਼ੋਰ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡੀ। ਮਸ਼ਹੂਰ ਕਹਾਵਤ ਹੈ 'ਸਿਹਤ ਹੀ ਦੌਲਤ ਹੈ'। ਹਰੇਕ ਨਾਗਰਿਕ ਨੂੰ ਸਸਤੀ ਤੇ ਮਿਆਰੀ ਸਿਹਤ ਸੇਵਾ ਦੇਣਾ ਸਰਕਾਰ ਦਾ ਨੈਤਿਕ ਫ਼ਰਜ਼ ਹੈ, ਕਿਉਂਕਿ ਉਪਯੋਗ ਕੀਤੀ ਹਰੇਕ ਵਸਤੂ ਦਾ ਉਸ ਵਲੋਂ ਟੈਕਸ ਤਾਰਿਆ ਜਾਂਦਾ ਹੈ, ਜਿਸ ਨਾਲ ਸਰਕਾਰੀ ਖ਼ਜ਼ਾਨਾ ਭਰਦਾ ਹੈ। ਆਮ ਲੋਕਾਂ ਦਾ ਸਰਕਾਰੀ ਹਸਪਤਾਲਾਂ ਤੋਂ ਭਰੋਸਾ ਉੱਠ ਚੁੱਕਾ ਹੈ। ਲੋਕ ਨਿੱਜੀ ਹਸਪਤਾਲਾਂ ਦਾ ਰੁਖ਼ ਕਰਨ ਲਈ ਮਜਬੂਰ ਹਨ। ਇੱਕ ਅੰਦਾਜ਼ੇ ਮੁਤਾਬਿਕ ਗ਼ਰੀਬ ਤੇ ਮੱਧ ਵਰਗ ਦੇ ਲੋਕਾਂ ਸਿਰ ਚੜ੍ਹੇ ਕਰਜ਼ੇ ਦਾ ਵੱਡਾ ਹਿੱਸਾ ਕਿਸੇ ਜੀਅ ਦੀ ਬਿਮਾਰੀ ਦੇ ਇਲਾਜ ਉੱਪਰ ਆਏ ਖ਼ਰਚ ਦਾ ਹੁੰਦਾ ਹੈ। ਆਧੁਨਿਕ ਵਿਕਾਸ ਦੀ ਦੌੜ 'ਚ ਪਨਪ ਰਹੇ ਤਣਾਅ ਕਾਰਨ ਲੋਕ ਵਿਆਪਕ ਤੌਰ 'ਤੇ ਦਿਲ ਦੇ ਰੋਗ, ਮਾਨਸਿਕ ਰੋਗ, ਬਲੱਡ ਪ੍ਰੈਸ਼ਰ ਤੇ ਸ਼ੂਗਰ ਆਦਿ ਵੱਖ-ਵੱਖ ਬਿਮਾਰੀਆਂ ਦੇ ਪਰਛਾਵੇਂ ਹੇਠ ਜੀਅ ਰਹੇ ਹਨ। ਅਜੋਕੇ ਦੌਰ 'ਚ ਰੋਗੀਆਂ ਦੀ ਗਿਣਤੀ ਦਿਨ-ਬਦਿਨ ਵਧ ਰਹੀ ਹੈ, ਜਦੋਂਕਿ ਸਰਕਾਰੀ ਸਿਹਤ ਸੇਵਾਵਾਂ ਦੀ ਹਾਲਤ ਲਗਾਤਾਰ ਨਿਵਾਣ ਛੂਹ ਰਹੀ ਹੈ।

ਭਗਵੰਤ ਮਾਨ ਸਰਕਾਰ ਨੇ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਨੇੜੇ ਹੀ ਵਧੀਆਂ ਸਿਹਤ ਸਹੂਲਤਾਂ ਦੇਣ ਲਈ ਆਮ ਆਦਮੀ ਕਲੀਨਿਕ ਖੋਲ੍ਹੇ ਹਨ ਅਤੇ ਸਰਕਾਰ ਵਲੋਂ ਇਸ ਨੂੰ ਇਕ ਵੱਡੀ ਪ੍ਰਾਪਤੀ ਦੱਸਿਆ ਜਾ ਰਿਹਾ ਹੈ। ਬੇਸ਼ੱਕ ਸ਼ੁਰੂਆਤ 'ਚ ਇਹ ਇਕ ਚੰਗਾ ਉਪਰਾਲਾ ਲੱਗਦਾ ਸੀ, ਪ੍ਰੰਤੂ ਸਰਕਾਰ ਵਲੋਂ ਇਨ੍ਹਾਂ ਕਲੀਨਿਕਾਂ ਵਿੱਚ ਪੇਂਡੂ ਅਤੇ ਸ਼ਹਿਰੀ ਸਿਹਤ ਸੰਸਥਾਵਾਂ ਵਿਚੋਂ ਡਾਕਟਰ ਤੇ ਹੋਰ ਸਿਹਤ ਅਮਲਾ ਤਾਇਨਾਤ ਕਰਨ ਨਾਲ ਲੋਕਾਂ ਨੂੰ ਭਾਰੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲੋੜ ਸੀ; ਸਥਾਪਿਤ ਹਸਪਤਾਲਾਂ ਤੇ ਸਿਹਤ ਕੇਂਦਰਾਂ ਵਿਚਲੀਆਂ ਖ਼ਾਮੀਆਂ ਨੂੰ ਦੂਰ ਕਰਨ ਅਤੇ ਲੋੜੀਂਦਾ ਸਿਹਤ ਸਟਾਫ਼ ਮੁਹੱਈਆ ਕਰਨ ਦੀ, ਪਰ ਸੂਬਾ ਸਰਕਾਰ 'ਆਮ ਆਦਮੀ ਕਲੀਨਿਕ' ਦਾ ਪ੍ਰਯੋਗ ਸਫ਼ਲ ਕਰਕੇ ਵਾਹ-ਵਾਹ ਖੱਟਣ ਲਈ ਬਜ਼ਿੱਦ ਹੈ। ਇਨ੍ਹਾਂ ਕਲੀਨਿਕਾਂ ਦੇ ਪ੍ਰਚਾਰ ਉੱਪਰ ਖ਼ਰਚੇ ਜਾ ਰਹੇ ਕਰੋੜਾਂ ਰੁਪਏ ਜੇਕਰ ਸਰਕਾਰ ਸਿਹਤ ਢਾਂਚੇ 'ਤੇ ਖ਼ਰਚ ਕਰਦੀ ਤਾਂ ਵੱਡੇ ਸੁਧਾਰ ਹੋ ਸਕਦੇ ਸਨ। ਆਮ ਆਦਮੀ ਕਲੀਨਿਕ ਮਾਮੂਲੀ ਬਿਮਾਰ ਲੋਕਾਂ ਵਾਸਤੇ ਤਾਂ ਲਾਹੇਵੰਦ ਸਿੱਧ ਹੋ ਸਕਦੇ ਹਨ, ਪਰ ਗੰਭੀਰ ਬਿਮਾਰ ਹੋਣ 'ਤੇ ਲੋੜਵੰਦ ਲੋਕਾਂ ਦੀ ਟੇਕ ਜ਼ਿਲ੍ਹਾ ਹਸਪਤਾਲਾਂ ਅਤੇ ਸਿਹਤ ਕੇਂਦਰਾਂ 'ਤੇ ਹੁੰਦੀ ਹੈ। ਕੇਂਦਰੀ ਸਿਹਤ ਫੰਡਾਂ ਨੂੰ ਉਕਤ




ਕਲੀਨਿਕਾਂ ਉੱਪਰ ਖ਼ਰਚਣ ਅਤੇ ਇਨ੍ਹਾਂ ਤੋਂ ਰਾਜਨੀਤਕ ਲਾਭ ਲੈਣ 'ਤੇ ਇਤਰਾਜ਼ ਜਤਾਉਂਦਿਆਂ ਮੋਦੀ ਸਰਕਾਰ ਨੇ ਸੂਬੇ ਦੇ 676 ਕਰੋੜ ਰੁਪਏ ਦੇ ਸਿਹਤ ਫੰਡ ਰੋਕੇ ਹੋਏ ਹਨ, ਜਿਸ ਦੇ ਸਿੱਟੇ ਵਜੋਂ ਸਿਹਤ ਸੇਵਾਵਾਂ ਨੂੰ ਖੋਰਾ ਲੱਗ ਰਿਹਾ ਹੈ।

ਸਰਕਾਰ ਜਿੰਨੇ ਮਰਜ਼ੀ ਦਾਅਵੇ ਕਰੀ ਜਾਵੇ, ਹਕੀਕਤ ਇਹ ਹੈ ਕਿ ਬਹੁਗਿਣਤੀ ਸਰਕਾਰੀ ਹਸਪਤਾਲ ਅਤੇ ਸਿਹਤ ਕੇਂਦਰ ਲੋੜੀਂਦੇ ਡਾਕਟਰਾਂ ਦੀ ਘਾਟ ਨਾਲ ਜੂਝ ਰਹੇ ਹਨ। ਜ਼ਿਆਦਾਤਰ ਮਰੀਜ਼ ਵਾਰਡਾਂ ਨੂੰ ਜਿੰਦਰੇ ਲੱਗੇ ਹੋਏ ਹਨ। ਐਮਰਜੈਂਸੀ ਹਾਲਤ 'ਚ ਹਸਪਤਾਲ ਪਹੁੰਚੇ ਮਰੀਜ਼ ਲਈ ਡਾਕਟਰ ਦੀ ਗ਼ੈਰ-ਮੌਜੂਦਗੀ ਕਾਲ ਬਣ ਜਾਂਦੀ ਹੈ। ਸਰਕਾਰੀ ਸਿਹਤ ਸੰਸਥਾਵਾਂ ਵਿਚ ਦਵਾਈਆਂ ਦੀ ਉਪਲਬਧਤਾ ਆਟੇ ਵਿੱਚ ਲੂਣ ਦੇ ਬਰਾਬਰ ਹੈ, ਜਦੋਂਕਿ ਮੈਡੀਕਲ ਸਟੋਰਾਂ ਤੋਂ ਮਹਿੰਗੀ ਦਵਾਈ ਖ਼ਰੀਦਣੀ ਗ਼ਰੀਬ ਲੋਕਾਂ ਦੇ ਵੱਸ ਦੀ ਗੱਲ ਨਹੀਂ। ਦਵਾਈ ਨਸੀਬ ਨਾ ਹੋਣ ਕਰਕੇ ਉਹ ਬਿਮਾਰ ਹਾਲਤ 'ਚ ਸਿਸਕੀਆਂ ਭਰਦੇ ਹੋਏ ਦੁਨੀਆਂ ਤੋਂ ਰੁਖ਼ਸਤ ਹੋ ਜਾਂਦੇ ਹਨ। ਸਿਹਤ ਮਹਿਕਮੇ ਵਿਚ ਨਿਗੂਣੀਆਂ ਤਨਖ਼ਾਹਾਂ 'ਤੇ ਕੰਮ ਕਰ ਰਹੇ ਹਜ਼ਾਰਾਂ ਠੇਕਾ ਆਧਾਰਿਤ ਸਿਹਤ ਮੁਲਾਜ਼ਮਾਂ ਨੂੰ ਆਪਣੇ ਭਵਿੱਖ ਦੀ ਚਿੰਤਾ ਸਤਾ ਰਹੀ ਹੈ; ਤਨਖ਼ਾਹਾਂ ਲੈਣ ਲਈ ਵੀ ਉਨ੍ਹਾਂ ਨੂੰ ਸੰਘਰਸ਼ ਕਰਨਾ ਪੈਂਦਾ ਹੈ, ਅਜਿਹੇ ਹਾਲਾਤ ਵਿਚ ਉਹ ਆਪਣੇ ਫ਼ਰਜ਼ਾਂ ਨਾਲ ਵਫ਼ਾ ਕਿੰਝ ਕਰ ਸਕਣਗੇ ?

ਆਮ ਲੋਕਾਂ ਦੀ ਸਿਹਤ ਸੰਬੰਧੀ ਸਰਕਾਰ ਦੀ ਚਿੰਤਾ ਮਨਫ਼ੀ ਹੋਣ ਕਾਰਨ ਨਿੱਜੀ ਹਸਪਤਾਲਾਂ ਦੀ ਗਿਣਤੀ ਵਿਚ ਅਥਾਹ ਵਾਧਾ ਹੋਇਆ/ਹੋ ਰਿਹਾ ਹੈ ਅਤੇ ਉਹ ਮਨਚਾਹੀ ਫ਼ੀਸ-ਖ਼ਰਚੇ ਵਸੂਲਦੇ ਹਨ। ਉਨ੍ਹਾਂ ਉੱਪਰ ਕੋਈ ਕਾਨੂੰਨੀ ਕੁੰਢਾ ਨਹੀਂ, ਜਿਸ ਤੋਂ ਸਹਿਜੇ ਪਤਾ ਲੱਗਦਾ ਹੈ ਕਿ ਉਨ੍ਹਾਂ ਨੂੰ ਸਮੇਂ-ਸਮੇਂ ਦੇ ਰਾਜਸੀ ਲੋਕਾਂ ਦਾ ਥਾਪੜਾ ਮਿਲਦਾ ਰਿਹਾ ਹੈ। ਕਈ ਹਸਪਤਾਲ ਮਾਲਕ ਤਾਂ ਇੰਨੇ ਸੰਵੇਦਣਹੀਨ ਹੋ ਚੁੱਕੇ ਹਨ ਕਿ ਚੰਦ ਬਕਾਇਆ ਪੈਸਿਆਂ ਖ਼ਾਤਿਰ ਵਾਰਿਸਾਂ ਨੂੰ ਮਰੀਜ਼ ਦੀ ਲਾਸ਼ ਵੀ ਨਹੀਂ ਚੁੱਕਣ ਦਿੰਦੇ। ਸਮਾਜ ਸੇਵੀ ਅਤੇ ਧਾਰਮਿਕ ਸੰਸਥਾਵਾਂ ਵਲੋਂ ਦਾਨ-ਪੁੰਨ ਦੇ ਨਾਂਅ 'ਤੇ ਖੋਲ੍ਹੇ ਕਈ ਹਸਪਤਾਲਾਂ ਵਿੱਚ ਵੀ ਭਾਰੀ ਸਿਹਤ ਖ਼ਰਚੇ ਵਸੂਲੇ ਜਾਂਦੇ ਹਨ, ਜੋ ਲੋੜਵੰਦ ਲੋਕਾਂ ਦੀ ਪਹੁੰਚ ਤੋਂ ਬਾਹਰ ਹੁੰਦੇ ਹਨ। ਸਰਕਾਰਾਂ ਵਲੋਂ ਸਿਹਤ ਸੇਵਾਵਾਂ ਵਿੱਚ ਵੱਡਾ ਸੁਧਾਰ ਕਰਨ ਦੇ ਦਾਅਵੇ ਕੀਤੇ ਜਾਂਦੇ ਹਨ, ਪਰ ਇਨ੍ਹਾਂ ਦਾਅਵਿਆਂ ਤੋਂ ਝੂਠ ਦਾ ਪਰਦਾ ਉਦੋਂ ਉੱਠ ਜਾਂਦਾ ਹੈ, ਜਦ ਰਾਜਨੇਤਾ ਆਪਣਾ ਇਲਾਜ ਦੇਸ਼ ਜਾਂ ਵਿਦੇਸ਼ ਦੇ ਕਿਸੇ ਵੱਡੇ ਨਿੱਜੀ ਹਸਪਤਾਲ ਤੋਂ ਕਰਵਾਉਂਦੇਹਨ। ਰਾਜਨੇਤਾ ਇਲਾਜ ਵਾਸਤੇ ਸਰਕਾਰੀ ਹਸਪਤਾਲ ਜਾਣ ਤਾਂ ਉਨ੍ਹਾਂ ਨੂੰ ਪਤਾ ਲੱਗੇ ਕਿ ਆਮ ਲੋਕਾਂ ਨੂੰ ਕੀ ਸੰਤਾਪ ਹੰਢਾਉਣਾ ਪੈਂਦਾ ਹੈ।

ਸਮੇਂ ਦੀ ਇਹ ਮੁੱਖ ਲੋੜ ਹੈ ਕਿ ਸੂਬਾ ਸਰਕਾਰ ਨਵੇਂ ਪ੍ਰਯੋਗ ਕਰਨ ਦੀ ਥਾਂ ਪਹਿਲਾਂ ਤੋਂ ਮੌਜੂਦ ਹਸਪਤਾਲਾਂ ਤੇ ਸਿਹਤ ਕੇਂਦਰਾਂ ਵਿਚ ਸਿਹਤ ਅਮਲੇ ਦੀਆਂ ਸਾਰੀਆਂ ਅਸਾਮੀਆਂ ਪੁਰ ਕਰੇ, ਅਲਟਰਾਸਾਊਂਡ, ਐਕਸਰੇ ਆਦਿ ਟੈਸਟਾਂ ਦੀ ਸਹੂਲਤ ਪ੍ਰਦਾਨ ਕੀਤੀ ਜਾਵੇ ਅਤੇ ਆਮ ਤੇ ਗੰਭੀਰ ਰੋਗਾਂ ਨਾਲ ਸੰਬੰਧਿਤ ਹਰ ਕਿਸਮ ਦੀਆਂ ਦਵਾਈਆਂ ਉਪਲਬਧ ਹੋਣ। ਇਸ਼ਤਿਹਾਰਬਾਜ਼ੀ ਦਾ ਬਜਟ ਘਟਾ ਕੇ ਸਿਹਤ ਬਜਟ ਵਿੱਚ ਤਰਕਸੰਗਤ ਵਾਧਾ ਕੀਤਾ ਜਾਵੇ। ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਪ੍ਰਦਾਨ ਕਰਨ ਖ਼ਾਤਿਰ ਵਖਰੇਵਿਆਂ ਦੇ ਬਾਵਜੂਦ ਸੂਬਾ ਸਰਕਾਰ ਨੂੰ ਕੇਂਦਰ ਸਰਕਾਰ ਨਾਲ ਤਾਲਮੇਲ ਬਿਠਾ ਕੇ ਚੱਲਣਾ ਪਵੇਗਾ। ਸਰਕਾਰ ਨੂੰ ਇਹ ਤੱਥ ਪੱਲੇ ਬੰਨ੍ਹ ਲੈਣਾ ਚਾਹੀਦਾ ਹੈ ਕਿ ਇੱਕ ਸਿਹਤਮੰਦ ਸਮਾਜ ਹੀ ਰਾਜ ਤੇ ਦੇਸ਼ ਦੀ ਉੱਨਤੀ ਵਿੱਚ ਬਣਦਾ ਯੋਗਦਾਨ ਪਾ ਸਕਦਾ ਹੈ। ਲੀਹੋਂ ਲੱਥੇ ਸਿਹਤ ਢਾਂਚੇ ਨੂੰ ਦੁਬਾਰਾ ਪਟੜੀ 'ਤੇ ਲਿਆਉਣਾ ਭਗਵੰਤ ਮਾਨ ਸਰਕਾਰ ਲਈ ਇਕ ਚੁਣੌਤੀਪੂਰਨ ਕਾਰਜ ਹੈ। ਸੂਬਾ ਸਰਕਾਰ ਨੂੰ ਇਸ ਸੰਬੰਧੀ ਠੋਸ ਤੇ ਨਤੀਜਾਜਨਕ ਕਦਮ ਚੁੱਕਣੇ ਪੈਣਗੇ, ਤਾਂ ਹੀ ਲੋਕਾਂ ਦਾ ਸਰਕਾਰੀ ਸਿਹਤ ਸੇਵਾਵਾਂ ਤੋਂ ਉੱਠ ਚੁੱਕਾ ਵਿਸ਼ਵਾਸ ਮੁੜ ਬਹਾਲ ਹੋ ਸਕੇਗਾ ਅਤੇ ਉਨ੍ਹਾਂ ਦੀ ਨਿਰਾਸ਼ਾ ਆਸ਼ਾ ਵਿਚ ਬਦਲ ਸਕੇਗੀ।

# ਆਰਥਿਕ ਤੇ ਸਮਾਜਿਕ ਹਾਲਤ ਬਣ ਰਹੇ ਨੇ ਪਰਵਾਸ ਦਾ ਕਾਰਨ

ਗੁਰਬਚਨ ਸਿੰਘ ਭੁੱਲਰ

ਘਰ-ਬਾਰ ਛੱਡਣਾ ਤੇ ਆਪਣਿਆਂ ਨਾਲੋਂ ਵਿੱਛੜਨਾ ਕੋਈ ਸੌਖਾ ਕੰਮ ਨਹੀਂ ਹੁੰਦਾ। ਮਸ਼ਹੂਰ ਉਰਦੂ ਸ਼ਾਇਰ ਬਸ਼ੀਰ ਬਦਰ ਆਖਦਾ ਹੈ, ਕੁਛ ਤੋ ਮਜਬੂਰੀਆਂ ਰਹੀ ਹੋਂਗੀ, ਯੂੰ ਕੋਈ ਬੇਵਫ਼ਾ ਨਹੀਂ ਹੋਤਾ! ਅਜਿਹੇ ਨਿਮੋਹੇ ਹੁੰਦੇ ਤਾਂ ਹਨ ਜਿਨ੍ਹਾਂ ਨੂੰ ਬਾਹਰ ਵਸਣਾ ਇੱਧਰਲੀ ਅਪਣੱਤ ਨਾਲੋਂ ਵੱਡੀ ਪ੍ਰਾਪਤੀ ਲਗਦਾ ਹੈ, ਪਰ ਸੌ ਪਿੱਛੇ ਉਹਨਾਂ ਦੀ ਗਿਣਤੀ ਕੋਈ ਬਹੁਤੀ ਨਹੀਂ ਹੁੰਦੀ। ਆਓ ਤੁਹਾਡੇ ਨਾਲ ਇੱਕ ਅਨੋਖੇ ਬੰਦੇ ਦੀ ਮੁਲਾਕਾਤ ਕਰਾਵਾਂ।

ਅਸੀਂ ਕੈਲੀਫੋਰਨੀਆ ਦੀ ਸਟੈਨਫੋਰਡ ਯੂਨੀਵਰਸਿਟੀ ਦੇਖਣ ਗਏ। ਉਹਦਾ ਮਿਊਜ਼ੀਅਮ ਦਿੱਲੀ ਵਾਲੇ ਮਿਊਜ਼ੀਅਮ ਜਿੰਨਾ ਵੱਡਾ ਸੀ। ਪਹਿਲੇ ਕਮਰੇ ਵਿੱਚ ਹੀ ਸਕਿਉਰਿਟੀ ਦੀ ਵਰਦੀ ਵਾਲੇ ਇੱਕ ਸਿੱਖ ਸੱਜਣ ਦੇ ਦਰਸ਼ਨ ਹੋ ਗਏ। ਫ਼ਤਿਹ ਸਾਂਝੀ ਕਰ ਕੇ ਉਹਨੇ ਹਰ ਉੱਧਰਲੇ ਪੰਜਾਬੀ ਵਾਲਾ ਸਵਾਲ ਪੁੱਛਿਆ, ਇੱਥੋਂ ਹੀ ਹੋ ਜਾਂ ਦੇਸੋਂ ਆਏ ਹੋ? ਜਵਾਬ ਦੇ ਕੇ ਅਸੀਂ ਮਿਊਜ਼ੀਅਮ ਦੇਖਣ ਲੱਗ ਪਏ। ਅਸੀਂ ਜਿਸ ਕਮਰੇ ਵਿੱਚ ਜਾਈਏ, ਉਹ ਕੁਛ ਚਿਰ ਪਿੱਛੋਂ ਉੱਥੇ ਆ ਕੇ ਸਾਥੋਂ ਦੂਰ ਘੁੰਮਦਾ ਰਹੇ। ਪਹਿਲਾਂ ਮੈਨੂੰ ਲੱਗਿਆ, ਇਹ ਨਜ਼ਰ ਰੱਖ ਰਿਹਾ ਹੈ ਕਿ ਅਸੀਂ ਚੋਰੀ ਕਰ ਕੇ ਕੁਛ ਛੁਪਾ ਨਾ ਲਈਏ। ਫੇਰ ਮੈਂ ਸੋਚਿਆ, ਸ਼ਾਇਦ ਇਹ ਗੱਲਾਂ ਕਰਨੀਆਂ ਚਾਹੁੰਦਾ ਹੋਵੇ। ਮੈਂ ਜਾ ਕੇ ਉਹਦੇ ਨਾਲ ਗੱਲੀਂ ਪਿਆ ਤਾਂ ਉਹ ਮੇਰਾ ਪਿੰਡ ਪੁੱਛ ਕੇ ਬੋਲਿਆ, ਮੇਰੇ ਵੀ ਨਾਨਕੇ ਸੁਨਾਮ ਕੋਲ ਮਾਲਵੇ ਵਿੱਚ ਹੀ ਨੇ। ਕੁਛ ਚਿਰ ਦੀ ਗੱਲਬਾਤ ਪਿੱਛੋਂ ਉਹ ਨੀਵੀਂ ਪਾ ਕੇ ਦੋ ਪਲ ਚੁੱਪ ਰਿਹਾ ਤੇ ਫੇਰ ਬੋਲਿਆ, ਮਾਲਵੇ ਵਿੱਚ ਹੁਣ ਵੀ ਕਪਾਹਾਂ ਓਵੇਂ ਖਿੜਦੀਆਂ ਨੇ? ਉਹਦੇ ਸਵਾਲ ਤੋਂ ਹੈਰਾਨ ਹੋ ਕੇ ਮੈਂ ਕਿਹਾ, ਹਾਂ, ਓਵੇਂ ਹੀ ਖਿੜਦੀਆਂ ਨੇ। ਉਹਦੇ ਅਗਲੇ ਸਵਾਲ ਨੇ ਮੈਨੂੰ ਸੁੰਨ ਕਰ ਦਿੱਤਾ। ਪਤਾ ਨਹੀਂ ਕਿਹੜੀਆਂ ਯਾਦਾਂ ਵਿੱਚ ਭਿੱਜੇ ਹੋਏ ਜਜ਼ਬਾਤੀ ਚਿਹਰੇ ਨਾਲ ਉਹਨੇ ਪੁੱਛਿਆ, ਮੁਟਿਆਰਾਂ ਓਵੇਂ ਹੀ ਕਪਾਹਾਂ ਚੁਗਦੀਆਂ ਨੇ? ਮੈਂ ਉਹਦੇ ਮੋਢੇ ਉੱਤੇ ਹੱਥ ਰੱਖ ਕੇ ਕਿਹਾ, ਹਾਂ ਵੀਰ, ਮੁਟਿਆਰਾਂ ਵੀ ਓਵੇਂ ਹੀ ਕਪਾਹਾਂ ਚੁਗਦੀਆਂ ਨੇ! ਪਤਾ ਨਹੀਂ ਕਪਾਹ ਚੁਗਦੀ ਕਿਸ ਭਾਗਭਰੀ ਦੀ ਮੂਰਤੀ ਉਹਦੇ ਮਨ-ਮੰਦਰ ਵਿੱਚ ਸਜੀ ਹੋਈ ਸੀ!

ਮਨੁੱਖੀ ਮਨ ਦੀ ਅਜਬ ਕਹਾਣੀ ਦੇਖੋ, ਇੱਧਰ ਪਿੱਛੇ ਰਹਿ ਗਏ ਘਰ-ਬਾਰ ਤੇ ਸਕੇ-ਸੰਬੰਧੀਆਂ ਤੋਂ ਵੀ ਵਧ ਕੇ ਅਨੇਕ ਲੋਕਾਂ ਨੂੰ ਨਿਮਾਣੀ ਮਿੱਟੀ ਦਾ ਮੋਹ ਅੰਦਰੋਂ ਕੁਤਰਦਾ ਰਹਿੰਦਾ ਹੈ। ਮੇਰੇ ਇੱਕ ਰਿਸ਼ਤੇਦਾਰ ਭਾਈ ਦਾ ਪੂਰਾ ਪਰਿਵਾਰ, ਇੱਥੇ ਘਰ ਤੋਂ ਬਣੇ ਮਕਾਨ ਨੂੰ ਜਿੰਦਾ ਲਾ ਕੇ, ਕਈ ਸਾਲਾਂ ਤੋਂ ਕੈਲੀਫੋਰਨੀਆ ਰਹਿ ਰਿਹਾ ਸੀ। ਮੇਰੀ ਭਾਬੀ ਸਾਨੂੰ ਉੱਥੇ ਗਿਆਂ ਨੂੰ ਕਹਿੰਦੀ, ਮੇਰਾ ਨਹੀਂ ਇੱਥੇ ਜੀਅ ਲਗਦਾ, ਮੈਂ ਤਾਂ ਪਿੰਡ ਜਾ ਕੇ ਰਹੂੰਗੀ। ਮੈਂ ਹੈਰਾਨ ਹੋ ਕੇ ਆਖਿਆ, ਤੇਰਾ ਪਤੀ, ਇਕਲੌਤਾ ਪੁੱਤ ਤੇ ਉਹਦਾ ਪਰਿਵਾਰ, ਸਭ ਕੁਛ ਤਾਂ ਇੱਥੇ ਹੈ, ਪਿੰਡ ਤੇਰਾ ਕੀ ਹੈ? ਉਹ ਬੋਲੀ, ਉੱਥੇ ਮੇਰੀ ਜੰਮਣ-ਭੋਇੰ ਦੀ ਮਿੱਟੀ ਐ! ਮੈਂ ਉਦਾਸ ਹੋ ਗਈ ਗੱਲਬਾਤ ਵਿੱਚੋਂ ਨਿੱਕਲਣ ਲਈ ਆਖਿਆ, ਤੈਨੂੰ ਸਵਾ ਸੇਰ ਮਿੱਟੀ ਇੱਥੇ ਹੀ ਭੇਜ ਦਿਆਂਗੇ।

ਇਹ ਦੋਵੇਂ ਘਟਨਾਵਾਂ ਸੁਣਾਉਣ ਤੋਂ ਮੇਰਾ ਭਾਵ ਹੈ ਕਿ ਦੇਸ ਛੱਡਣਾ ਇੰਨਾ ਸੌਖਾ ਵੀ ਨਹੀਂ! ਪਰ ਫੇਰ ਵੀ ਜੇ ਲੱਖਾਂ ਦੀ ਗਿਣਤੀ ਵਿੱਚ ਲੋਕ ਦੇਸ ਛੱਡ ਕੇ ਪਰਦੇਸ ਜਾ ਰਹੇ ਹਨ ਤਾਂ ਉਹ ਕਿਹੜੇ ਕਾਰਨ ਹਨ ਜਿਹੜੇ ਦੇਸ ਦੀ ਤੇ ਆਪਣਿਆਂ ਦੀ ਅਪਣੱਤ ਤੋਂ ਵੀ ਭਾਰੂ ਹੋ ਜਾਂਦੇ ਹਨ? ਲੋਕ-ਸਭਾ ਵਿੱਚ ਬਦੇਸ ਮਾਮਲਿਆਂ ਦੇ ਮੰਤਰੀ ਦੇ ਦਿੱਤੇ ਇੱਕ ਸਵਾਲ ਦੇ ਜਵਾਬ ਅਨੁਸਾਰ 2016 ਤੋਂ ਫਰਵਰੀ 2021 ਤਕ ਪੰਜਾਬ ਤੇ ਚੰਡੀਗੜ੍ਹ ਤੋਂ 9 ਲੱਖ 84 ਹਜ਼ਾਰ ਲੋਕ ਪਰਦੇਸਾਂ ਵਿੱਚ ਗਏ। ਇਹਨਾਂ ਵਿੱਚ 3 ਲੱਖ 79 ਹਜ਼ਾਰ ਵਿਦਿਆਰਥੀ ਸਨ ਤੇ ਬਾਕੀ ਵੰਨਸੁਵੰਨੇ ਕਾਮੇ। ਇਹ 2020 ਦੀ ਅਨੁਮਾਨੀ ਹੋਈ ਵਸੋਂ ਦਾ 3 ਫ਼ੀਸਦੀ ਬਣਦੇ ਸਨ। ਪੰਜਾਬ ਵਿੱਚੋਂ ਜਾਣ ਵਾਲਿਆਂ ਦਾ 38 ਫ਼ੀਸਦੀ ਵਿਦਿਆਰਥੀ ਸਨ। ਵੱਡੀ ਬਹੁਗਿਣਤੀ ਵਿਦਿਆਰਥੀਆਂ ਸਮੇਤ ਜਿੰਨੇ ਲੋਕ ਕਿਸੇ ਵੀ ਆਧਾਰ ਉੱਤੇ ਬਾਹਰ ਜਾਂਦੇ ਹਨ, ਸਭ ਦਾ ਟੀਚਾ ਉੱਥੇ ਟਿਕਣਾ-ਕਮਾਉਣਾ ਹੀ ਹੁੰਦਾ ਹੈ।

ਧਿਆਨਜੋਗ ਗੱਲ ਇਹ ਹੈ ਕਿ ਮੁਢਲੇ ਪਰਵਾਸੀਆਂ ਤੋਂ ਲੈ ਕੇ ਅੱਜ ਤਕ ਪਰਵਾਸ ਦਾ ਇਤਿਹਾਸ ਮਾਇਆ ਦੁਆਲੇ ਹੀ ਘੁੰਮਦਾ ਹੈ। ਮਾਇਆ ਦੀ ਚੁੰਬਕੀ ਖਿੱਚ ਬੜੀ ਜ਼ੋਰਾਵਰ ਹੈ। 19ਵੀਂ ਸਦੀ ਦੇ ਅੰਤ ਤੇ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਜਦੋਂ ਮੁਢਲੇ ਪੰਜਾਬੀ ਅਮਰੀਕਾ ਗਏ, ਪੰਜਾਬ ਵਿੱਚ ਕਾਮੇ ਦੀ ਦਿਹਾੜੀ ਛੇ ਆਨੇ ਸੀ ਅਤੇ ਕੈਲੀਫ਼ੋਰਨੀਆ ਵਿੱਚ ਮਹਾਂ-ਬਿਰਛ ਵੱਢਣ, ਆਰਾ ਮਿੱਲਾਂ ਵਿੱਚ ਕੰਮ ਕਰਨ, ਅਣਵਾਹੀਆਂ ਧਰਤੀਆਂ ਵਾਹੀ ਹੇਠ ਲਿਆਉਣ ਤੇ ਰੇਲ ਦੀਆਂ ਪਟੜੀਆਂ ਵਿਛਾਉਣ ਦੀ ਦਿਹਾੜੀ ਦੇ ਦੋ ਡਾਲਰ ਮਿਲਦੇ ਸਨ। ਉਦੋਂ ਡਾਲਰ ਤਿੰਨ ਰੁਪਏ ਇੱਕ ਆਨੇ ਦਾ ਸੀ ਅਤੇ ਦੋ ਡਾਲਰਾਂ ਦੇ 98 ਆਨੇ ਇੱਥੋਂ ਦੀਆਂ 16 ਦਿਹਾੜੀਆਂ ਤੋਂ ਵੀ ਵੱਧ ਬਣਦੇ ਸਨ। ਇਸੇ ਲਈ ਮੇਰੇ ਪਿਛਲੇ ਲੇਖ ਵਾਲਾ ਬਾਬਾ ਦਾੜ੍ਹੀ-ਕੇਸਾਂ ਦੀ ਗੱਲ ਚੱਲੀ ਤੋਂ ਪ੍ਰੋ. ਬਰੂਸ ਨੂੰ ਆਖਦਾ ਹੈ, ਜੇ ਮੈਂ ਪੱਗ-ਦਾੜ੍ਹੀ ਨਾਲ ਆਉਂਦਾ,ਮੈਨੂੰ ਫੜ ਲੈਂਦੇ। ਮੈਂ ਆਪਣੇ ਧਰਮ ਲਈ ਮਰ ਤਾਂ ਸਕਦਾ ਹਾਂ, ਪਰ ਧਰਮ ਕਾਰਨ ਇੱਥੋਂ ਕੱਢਿਆ ਜਾਣਾ ਨਹੀਂ ਚਾਹੁੰਦਾ!

ਮੁਢਲੇ ਪਰਵਾਸੀਆਂ ਬਾਰੇ ਖੋਜਭਾਲ ਕਰਦਿਆਂ ਮੈਨੂੰ ਇੱਕ ਪੰਜਾਬੀ ਹਿੰਮਤੀ ਦੇ 1861 ਵਿੱਚ ਕੈਲੀਫ਼ੋਰਨੀਆ ਦੇ ਯੂਬਾ ਇਲਾਕੇ ਵਿੱਚ ਪਹੁੰਚਣ ਦਾ ਪਤਾ ਲੱਗਿਆ। ਉਹਦੇ ਬਾਰੇ ਹੋਰ ਜਾਣਕਾਰੀ ਤਾਂ ਦੂਰ, ਉਹਦੇ ਨਾਂ ਦਾ ਵੀ ਕੋਈ ਪਤਾ ਨਹੀਂ ਲਗਦਾ ਕਿਉਂਕਿ ਉਸ ਬਾਰੇ 'ਮੈਰੀਜ਼ਵਿਲ ਅਪੀਲ' ਨਾਂ ਦੇ ਅਖ਼ਬਾਰ ਵਿੱਚ ਛਪੀ ਖ਼ਬਰ ਵਿੱਚ ਲਿਖਿਆ ਹੋਇਆ ਸੀ, ਉਹਦਾ ਨਾਂ ਉਚਾਰਿਆ ਨਾ ਜਾ ਸਕਣ ਵਾਲਾ ਹੋਣ ਕਰਕੇ ਉਹਨੂੰ ਸੈਮ ਹੀ ਕਹਿ ਲੈਂਦੇ ਹਾਂ। ਖ਼ਬਰ ਅਨੁਸਾਰ ਝਗੜਾ ਕਰਨ ਕਰਕੇ ਉਹਨੂੰ ਪੰਜ ਡਾਲਰ ਜੁਰਮਾਨਾ ਕੀਤਾ ਗਿਆ ਸੀ। ਉਹ ਕੀਹਦੇ ਨਾਲ ਝਗੜਿਆ, ਕਿਉਂ ਝਗੜਿਆ ਅਤੇ ਦੂਜੀ ਧਿਰ ਨੂੰ ਵੀ ਜੁਰਮਾਨਾ ਹੋਇਆ ਕਿ ਨਹੀਂ, ਖ਼ਬਰ ਇਸ ਬਾਰੇ ਚੁੱਪ ਸੀ।

ਪੰਜਾਬੀਆਂ ਨੂੰ ਅਮਰੀਕਾ-ਕੈਨੇਡਾ ਵੱਲ ਪਰਵਾਸ ਲਈ ਪ੍ਰੇਰਨ ਵਾਲੀ ਇੱਕ ਅਹਿਮ ਘਟਨਾ 1897 ਵਿੱਚ ਵਾਪਰੀ। ਉਸ ਸਾਲ ਲੰਡਨ ਵਿੱਚ ਮਨਾਈ ਗਈ ਮਲਕਾ ਵਿਕਟੋਰੀਆ ਦੀ ਡਾਇਮੰਡ ਜੁਬਲੀ ਵਿੱਚ ਹਿੱਸਾ ਲੈ ਕੇ ਦੇਸ ਮੁੜਦੇ ਹੋਏ ਸਿੱਖ ਸਿਪਾਹੀਆਂ ਦੇ ਦਸਤੇ ਨੇ ਰਾਹ ਵਿੱਚ ਕੈਨੇਡਾ ਦਾ ਬ੍ਰਿਟਿਸ਼ ਕੋਲੰਬੀਆ ਦਾ ਇਲਾਕਾ ਦੇਖਿਆ। ਦਿਸਹੱਦੇ ਤਕ ਫ਼ੈਲੀਆਂ ਹੋਈਆਂ ਸੁੰਨੀਆਂ ਅਣਤੋੜੀਆਂ ਜ਼ਮੀਨਾਂ ਦੇਖ ਕੇ ਉਹਨਾਂ ਨੂੰ ਆਪਣੇ ਖੇਤਾਂ ਦੀ ਥੁੜਾਂ-ਮਾਰੀ ਹਾਲਤ ਯਾਦ ਆਈ। ਇਸ ਤੋਂ ਵੀ ਵਧ ਕੇ ਉਹਨਾਂ ਨੂੰ ਅਜਿਹੀਆਂ ਸੋਆਂ ਵੀ ਮਿਲੀਆਂ ਕਿ ਕੈਨੇਡਾ ਦੀ ਸਰਕਾਰ ਇਸ ਇਲਾਕੇ ਨੂੰ ਆਬਾਦ ਕਰਨਾ ਚਾਹੁੰਦੀ ਹੈ। ਇਹਨਾਂ ਖ਼ਬਰਾਂ ਦਾ ਪੰਜਾਬ ਪਹੁੰਚਣਾ ਪੰਜਾਬੀਆਂ ਨੂੰ ਪਰਵਾਸ ਵਾਸਤੇ ਉਤੇਜਿਤ ਕਰਨ ਲਈ ਕਾਫ਼ੀ ਸੀ। ਇਉਂ ਕੈਨੇਡਾ ਵੱਲ ਤੇ ਉੱਥੋਂ ਅੱਗੇ ਅਮਰੀਕਾ ਵੱਲ ਪਰਵਾਸ ਦਾ ਮੁੱਢ ਬੱਝਿਆ। 1903 ਤੋਂ 1908 ਤਕ 6,000 ਪੰਜਾਬੀ ਕੈਨੇਡਾ ਪਹੁੰਚੇ ਜਿਨ੍ਹਾਂ ਵਿੱਚੋਂ 3,000 ਅੱਗੇ ਅਮਰੀਕਾ ਨੂੰ ਤੁਰ ਗਏ।

ਕੈਲੇਫੋਰਨੀਆ ਵਿੱਚ ਕਾਨੂੰਨੀ ਆਗਿਆ ਨਾਲ ਪਹੁੰਚਣ ਵਾਲੇ ਪਹਿਲੇ ਚਾਰ ਸਿੱਖਾਂ ਦੇ ਸਾਨ ਫ਼ਰਾਂਸਿਸਕੋ ਉੱਤਰਨ ਦੀ ਖ਼ਬਰ ਅਖ਼ਬਾਰ 'ਸਾਨ ਫਰਾਂਸਿਸਕੋ ਕਰੌਨੀਕਲ' ਨੇ 6 ਅਪਰੈਲ 1899 ਨੂੰ ਛਾਪੀ। ਪੱਤਰਕਾਰ ਨੇ 'ਸਿੱਖਾਂ ਨੂੰ ਉੱਤਰਨ ਦੀ ਆਗਿਆ' ਦੇ ਸਿਰਲੇਖ ਹੇਠ ਲਿਖਿਆ: ਪਿਛਲੇ ਦਿਨ ਜੋ ਚਾਰ ਸਿੱਖ ਨਿੱਪਨ ਮਾਰੂ ਰਾਹੀਂ ਆਏ ਸਨ, ਕੱਲ੍ਹ ਆਵਾਸ ਅਧਿਕਾਰੀਆਂ ਨੇ ਉਹਨਾਂ ਨੂੰ ਉੱਤਰਨ ਦੀ ਆਗਿਆ ਦੇ ਦਿੱਤੀ। ਇਹਨਾਂ ਚਾਰਾਂ ਵਰਗੀ ਬੇਹੱਦ ਛੈਲ-ਛਬੀਲੀ ਟੋਲੀ ਪੈਸੇਫਿਕ ਮਾਲ ਡੌਕ ਵਿੱਚ ਚਿਰਾਂ ਤੋਂ ਦੇਖਣ ਵਿੱਚ ਨਹੀਂ ਆਈ। ਉਹਨਾਂ ਵਿੱਚੋਂ ਇੱਕ, ਬੱਕਸ਼ਲੀਦ ਸਿੰਘ (ਸ਼ਾਇਦ ਉਹਨੇ ਬਖ਼ਸ਼ੀਸ਼ ਦੀ ਥਾਂ ਇਹ ਸੁਣਿਆ-ਸਮਝਿਆ ਹੋਵੇਗਾ - ਲੇਖਕ) ਵਧੀਆ ਅੰਗਰੇਜ਼ੀ ਬੋਲਦਾ ਹੈ, ਬਾਕੀ ਥੋੜ੍ਹੀ-ਥੋੜ੍ਹੀ ਬੋਲ ਲੈਂਦੇ ਹਨ। ਦੇਖਣ ਵਿੱਚ ਸੁਹਣੇ ਤਾਂ ਉਹ ਸਾਰੇ ਹੀ ਹਨ, ਪਰ ਖਾਸ ਕਰ ਕੇ ਬੱਕਸ਼ਲੀਦ ਸਿੰਘ ਤਾਂ ਸਰੀਰਕ ਸੁਹੱਪਣ ਦੇ ਪੱਖੋਂ ਦਰਸ਼ਨੀ ਹੈ। ਉਹ ਛੇ ਫ਼ੁੱਟ ਦੋ ਇੰਚ ਉੱਚਾ ਹੈ ਤੇ ਉਹਦੇ ਅੰਗ ਜਿਵੇਂ ਸਾਂਚੇ ਵਿੱਚ ਢਾਲ਼ੇ ਹੋਏ ਹੋਣ। ਉਹਦੇ ਸਾਥੀ ਬੂੜ ਸਿੰਘ, ਵਰਿਆਮ ਸਿੰਘ ਤੇ ਸੁਹਾਵਾ ਸਿੰਘ ਇੱਡੇ ਕੱਦ-ਕਾਠ ਵਾਲ਼ੇ ਨਹੀਂ ਹਨ। ਇਹ ਸਾਰੇ ਚੀਨ ਵਿੱਚ ਸਿਪਾਹੀ ਰਹੇ ਹਨ। ਉਹ ਇੱਥੇ ਆਉਣ ਤੋਂ ਪਹਿਲਾਂ ਸ਼ਾਹੀ ਤੋਪਖਾਨੇ ਵਿੱਚ ਸਨ ਤੇ ਲੰਮਾ ਬੰਦਾ, ਜਿਸਦਾ ਨਾਂ ਠੀਕ ਬੋਲਿਆ ਨਹੀਂ ਜਾਂਦਾ, ਹਾਂਗਕਾਂਗ ਦੀ ਪੁਲਿਸ ਵਿੱਚ ਸਾਰਜੰਟ ਸੀ। ਉਹ ਇੱਥੇ ਚੰਗੀ ਕਮਾਈ ਕਰਨ ਦੀ ਤੇ ਫੇਰ ਕੋਈ ਵੀਹ ਸਾਲ ਪਹਿਲਾਂ ਛੱਡੇ ਹੋਏ ਲਾਹੌਰ ਜ਼ਿਲ੍ਹੇ ਦੇ ਆਪਣੇ ਘਰੀਂ ਪਰਤ ਜਾਣ ਦੀ ਆਸ ਨਾਲ ਆਏ ਹਨ। ਪੰਜਾਬੀ ਆਵਾਸੀਆਂ ਦੀ ਇਹ ਵਡਿਆਈ ਪਹਿਲੀ ਦੇ ਨਾਲ-ਨਾਲ ਸ਼ਾਇਦ ਆਖ਼ਰੀ ਵੀ ਸੀ, ਕਿਉਂਕਿ ਛੇਤੀ ਹੀ ਕੈਲੀਫ਼ੋਰਨੀਆ ਦੇ ਅਖ਼ਬਾਰ ਉਹਨਾਂ ਦੇ ਦੁਸ਼ਮਣ ਬਣ ਗਏ ਤੇ ਉਹਨਾਂ ਬਾਰੇ ਡਰ ਤੇ ਨਫ਼ਰਤ ਫੈਲਾਉਣ ਲੱਗੇ। ਕਮਾਈ ਦੀ ਆਸ ਵਿੱਚ ਉੱਥੇ ਪਹੁੰਚੇ ਉਹਨਾਂ ਲੋਕਾਂ ਨੂੰ ਕੀ ਕੁਛ ਬਰਦਾਸ਼ਤ ਕਰਨਾ ਪਿਆ, ਪੜ੍ਹ ਕੇ ਆਦਮੀ ਬੇਚੈਨ ਹੋ ਜਾਂਦਾ ਹੈ। ਬੇਨਾਂਵੇਂ 'ਸੈਮ' ਨਾਲ ਤਾਂ 1861 ਵਿੱਚ ਜੋ ਬੀਤੀ ਸੋ ਬੀਤੀ, 27 ਜਨਵਰੀ 1908 ਦੇ 'ਨਿਊਯਾਰਕ ਟਾਈਮਜ਼' ਨੇ 'ਹਿੰਦੂ ਭਜਾਏ ਗਏ' ਦੇ ਸਿਰਲੇਖ ਹੇਠ ਛਾਪੀ ਖ਼ਬਰ ਵਿੱਚ ਦੱਸਿਆ ਕਿ ਕੈਲੀਫ਼ੋਰਨੀਆ ਦੇ ਨਗਰ ਲਾਈਵ ਓਕ ਦੇ ਵੀਹ ਵਸਨੀਕਾਂ ਨੇ ਸਨਿੱਚਰਵਾਰ ਦੀ ਰਾਤ ਨੂੰ ਦੋ ਮਕਾਨਾਂ ਉੱਤੇ ਹਮਲਾ ਕਰ ਦਿੱਤਾ ਜਿਨ੍ਹਾਂ ਵਿੱਚ ਸਦਰਨ ਪੈਸੇਫਿਕ ਕੰਪਨੀ ਦੇ ਕੱਢੇ ਹੋਏ ਸੱਤਰ ਹਿੰਦੂ ਰਹਿ ਰਹੇ ਸਨ ਤੇ ਉਹਨਾਂ ਨੂੰ ਸ਼ਹਿਰ ਛੱਡਣ ਲਈ ਮਜਬੂਰ ਕਰ ਦਿੱਤਾ। (ਉਦੋਂ ਹਰ ਧਰਮ ਦੇ ਹਿੰਦੋਸਤਾਨੀਆਂ ਨੂੰ ਉੱਥੇ ਹਿੰਦੂ ਹੀ ਕਿਹਾ ਜਾਂਦਾ ਸੀ।)

(ਬਾਕੀ ਸਫ਼ਾ 29 'ਤੇ)

# ਹਾਸ਼ੀਆਗਤ ਐਨ.ਆਰ.ਆਈ. ਸਭਾ ਮੁੜ ਸੁਰਜੀਤ ਹੋਵੇ



ਗੁਰਮੀਤ ਸਿੰਘ ਪਲਾਹੀ
9815802070

ਕਿਸੇ ਵੇਲੇ ਅਤਿ ਚਰਚਾ ਵਿੱਚ ਰਹੀ ਪ੍ਰਵਾਸੀ ਪੰਜਾਬੀਆਂ ਦੇ ਭਲੇ ਹਿੱਤ ਬਣਾਈ ਐਨ.ਆਰ.ਆਈ. ਸਭਾ (ਰਜਿ:) ਜਲੰਧਰ ਦੇ ਪ੍ਰਧਾਨ ਦੀ ਚੋਣ 5 ਜਨਵਰੀ 2024 ਨੂੰ ਹੋਵੇਗੀ। ਪ੍ਰਧਾਨਗੀ ਚੋਣ ਦਾ ਅਮਲ 11 ਦਸੰਬਰ 2023 ਤੋਂ ਸ਼ੁਰੂ ਹੋਵੇਗਾ। ਐਨ.ਆਰ.ਆਈ. 27 ਅਕਤੂਬਰ 2023 ਤੱਕ 10,000 ਰੁਪਏ ਦੇ ਕੇ ਲਾਈਫ ਮੈਂਬਰਸ਼ਿਪ ਲੈ ਸਕਦੇ ਹਨ। ਇਹ ਸਭਾ 1998 ਵਿੱਚ, ਸੁਸਾਇਟੀ ਰਜਿਸਟ੍ਰੇਸ਼ਨ ਐਕਟ 1860 ਦੇ ਅਧੀਨ ਰਜਿਸਟਰਡ ਕਰਵਾਈ ਗਈ।

ਇਸ ਸਭਾ ਦੇ ਦੁਨੀਆਂ ਭਰ ਵਿੱਚ 25,000 ਹਜ਼ਾਰ ਤੋਂ ਵੱਧ ਐਨ.ਆਰ.ਆਈ. ਮੈਂਬਰ ਹਨ। ਇਸ ਸਭਾ ਦੇ ਮੁੱਖ ਮੰਤਰੀ ਪੰਜਾਬ ਚੀਫ ਪੈਟਰਨ, ਜਲੰਧਰ ਡਿਵੀਜਨ ਦੇ ਕਮਿਸ਼ਨਰ ਚੇਅਰਮੈਨ ਅਤੇ ਪੰਜਾਬ ਦੇ 12 ਜ਼ਿਲ੍ਹਿਆਂ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ, ਨਵਾਂ ਸ਼ਹਿਰ, ਅੰਮ੍ਰਿਤਸਰ, ਗੁਰਦਾਸਪੁਰ, ਤਰਨਤਾਰਨ, ਲੁਧਿਆਣਾ, ਮੋਗਾ, ਮੋਹਾਲੀ, ਪਟਿਆਲਾ ਅਤੇ ਰੋਪੜ ਦੇ ਡਿਪਟੀ ਕਮਿਸ਼ਨਰ ਆਪੋ-ਆਪਣੇ ਜ਼ਿਲ੍ਹਿਆਂ ਵਿੱਚ ਬਣਾਏ ਸਭਾ ਦੇ ਯੂਨਿਟਾਂ ਦੇ ਚੇਅਰਮੈਨ ਹਨ। ਇਹਨਾ ਜ਼ਿਲ੍ਹਿਆਂ ਵਿੱਚ ਹੀ ਐਨ.ਆਰ.ਆਈ. ਪੁਲਿਸ ਸਟੇਸ਼ਨ ਅਤੇ ਐਨ.ਆਰ.ਆਈ. ਅਦਾਲਤਾਂ ਸਰਕਾਰ ਵੱਲੋਂ ਸਥਾਪਿਤ ਹਨ।

ਕਈ ਦਹਾਕੇ ਪਹਿਲਾਂ ਪੰਜਾਬ ਸਰਕਾਰ ਵੱਲੋਂ ਐਨ.ਆਰ.ਆਈ. ਸਭਾ ਜਲੰਧਰ ਦਾ ਗਠਨ ਕੀਤਾ ਗਿਆ ਸੀ। ਜਿਸ ਕੋਲ ਕੋਈ ਵੀ ਕਨੂੰਨੀ ਅਧਿਕਾਰ ਨਹੀਂ ਹੈ ਪਰ ਇਹ ਸਭਾ ਸਰਕਾਰ ਦੇ ਵੱਖੋ-ਵੱਖਰੇ ਮਹਿਕਮਿਆਂ ਨਾਲ ਸੰਪਰਕ ਕਰਕੇ ਐਨ.ਆਰ.ਆਈ. ਦੇ ਹਿੱਤਾਂ ਲਈ ਕੰਮ ਕਰਨ ਵਜੋਂ ਜਾਣੀ ਜਾਂਦੀ ਹੈ। ਪਰ ਬਹੁਤੇ ਸਰਕਾਰੀ ਦਖ਼ਲ ਕਾਰਨ ਇਹ ਸਭਾ ਸਿਆਸਤ ਦਾ ਅਖਾੜਾ ਬਣ ਗਈ। ਪਿਛਲੀ ਵੇਰ ਚੋਣ ਹੋਣ ਦੇ ਬਾਵਜੂਦ ਵੀ ਇਸਦੇ ਹੋਂਦ ਵਿਖਾਈ ਹੀ ਨਹੀਂ ਦਿੰਦੀ। ਪਿਛਲੀ ਵੇਰ ਕਿਪਾਲ ਸਿੰਘ ਸਹੋਤਾ ਅਮਰੀਕਾ ਪ੍ਰਧਾਨ ਚੁਣੇ ਗਏ, ਪਰ ਉਹਨਾ ਨੇ ਚੋਣ ਤੋਂ ਬਾਅਦ ਸਭਾ ਦੀਆਂ ਸਰਗਰਮੀਆਂ 'ਚ ਕੋਈ ਦਿਲਚਸਪੀ ਹੀ ਨਾ ਵਿਖਾਈ। ਇਹ ਚੋਣ 2020 ਵਿੱਚ ਹੋਈ ਸੀ।

ਇਸ ਸੰਸਥਾ ਨੇ ਹਜ਼ਾਰਾਂ ਪ੍ਰਵਾਸੀ ਪੰਜਾਬੀਆਂ ਤੋਂ ਮੈਂਬਰਸ਼ਿਪ ਦੇ ਨਾਮ 'ਤੇ ਚੰਦੇ ਉਗਰਾਹੇ, ਕਰੋੜਾਂ ਦੀ ਲਾਗਤ ਨਾਲ ਜਲੰਧਰ 'ਚ ਦਫ਼ਤਰ ਬਣਾਇਆ, ਪਰ ਹੁਣ ਇਸਦੀ ਹਾਲਤ ਚਾਰਾ ਖਾਣ ਵਾਲੇ ਹਾਥੀ ਦੀ ਹੈ, ਜੋ ਕਿਸੇ ਦਾ ਕੁਝ ਵੀ ਨਹੀਂ ਸੁਆਰਦਾ ਭਾਵੇਂ ਕਿ ਇਹ ਸੁਸਾਇਟੀ ਸੁਤੰਤਰ ਹੈ, ਪਰ ਹੁਣ ਸਰਕਾਰ ਦੇ ਗਲਬੇ ਹੇਠ ਹੈ, ਇਥੋਂ ਤੱਕ ਕਿ ਇਸਦਾ ਇਨਫਰਾਸਟ੍ਰਕਚਰ ਵੀ ਸੁਸਾਇਟੀ ਦੀ ਸੁਤੰਤਰ ਮਾਲਕੀ ਵਾਲਾ ਨਹੀਂ ਰਿਹਾ। ਸਟੇਟ ਐਨ.ਆਰ.ਆਈ. ਕਮਿਸ਼ਨਰ, ਜਲੰਧਰ ਡਿਵੀਜ਼ਨ ਇਸ ਸਭਾ ਦੇ ਕਮਿਸ਼ਨਰ ਹਨ।

ਅਕਾਲੀ-ਭਾਜਪਾ ਸਰਕਾਰ ਵੱਲੋਂ ਪ੍ਰਵਾਸੀ ਪੰਜਾਬੀਆਂ ਦੀਆਂ ਇਸ ਕਿਸਮ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਕਥਿਤ ਉਦੇਸ਼ ਅਧੀਨ ਹਰ ਵਰ੍ਹੇ ਪੰਜਾਬੀ ਪ੍ਰਵਾਸੀ ਕਾਨਫਰੰਸਾਂ ਲਗਭਗ ਬਾਰਾਂ ਵਰ੍ਹੇ ਕਰਵਾਈਆਂ ਜਾਂਦੀਆਂ ਰਹੀਆਂ। ਕੈਨੇਡਾ, ਅਮਰੀਕਾ, ਬਰਤਾਨੀਆਂ ਅਤੇ ਹੋਰ ਮੁਲਕਾਂ ਤੋਂ ਕੁਝ ਚੋਣਵੇਂ ਪ੍ਰਮੁੱਖ ਪੰਜਾਬੀ ਪ੍ਰਵਾਸੀ ਇਹਨਾ ਕਾਨਫਰੰਸਾਂ 'ਚ ਹਿੱਸਾ ਲੈਂਦੇ ਰਹੇ। ਹਰ ਵਰ੍ਹੇ ਲੱਖਾਂ ਰੁਪਏ ਖਰਚਣ ਤੋਂ ਬਾਅਦ ਵੀ ਪ੍ਰਵਾਸੀ ਪੰਜਾਬੀਆਂ ਦੇ ਪੱਲੇ ਇਸ ਕਰਕੇ ਇਹਨਾ ਕਾਨਫਰੰਸਾਂ ਤੋਂ ਕੁਝ ਨਾ ਪਿਆ ਕਿ ਗੱਲਾਂ-ਬਾਤਾਂ ਤੋਂ ਬਾਅਦ ਅਮਲੀ ਰੂਪ ਵਿੱਚ ਸਰਕਾਰ ਵੱਲੋਂ ਕੁਝ ਨਾ ਕੀਤਾ ਗਿਆ। ਐਨ.ਆਰ.ਆਈ. ਥਾਣਿਆਂ ਅਤੇ ਐਨ.ਆਰ.ਆਈ. ਅਦਾਲਤਾਂ ਦੀ ਕਾਰਗੁਜ਼ਾਰੀ ਕਦੇ ਵੀ ਸੰਤੋਖਜਨਕ ਨਹੀਂ ਰਹੀਂ ਕਿਉਂਕਿ ਇਸ ਸਰਕਾਰ ਦਾ ਮੰਤਵ ਤਾਂ ਅੰਦਰੋਂ ਪ੍ਰਵਾਸੀ ਪੰਜਾਬੀਆਂ ਦੇ ਉਹਨਾ ਦੇ ਪ੍ਰਭਾਵ ਵਾਲੀਆਂ ਵੋਟਾਂ ਪ੍ਰਾਪਤ ਕਰਨ ਦਾ ਪੱਤਾ ਖੇਡਣਾ ਸੀ।

ਪਰ ਜਦੋਂ ਪ੍ਰਵਾਸੀ ਪੰਜਾਬੀਆਂ ਦਾ ਵੱਡਾ ਹਿੱਸਾ ਪਹਿਲਾਂ ਮਨਪ੍ਰੀਤ ਸਿੰਘ ਬਾਦਲ ਵੱਲੋਂ 2012 'ਚ ਬਣਾਈ ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਹੱਕ ਵਿੱਚ ਨਿਤਰ ਪਿਆ ਅਤੇ ਬਾਅਦ ਵਿੱਚ ਆਮ ਆਦਮੀ ਪਾਰਟੀ ਨਾਲ ਲੋਕ ਸਭਾ ਚੋਣਾ ਵੇਲੇ ਖੜਾ ਦਿਸਿਆ ਤਾਂ ਅਕਾਲੀ-ਭਾਜਪਾ ਦੀ ਸਰਕਾਰ ਨੇ ਪੰਜਾਬੀ ਪ੍ਰਵਾਸੀਆਂ ਦਾ ਖਹਿੜਾ ਛੱਡ ਉਹਨਾਂ ਨੂੰ ਆਪਣੇ ਰਹਿਮੋ ਕਰਮ ਉਤੇ ਰਹਿਣ ਦੇਣ ਦਾ ਜਿਵੇਂ ਫੈਸਲਾ ਹੀ ਕਰ ਲਿਆ। ਪ੍ਰਵਾਸੀ ਪੰਜਾਬੀਆਂ ਦੀ ਡੇਢ ਦਹਾਕਾ ਪਹਿਲਾਂ ਤੋਂ ਚਲਦੀ ਸੰਸਥਾ ਐਨ ਆਰ ਆਈ ਸਭਾ ਦੀਆਂ ਸਰਗਰਮੀਆਂ ਠੱਪ ਕਰ ਦਿੱਤੀਆਂ, ਉਸਦੀ ਵਾਂਗ ਡੋਰ ਅਫ਼ਸਰਾਂ ਹੱਥ ਫੜਾ ਦਿੱਤੀ, ਕਿਉਂਕਿ ਉਹ ਸਿਆਸੀ ਲੋਕਾਂ ਦਾ ਅਖਾੜਾ ਬਣਦੀ ਨਜ਼ਰ ਆਉਣ ਲੱਗ ਪਈ ਸੀ।

ਉਂਜ ਸਭਾ ਦਾ ਉਦੇਸ਼ ਐਨ.ਆਰ.ਆਈ. ਵੀਰਾਂ ਦੇ ਹੱਕਾਂ ਦੀ ਰਾਖੀ ਕਰਨਾ ਸੀ। ਉਹਨਾ ਨੂੰ ਕੋਈ ਮੁਸ਼ਕਲ ਪੇਸ਼ ਨਾ ਹੋਵੇ, ਅਤੇ ਉਹਨਾਂ ਦੀ ਜਾਇਦਾਦ ਨੂੰ ਕੋਈ ਸੰਨ੍ਹ ਨਾ ਲਾਵੇ, ਇਹ ਵੇਖਣਾ ਵੀ ਉਹਨਾ ਦਾ ਮੰਤਵ ਨੀਅਤ ਸੀ। ਲੋੜ ਅਨੁਸਾਰ ਐਨ.ਆਰ.ਆਈਜ਼, ਦੀ ਮਦਦ ਕਰਨਾ ਵੀ ਮਿਥਿਆ ਗਿਆ ਸੀ।

ਪਿਛਲੇ ਪੰਜਾਹ ਵਰਿਆਂ ਦੌਰਾਨ ਹਜ਼ਾਰਾਂ ਪੰਜਾਬੀਆਂ ਚੰਗੇਰੇ ਭਵਿੱਖ ਲਈ ਆਪਣਾ ਘਰ-ਬਾਰ ਛੱਡਿਆ ਹੈ। ਭਾਵੇਂ ਕਿ ਪੰਜਾਬੀਆਂ ਦੇ ਪ੍ਰਵਾਸ ਦੀ ਕਹਾਣੀ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਤੋਂ ਸ਼ੁਰੂ ਹੁੰਦੀ ਹੈ ਪਰ ਅਸਲ ਵਿੱਚ 1960 ਤੋਂ ਬਾਅਦ ਜਿਆਦਾ ਪੰਜਾਬੀਆਂ ਨੇ ਪੰਜਾਬੋਂ ਤੋਰੇ ਪਾਏ, ਆਪਣੇ ਪਿਛੇ ਰਹੇ ਪ੍ਰੀਵਾਰਾਂ ਦੀਆਂ ਤੰਗੀਆਂ-ਤੁਰਸ਼ੀਆਂ ਦੂਰ ਕਰਨ ਲਈ ਸਿਰਤੋੜ ਯਤਨ ਕੀਤੇ। ਪੰਜਾਬ 'ਚ ਜ਼ਮੀਨਾਂ-ਜਾਇਦਾਦਾਂ ਦੀ ਸਾਂਭ-ਸੰਭਾਲ ਉਹਨਾਂ ਦੇ ਜੀਅ ਦਾ ਜੰਜਾਲ ਬਣ ਗਈ।

ਪਿੱਛੇ ਰਹੇ ਕੁਝ ਰਿਸ਼ਤੇਦਾਰਾਂ, ਕੁਝ ਦੋਸਤਾਂ-ਮਿੱਤਰਾਂ, ਸੰਗੀਆਂ-ਸਾਥੀਆਂ ਉਹਨਾ ਨਾਲ ਠੱਗੀਆਂ-ਠੋਰੀਆਂ ਕੀਤੀਆਂ। ਜਾਅਲੀ ਮੁਖਤਾਰਨਾਮੇ ਤਿਆਰ ਕਰਕੇ, ਜਾਅਲੀ ਬੰਦੇ ਖੜੇ ਕਰਕੇ ਉਹਨਾ ਦੀਆਂ ਜ਼ਮੀਨਾਂ-ਜਾਇਦਾਦਾਂ ਹਥਿਆ ਲਈਆਂ ਜਾਂ ਹਥਿਆਉਣ ਦਾ ਯਤਨ ਕੀਤਾ। ਇਹਨਾਂ ਮਸਲਿਆਂ ਸਬੰਧੀ ਸੈਂਕੜੇ ਨਹੀਂ ਹਜ਼ਾਰਾਂ ਕੇਸ ਪੁਲਿਸ, ਅਦਾਲਤਾਂ ਕੋਲ ਇਨਸਾਫ ਦੀ ਉਡੀਕ ਵਿੱਚ ਵਰ੍ਹਿਆਂ ਤੋਂ ਪਏ ਹਨ। ਕਈ ਵੇਰ ਜਦੋਂ ਪ੍ਰਵਾਸੀ ਆਪਣੀਆਂ ਜਾਇਦਾਦਾਂ ਦੀ ਦੇਖ-ਭਾਲ, ਸੰਭਾਲ ਜਾਂ ਕੇਸਾਂ ਸਬੰਧੀ ਜਾਣਕਾਰੀ ਲਈ ਦੇਸ਼ ਪਰਤਦੇ ਹਨ ਤਾਂ ਭੂ-ਮਾਫੀਏ ਨਾਲ ਜੁੜੇ ਲੋਕ ਉਹਨਾਂ ਨੂੰ ਡਰਾਕੇ, ਧਮਕਾਕੇ, ਉਹਨਾ ਨਾਲ ਜ਼ਮੀਨੀ ਸੌਦੇ ਕਰਦੇ ਹਨ।

ਕਾਨੂੰਨ ਤੋਂ ਉਲਟ ਜਾਕੇ, ਪ੍ਰਵਾਸੀਆਂ ਨੂੰ ਬਿਨਾਂ ਦੱਸੇ ਉਹਨਾਂ ਤੋਂ ਅਸ਼ਟਾਮਾਂ ਜਾਂ ਹੋਰ ਕਾਗਜ਼ਾਂ ਉਤੇ ਦਸਤਖ਼ਤ ਕਰਵਾਕੇ ਸਰਕਾਰੀ ਮਿਲੀ ਭੁਗਤ ਨਾਲ ਉਹਨਾਂ ਦੀ ਕਰੋੜਾਂ ਜਾਇਦਾਦ ਕੌਡੀਆਂ ਦੇ ਭਾਅ ਲੁੱਟ ਲੈਂਦੇ ਹਨ ਅਤੇ ਵਿਰੋਧ ਕਰਨ 'ਤੇ ਉਹਨਾ ਖ਼ਿਲਾਫ਼ ਕਿਧਰੇ ਫੌਜਦਾਰੀ, ਕਿਧਰੇ ਅਪਰਾਧਿਕ ਮਾਮਲਿਆਂ ਦਾ ਅਤੇ ਕਿਧਰੇ ਗੈਰ-ਕਾਨੂੰਨੀ ਢੰਗ ਨਾਲ ਜਾਇਦਾਦ ਦੀ ਵੇਚ-ਵੱਟਤ ਦਾ ਕੇਸ ਦਰਜ ਕਰਵਾ ਦਿੰਦੇ ਹਨ ਤਾਂ ਕਿ ਉਹ ਪੰਜਾਬ ਪਰਤਣ ਜੋਗੇ ਹੀ ਨਾ ਰਹਿਣ। ਇੱਕ ਨਹੀਂ ਅਨੇਕਾਂ ਉਦਾਹਰਨਾਂ ਇਸ ਕਿਸਮ ਦੇ ਮਾਮਲਿਆਂ ਦੀਆਂ ਸਮੇਂ ਸਮੇਂ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੀਆਂ ਰਹਿੰਦੀਆਂ ਹਨ।ਇਸ ਵੇਲੇ ਦੇਸ਼ ਦੇ ਬਾਕੀ ਹਿੱਸਿਆਂ ਨਾਲੋਂ ਵੱਧ ਪੰਜਾਬ ਦੇ ਲੋਕ ਪ੍ਰਵਾਸ ਦੇ ਰਾਹ ਪਏ ਹੋਏ ਹਨ। ਪੰਜਾਬੀ ਵਿਦਿਆਰਥੀ ਧੜਾ ਧੜ ਪੜ੍ਹਾਈ ਕਰਨ ਅਤੇ ਉਥੇ ਪੱਕੀ ਰਿਹਾਇਸ਼ ਕਰਨ ਲਈ ਤਤਪਰ ਹਨ ਅਤੇ ਨਿੱਤ ਪੰਜਾਬ ਛੱਡ ਰਹੇ ਹਨ। ਵਿਦੇਸ਼ ਰਹਿੰਦੇ ਪੁੱਤਰ ਧੀਆਂ, ਆਪਣੇ ਮਾਪਿਆਂ, ਰਿਸ਼ਤੇਦਾਰਾਂ ਨੂੰ ਪੰਜਾਬ ਵਿਚੋਂ ਬਾਹਰ ਲੈ ਜਾਣ ਲਈ ਤਰਲੋ-ਮੱਛੀ ਹੋਏ ਪਏ ਹਨ ਕਿਉਂਕਿ ਉਹਨਾਂ ਨੂੰ ਪੰਜਾਬ ਆਪਣਿਆਂ ਲਈ ਸੁਰੱਖਿਅਤ ਨਹੀਂ ਦਿਸਦਾ।ਪਰ ਇਸ ਸਭ ਕੁਝ ਦੇ ਬਾਵਜੂਦ ਉਹ ਆਪਣੀ ਜਨਮ ਭੂਮੀ, ਪੰਜਾਬ ਦੀ ਨਸ਼ਿਆਂ, ਬੇਰੁਜ਼ਗਾਰੀ, ਹਫਰਾ-ਤਫੜੀ ਨਾਲ ਮਾਰੀ, ਨਸ਼ਾ-ਭੂ ਮਾਫੀਆ, ਅਫ਼ਸਰਸ਼ਾਹੀ ਅਤੇ ਸਿਆਸੀ ਲੋਕਾਂ ਦੀ ਤਿਕੜੀ ਦੀ ਜਕੜ 'ਚ ਆਈ ਪੰਜਾਬ ਦੀ ਧਰਤੀ ਉਤੇ ਪੈਰ ਰੱਖਣੋਂ ਆਕੀ ਹਨ।

# ਨਸ਼ੇ ਰੋਕਣ ਲਈ ਕੌਮਾਂਤਰੀ ਤੇ ਅੰਦਰੂਨੀ ਸਰੋਤਾਂ ਤੋਂ ਹੋ ਰਹੀ ਤਸਕਰੀ ਰੋਕੇ ਸਰਕਾਰ



ਡਾ. ਰਣਜੀਤ ਸਿੰਘ ਘੁੰਮਣ
* ਪ੍ਰੋਫੈਸਰ ਆਫ ਐਮੀਨੈਂਸ (ਅਰਥ ਵਿਗਿਆਨ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਸ਼ੁਰੂ ਸ਼ੁਰੂ ਵਿੱਚ ਭਾਵੇਂ ਬੰਦਾ ਸ਼ੌਕ ਸ਼ੌਕ ਵਿੱਚ ਨਸ਼ੇ ਦੀ ਵਰਤੋਂ ਕਰਦਾ ਹੈ ਪਰ ਇੱਕ ਪੜਾਅ ਅਜਿਹਾ ਆਉਂਦਾ ਹੈ ਜਦ ਨਸ਼ਾ ਉਸ ਦੀ ਰੋਜ਼ਮੱਰ੍ਹਾ ਆਦਤ ਬਣ ਜਾਂਦਾ ਹੈ ਅਤੇ ਉਹ ਨਸ਼ੇ ਬਿਨਾ ਰਹਿ ਹੀ ਨਹੀਂ ਸਕਦਾ। ਅਜਿਹਾ ਸ਼ਖ਼ਸ ਚੰਗੇ/ਮਾੜੇ ਵਿੱਚ ਫ਼ਰਕ ਨਹੀਂ ਕਰ ਸਕਦਾ ਅਤੇ ਨਸ਼ਾ ਪ੍ਰਾਪਤ ਕਰਨ ਲਈ ਕੁਝ ਵੀ ਕਰਨ ਨੂੰ ਤਿਆਰ ਹੋ ਜਾਂਦਾ ਹੈ। ਅਜਿਹੀ ਹਾਲਤ 'ਚ ਪਹੁੰਚ ਚੁੱਕੇ ਬੰਦੇ ਨੂੰ ਨਸ਼ੇੜੀ ਜਾਂ ਨਸ਼ੱਈ ਕਿਹਾ ਜਾਂਦਾ ਹੈ। ਅੱਜ ਪੰਜਾਬ ਵਿੱਚ ਲੱਖਾਂ ਦੀ ਗਿਣਤੀ ਵਿੱਚ ਅਜਿਹੇ ਲੋਕ ਹਨ। ਭਾਰਤੀ ਸੰਸਦ ਦੀ ਸਮਾਜਿਕ ਨਿਆਂ ਅਤੇ ਸ਼ਕਤੀਕਰਨ ਸਬੰਧੀ ਸਥਾਈ ਕਮੇਟੀ ਦੀ ਹਾਲ ਹੀ 'ਚ ਆਈ ਰਿਪੋਰਟ ਅਨੁਸਾਰ ਪੰਜਾਬ ਵਿੱਚ 66 ਲੱਖ ਲੋਕ ਨਸ਼ਿਆਂ (ਜਿਨ੍ਹਾਂ ਵਿੱਚ ਸ਼ਰਾਬ, ਤੰਬਾਕੂ ਵੀ ਸ਼ਾਮਿਲ ਹਨ) ਦੀ ਵਰਤੋਂ ਕਰ ਰਹੇ ਹਨ। ਇਨ੍ਹਾਂ ਵਿਚੋਂ 21 ਲੱਖ 36 ਹਜ਼ਾਰ ਅਫ਼ੀਮ ਜਾਂ ਅਫ਼ੀਮ ਆਧਾਰਿਤ ਨਸ਼ੇ ਲੈ ਰਹੇ ਹਨ। ਇਨ੍ਹਾਂ ਵਿੱਚ 7 ਲੱਖ ਦੇ ਕਰੀਬ 10 ਤੋਂ 17 ਸਾਲ ਦੀ ਉਮਰ ਦੇ ਹਨ।

ਦਿਹਾਤੀ ਅਤੇ ਉਦਯੋਗਿਕ ਵਿਕਾਸ ਸੈਂਟਰ (ਕਰਿਡ) ਚੰਡੀਗੜ੍ਹ ਵੱਲੋਂ 2017-19 ਦੌਰਾਨ ਕੀਤੇ ਅਧਿਐਨ ਵਿੱਚ ਇਹ ਸਾਹਮਣੇ ਆਇਆ ਹੈ ਕਿ ਨਸ਼ਿਆਂ ਵਰਗੀ ਭਿਆਨਕ ਮਹਾਮਾਰੀ ਦੇ ਬੁਨਿਆਦੀ ਕਾਰਨ ਸਮਾਜਿਕ, ਸੱਭਿਆਚਾਰਕ, ਆਰਥਿਕ ਤੇ ਸਿਆਸੀ ਹਾਲਾਤ ਵਿੱਚ ਹੁੰਦੇ ਹਨ, ਜਦ ਵੀ ਇਹ ਹਾਲਾਤ ਨਸ਼ਿਆਂ ਦੀ ਪੂਰਤੀ ਤੇ ਮੰਗ ਲਈ ਸਾਜ਼ਗਰ ਹੁੰਦੀਆਂ ਹਨ ਤਾਂ ਨਸ਼ਾ-ਰੂਪੀ ਬੀਜ ਪਨਪਣੇ ਅਤੇ ਵਧਣੇ ਫੁੱਲਣੇ ਸ਼ੁਰੂ ਹੋ ਜਾਂਦੇ ਹਨ। ਇਹ ਵਧਦੇ ਵਧਦੇ ਨਾਸੂਰ ਦਾ ਰੂਪ ਧਾਰਨ ਕਰ ਲੈਂਦੇ ਹਨ। ਇਹ ਬਿਮਾਰੀ ਵਧਦੀ ਵਧਦੀ ਮਨੁੱਖ ਦੀ ਮਾਨਸਿਕਤਾ ਉਪਰ ਭਾਰੂ ਹੋ ਜਾਂਦੀ ਹੈ ਅਤੇ ਕਈ ਕਿਸਮ ਦੇ ਮਾਨਸਿਕ ਤੇ ਸਰੀਰਕ ਰੋਗਾਂ ਨੂੰ ਜਨਮ ਦਿੰਦੀ ਹੈ।

ਇਸ ਅਧਿਐਨ (ਜਿਸ ਵਿੱਚ ਡਾ. ਗੁਰਿੰਦਰ ਕੌਰ, ਡਾ. ਜਤਿੰਦਰ ਸਿੰਘ ਤੇ ਸ੍ਰੀ ਹਕੀਕਤ ਸਿੰਘ ਮੇਰੇ ਸਹਿਯੋਗੀ ਸਨ) ਉਤਰੀ ਭਾਰਤ ਦੇ ਪੰਜ ਰਾਜਾਂ (ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ ਤੇ ਜੰਮੂ ਕਸ਼ਮੀਰ) ਵਿੱਚ ਨਸ਼ਿਆਂ ਦੇ ਰੁਝਾਨ ਦਾ ਅਧਿਐਨ ਹੈ। ਅਸੀਂ ਕੇਵਲ ਉਹ ਨਸ਼ੇ ਦਰਜ ਕੀਤੇ ਹਨ ਜਿਹੜੇ ਨਾਰਕੋਟਿਕ ਡਰੱਗਜ਼ ਅਤੇ ਸਾਈਕੋਟਰੋਪਿਕ ਸਬਸਟਾਂਸਿਜ਼ ਐਕਟ (ਟ4ੂਛ 1ਫਵ-1985) ਅਧੀਨ ਗ਼ੈਰ-ਕਾਨੂੰਨੀ ਹਨ। ਪੰਜਾਬ ਅਤੇ ਇਸ ਦੇ ਗੁਆਂਢੀ ਰਾਜਾਂ ਦੀ ਚੋਣ ਇਸ ਤਰ੍ਹਾਂ ਕੀਤੀ ਗਈ ਕਿ ਪੰਜਾਬ ਨਾਲ ਉਨ੍ਹਾਂ ਦੀਆਂ ਸਰਹੱਦਾ ਲੱਗਦੀਆਂ ਹਨ ਤੇ ਸਮਝਿਆ ਜਾਂਦਾ ਹੈ, ਪੰਜਾਬ ਵਿੱਚ ਇਨ੍ਹਾਂ ਰਾਜਾਂ ਤੋਂ ਵੀ ਨਸ਼ੇ ਆਉਂਦੇ ਹਨ ਅਤੇ ਪੰਜਾਬ ਵਿਚੋਂ ਵੀ ਇਨ੍ਹਾਂ ਰਾਜਾਂ ਨੂੰ ਨਸ਼ੇ ਭੇਜੇ ਜਾਂਦੇ ਹਨ। ਪੰਜਾਬ ਵਿੱਚ ਬਾਹਰੋਂ ਨਸ਼ੇ ਗੋਲਡਨ ਕਰੈਸੇਂਟ (ਇਰਾਨ, ਅਫਗਾਨਿਸਤਾਨ ਤੇ ਪਾਕਿਸਤਾਨ) ਤੋਂ ਆਉਂਦੇ ਹਨ। ਸ਼ੁਰੂ ਵਿੱਚ ਭਾਵੇਂ ਪੰਜਾਬ ਮੁੱਖ ਤੌਰ 'ਤੇ ਇਨ੍ਹਾਂ ਨਸ਼ਿਆਂ ਲਈ ਲਾਂਘੇ ਵਜੋਂ ਵਰਤਿਆ ਜਾਂਦਾ ਸੀ ਪਰ ਹੌਲੀ ਹੌਲੀ ਪੰਜਾਬ ਦੇ ਨੌਜਵਾਨਾਂ ਨੂੰ ਵੀ ਨਸ਼ਿਆਂ ਦੀ ਆਦਤ ਪੈ ਗਈ। ਪੰਜਾਬ ਵਿੱਚ ਤਿਆਰ ਹੋ ਰਹੇ ਨਸ਼ੇ (ਜਿਵੇਂ ਸਿੰਥੇਟਕ, ਰਸਾਇਣਕ ਨਸ਼ੇ) ਵੀ ਨਸ਼ਿਆਂ ਦੀ ਪੂਰਤੀ ਵਧਾ ਰਹੇ ਹਨ।



ਨਸ਼ਿਆਂ ਦੀ ਆਦਤ ਕਿਵੇਂ ਪੈਂਦੀ ਹੈ।

ਪੰਜਾਬ ਵਿੱਚ ਤਕਰੀਬਨ 77 ਫ਼ੀਸਦੀ ਪਰਿਵਾਰਾਂ ਵਿੱਚ ਪਰਿਵਾਰ ਦੇ ਵੱਡੇ (ਆਮ ਤੌਰ 'ਤੇ ਨਸ਼ਾ ਕਰਨ ਵਾਲੇ ਦਾ ਪਿਤਾ) ਕਿਸੇ ਨਾ ਕਿਸੇ ਨਸ਼ੇ ਦਾ ਸੇਵਨ ਕਰਦੇ ਹਨ। ਇਨ੍ਹਾਂ ਵਿੱਚ 81 ਫ਼ੀਸਦੀ ਸ਼ਰਾਬ ਵਾਲੇ ਹਨ। ਤਕਰੀਬਨ 65 ਫ਼ੀਸਦ ਪਰਿਵਾਰਾਂ ਨੇ ਇਹ ਮੰਨਿਆ ਕਿ ਉਨ੍ਹਾਂ ਪਰਿਵਾਰਾਂ ਵਿੱਚ ਕਿਸੇ ਨਾ ਕਿਸੇ ਮੈਂਬਰ ਦੇ ਨਸ਼ੇ ਦੀ ਵਰਤੋਂ ਕਰਨ ਦੇ ਪ੍ਰਭਾਵ ਹੇਠ ਉਨ੍ਹਾਂ ਦੇ ਪੁੱਤਰ/ਪੁੱਤਰਾਂ ਵਿੱਚ ਨਸ਼ੇ ਦਾ ਰੁਝਾਨ ਸ਼ੁਰੂ ਹੋਇਆ। ਨਸ਼ਾ ਕਰਨ ਵਾਲਿਆਂ ਵਿਚੋਂ ਤਕਰੀਬਨ 93 ਫ਼ੀਸਦੀ ਨੇ 7 ਤੋਂ 25 ਸਾਲ ਵਿਚਕਾਰ ਕਿਸੇ ਨਾ ਕਿਸੇ ਨਸ਼ੇ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਸੀ। ਅਧਿਐਨ ਵਿਚਲੇ ਨਸ਼ਾ ਕਰਨ ਵਾਲਿਆਂ ਵਿਚੋਂ ਤਕਰੀਬਨ 80 ਫ਼ੀਸਦੀ 14 ਤੋਂ 35 ਸਾਲ ਵਿਚਕਾਰ ਸਨ। ਕਿੰਨਾ ਵੱਡਾ ਦੁਖਾਂਤ ਹੈ ਕਿ ਜਿੰਦਗੀ ਦੇ ਬਹੁਤ ਹੀ ਉਪਯੋਗੀ ਸਮੇਂ ਦੌਰਾਨ ਇਹ ਨੌਜਵਾਨ ਆਰਥਿਕ ਵਿਕਾਸ ਵਿੱਚ ਯੋਗਦਾਨ ਪਾਉਣ ਦੀ ਬਜਾਇ ਇਕ ਤਰ੍ਹਾਂ ਨਾਲ ਸਮਾਜ ਉੱਪਰ ਬੋਝ ਬਣ ਗਏ। ਜਿਸ ਉਮਰ ਵਿੱਚ ਉਨ੍ਹਾਂ ਆਪਣੇ ਬੁੱਢੇ ਮਾਪਿਆਂ, ਛੋਟੇ ਬੱਚਿਆਂ ਅਤੇ ਪਰਿਵਾਰ ਦਾ ਸਹਾਰਾ ਬਣਨਾ ਹੁੰਦਾ ਹੈ, ਉਸ ਉਮਰ ਵਿੱਚ ਉਹ ਨਸ਼ਿਆਂ ਵਿੱਚ ਘਿਰ ਚੁੱਕੇ ਹਨ। ਇਨ੍ਹਾਂ ਵਿਚੋਂ ਬਹੁ-ਗਿਣਤੀ ਥੋੜ੍ਹੀ ਪੜ੍ਹਾਈ ਵਾਲੇ ਹੀ ਸਨ।ਇਨ੍ਹਾਂ ਵਿਚੋਂ ਤਕਰੀਬਨ 82 ਫ਼ੀਸਦੀ ਨੇ ਦੱਸਿਆ ਕਿ ਉਨ੍ਹਾਂ ਅੰਦਰ ਨਸ਼ੇ ਦੀ ਆਦਤ ਆਪਣੇ ਹਾਣੀਆਂ ਵੱਲੋਂ ਉਨ੍ਹਾਂ ਨੂੰ ਨਸ਼ੇ ਲਈ ਉਕਸਾਉਣ ਅਤੇ ਦਬਾਅ ਪਾਉਣ ਕਾਰਨ ਸ਼ੁਰੂ ਹੋਈ। ਪੰਜਾਬ ਵਿੱਚ ਮੁੱਖ ਤੌਰ 'ਤੇ ਅਫੀਮ, ਭੁੱਕੀ, ਭੰਗ, ਕੋਕੀਨ, ਗਾਂਜਾ/ਸਮੈਕ, ਹੈਰੋਇਨ, ਟਰਾਮਾਡੋਲ ਅਤੇ ਬੁਪਰਨੋਰਫੀਨ ਵਰਗੇ ਨਸ਼ਿਆਂ ਦੀ ਵਰਤੋਂ ਕੀਤੀ ਜਾ ਰਹੀ ਹੈ। ਲਗਭੱਗ 65 ਫ਼ੀਸਦੀ ਤੱਕ ਹੈਰੋਇਨ ਦੇ ਆਦੀ ਹੋ ਚੁੱਕੇ ਹਨ। ਟਰਾਮਾਡੋਲ, ਬੁਪਰਨੋਰਫੀਨ ਆਦਿ ਸਿੰਥੈਟਿਕ ਦਵਾਈਆਂ ਦਾ ਵੀ ਨਸ਼ਾ ਕਰਨ ਵਾਲਿਆਂ ਵੱਲੋਂ ਬਹੁਤ ਸੇਵਨ ਹੋ ਰਿਹਾ ਹੈ। ਇਹ ਵੀ ਦੇਖਣ 'ਚ ਆਇਆ ਕਿ ਨਸ਼ਾ ਮੁਕਤ ਹੋ ਚੁੱਕੇ ਲੋਕ ਅਕਸਰ, ਮੁੜ ਨਸ਼ੇ ਦੇ ਵਿਹੁ-ਚੱਕਰ 'ਚ ਫਸ ਜਾਂਦੇ ਹਨ। ਇਹ ਆਮ ਤੌਰ 'ਤੇ ਇਕ ਤੋਂ ਵਧ ਨਸ਼ੇ ਕਰਦੇ ਹਨ। ਨਸ਼ਿਆਂ 'ਤੇ ਰੋਜ਼ਾਨਾ ਔਸਤਨ 200 ਤੋਂ 2000 ਰੁਪਏ ਤਕ ਖਰਚ ਕਰ ਰਹੇ ਹਨ।

ਨਸ਼ਿਆਂ ਦੀ ਵਰਤੋਂ ਨੱਕ ਰਾਹੀਂ ਸੁੰਘ ਕੇ ਅਤੇ ਮੂੰਹ ਰਾਹੀਂ ਨਸ਼ੇ ਲੈਣ ਤੋਂ ਇਲਾਵਾ ਸਰਿੰਜਾਂ ਰਾਹੀਂ ਟੀਕੇ ਲਗਾ ਕੇ ਵੀ ਕੀਤੀ ਜਾ ਰਹੀ ਹੈ। ਨਸ਼ੇ ਕਰਨ ਵਾਲਾ ਹਰ ਬੰਦਾ ਔਸਤਨ ਦੋ ਤੋਂ ਵੱਧ ਤਰੀਕਿਆਂ ਨਾਲ ਇਸ ਦਾ ਸੇਵਨ ਕਰਦਾ ਹੈ। ਬਹੁਤੇ ਇਕ ਹੀ ਸਰਿੰਜ ਅਤੇ ਸੂਈ ਨਾਲ ਨਸ਼ਾ ਕਰਦੇ ਹਨ। ਫ਼ਲਸਰੂਪ ਕਈ ਐੱਚਆਈਵੀ, ਏਡਜ਼ ਵਰਗੀਆਂ ਭਿਆਨਕ ਬਿਮਾਰੀਆਂ ਵੀ ਲਗਾ ਬੈਠਦੇ ਹਨ। ਨਸ਼ਿਆਂ ਕਾਰਨ ਹਜ਼ਾਰਾਂ ਦੀ ਗਿਣਤੀ ਵਿੱਚ ਮੌਤਾਂ ਹੋ ਚੁੱਕੀਆਂ ਹਨ। ਦੱਸਣ ਮੁਤਾਬਿਕ ਨਸ਼ਾ ਕਰਨ ਮਗਰੋਂ ਉਹ ਬਹੁਤ ਅਨੰਦ ਮਹਿਸੂਸ ਕਰਦੇ ਹਨ ਅਤੇ ਆਪਣੇ ਆਪ ਇਵੇਂ ਮਹਿਸੂਸ ਕਰਦੇ ਹਨ, ਜਿਵੇਂ ਉਨ੍ਹਾਂ ਵਿਚ ਬਹੁਤ ਹਿੰਮਤ ਆ ਗਈ ਹੋਵੇ।

ਇਹ ਲੋਕ ਨਸ਼ੇ ਦੀ ਪ੍ਰਾਪਤੀ ਲਈ ਇੱਕ ਤੋਂ ਵੱਧ ਸਰੋਤਾਂ ਉਪਰ ਨਿਰਭਰ ਹਨ, ਮੁੱਖ ਸ੍ਰੋਤ ਪੈਡਲਰ ਹੀ ਹਨ। ਨਸ਼ੇ ਕਰਨ ਵਾਲਿਆਂ ਵਿਚੋਂ ਤਕਰੀਬਨ 92 ਫ਼ੀਸਦੀ ਨੇ ਦੱਸਿਆ ਕਿ ਉਹ ਆਪਣੇ ਲਈ ਨਸ਼ੇ ਦੀ ਪੂਰਤੀ ਪੈਡਲਿੰਗ ਰਾਹੀਂ ਹੀ ਕਰਦੇ ਹਨ ਪਰ ਕਈਆਂ ਨੇ ਇਹ ਵੀ ਦੱਸਿਆ ਕਿ ਉਹ ਕੈਮਿਸਟਾਂ ਤੋਂ ਵੀ ਨਸ਼ਾ ਖਰੀਦਦੇ ਹਨ। ਬਾਹਰੀ ਤੌਰ 'ਤੇ ਭਾਵੇਂ ਨਸ਼ਿਆਂ ਦੀ ਪੂਰਤੀ ਦਾ ਮੁੱਖ ਸ੍ਰੋਤ ਪੈਡਲਰ ਹੀ ਹਨ ਪਰ ਉਹ ਤਾਂ ਨਸ਼ਾ ਪੁੱਜਦਾ ਕਰਨ ਦਾ ਮਾਧਿਅਮ ਹਨ। ਕੇਸ ਸਟੱਡੀਜ਼ ਅਤੇ ਸਿਵਲ ਸੁਸਾਇਟੀ ਦੇ ਵੱਖ ਵੱਖ ਗਰੁੱਪਾਂ ਨਾਲ ਗੱਲਬਾਤ ਤੋਂ ਪਤਾ ਲੱਗਿਆ ਕਿ ਨਸ਼ਿਆਂ ਦੀ ਉਤਪਤੀ ਅਤੇ ਪੂਰਤੀ ਪਿੱਛੇ ਵੱਡੇ ਨਸ਼ਾ ਤਸਕਰ, ਪੁਲੀਸ ਅਤੇ ਸਿਆਸਤਦਾਨਾਂ ਦਾ ਗਠਜੋੜ ਹੈ। ਅਜਿਹੇ ਤਾਕਤਵਰ ਗੱਠਜੋੜ ਕਾਰਨ ਹੀ ਸਰਕਾਰ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਨਸ਼ਿਆਂ ਦੀ ਪੂਰਤੀ ਰੋਕਣ 'ਚ ਅਜੇ ਤੱਕ ਕਾਮਯਾਬੀ ਨਹੀਂ ਮਿਲੀ। ਇਹ ਵੀ ਪਤਾ ਲੱਗਾ ਕਿ ਨਸ਼ਾ ਤਸਕਰੀ ਵਿਚ ਬਹੁਤ ਵੱਡੇ ਵਿੱਤੀ ਹਿੱਤ ਸ਼ਾਮਿਲ ਹਨ ਜਿਸ ਕਾਰਨ ਨਸ਼ਿਆਂ ਦਾ ਉਤਪਾਦਨ ਅਤੇ ਪੂਰਤੀ ਘਟਣ ਦੀ ਬਜਾਇ ਵਧ ਰਹੇ ਹਨ। ਅਧਿਐਨ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਬੇਰੁਜ਼ਗਾਰੀ ਅਤੇ ਨਿੱਘਰ ਰਹੇ ਆਰਥਿਕ, ਰਾਜਨੀਤਕ ਤੇ ਸਭਿਆਚਾਰਕ ਹਾਲਾਤ ਵੀ ਨਸ਼ਿਆਂ ਦੇ ਸੇਵਨ ਪਿੱਛੇ ਮੁੱਖ ਕਾਰਨ ਹਨ।ਇਸ ਬਿਰਤਾਂਤ ਅਤੇ ਵਿਸ਼ਲੇਸ਼ਣ ਤੋਂ ਸਪੱਸ਼ਟ ਹੈ ਕਿ ਪੰਜਾਬ ਵਿਚ ਨਸ਼ਿਆਂ ਦੀ ਗ੍ਰਿਫ਼ਤ ਵਿਚ ਆਉਣ ਵਾਲਿਆਂ ਵਿਚੋਂ ਬਹੁਤੇ ਅੱਲੜ ਅਤੇ ਨੌਜਵਾਨ ਹਨ। ਇਹ ਜਿ ੰਦਗੀ ਦਾ ਅਜਿਹਾ ਪੜਾਅ ਹੁੰਦਾ ਹੈ ਜਿੱਥੇ ਬੱਚੇ ਆਪਣਾ ਭਲਾ-ਬੁਰਾ ਵਿਚਾਰਨ ਦੇ ਸਮਰੱਥ ਨਹੀਂ ਹੁੰਦੇ। ਉਹ ਆਪਣੀ ਸੰਗਤ ਵਿੱਚ ਆਏ ਦੋਸਤਾਂ ਦਾ ਪ੍ਰਭਾਵ ਜਿ ਼ਆਦਾ ਕਬੂਲਦੇ ਹਨ। ਨਸ਼ਾ ਲਾਉਣ ਵਾਲੇ ਅਨਸਰ ਇਸੇ ਗੱਲ ਦਾ ਫ਼ਾਇਦਾ ਉਠਾਉਂਦੇਹਨ ਅਤੇ ਉਹ ਇਸ ਅੱਲੜ ਵਰੇਸ ਦੇ ਬੱਚਿਆਂ ਨੂੰ ਵਰਗਲਾ ਕੇ ਨਸ਼ੇ ਦੀ ਆਦਤ ਪਾਉਣ ਵਿਚ ਕਾਮਯਾਬ ਹੋ ਜਾਂਦੇ ਹਨ। ਇਸ ਲਈ ਬਚਪਨ ਤੋਂ ਅੱਲੜ ਵਰੇਸ ਵਿੱਚ ਬੱਚਿਆਂ ਦੀ ਸੰਗਤ ਬਾਰੇ ਬਹੁਤ ਸੁਚੇਤ ਰਹਿਣ ਦੀ ਬਹੁਤ ਲੋੜ ਹੈ।

**ਨਸ਼ੇ ਰੋਕਣ ਲਈ ਕੁਝ ਸੁਝਾਅ**

ਨਸ਼ੇ ਰੋਕਣ ਲਈ ਮੰਗ ਅਤੇ ਪੂਰਤੀ, ਦੋਹਾਂ ਪੱਖਾਂ 'ਤੇ ਧਿਆਨ ਕੇਂਦਰਤ ਕਰਨਾ ਹੋਵੇਗਾ। ਪੂਰਤੀ ਰੋਕਣ ਲਈ ਕੌਮਾਂਤਰੀ ਅਤੇ ਅੰਦਰੂਨੀ ਸਰੋਤਾਂ ਤੋਂ ਹੋ ਰਹੀ ਤਸਕਰੀ ਰੋਕਣ ਲਈ ਨਿੱਗਰ ਤੇ ਪ੍ਰਭਾਵਸ਼ਾਲੀ ਕਦਮ ਉਠਾਉਣੇ ਪੈਣਗੇ। ਪੁਲੀਸ, ਸਿਆਸਤਦਾਨਾਂ ਅਤੇ ਨਸ਼ਾ ਤਸਕਰਾਂ ਦਾ ਗੱਠਜੋੜ ਤੋੜਨਾ ਪਵੇਗਾ।

(ਬਾਕੀ ਸਫ਼ਾ 29 'ਤੇ)

# ਮੌਜੂਦਾ ਰਾਜਨੀਤਿਕ ਪ੍ਰਬੰਧ ਦਾ ਆਲੋਚਨਾਤਮਕ ਗਲਪੀ ਪ੍ਰਤਿਨਿਧ: ਆਫ਼ਟਰ ਮਸੀਹਾ



ਰਣਜੀਤ ਸਿੰਘ ਕੁੱਕੀ ਗਿੱਲ

ਆਕਾਰ ਪਟੇਲ, ਪੱਤਰਕਾਰ ਅਤੇ ਭਾਰਤ ਵਿੱਚ ਐਮਨੇਸਟੀ ਇੰਟਰਨੈਸ਼ਨਲ ਦੇ ਸਾਬਕਾ ਮੁਖੀ, ਦੀ ਨਵੀਂ ਕਿਤਾਬ ' ਆਫਟਰ ਮਸੀਹਾ: ਇੱਕ ਮਹਾਨ ਨੇਤਾ ਦੇ ਜਾਣ ਤੋਂ ਬਾਅਦ ਕੀ ਹੁੰਦਾ ਹੈ ? ' ਪਾਠਕਾਂ ਦੇ ਰੂ-ਬ-ਰੂ ਹੋਈ ਹੈ।ਆਕਾਰ ਦੇ ਆਪਣੇ ਸ਼ਬਦਾਂ ਵਿੱਚ, ਇਹ ਇੱਕ ਔਰਤ ਦੀ ਕਹਾਣੀ ਦੱਸਦੀ ਹੈ ਜੋ ਅਚਾਨਕ ਸੱਤਾ ਵਿੱਚ ਆਉਂਦੀ ਹੈ। ਉਸ ਨੂੰ ਇੱਕ ਵਿਕਲਪ ਦਾ ਸਾਹਮਣਾ ਕਰਨਾ ਪੈ ਰਿਹਾ ਹੈ - ਉਸਦੀ ਦੁਬਿਧਾ ਇਹ ਹੈ ਕਿ ਕੀ ਉਸਨੇ ਉਸ ਬਦਲਾਅ ਨੂੰ ਲਿਆਉਣ ਲਈ ਸੱਤਾ ਦੀ ਵਰਤੋਂ ਕਰਨੀ ਹੈ ਜਿਸ ਲਈ ਉਸ ਨੇ ਆਪਣੀ ਸਾਰੀ ਜ਼ਿੰਦਗੀ ਕੰਮ ਕੀਤਾ ਹੈ ਜਾਂ ਜਾਂ ਆਪਣੇ ਸਿਧਾਂਤਾਂ 'ਤੇ ਖੜ੍ਹਨ ਲਈ ਆਪਣੇ ਅਧਿਕਾਰਾਂ ਦੀ ਵਰਤੋਂ ਕਰਨੀ ਹੈ। ਕਿਤਾਬ ਇਸ ਬਾਰੇ ਹੈ ਕਿ ਉਹ ਅੰਤ ਵਿੱਚ ਇਹਨਾਂ ਵਿਰੋਧਤਾਈਆਂ ਨੂੰ ਕਿਵੇਂ ਹੱਲ ਕਰਦੀ ਹੈ। ਕਿਤਾਬ ਦਾ ਉਦੇਸ਼ ਉਹਨਾਂ ਲੋਕਾਂ ਲਈ ਹੈ ਜੋ ਆਧੁਨਿਕ ਭਾਰਤ ਨੂੰ ਸਮਝਣਾ ਚਾਹੁੰਦੇ ਹਨ, ਸਰਕਾਰ ਅਤੇ ਰਾਜਨੀਤੀ ਕਿਵੇਂ ਕੰਮ ਕਰਦੇ ਹਨ ਅਤੇ ਇਹ ਉਹਨਾਂ ਲਈ ਰੋਚਕ ਕਿਤਾਬ ਹੋਵੇਗੀ ਜੋ ਕੁਝ ਗਲਪ ਪੜ੍ਹਨਾ ਚਾਹੁੰਦੇ ਹਨ। ਆਕਾਰ ਪਟੇਲ ਦ ਅਨਾਰਕਿਸਟ ਕੁੱਕਬੁੱਕ, ਪ੍ਰਾਈਸ ਆਫ ਦ ਮੋਦੀ ਈਅਰਜ਼ ਅਤੇ ਅਵਰ ਹਿੰਦੂ ਰਾਸ਼ਟਰ ਦੇ ਲੇਖਕ ਵੀ ਹਨ। ਲੇਖਕ ਕ੍ਰਿਸ਼ਮਈ ਨੇਤਾ ਦੀ ਸਰਕਾਰ ਨੂੰ ਇੱਕ ਰਾਜ ਤੋਂ ਬਹੁਤ ਵੱਖਰੀ ਨਹੀਂ ਦੱਸਦਾ ਹੈ ਅਤੇ ਗਣਰਾਜ ਦੇ ਨਵੇਂ ਅਵਤਾਰ ਦੀ ਉਸਦੀ ਆਲੋਚਨਾ ਮੌਜੂਦਾ ਸਥਿਤੀ ਨੂੰ ਪੂਰੀ ਤਰ੍ਹਾਂ ਬਿਆਨ ਕਰਦੀ ਹੈ: ਨਿਯਮਤ ਛਾਪੇ, ਇੱਕ ਗੁਲਾਮ ਮੀਡੀਆ, ਇੱਕ ਸ਼ਾਸਕ ਆਪਣੇ ਬਾਰੇ ਤੀਜੇ ਵਿਅਕਤੀ ਦੇ ਰੂਪ ਵਿਚ ਗੱਲ ਕਰ ਰਿਹਾ ਹੈ ਅਤੇ ਹੋਰ ਬੁਰੀਆਂ ਖ਼ਬਰਾਂ। ਆਫਟਰ ਮਸੀਹਾ ਵਿਚ ਆਕਰ ਪਟੇਲ ਦਿਖਾਉਂਦਾਹੈ ਕਿ ਕਿਵੇਂ ਗਣਰਾਜ ਦੇ ਨੇਤਾ ਦਾ ਦਫ਼ਤਰ, ਜਿਸਨੂੰ ਉਹ ਸਿਰਫ ਬਿਗ ਮੈਨ ਦਾ ਨਾਮ ਦਿੰਦਾ ਹੈ, ਜਦੋਂ ਤੋਂ ਉਸਨੇ ਪਹਿਲੀ ਵਾਰ ਅਹੁਦਾ ਸੰਭਾਲਿਆ ਹੈ, ਨਾਟਕੀ ਢੰਗ ਨਾਲ ਬਦਲ ਗਿਆ ਹੈ। ਦਫ਼ਤਰ ਦਾ ਹੁਣ ਸਰਕਾਰ 'ਤੇ ਦਬਦਬਾ ਹੈ, ਮੰਤਰੀਆਂ ਕੋਲ ਕੋਈ ਫੈਸਲਾ ਲੈਣ ਦੀ ਸ਼ਕਤੀ ਨਹੀਂ ਹੈ ਅਤੇ ਮੰਤਰਾਲਿਆਂ ਦਾ ਧਿਆਨ ਸਭ ਤੋਂ ਉੱਤਮ ਸੰਭਾਵਿਤ ਸਮਾਗਮ ਜਾਂ ਸਮਾਰੋਹ ਨੂੰ ਆਯੋਜਿਤ ਕਰਨ 'ਤੇ ਹੁੰਦਾ ਹੈ ਜਿਸ ਦੀ ਪ੍ਰਧਾਨਗੀ ਬਿਗ ਮੈਨ ਕਰ ਸਕਦਾ ਹੈ। ਪਟੇਲ ਦੀ ਕਿਤਾਬ ਬਿਗ ਮੈਨ ਦੇ ਚਲੇ ਜਾਣ ਤੋਂ ਬਾਅਦ ਸ਼ੁਰੂ ਹੋ ਸਕਦੀ ਹੈ, ਪਰ ਉਸ ਦੀ ਤਬਾਹੀ ਦਾ ਮਲਬਾ ਹਰ ਪਾਸੇ ਹੈ। ਨੁਮਾਇੰਦੇ ਸਿਰਫ ਪੀ ਐਮ ਓ ਦੁਆਰਾ ਚਲਾਏ ਜਾਂਦੇ ਹਨ (ਕਾਰਵਾਈ ਪੀ ਐਮ ਓ ਵਿੱਚ ਪ੍ਰਗਟ ਹੁੰਦੀ ਹੈ ਹਾਲਾਂਕਿ ਲੇਖਕ ਪ੍ਰਧਾਨ ਮੰਤਰੀ ਦਾ ਟਾਈਟਲ ਨਹੀਂ ਵਰਤਦਾ ਹੈ)। ਲਾਂਭੇ ਕੀਤਾ ਪੁਰਾਣਾ ਗਾਰਡ; ਇੱਕ ਆਦਮੀ ਜੋ ਬਿਗ ਮੈਨ ਦਾ ਸੱਜਾ ਹੱਥ ਅਤੇ ਉਸ ਦੇ ਸਾਰੇ ਗੰਦੇ ਕੰਮ ਕਰਦਾ ਹੈ; ਮੁੱਖ ਸਰਕਾਰੀ ਡੇਟਾ ਜੋ ਜਾਰੀ ਨਹੀਂ ਕੀਤਾ ਗਿਆ ਜਾਂ ਇਕੱਠਾ ਵੀ ਨਹੀਂ ਕੀਤਾ ਗਿਆ ਹੈ, ਬੇਰੁਜ਼ਗਾਰੀ ਅਤੇ ਹੋਰ ਬੁਰੀਆਂ ਖ਼ਬਰਾਂ ਨੂੰ ਨਜ਼ਰਅੰਦਾਜ਼ ਕਰਨਾ; ਅਤੇ ਅਜਿਹੀਆਂ ਚਿੰਤਾਜਨਕ ਖਬਰਾਂ ਨੂੰ ਸਾਂਝਾ ਕਰਨ ਦੀ ਗਲਤੀ ਕਰਨ ਵਾਲਿਆਂ ਲਈ ਸਜ਼ਾਵਾਂ। ਇਹ ਚਾਰ ਸਾਲਾਂ ਵਿੱਚ ਪਟੇਲ ਦੀ ਚੌਥੀ ਕਿਤਾਬ ਹੈ - 2020 ਦਾ ਸਾਡਾ ਹਿੰਦੂ ਰਾਸ਼ਟਰ ਸਾਡੇ ਬਹੁਗਿਣਤੀ ਵਾਲੇ ਰਾਜ ਦੇ ਇਤਿਹਾਸ 'ਤੇ ਇੱਕ ਝਾਤ ਹੈ ਅਤੇ ਅਸੀਂ ਅਜੋਕੇ ਹਿੰਦੂਤਵ ਦੇ ਮੁਹਾਜ ਨੂੰ ਕਿਵੇਂ ਤੇਜ਼ ਕੀਤਾ ਹੈ।




ਉਸਦੀ ਦੂਜੀ ਕਿਤਾਬ, 2021 ਦੀ 'ਦਿ ਪ੍ਰਾਈਸ ਆਫ਼ ਦ ਮੋਦੀ ਈਅਰਜ਼', ਨਰਿੰਦਰ ਮੋਦੀ ਸਰਕਾਰ ਦਾ ਡਾਟਾ ਅਤੇ ਤੱਥਾਂ ਨਾਲ ਆਧਾਰਿਤ ਰਿਪੋਰਟ ਕਾਰਡ ਸੀ। 2022 ਵਿੱਚ ਦ ਅਨਾਰਕਿਸਟ ਕੁੱਕਬੁੱਕ ਨੇ ਪਾਠਕਾਂ ਨੂੰ ਤਬਦੀਲੀ ਲਈ ਆਪਣੀ ਖੁਦ ਦੀ ਮੁਹਿੰਮ ਬਣਾਉਣ ਲਈ ਸਮੱਗਰੀ ਅਤੇ ਵਿਅੰਜਨ ਦਿੱਤਾ। ਅਤੇ ਆਫਟਰ ਮਸੀਹਾ ਇੱਕ ਗਲਪ ਹੈ ਜੋ ਬਹੁਤ ਅਸਲ ਮਹਿਸੂਸ ਹੁੰਦਾ ਹੈ। ਪਟੇਲ ਦੇ ਇਸ ਨਵੇਂ ਨਾਵਲ ਵਿੱਚ, ਸਿਆਸਤਦਾਨਾਂ ਵਿਚਕਾਰ ਇੱਕ ਨਾਟਕੀ ਸਰੀਰਕ ਲੜਾਈ ਤੁਹਾਨੂੰ ਸੰਸਦ ਵਿੱਚ ਟੈਲੀਵਿਜ਼ਨ ਲੜਾਈਆਂ ਦੀ ਯਾਦ ਦਿਵਾ ਸਕਦੀ ਹੈ ਅਤੇ ਦਿਖਾਉਂਦੀ ਹੈ ਕਿਵੇਂ ਲੋਕਤੰਤਰ ਇੱਕ ਮਜ਼ਾਕ ਬਣ ਰਿਹਾ ਹੈ। ਕੀ ਰਾਜ ਹਿੰਸਕ ਤੋਂ ਇਲਾਵਾ ਹੋਰ ਕੁਝ ਵੀ ਹੋ ਸਕਦਾ ਹੈ ਅਤੇ ਮਨੁੱਖੀ ਨੇਤਾਵਾਂ ਨੂੰ ਅਸਹਿਮਤੀ ਨਾਲ ਕਿਵੇਂ ਨਜਿੱਠਣਾ ਚਾਹੀਦਾ ਹੈ, ਇਸ 'ਤੇ ਨਾਵਲ ਵਿੱਚ ਰਾਜਨੀਤਿਕ ਅਤੇ ਦਾਰਸ਼ਨਿਕ ਵਿਚਾਰ ਹਨ। ਸਾਡੇ ਸਮਿਆਂ ਦਾ ਕੋਈ ਵੀ ਅਸਲੀ ਨਾਵਲ ਨਿਰੋਧਕ ਨਜ਼ਰਬੰਦੀ ਤੋਂ ਬਿਨਾਂ ਪੂਰਾ ਨਹੀਂ ਹੋ ਸਕਦਾ, ਪਰ ਇਹ ਕਾਨੂੰਨ ਭੂਮੀ ਗ੍ਰਹਿਣ ਕਾਨੂੰਨ ਲਈ ਸਹਾਇਕ ਭੂਮਿਕਾ ਨਿਭਾਉਂਦਾ ਹੈ। ਇਸ ਤੋਂ ਇਲਾਵਾ ਇਸ ਵਿੱਚ ਸੰਗੀਤ ਅਤੇ ਹਾਸਾ-ਮਜ਼ਾਕ ਹੈ ਕਿਉਂਕਿ ਆਖਰਕਾਰ ਇਹ ਪਟੇਲ ਦਾ ਨਾਵਲ ਹੈ। ਰਾਜਨੀਤਿਕ ਵਿਅੰਗਕਾਰਾਂ ਕੋਲ ਭਾਰਤ ਦੀ ਹਰ ਰੋਜ਼ ਦੀ ਘਿਨਾਉਣੀ ਹਕੀਕਤ ਨਾਲ ਮੁਕਾਬਲਾ ਕਰਨ ਦਾ ਅਸੰਭਵ ਕੰਮ ਹੈ।

ਪਟੇਲ ਇਸ ਅਸੰਭਵ ਕੰਮ ਲਈ ਆਪਣੇ ਆਪ ਨੂੰ ਤਿਆਰ ਕਰਦਾ ਹੈ ਅਤੇ ਸਫਲ ਹੋ ਜਾਂਦਾ ਹੈ। ਉਹ ਅਜਿਹਾ ਅਸਲੀਅਤ ਨਾਲ ਮੁਕਾਬਲਾ ਨਾ ਕਰਕੇ ਕਰਦਾ ਹੈ, ਇਸ ਦੀ ਬਜਾਏ ਉਹ ਭਵਿੱਖ ਦੇ ਦ੍ਰਿਸ਼ ਦੀ ਕਲਪਨਾ ਕਰਦਾ ਹੈ ਅਤੇ ਇਸਨੂੰ ਵਰਤਮਾਨ ਹਕੀਕਤ ਵਿੱਚ ਸੈੱਟ ਕਰਦਾ ਹੈ। ਪਟੇਲ ਹਮੇਸ਼ਾ ਇੱਕ ਲੇਖਕ ਸੀ। ਹੁਣ, ਰਾਜ ਤੰਤਰ ਦੇ ਖ਼ਿਲਾਫ਼ ਕਈ ਲੜਾਈਆਂ ਲੜਨ ਦੇ ਨਾਲ-ਨਾਲ, ਉਹ ਇੱਕ ਜਬਰਦਸਤੀ ਸੂਤਰਧਾਰ ਵਿੱਚ ਤਬਦੀਲ ਹੋ ਕੇ ਮੋਦੀ ਸਾਲਾਂ ਦੀ ਕੀਮਤ ਅਦਾ ਕਰ ਰਿਹਾ ਹੈ ਅਤੇ ਇੱਕ ਰਾਸ਼ਟਰ ਨੂੰ ਤਬਾਹ ਹੁੰਦੇ ਤੱਕ ਰਿਹਾ ਹੈ। ਹਰ ਨਵੀਂ ਰਚਨਾ ਦੇ ਨਾਲ, ਲੇਖਕ ਇੱਕ ਵੱਖਰੇ ਫਾਰਮੈਟ ਦੀ ਵਰਤੋਂ ਕਰਦਾ ਹੈ, ਹੋ ਸਕਦਾ ਹੈ ਕਿ ਉਹ ਤੁਹਾਡੇ ਤੱਕ ਪਹੁੰਚਣ ਲਈ ਸਭ ਕੁਝ ਅਜ਼ਮਾਉਣਾ ਚਾਹੁੰਦਾ ਹੋਵੇ ਜਾਂ ਹੋ ਸਕਦਾ ਹੈ ਕਿਉਂਕਿ ਉਸਨੂੰ ਆਪਣੇ ਆਪ ਨੂੰ ਮੁੜ ਖੋਜਣਾ ਜਾਰੀ ਨਾ ਰੱਖਣਾ ਬੋਰਿੰਗ ਲੱਗਦਾ ਹੈ।






# ਅਜੇ ਵੀ ਕਾਇਮ ਹੈ ਘਰ ਦੇ ਬਣਵਾਏ ਬਿਸਕੁਟਾਂ ਦੀ ਸਰਦਾਰੀ

## ਨਹੀਂ ਰੀਸਾਂ ਘਰ ਦੇ ਬਣਵਾਏ ਬਿਸਕੁਟਾਂ ਦੀਆਂ

ਅੱਜ ਭਾਵੇਂ ਬਾਜ਼ਾਰ ਵਿੱਚ ਵੱਖ- ਵੱਖ ਕੰਪਨੀਆਂ ਦੇ ਤਰਾਂ ਤਰਾਂ ਦੇ ਕਾਜੂ, ਬਾਦਾਮ, ਕ੍ਰੀਮਾਂ, ਚਾਕਲੇਟ, ਜੀਰਾ ਵਾਲੇ ਬਿਸਕੁਟ ਵੀ ਮਿਲਣ ਲੱਗ ਪਏ ਹਨ ਪਰ ਜੋ ਸਵਾਦ ਘਰ ਦੇ ਬਣਵਾਏ ਬਿਸਕੁਟਾਂ ਨੂੰ ਖਾ ਕੇ ਆਉਂਦਾ ਹੈ, ਉਹ ਇਹਨਾਂ ਕੰਪਨੀਆਂ ਦੇ ਬਹੁਤ ਮਹਿੰਗੇ ਬਿਸਕੁਟ ਖਾ ਕੇ ਵੀ ਨਹੀਂ ਆਉਂਦਾ। ਇਹ ਇੱਕ ਹਕੀਕਤ ਹੈ ਕਿ ਅੱਜ ਵੀ ਘਰ ਦੇ ਬਿਸਕੁਟ ਬਣਵਾਉਣ ਦਾ ਰਿਵਾਜ ਜਾਰੀ ਹੈ, ਭਾਵੇਂ ਮਹਾਂ ਨਗਰਾਂ ਵਿੱਚ ਇਹ ਰਿਵਾਜ ਕੁਝ ਘੱਟ ਗਿਆ ਹੈ ਪਰ ਆਮ ਸ਼ਹਿਰਾਂ ਦੇ ਨਾਲ-ਨਾਲ ਕਸਬਿਆਂ ਅਤੇ ਪਿੰਡਾਂ ਵਿੱਚ ਘਰ ਦੇ ਬਣਵਾਏ ਬਿਸਕੁਟ ਅਜੇ ਵੀ ਲੋਕਾਂ ਦੀ ਪਹਿਲੀ ਪਸੰਦ ਬਣੇ ਹੋਏ ਹਨ। ਅਸਲ ਵਿੱਚ ਜਦੋਂ ਸਾਉਣ ਮਹੀਨੇ ਤੀਆਂ ਆਉਂਦੀਆਂ ਹਨ ਤਾਂ ਮਾਪਿਆਂ ਵੱਲੋਂ ਆਪਣੀਆਂ ਵਿਆਹੀਆਂ ਧੀਆਂ ਨੂੰ ਸੰਧਾਰੇ ਵਿਚ ਦੇਣ ਲਈ ਵੀ ਬੇਕਰੀ ਵਾਲਿਆਂ ਨੂੰ ਲੋੜੀਂਦਾ ਸਮਾਨ ਦੇ ਕੇ ਘਰ ਦੇ ਬਿਸਕੁਟ ਬਣਵਾਏ ਜਾਂਦੇ ਹਨ। ਇਸ ਤੋਂ ਇਲਾਵਾ ਰੱਖੜੀ, ਦੁਸਹਿਰਾ ਅਤੇ ਦਿਵਾਲੀ ਦੇ ਤਿਉਹਾਰਾਂ ਦੌਰਾਨ ਵੀ ਘਰ ਦੇ ਬਿਸਕੁਟ ਬਣਵਾਉਣ ਦਾ ਰਿਵਾਜ ਹੈ। ਇਸ ਤੋਂ ਇਲਾਵਾ ਲੋਹੜੀ ਅਤੇ ਵਿਸਾਖੀ ਮੌਕੇ ਵੀ ਵਿਸ਼ੇਸ਼ ਤੌਰ 'ਤੇ ਘਰ ਦੇ ਬਿਸਕੁਟ ਬਣਵਾਏ ਜਾਂਦੇ ਹਨ। ਉਂਝ ਸਾਰਾ ਸਾਲ ਹੀ ਘਰ ਦੇ ਬਿਸਕੁਟ ਬਣਵਾਉਣ ਦਾ ਕੰਮ ਚਲਦਾ ਰਹਿੰਦਾ ਹੈ। ਜਿਹੜੇ ਲੋਕਾਂ ਨੇ ਘਰ ਦੇ ਬਣਵਾਏ ਬਿਸਕੁਟ ਖਾਧੇ ਹਨ, ਉਹ ਹੀ ਇਹਨਾਂ ਦਾ ਸਵਾਦ ਜਾਣਦੇ ਹਨ।

ਘਰ ਦੇ ਬਿਸਕੁਟ ਬਣਵਾਉਣ ਲਈ ਆਟਾ, ਦੇਸੀ ਖੰਡ, ਘਿਓ ਅਤੇ ਦੁੱਧ ਦੀ ਲੋੜ ਪੈਂਦੀ ਹੈ, ਜੋ ਕਿ ਲੋੜ ਅਨੁਸਾਰ ਲੈ ਕੇ ਬੇਕਰੀ ਵਾਲੀਆਂ ਦੁਕਾਨਾਂ ਉਪਰ ਜਾਇਆ ਜਾਂਦਾ ਹੈ, ਜਿਥੇ ਕਿ ਬੇਕਰੀ ਵਾਲੇ ਇਹ ਬਿਸਕੁਟ ਬਣਾ ਕੇ ਦਿੰਦੇ ਹਨ। ਭਾਵੇਂ ਕਿ ਬਿਸਕੁਟ ਬਣਾਉਣ ਦੇ ਧੰਦੇ ਨੂੰ ਵੀ ਮੰਦੀ ਦੀ ਮਾਰ ਪਈ ਹੈ ਪਰ ਫਿਰ ਵੀ ਇਹ ਧੰਦਾ ਅਜੇ ਵੀ ਚਲ ਰਿਹਾ ਹੈ। ਤੀਆਂ ਅਤੇ ਦਿਵਾਲੀ ਵੇਲੇ ਤਾਂ ਬਿਸਕੁਟ ਬਣਾਉਣ ਦਾ ਸੀਜ਼ਨ ਹੀ ਹੁੰਦਾ ਹੈ ਅਤੇ ਬਿਸਕੁਟ ਬਣਾਉਣ ਵਾਲੀਆਂ ਬੇਕਰੀਆਂ ਉਪਰ ਤਾਂ ਬਿਸਕੁਟ ਬਣਵਾਉਣ ਵਾਲੇ ਲੋਕਾਂ ਦੀਆਂ ਲਾਈਨਾਂ ਹੀ ਲੱਗੀਆਂ ਹੁੰਦੀਆਂ ਹਨ। ਬਰਨਾਲਾ ਦੇ ਰੇਲਵੇ ਸਟੇਸ਼ਨ ਨੇੜੇ ਪੁਰਾਣਾ ਸਿਨੇਮਾ ਰੋਡ 'ਤੇ ਸਥਿਤ ਗਿਆਨੀ ਦੀ ਬੇਕਰੀ ਉਪਰ ਤਾਂ ਅਸੀਂ ਛੋਟੇ ਹੁੰਦੇ ਸੈਂਕੜੇ ਪੀਪਿਆਂ ਦੀਆਂ ਲਾਈਨਾਂ ਲੱਗੀਆਂ ਵੇਖਦੇ ਹੁੰਦੇ ਸੀ, ਇਹ ਪੀਪੇ ਬਿਸਕੁਟ ਬਣਵਾਉਣ ਆਏ ਲੋਕਾਂ ਦੇ ਹੁੰਦੇ ਸਨ ਜੋ ਕਿ ਆਪੋ ਆਪਣੇ ਨੰਬਰ ਅਨੁਸਾਰ ਪੀਪੇ ਲਾਈਨ ਵਿਚ ਹੀ ਲਗਾ ਲੈਂਦੇ ਸਨ। ਕਰੀਬ 35 ਸਾਲ ਪਹਿਲਾਂ



ਗਿਆਨੀ ਦੀ ਬੇਕਰੀ ਤੋਂ ਬਰਨਾਲੇ ਦੇ ਸਦਰ ਬਾਜ਼ਾਰ ਤੱਕ ਪੀਪਿਆਂ ਦੀ ਇਹ ਲਾਈਨ ਲੱਗੀ ਹੋਈ ਅਸੀਂ ਖੁਦ ਆਪਣੀਆਂ ਅੱਖਾਂ ਨਾਲ ਵੇਖੀ ਹੋਈ ਹੈ। ਉਸ ਸਮੇਂ ਦਿਵਾਲੀ ਵੇਲੇ ਹਰ ਘਰ ਵਿਚ ਹੀ ਬਿਸਕੁਟ ਬਣਵਾਉਣ ਦਾ ਰਿਵਾਜ ਸੀ। ਉਸ ਸਮੇਂ ਪਿੰਡਾਂ ਵਿਚ ਬੇਕਰੀਆਂ ਨਹੀਂ ਸੀ ਹੁੰਦੀਆਂ ਇਸ ਕਰਕੇ ਪਿੰਡਾਂ ਦੇ ਲੋਕ ਬਰਨਾਲੇ ਵਰਗੇ ਸ਼ਹਿਰਾਂ ਵਿਚ ਹੀ ਬਿਸਕੁਟ ਬਣਵਾਉਣ ਆ ਜਾਂਦੇ ਸਨ।

20 ਸਾਲ ਪਹਿਲਾਂ ਤੱਕ ਬੇਕਰੀਆਂ ਵਾਲੇ ਘਰ ਦੇ ਬਿਸਕੁਟ ਕੱਪੜੇ ਦੇ ਪੌਣੇ ਜਿਹੇ ਨਾਲ ਬਣਾਉਂਦੇ ਸਨ, ਜਿਸ ਵਿਚ ਪਲਾਸਟਿਕ ਦੀ ਟੂਟੀ ਜਿਹੀ ਲੱਗੀ ਹੁੰਦੀ ਸੀ, ਇਸ ਟੂਟੀ ਵਿਚੋਂ ਬਿਸਕੁਟ ਬਣ ਬਣ ਕੇ ਨਿਕਲਦੇ ਰਹਿੰਦੇ ਸਨ। ਪਹਿਲਾਂ ਕਪੜੇ ਦੇ ਇਸ ਪੌਣੇ ਵਿੱਚ ਆਟਾ ਪਾਇਆ ਜਾਂਦਾ ਸੀ ਤੇ ਫਿਰ ਇਸ ਨੂੰ ਦਬਾ ਦਬਾ ਕੇ ਬਿਸਕੁਟ ਬਣਾਏ ਜਾਂਦੇ ਸਨ ਪਰ ਹੁਣ ਇਹ ਬਿਸਕੁਟ ਮਸ਼ੀਨਾਂ ਨਾਲ ਬਣਾਏ ਜਾਂਦੇ ਹਨ। ਜਦੋਂ ਘਰ ਦੇ ਬਿਸਕੁਟ ਬਣਵਾ ਦੇ ਘਰ ਲਿਆਂਦੇ ਜਾਂਦੇ ਹਨ ਤਾਂ ਬਿਸਕੁਟਾਂ ਵਾਲਾਂ ਪੀਪਾ ਖੋਲ੍ਹਦਿਆਂ ਹੀ ਬਹੁਤ ਹੀ ਵਧੀਆ ਖੁਸ਼ਬੂ ਚਾਰੇ ਪਾਸੇ ਫੈਲਦੀ ਹੈ ਅਤੇ ਹਰ ਕੋਈ ਇਕ ਦੂਜੇ ਤੋਂ ਅੱਗੇ ਹੋ ਕੇ ਘਰ ਦੇ ਬਣਾਏ ਬਿਸਕੁਟਾਂ ਨੂੰ ਚੁੱਕ ਕੇ ਖਾਣ ਦੀ ਕਰਦਾ ਹੈ।





ਮੇਰੇ ਬਚਪਣ ਵਿੱਚ ਮੇਰੇ ਭਾਪਾ ਜੀ ਸ੍ਰ. ਸੁਰਜੀਤ ਸਿੰਘ ਜ਼ਿਲ੍ਹੇਦਾਰ ਜਦੋਂ ਵੀ ਬਿਸਕੁਟ ਬਣਵਾ ਕੇ ਪੀਪਾ ਘਰ ਲਿਆਉਂਦੇ ਤਾਂ ਪੀਪਾ ਖੋਲ੍ਹਣ ਸਾਰ ਬਹੁਤ ਹੀ ਸੁੰਗੰਧਦੀਆਂ ਭਰੀ ਖੁਸ਼ਬੂ ਸਾਡੇ ਆਲ਼ੇ ਦੁਆਲ਼ੇ ਫੈਲ ਜਾਂਦੀ। ਅਸੀਂ ਚਾਹ ਵਿੱਚ ਭਿਓਂ ਭਿਓਂ ਕੇ ਇਹ ਬਿਸਕੁਟ ਖਾਂਦੇ। ਅਕਸਰ ਹੀ ਚਾਹ ਵਿੱਚ ਬਿਸਕੁਟ ਭਿਆਉਣ ਵੇਲੇ ਇਹ ਬਿਸਕੁਟ ਚਾਹ ਵਿਚ ਹੀ ਡੁੱਬ ਕੇ ਤਾਰੀਆਂ ਲਾਉਣ ਲੱਗਦੇ, ਫਿਰ ਦੂਜੇ ਬਿਸਕੁਟ ਨਾਲ ਹੀ ਅਸੀਂ ਚਾਹ ਵਿੱਚ ਡੁੱਬੇ ਪਹਿਲੇ ਬਿਸਕੁਟ ਨੂੰ ਕੱਢਣ ਦਾ ਯਤਨ ਕਰਦੇ ਤਾਂ ਦੂਜਾ ਬਿਸਕੁਟ ਵੀ ਚਾਹ ਵਿਚ ਹੀ ਤਾਰੀਆਂ ਲਾਉਣ ਲੱਗ ਪੈਂਦਾ। ਇਸ ਤਰਾਂ ਅਸੀਂ ਇਹਨਾਂ ਬਿਸਕੁਟਾਂ ਨਾਲ ਅਜਿਹੀਆਂ ਖੇਡਾਂ ਜਿਹੀਆਂ ਵੀ ਖੇਡਦੇ ਰਹਿੰਦੇ।

ਜੇ ਅੱਜ ਦੇ ਸਮੇਂ ਦੀ ਗਲ ਕਰੀਏ ਤਾਂ ਅੱਜ ਬਾਜ਼ਾਰ ਵਿਚ ਵੱਖ- ਵੱਖ ਕਿਸਮਾਂ ਦੇ ਬਿਸਕੁਟ ਮਿਲਦੇ ਹਨ, ਕਈ ਬਿਸਕੁਟ ਤਾਂ ਬਹੁਤ ਮਹਿੰਗੇ ਵੀ ਮਿਲਦੇ ਹਨ ਪਰ ਘਰ ਦੇ ਬਣਵਾਏ ਬਿਸਕੁਟਾਂ ਦੀ ਸਰਦਾਰੀ ਅੱਜ ਵੀ ਕਾਇਮ ਹੈ।









# ਕੀ ਭਾਰਤ ਵਿੱਚ ਖ਼ਤਮ ਹੋ ਜਾਵੇਗਾ ਧਰਤੀ ਹੇਠਲਾ ਪਾਣੀ ?

ਸੰਯੁਕਤ ਰਾਸ਼ਟਰ ਦੀ ਰਿਪੋਰਟ ਮੁਤਾਬਕ ਅਗਲੇ ਦੋ ਸਾਲਾਂ 'ਚ ਭਾਰਤ 'ਚ ਧਰਤੀ ਹੇਠਲੇ ਪਾਣੀ ਦੀ ਭਾਰੀ ਘਾਟ ਹੋਣ ਵਾਲੀ ਹੈ। ਰਿਪੋਰਟ ਮੁਤਾਬਕ ਧਰਤੀ ਹੇਠਲੇ ਪਾਣੀ ਦਾ ਪੱਧਰ ਖਤਰਨਾਕ ਸਥਿਤੀ 'ਤੇ ਪਹੁੰਚ ਗਿਆ ਹੈ। ਸੰਯੁਕਤ ਰਾਸ਼ਟਰ ਦੀ ਰਿਪੋਰਟ ਮੁਤਾਬਕ 2025 'ਚ ਭਾਰਤ 'ਚ ਧਰਤੀ ਹੇਠਲੇ ਪਾਣੀ ਦਾ ਸੰਕਟ ਆ ਸਕਦਾ ਹੈ। ਰਿਪੋਰਟ ਮੁਤਾਬਕ ਭਾਰਤ 'ਚ ਧਰਤੀ ਹੇਠਲਾ ਪਾਣੀ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ।



## ਡਰਾਉਣੀ ਹੈ ਭਾਰਤ ਬਾਰੇ ਸੰਯੁਕਤ ਰਾਸ਼ਟਰ ਦੀ ਰਿਪੋਰਟ





ਕੀ ਦੋ ਸਾਲਾਂ ਬਾਅਦ ਭਾਰਤ ਵਿੱਚ ਧਰਤੀ ਹੇਠਲੇ ਪਾਣੀ ਦਾ ਸੰਕਟ ਵਧਣ ਵਾਲਾ ਹੈ? ਦਰਅਸਲ, ਸੰਯੁਕਤ ਰਾਸ਼ਟਰ ਦੀ ਇੱਕ ਨਵੀਂ ਰਿਪੋਰਟ ਦੇ ਅਨੁਸਾਰ, ਭਾਰਤ ਵਿੱਚ ਸਿੰਧੂ-ਗੰਗਾ ਦੇ ਮੈਦਾਨ ਦੇ ਕੁਝ ਖੇਤਰ ਪਹਿਲਾਂ ਹੀ ਧਰਤੀ ਹੇਠਲੇ ਪਾਣੀ ਦੀ ਕਮੀ ਦੇ ਖਤਰਨਾਕ ਪੱਧਰ ਨੂੰ ਪਾਰ ਕਰ ਚੁੱਕੇ ਹਨ। ਦੂਜੇ ਪਾਸੇ, ਪੂਰੇ ਉੱਤਰ-ਪੱਛਮੀ ਖੇਤਰ ਨੂੰ ਸਾਲ 2025 ਤੱਕ ਘੱਟ ਧਰਤੀ ਹੇਠਲੇ ਪਾਣੀ ਦੀ ਉਪਲਬਧਤਾ ਦੇ ਗੰਭੀਰ ਸੰਕਟ ਦਾ ਖਤਰਾ ਹੈ। 'ਇੰਟਰਕਨੈਕਟਡ ਡਿਜ਼ਾਸਟਰ ਰਿਸਕਸ ਰਿਪੋਰਟ 2023' ਦੇ ਸਿਰਲੇਖ ਵਾਲੀ ਇਹ ਰਿਪੋਰਟ ਸੰਯੁਕਤ ਰਾਸ਼ਟਰ ਯੂਨੀਵਰਸਿਟੀ-ਇੰਸਟੀਚਿਊਟ ਫਾਰ ਇਨਵਾਇਰਮੈਂਟ ਐਂਡ ਹਿਊਮਨ ਸਕਿਓਰਿਟੀ (ਯੂ.ਐੱਨ.ਯੂ.- ਈ.ਐੱਚ.ਐੱਸ. ) ਨੇ ਪ੍ਰਕਾਸ਼ਿਤ ਕੀਤੀ ਹੈ।

ਰਿਪੋਰਟ 'ਚ ਦੁਨੀਆ ਦੇ 6 ਅਹਿਮ ਖਤਰਿਆਂ ਵੱਲ ਧਿਆਨ ਖਿੱਚਿਆ ਗਿਆ ਹੈ। ਰਿਪੋਰਟ ਮੁਤਾਬਕ ਦੁਨੀਆ ਹੁਣ 6 ਅਜਿਹੇ ਖਤਰਿਆਂ 'ਤੇ ਪਹੁੰਚ ਗਈ ਹੈ ਜੋ ਖਤਰਨਾਕ ਹਨ। ਜਾਣੋ ਕੀ ਹਨ 6 ਮਹੱਤਵਪੂਰਨ ਖ਼ਤਰੇ-

1-ਤੇਜ਼ ਵਿਨਾਸ਼ਕਾਰੀ
2-ਜ਼ਮੀਨਦੋਜ਼ ਪਾਣੀ ਦੀ ਕਮੀ
3- ਪਹਾੜੀ ਗਲੇਸ਼ੀਅਰਾਂ ਦਾ ਪਿਘਲਣਾ
4-ਸਪੇਸ ਮਲਬਾ
5-ਅਸਹਿ ਗਰਮੀ
6-ਅਨਿਸ਼ਚਿਤ ਭਵਿੱਖ

ਇਸ ਰਿਪੋਰਟ 'ਚ ਦੱਸਿਆ ਗਿਆ ਹੈ ਕਿ ਧਰਤੀ 'ਤੇ ਚੱਕਰ ਦੀ ਸਹਿਣਸ਼ੀਲਤਾ ਦੀ ਇੱਕ ਹੱਦ ਹੁੰਦੀ ਹੈ। ਜੇਕਰ ਕੋਈ ਵੱਡੀਆਂ ਤਬਦੀਲੀਆਂ ਅਚਾਨਕ ਵਾਪਰਦੀਆਂ ਹਨ, ਤਾਂ ਉਹ ਬਦਲੀਆਂ ਨਹੀਂ ਜਾ ਸਕਦੀਆਂ, ਜਿਸ ਨਾਲ ਵਾਤਾਵਰਣ, ਜਲਵਾਯੂ ਦੇ ਨਮੂਨੇ ਅਤੇ ਪੂਰੇ ਵਾਤਾਵਰਣ 'ਤੇ ਡੂੰਘੇ ਅਤੇ ਕਈ ਵਾਰ ਵਿਨਾਸ਼ਕਾਰੀ ਪ੍ਰਭਾਵ ਪੈਂਦੇ ਹਨ। ਪਾਣੀ ਦੀ ਕਮੀ ਦੇ ਸਮੇਂ, ਲਗਭਗ 70 ਪ੍ਰਤੀਸ਼ਤ ਧਰਤੀ ਹੇਠਲੇ ਪਾਣੀ ਨੂੰ ਅਕਸਰ ਖੇਤੀਬਾੜੀ ਲਈ ਵਾਪਸ ਲੈ ਲਿਆ ਜਾਂਦਾ ਹੈ। ਇਹ ਧਰਤੀ ਹੇਠਲਾ ਪਾਣੀ ਸੋਕੇ ਕਾਰਨ ਹੋਣ ਵਾਲੇ ਖੇਤੀ ਨੁਕਸਾਨ ਨੂੰ ਘਟਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ।

ਜਲਵਾਯੂ ਤਬਦੀਲੀ ਕਾਰਨ ਇਹ ਚੁਣੌਤੀ ਹੋਰ ਵਿਗੜਨ ਦੀ ਸੰਭਾਵਨਾ ਹੈ। ਰਿਪੋਰਟ ਵਿੱਚ ਚਿਤਾਵਨੀ ਦਿੱਤੀ ਗਈ ਹੈ ਕਿ ਧਰਤੀ ਹੇਠਲੇ ਪਾਣੀ ਦੇ ਸੋਮੇ ਖੁਦ ਹੀ ਹੁਣ ਖ਼ਤਮ ਹੋਣ ਦੇ ਕੰਢੇ ਹਨ। ਦੁਨੀਆਂ ਦੇ ਅੱਧੇ ਤੋਂ ਵੱਧ ਮੁੱਖ ਭੂਮੀਗਤ ਪਾਣੀ ਦੇ ਸਰੋਤ ਕੁਦਰਤੀ ਤੌਰ 'ਤੇ ਭਰੇ ਜਾਣ ਨਾਲੋਂ ਤੇਜ਼ੀ ਨਾਲ ਖ਼ਤਮ ਹੋ ਰਹੇ ਹਨ। ਜੇਕਰ ਪਾਣੀ ਦਾ ਪੱਧਰ ਧਰਤੀ ਹੇਠਲੇ ਪਾਣੀ ਦੇ ਪੱਧਰ ਤੋਂ ਹੇਠਾਂ ਆ ਜਾਂਦਾ ਹੈ ਜਿੱਥੋਂ ਖੂਹ ਆਉਂਦੇ ਹਨ, ਤਾਂ ਕਿਸਾਨ ਪਾਣੀ ਤੱਕ ਪਹੁੰਚ ਗੁਆ ਸਕਦੇ ਹਨ, ਜਿਸ ਨਾਲ ਪੂਰੇ ਭੋਜਨ ਉਤਪਾਦਨ ਪ੍ਰਣਾਲੀ ਨੂੰ ਖ਼ਤਰਾ ਹੋ ਸਕਦਾ ਹੈ।

### ਕਈ ਦੇਸ਼ਾਂ ਵਿੱਚ ਹੈ ਧਰਤੀ ਹੇਠਲੇ ਪਾਣੀ ਦਾ ਸੰਕਟ

ਸਾਊਦੀ ਅਰਬ ਵਰਗੇ ਕੁਝ ਦੇਸ਼ ਪਹਿਲਾਂ ਹੀ ਧਰਤੀ ਹੇਠਲੇ ਪਾਣੀ ਦੀ ਕਮੀ ਨਾਲ ਜੂਝ ਰਹੇ ਹਨ। ਜਦਕਿ ਭਾਰਤ ਸਮੇਤ ਹੋਰ ਦੇਸ਼ ਵੀ ਇਸ ਤੋਂ ਦੂਰ ਨਹੀਂ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ, ਭਾਰਤ ਦੁਨੀਆਂ ਵਿੱਚ ਧਰਤੀ ਹੇਠਲੇ ਪਾਣੀ ਦਾ ਸਭ ਤੋਂ ਵੱਡਾ ਖ਼ਪਤਕਾਰ ਹੈ, ਜੋ ਕਿ ਅਮਰੀਕਾ ਅਤੇ ਚੀਨ ਦੀ ਸੰਯੁਕਤ ਵਰਤੋਂ ਨਾਲੋਂ ਵੱਧ ਹੈ। ਭਾਰਤ ਦਾ ਉੱਤਰ-ਪੱਛਮੀ ਖੇਤਰ ਦੇਸ਼ ਦੀ 1.4 ਬਿਲੀਅਨ ਦੀ ਵਧਦੀ ਆਬਾਦੀ ਲਈ 'ਰੋਟੀ ਦੀ ਟੋਕਰੀ' ਵਜੋਂ ਕੰਮ ਕਰਦਾ ਹੈ, ਪੰਜਾਬ ਅਤੇ ਹਰਿਆਣਾ ਰਾਜ ਦੇਸ਼ ਦੇ ਚੌਲਾਂ ਦੇ ਉਤਪਾਦਨ ਦਾ 50 ਪ੍ਰਤੀਸ਼ਤ ਅਤੇ ਇਸ ਦੇ ਕਣਕ ਭੰਡਾਰ ਦਾ 85 ਪ੍ਰਤੀਸ਼ਤ ਪੈਦਾ ਕਰਦੇ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ, ਪੰਜਾਬ ਵਿੱਚ 78 ਫੀਸਦੀ ਟਿਊਬਵੈੱਲ ਧਰਤੀ ਹੇਠਲੇ ਪਾਣੀ ਦਾ ਬਹੁਤ ਜ਼ਿਆਦਾ ਦੋਹਨ ਕਰ ਰਹੇ ਹਨ ਅਤੇ ਪੂਰੇ ਉੱਤਰ-ਪੱਛਮੀ ਖੇਤਰ ਵਿੱਚ 2025 ਤੱਕ ਧਰਤੀ ਹੇਠਲੇ ਪਾਣੀ ਦੀ ਉਪਲਬਧਤਾ ਬਹੁਤ ਘੱਟ ਹੋਣ ਦਾ ਅਨੁਮਾਨ ਹੈ।



# ਸਮੁੰਦਰ ਤੋਂ ਹੋਈ ਸੀ ਜ਼ਿੰਦਗੀ ਦੀ ਸ਼ੁਰੂਆਤ

## ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਤੌਰ 'ਤੇ ਮਹੱਤਵਪੂਰਨ ਹਨ ਸਮੁੰਦਰ

## ਸਮੁੰਦਰਾਂ ਵਿੱਚ ਫ਼ੈਲ ਰਿਹਾ ਪ੍ਰਦੂਸ਼ਣ ਚਿੰਤਾ ਦਾ ਵਿਸ਼ਾ

ਸਮੁੰਦਰ ਸਾਡੀ ਧਰਤੀ 'ਤੇ ਨਾ ਸਿਰਫ਼ ਜੀਵਨ ਦਾ ਪ੍ਰਤੀਕ ਹਨ, ਸਗੋਂ ਵਾਤਾਵਰਨ ਸੰਤੁਲਨ ਵਿੱਚ ਵੀ ਪ੍ਰਮੁੱਖ ਭੂਮਿਕਾ ਨਿਭਾਉਂਦੇ ਹਨ। ਮੰਨਿਆ ਜਾਂਦਾ ਹੈ ਕਿ ਧਰਤੀ ਉੱਤੇ ਜੀਵਨ ਸਮੁੰਦਰਾਂ ਤੋਂ ਉਤਪੰਨ ਹੋਇਆ ਹੈ, ਜਿਸ ਵਿੱਚ ਬੇਅੰਤ ਜੈਵ ਵਿਭਿੰਨਤਾ ਦਾ ਭੰਡਾਰ ਹੈ। ਧਰਤੀ ਦਾ ਲਗਭਗ ਸੱਤਰ ਪ੍ਰਤੀਸ਼ਤ ਸਮੁੰਦਰਾਂ ਦੁਆਰਾ ਢੱਕਿਆ ਹੋਇਆ ਹੈ। ਧਰਤੀ 'ਤੇ ਉਪਲਬਧ ਸਾਰੇ ਪਾਣੀ ਦਾ ਲਗਭਗ 97 ਪ੍ਰਤੀਸ਼ਤ ਸਮੁੰਦਰਾਂ ਵਿੱਚ ਸ਼ਾਮਲ ਹੈ। ਸਮੁੰਦਰਾਂ ਦੀ ਵਿਸ਼ਾਲਤਾ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਜੇਕਰ ਧਰਤੀ ਦੇ ਸਾਰੇ ਸਮੁੰਦਰਾਂ ਨੂੰ ਇੱਕ ਵਿਸ਼ਾਲ ਸਮੁੰਦਰ ਮੰਨਿਆ ਜਾਵੇ ਤਾਂ ਇਸ ਦੇ ਮੁਕਾਬਲੇ ਧਰਤੀ ਦੇ ਸਾਰੇ ਮਹਾਂਦੀਪ ਛੋਟੇ ਟਾਪੂਆਂ ਵਾਂਗ ਦਿਖਾਈ ਦੇਣਗੇ।

ਅੱਜ ਜਦੋਂ ਦੁਨੀਆ ਦੀ ਕੁੱਲ ਆਬਾਦੀ ਦਾ ਤੀਹ ਫੀਸਦੀ ਹਿੱਸਾ ਤੱਟਵਰਤੀ ਖੇਤਰਾਂ ਵਿੱਚ ਰਹਿੰਦਾ ਹੈ ਤਾਂ ਅਜਿਹੀ ਸਥਿਤੀ ਵਿੱਚ ਸਮੁੰਦਰ ਉਨ੍ਹਾਂ ਲਈ ਖੁਰਾਕੀ ਵਸਤਾਂ ਦਾ ਮੁੱਖ ਸਰੋਤ ਸਾਬਤ ਹੋ ਸਕਦਾ ਹੈ। ਸਮੁੰਦਰ ਬਹੁਤ ਲਾਭਦਾਇਕ ਹਨ ਕਿਉਂਕਿ ਉਹ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਤੌਰ 'ਤੇ ਮਹੱਤਵਪੂਰਨ ਹਨ। ਧਰਤੀ @ਤੇ ਜੀਵਨ ਦੀ ਹੋਂਦ ਇੱਥੇ ਮੌਜੂਦ ਵਾਯੂਮੰਡਲ ਅਤੇ ਸਮੁੰਦਰਾਂ ਵਰਗੇ ਕੁਝ ਵਿਸ਼ੇਸ਼ ਕਾਰਕਾਂ ਕਾਰਨ ਹੀ ਸੰਭਵ ਹੋਈ ਹੈ। ਇਸਦੀ ਸ਼ੁਰੂਆਤ ਤੋਂ ਲੈ ਕੇ ਅੱਜ ਤੱਕ, ਸਾਗਰ ਜੀਵਨ ਦੇ ਵਿਭਿੰਨ ਰੂਪਾਂ ਨੂੰ ਪਨਾਹ ਦਿੰਦੇ ਰਹੇ ਹਨ। ਧਰਤੀ ਦੇ ਇੱਕ ਵਿਸ਼ਾਲ ਖੇਤਰ ਵਿੱਚ ਫੈਲਿਆ ਪਾਣੀ ਦਾ ਇੱਕ ਵਿਸ਼ਾਲ ਭੰਡਾਰ ਹੋਣ ਦੇ ਨਾਲ-ਨਾਲ ਸਾਗਰ ਆਪਣੇ ਅੰਦਰ ਅਤੇ ਆਲੇ-ਦੁਆਲੇ ਬਹੁਤ ਸਾਰੇ ਛੋਟੇ-ਛੋਟੇ ਨਾਜ਼ੁਕ ਵਾਤਾਵਰਣ ਨੂੰ ਪਨਾਹ ਪ੍ਰਦਾਨ ਕਰਦੇ ਹਨ, ਜਿਸ ਕਾਰਨ ਉਨ੍ਹਾਂ ਥਾਵਾਂ 'ਤੇ ਕਈ ਤਰ੍ਹਾਂ ਦੇ ਜਾਨਵਰ ਅਤੇ ਪੌਦੇ ਵਧਦੇ-ਫੁੱਲਦੇ ਹਨ।

ਸਮੁੰਦਰ, ਭੋਜਨ ਦਾ ਇੱਕ ਪ੍ਰਮੁੱਖ ਸਰੋਤ ਹੋਣ ਕਰਕੇ, ਸਾਡੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਅੱਜ, ਵਿਗਿਆਨ ਅਤੇ ਤਕਨਾਲੋਜੀ ਦੀ ਮਦਦ ਨਾਲ, ਪੈਟਰੋਲੀਅਮ ਸਮੇਤ ਬਹੁਤ ਸਾਰੇ ਮਹੱਤਵਪੂਰਨ ਕੁਦਰਤੀ ਸਰੋਤ ਸਮੁੰਦਰਾਂ ਵਿੱਚੋਂ ਕੱਢੇ ਜਾ ਰਹੇ ਹਨ। ਇਸ ਤੋਂ ਇਲਾਵਾ ਜਲਵਾਯੂ ਪਰਿਵਰਤਨ ਸਮੇਤ ਕਈ ਮੌਸਮੀ ਘਟਨਾਵਾਂ ਨੂੰ ਸਮਝਣ ਲਈ ਸਮੁੰਦਰਾਂ ਦਾ ਅਧਿਐਨ ਵੀ ਜ਼ਰੂਰੀ ਹੈ।

ਧਰਤੀ ਉੱਤੇ ਜੀਵਨ ਸਮੁੰਦਰਾਂ ਵਿੱਚ ਪੈਦਾ ਹੋਇਆ ਹੈ। ਅੱਜ ਵੀ ਸਮੁੰਦਰ ਜੀਵਨ ਲਈ ਲੋੜੀਂਦੀਆਂ ਸਥਿਤੀਆਂ ਨੂੰ ਕਾਇਮ ਰੱਖਣ ਵਿੱਚ ਸਹਾਇਕ ਹਨ। ਸਮੁੰਦਰ ਧਰਤੀ ਦੇ ਇੱਕ ਤਿਹਾਈ ਤੋਂ ਵੱਧ ਖੇਤਰ ਨੂੰ ਕਵਰ ਕਰਦਾ ਹੈ। ਇਸ ਲਈ, ਸਮੁੰਦਰੀ ਈਕੋਸਿਸਟਮ ਵਿੱਚ ਇੱਕ ਛੋਟੀ ਜਿਹੀ ਤਬਦੀਲੀ ਵੀ ਪੂਰੀ ਧਰਤੀ ਪ੍ਰਣਾਲੀ ਨੂੰ ਵਿਗਾੜਨ ਦੀ ਸਮਰੱਥਾ ਰੱਖਦੀ ਹੈ।

ਇਸ ਸਮੇਂ ਮਨੁੱਖੀ ਗਤੀਵਿਧੀਆਂ ਦਾ ਅਸਰ ਸਮੁੰਦਰਾਂ 'ਤੇ ਵੀ ਦੇਖਣ ਨੂੰ ਮਿਲ ਰਿਹਾ ਹੈ। ਸਮੁੰਦਰਾਂ ਦੇ ਤੱਟਵਰਤੀ ਖੇਤਰਾਂ ਵਿੱਚ ਪ੍ਰਦੂਸ਼ਣ ਦਾ ਪੱਧਰ ਦਿਨ-ਬ-ਦਿਨ ਵਧਦਾ ਜਾ ਰਿਹਾ ਹੈ। ਜਦੋਂ ਕਿ ਤੱਟਵਰਤੀ ਖੇਤਰ, ਖਾਸ ਕਰਕੇ ਦਰਿਆਵਾਂ ਦੇ ਮੂੰਹਾਂ 'ਤੇ ਸੂਰਜ ਦੀ ਰੌਸ਼ਨੀ ਦੀ ਲੋੜੀਂਦੀ ਉਪਲਬਧਤਾ ਕਾਰਨ ਵਧੇਰੇ ਜੈਵਿਕ ਵਿਭਿੰਨਤਾ ਵਾਲੇ ਖੇਤਰਾਂ ਵਜੋਂ ਮਾਨਤਾ ਪ੍ਰਾਪਤ ਸੀ, ਹੁਣ ਸਮੁੰਦਰ ਦੇ ਪਾਣੀ ਵਿੱਚ ਵੱਡੀ ਮਾਤਰਾ ਵਿੱਚ ਪ੍ਰਦੂਸ਼ਕਾਂ ਦੀ ਮੌਜੂਦਗੀ ਕਾਰਨ ਇਨ੍ਹਾਂ ਖੇਤਰਾਂ ਵਿੱਚ ਜੀਵਨ ਖ਼ਤਰੇ ਵਿੱਚ ਹੈ। ਤੇਲ ਢੋਣ ਵਾਲੇ ਜਹਾਜ਼ਾਂ ਤੋਂ ਤੇਲ ਲੀਕ ਹੋਣ ਕਾਰਨ ਅਤੇ ਸਮੁੰਦਰ ਦੇ ਪਾਣੀ ਦੇ ਗੰਧਲੇ ਹੋਣ ਕਾਰਨ ਸੂਰਜ ਦੀ ਰੌਸ਼ਨੀ ਡੂੰਘਾਈ ਤੱਕ ਨਹੀਂ ਪਹੁੰਚ ਪਾਉਂਦੀ, ਜਿਸ ਕਾਰਨ ਉੱਥੇ ਜੀਵਨ ਦਾ ਵਧਣਾ-ਫੁੱਲਣਾ ਮੁਸ਼ਕਲ ਹੋ ਜਾਂਦਾ ਹੈ ਅਤੇ ਉਨ੍ਹਾਂ ਥਾਵਾਂ 'ਤੇ ਜੈਵਿਕ ਵਿਭਿੰਨਤਾ ਵੀ ਪ੍ਰਭਾਵਿਤ ਹੁੰਦੀ ਹੈ।

ਹਾਲ ਹੀ ਦੇ ਸਾਲਾਂ ਵਿੱਚ ਸਮੁੰਦਰਾਂ ਵਿੱਚ ਵਧਦਾ ਪ੍ਰਦੂਸ਼ਣ ਚਿੰਤਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ। ਅਰਬਾਂ ਟਨ ਪਲਾਸਟਿਕ ਦਾ ਕੂੜਾ ਹਰ ਸਾਲ ਸਮੁੰਦਰਾਂ ਵਿੱਚ ਜਾਂਦਾ ਹੈ। ਕਿਉਂਕਿ ਇਹ ਆਸਾਨੀ ਨਾਲ ਸੜਦਾ ਨਹੀਂ ਹੈ, ਇਹ ਕੂੜਾ ਸਮੁੰਦਰਾਂ ਵਿੱਚ ਬਰਕਰਾਰ ਰਹਿੰਦਾ ਹੈ। ਭਾਰੀ ਧਾਤਾਂ ਅਤੇ ਲੂਣ ਪ੍ਰਦੂਸ਼ਣ ਦੀ ਮਾਤਰਾ ਇਕੱਲੇ ਭਾਰਤੀ ਉਪ ਮਹਾਂਦੀਪ ਤੋਂ ਹੀ ਹਿੰਦ ਮਹਾਸਾਗਰ ਤੱਕ ਪਹੁੰਚਦੀ ਹੈ ਜੋ ਹਰ ਸਾਲ ਲੱਖਾਂ ਟਨ ਹੈ।

ਜ਼ਹਿਰੀਲੇ ਰਸਾਇਣਾਂ ਦੇ ਰੋਜ਼ਾਨਾ ਸੰਪਰਕ ਨਾਲ ਸਮੁੰਦਰੀ ਜੈਵ ਵਿਭਿੰਨਤਾ ਵੀ ਪ੍ਰਭਾਵਿਤ ਹੁੰਦੀ ਹੈ ਪਰ ਹਵਾ ਅਤੇ ਹੋਰ ਪ੍ਰਕਾਰ ਦੇ ਪ੍ਰਦੂਸ਼ਣ ਦੇ ਮੁਕਾਬਲੇ, ਸਮੁੰਦਰ ਦੇ ਇੰਨੇ ਪ੍ਰਦੂਸ਼ਿਤ ਹੋਣ ਬਾਰੇ ਚਿੰਤਾ ਦਾ ਪੱਧਰ ਨਹੀਂ ਹੈ। ਜਦੋਂ ਕਿ ਜ਼ਹਿਰੀਲੇ ਰਸਾਇਣਾਂ ਦਾ ਸਮੁੰਦਰੀ ਬਨਸਪਤੀ ਦੇ ਵਾਧੇ 'ਤੇ ਵੀ ਮਾੜਾ ਅਸਰ ਪੈਂਦਾ ਹੈ। ਧਰਤੀ 'ਤੇ ਜੀਵਨ ਨੂੰ ਕਾਇਮ ਰੱਖਣ ਵਾਲੇ ਈਕੋਸਿਸਟਮ ਵਿੱਚ ਸਮੁੰਦਰ ਦੀ ਉਪਯੋਗਤਾ ਨੂੰ ਧਿਆਨ ਵਿੱਚ ਰੱਖਦੇ ਹੋਏ, ਇਹ ਜ਼ਰੂਰੀ ਹੈ ਕਿ ਅਸੀਂ ਸਮੁੰਦਰੀ ਵਾਤਾਵਰਣ ਦੇ ਸੰਤੁਲਨ ਨੂੰ ਬਣਾਈ ਰੱਖੀਏ। ਤਾਂ ਹੀ ਸਾਡਾ ਭਵਿੱਖ ਸੁਰੱਖਿਅਤ ਹੋਵੇਗਾ।

(ਬਾਕੀ ਸਫ਼ਾ 30 'ਤੇ)

# ਪੰਜਾਬ ਦਿਵਸ ’ਤੇ : ਪੰਜਾਬੀ ਕਵਿਤਾ ’ਚ ਪੰਜਾਬੀ ਸੂਬਾ

**ਪਰਮਜੀਤ ਢੀਂਗਰਾ**

ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿੱਚ ਪੰਜਾਬ ਦੀਆਂ ਹੱਦਾਂ ਇੱਕ ਪਾਸੇ ਉੱਤਰ ਪੱਛਮ ਵਿੱਚ ਅਫਗਾਨਿਸਤਾਨ ਨਾਲ, ਦੱਖਣ ਵਿੱਚ ਸਿੰਧ ਨਾਲ ਤੇ ਪੂਰਬ ਵਿੱਚ ਜਮਨਾ ਨਾਲ ਲਗਦੀਆਂ ਸਨ। ਏਨੇ ਵੱਡੇ ਭੂ-ਭਾਗ ਨੂੰ ਮਹਾਰਾਜੇ ਨੇ ਬੜੀ ਕੁਸ਼ਲਤਾ ਨਾਲ ਰਾਜ-ਪ੍ਰਬੰਧਕੀ ਢਾਂਚੇ ਵਿੱਚ ਸਮਾਇਆ ਹੋਇਆ ਸੀ। ਪਰ ਅੰਗਰੇਜ਼ੀ ਸਾਮਰਾਜ ਨੇ ਦੋ ਕੌਮਾਂ ਦਾ ਸਿਧਾਂਤ ਪ੍ਰਵਾਨ ਕਰ ਕੇ ਇਸ ਭੂਗੋਲਿਕ ਖਿੱਤੇ ਨੂੰ ਕੌਮਾਂ ਤੇ ਭਾਸ਼ਾਵਾਂ ਵਿੱਚ ਵੰਡ ਦਿੱਤਾ। ਪੰਜਾਬੀ ਵੀ ਵੰਡੀ ਗਈ। ਆਜ਼ਾਦੀ ਪ੍ਰਾਪਤੀ ਤੋਂ ਬਾਅਦ ਭਾਸ਼ਾਈ ਆਧਾਰ ’ਤੇ ਰਾਜਾਂ ਦਾ ਪੁਨਰਗਠਨ ਕੀਤਾ ਗਿਆ। ਪਰ ਪੰਜਾਬੀ ਭਾਸ਼ਾ ਦੇ ਆਧਾਰ ’ਤੇ ਪੰਜਾਬੀ ਸੂਬੇ ਨੂੰ ਮਾਨਤਾ ਦੇਣ ਤੋਂ ਪੱਲਾ ਝਾੜ ਦਿੱਤਾ ਗਿਆ।

15 ਨਵੰਬਰ, 1948 ਨੂੰ ਮਾਸਟਰ ਤਾਰਾ ਸਿੰਘ ਦੇ ਕਹਿਣ ’ਤੇ 23 ਅਕਾਲੀ ਵਿਧਾਇਕਾਂ ਨੇ ਇਕ ਮਤੇ ਵਿਚ ਕਿਹਾ ਕਿ ਉਨ੍ਹਾਂ ਦੇ ਮੰਗ ਪੱਤਰ ਵਿਚਲੀਆਂ ਪੰਜ ਕਾਨੂੰਨੀ ਸੁਰੱਖਿਆਵਾਂ ਜੇਕਰ ਨਹੀਂ ਮੰਨੀਆਂ ਜਾਂਦੀਆਂ ਤਾਂ ਸਿੱਖਾਂ ਨੂੰ ਸੱਤ ਜ਼ਿਲ੍ਹਿਆਂ ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਫਿਰੋਜ਼ਪੁਰ, ਅੰਮ੍ਰਿਤਸਰ, ਗੁਰਦਾਸਪੁਰ ਤੇ ਅੰਬਾਲੇ ਨੂੰ ਮਿਲਾ ਕੇ ਇੱਕ ਨਵਾਂ ਸੂਬਾ ਬਣਾਉਣ ਦੀ ਇਜਾਜ਼ਤ ਦਿੱਤੀ ਜਾਵੇ। ਉਨ੍ਹਾਂ ਦੀ ਹਿਦਾਇਤ ’ਤੇ ਹੀ ਹੁਕਮ ਸਿੰਘ ਨੇ ਮੰਗ ਕੀਤੀ ਕਿ -ਪੰਜਾਬੀ ਦੇ ਆਧਾਰ ’ਤੇ ਭਾਸ਼ਾਈ ਰਾਜ ਦੀ ਨਿਸ਼ਾਨਦੇਹੀ ਕੀਤੀ ਜਾਵੇ। ਸਿੱਖਾਂ ਦੀ ਪ੍ਰਤੀਨਿਧ ਕਨਵੈਨਸ਼ਨ ਨੇ ਅਪ੍ਰੈਲ-1949 ਵਿੱਚ ਆਪਣੇ ਉਦੇਸ਼ ਵਜੋਂ ਪੰਜਾਬੀ ਸੂਬੇ ਦੀ ਮੰਗ ਨੂੰ ਅਪਨਾ ਲਿਆ। ਪਰ ਪੰਜਾਬ ਦੇ ਹਿੰਦੂਆਂ ਵੱਲੋਂ ਪਾਕਿਸਤਾਨ ਵਾਂਗ ਇਹਦਾ ਵਿਰੋਧ ਸ਼ੁਰੂ ਹੋ ਗਿਆ।

ਪੰਜਾਬੀ ਸੂਬੇ ਦੇ ਕੱਟੜ ਵਿਰੋਧੀਆਂ ਵਿੱਚ ਪ੍ਰਤਾਪ ਸਿੰਘ ਕੈਰੋਂ ਵੀ ਸਨ। ਉਨ੍ਹਾਂ ਨੇ ਇਸਦੀ ਵਿਰੋਧਤਾ ਕਰਦਿਆਂ ਦਸੰਬਰ, 1950 ਵਿੱਚ ਇੱਕ ਕਨਵੈਨਸ਼ਨ ਕਰਨ ਦਾ ਐਲਾਨ ਕਰ ਦਿੱਤਾ। ਜੋ 15 ਦਸੰਬਰ, 1950 ਨੂੰ ਅੰਮ੍ਰਿਤਸਰ ਵਿੱਚ ਹੋਈ। ਇਸ ਕਨਵੈਨਸ਼ਨ ਦੇ ਪ੍ਰਧਾਨ ਤੇ ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ ਸਰਦੂਲ ਸਿੰਘ ਕਵੀਸ਼ਰ ਨੇ ਇਸ ਨੂੰ ਸੰਬੋਧਨ ਕੀਤਾ। ਉਹਨੇ ਅਕਾਲੀਆਂ ਦੀ ਪੰਜਾਬੀ ਸੂਬੇ ਦੀ ਮੰਗ ਨੂੰ ਮੁੱਢੋਂ ਰੱਦ ਕਰ ਦਿੱਤਾ ਤੇ ਇਸਨੂੰ ਪਾਕਿਸਤਾਨ ਦੀ ਮੰਗ ਕਰਨ ਵਾਲੇ ਜਿਨਾਹ ਦੀ ਸੋਚ ਤੇ ਨਾਅਰੇ ਨਾਲ ਜੋੜ ਦਿੱਤਾ। ਹਾਲਾਂਕਿ ਵੰਡ ਤੋਂ ਪਹਿਲਾਂ ਵੇਲੇ ਦੀ ਸਰਕਾਰ ਨੇ ਸਿੱਖਾਂ ਨੂੰ ਭਰੋਸਾ ਦਿੱਤਾ ਸੀ ਕਿ ਉਨ੍ਹਾਂ ਦੀ ਭਾਸ਼ਾ, ਧਰਮ ਤੇ ਸੱਭਿਆਚਾਰ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ, ਕਿਉਂਕਿ ਅੰਗਰੇਜ਼ ਸਿੱਖਾਂ ਨੂੰ ਤੀਜੀ ਧਿਰ ਮੰਨਦੇ ਸਨ। ਪੰਜਾਬੀ ਸੂਬੇ ਦੀ ਮੰਗ ਨੂੰ ਕਮਜ਼ੋਰ ਕਰਨ ਲਈ ਕਈ ਰਾਜਨੀਤਕ ਹੱਥ-ਕੰਡੇ ਵਰਤੇ ਗਏ। ਇਨ੍ਹਾਂ ਵਿੱਚੋਂ ਇਕ ਸੀ ਸੱਚਰ ਫਾਰਮੂਲਾ, ਜਿਸ ਅਨੁਸਾਰ ਪੰਜਾਬ ਨੂੰ ਦੋ ਰਿਜਨਾਂ ਹਿੰਦੀ ਤੇ ਪੰਜਾਬੀ ਵਿੱਚ ਵੰਡ ਦਿੱਤਾ ਗਿਆ ਜੋ ਬਾਅਦ ਵਿੱਚ ਪੰਜਾਬ ਦੇ ਟੋਟੇ ਕਰਨ ਵਿੱਚ ਸਹਾਈ ਹੋਇਆ।

ੳ. ਹਿੰਦੀ ਰਿਜਨ ਵਿਚ- ਰੋਹਤਕ, ਗੁੜਗਾਓਂ, ਕਰਨਾਲ ਤੇ ਕਾਂਗੜੇ ਦੇ ਜ਼ਿਲ੍ਹੇ ਘੱਗਰ ਦਰਿਆ ਦੇ ਦੱਖਣ ਵੱਲ ਪੈਂਦੇ ਹਿਸਾਰ ਜ਼ਿਲ੍ਹੇ ਦੇ ਸਾਰੇ ਹਿੱਸੇ ਤੇ ਅੰਬਾਲੇ ਜ਼ਿਲ੍ਹੇ ਦੀਆਂ ਜਗਾਧਰੀ ਤੇ ਨਰਾਇਣਗੜ੍ਹ ਤਹਿਸੀਲਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਗਿਆ।

ਅ. ਪੰਜਾਬੀ ਰਿਜਨ ਵਿੱਚ - ਅੰਮ੍ਰਿਤਸਰ, ਜਲੰਧਰ, ਗੁਰਦਾਸਪੁਰ, ਫਿਰੋਜ਼ਪੁਰ, ਲੁਧਿਆਣਾ ਤੇ ਹੁਸ਼ਿਆਰਪੁਰ ਦੇ ਜ਼ਿਲ੍ਹੇ, ਫਿਰੋਜ਼ਪੁਰ ਦੇ ਪੂਰਬ ਵੱਲ ਤੇ ਘੱਗਰ ਦਰਿਆ ਦੇ ਪਟਿਆਲੇ ਵਾਲੇ ਪਾਸੇ ਪੈਂਦੇ ਹਿਸਾਰ ਜ਼ਿਲ੍ਹੇ ਦੇ ਹਿੱਸੇ, ਜ਼ਿਲ੍ਹਾ ਅੰਬਾਲੇ ਦੀਆਂ ਰੋਪੜ ਤੇ ਖਰੜ ਤਹਿਸੀਲਾਂ ਅਤੇ ਜ਼ਿਲ੍ਹਾ ਅੰਬਾਲੇ ਦੀ ਅੰਬਾਲਾ ਤਹਿਸੀਲ।

ੳ. ਦੋ-ਭਾਸ਼ੀ ਇਲਾਕੇ- ਸ਼ਿਮਲਾ ਅਤੇ ਜ਼ਿਲ੍ਹਾ ਅੰਬਾਲੇ ਦੀ ਅੰਬਾਲਾ ਤਹਿਸੀਲ।

ਦੇਸ਼ ਵੰਡ ਕਾਰਨ ਹੋਏ ਅਬਾਦੀਆਂ ਦੇ ਤਬਾਦਲੇ ਨੇ ਪੰਜਾਬੀ ਬੋਲਦੇ ਇਲਾਕਿਆਂ ਦਾ ਤਵਾਜ਼ਨ ਵਿਗਾੜ ਦਿੱਤਾ। ਇਸ ਲਈ ਪੰਜਾਬੀ ਬੋਲਦੇ ਇਲਾਕਿਆਂ ਦੀ ਮੁੜ ਨਿਸ਼ਾਨਦੇਹੀ ਕੀਤੀ ਗਈ। ਪਹਿਲਾਂ ਜ਼ਿਲ੍ਹਾ ਅੰਬਾਲੇ ਦੀਆਂ ਦੋ ਤਹਿਸੀਲਾਂ ਰੋਪੜ ਤੇ ਖਰੜ ਹੀ ਮੁਖ ਤੌਰ ’ਤੇ ਪੰਜਾਬੀ ਬੋਲਦੇ ਇਲਾਕੇ ਸਨ ਪਰ ਵੰਡ ਵੇਲੇ ਇਸ ਜ਼ਿਲ੍ਹੇ ਦੇ ਹਿੰਦੋਸਤਾਨੀ ਬੋਲਦੇ ਮੁਸਲਮਾਨ ਪਾਕਿਸਤਾਨ ਚਲੇ ਗਏ ਤੇ ਉਨ੍ਹਾਂ ਦੀ ਥਾਂ ਪੰਜਾਬੀ ਬੋਲਦੇ ਹਿੰਦੂ ਸਿੱਖ ਸ਼ਰਨਾਰਥੀ ਆ ਗਏ। ਸਿੱਟੇ ਵਜੋਂ ਇਹ ਇਲਾਕਾ ਪੰਜਾਬੀ ਬੋਲਦਾ ਇਲਾਕਾ ਬਣ ਗਿਆ।

ਜਿੱਥੋਂ ਤਕ ਹਿਸਾਰ ਜ਼ਿਲ੍ਹੇ ਦਾ ਸਬੰਧ ਹੈ ਇਸ ਦੀਆਂ ਹਿਸਾਰ, ਭਵਾਨੀ ਤੇ ਹਾਂਸੀ ਤਹਿਸੀਲਾਂ ਸਿਵਾਏ ਟੋਹਾਨਾ ਸਬ ਤਹਿਸੀਲ ਦੇ ਹਿੰਦੋਸਤਾਨੀ ਬੋਲਦੀਆਂ ਸਨ, ਜਦ ਕਿ ਸਿਰਸਾ, ਫਤਿਹਾਬਾਦ, ਟੋਹਾਨਾ ਪੰਜਾਬੀ ਬੋਲਦੇ ਇਲਾਕੇ ਸਨ। ਇਨ੍ਹਾਂ ਇਲਾਕਿਆਂ ਵਿੱਚ ਵੀ ਵੰਡ ਤੋਂ ਬਾਅਦ ਵੱਡੀ ਗਿਣਤੀ ਵਿੱਚ ਪੰਜਾਬੀ ਸ਼ਰਨਾਰਥੀ ਵਸ ਗਏ ਤੇ ਇਹ ਇਲਾਕੇ ਵੀ ਪੰਜਾਬੀ ਬਹੁਲ ਵਸੋਂ ਵਾਲੇ ਹੋ ਗਏ। ਅਜਿਹੀ ਸਥਿਤੀ ਕਰਨਾਲ ਜ਼ਿਲ੍ਹੇ ਦੀਆਂ ਥਨੇਸਰ ਤੇ ਕੈਥਲ ਤਹਿਸੀਲਾਂ ਦੀ ਵੀ ਸੀ।

ਪੈਪਸੂ ਦੇ ਪਟਿਆਲਾ, ਬਰਨਾਲਾ, ਬਠਿੰਡਾ, ਮਾਨਸਾ, ਫਤਹਿਗੜ੍ਹ ਸਾਹਿਬ, ਕਪੂਰਥਲਾ, ਫਰੀਦਕੋਟ, ਸੰਗਰੂਰ ਸਿਵਾਏ ਜੀਂਦ ਤੇ ਨਰਵਾਣੇ ਦੇ ਸਾਰੇ ਪੰਜਾਬੀ ਬੋਲਦੇ ਜ਼ਿਲ੍ਹੇ ਸਨ। ਰਾਜਸਥਾਨ ਦੀ ਗੰਗਾਨਗਰ ਕਾਲੋਨੀ, ਸੂਰਤਗੜ੍ਹ, ਹਨੂੰਮਾਨਗੜ੍ਹ, ਲਾਲਗੜ੍ਹ ਮੁੱਖ ਤੌਰ ’ਤੇ ਪੰਜਾਬੀ ਬੋਲਦੇ ਇਲਾਕੇ ਸਨ। ਇਨ੍ਹਾਂ ਇਲਾਕਿਆਂ ਵਿੱਚ ਵੀ ਪੱਛਮੀ ਪੰਜਾਬ ਤੋਂ ਵੱਡੀ ਗਿਣਤੀ ਵਿੱਚ ਆ ਕੇ ਸ਼ਰਨਾਰਥੀ ਵਸੇ ਸਨ।

ਏਡੇ ਵੱਡੇ ਇਲਾਕੇ ਵਿੱਚ ਪੰਜਾਬੀ ਵਸੋਂ ਹੋਣ ਦੇ ਬਾਵਜੂਦ ਪੰਜਾਬ ਨੂੰ ਪੰਜਾਬੀ ਸੂਬੇ ਦਾ ਸੰਵਿਧਾਨਕ ਅਧਿਕਾਰ ਤੋਂ ਇਨਕਾਰ ਕੀਤਾ ਜਾ ਰਿਹਾ ਸੀ।1951 ਦੀ ਮਰਦਮਸ਼ੁਮਾਰੀ ਪੁਆੜੇ ਦੀ ਜੜ੍ਹ ਬਣ ਗਈ ਜਿਸ ਵਿੱਚ ਪੰਜਾਬ ਦੀ ਵੱਡੀ ਹਿੰਦੂ ਆਬਾਦੀ, ਜੋ ਘਰਾਂ ਵਿੱਚ ਪੰਜਾਬੀ ਬੋਲਦੀ ਸੀ ਨੇ ਮਾਂ ਬੋਲੀ ਤੋਂ ਮੁਨਕਰ ਹੋ ਕੇ ਆਪਣੀ ਮਾਤ ਭਾਸ਼ਾ ਹਿੰਦੀ ਲਿਖਵਾ ਦਿਤੀ।

27 ਮਈ, 1964 ਨੂੰ ਭਾਰਤ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਅਕਾਲ ਚਲਾਣਾ ਕਰ ਗਏ। ਪੰਜਾਬੀ ਸੂਬੇ ਦੇ ਕੱਟੜ ਵਿਰੋਧੀ ਪ੍ਰਤਾਪ ਸਿੰਘ ਕੈਰੋਂ ਦਾ 6 ਫਰਵਰੀ, 1965 ਨੂੰ ਕਤਲ ਹੋ ਗਿਆ। ਦੇਸ਼ ਦੀ ਵਾਗ ਡੋਰ ਲਾਲ ਬਹਾਦਰ ਸ਼ਾਸਤਰੀ ਦੇ ਹੱਥਾਂ ਵਿੱਚ ਆ ਗਈ। 1965 ਦੀ ਭਾਰਤ-ਪਾਕ ਜੰਗ ਵਿੱਚ ਸਿੱਖਾਂ ਦੀ ਬਹਾਦਰੀ ਦੇ ਉਹ ਪ੍ਰਸੰਸਕ ਸਨ। ਉਨ੍ਹਾਂ ਨੇ ਸਿੱਖਾਂ ਨੂੰ ਪੰਜਾਬੀ ਸੂਬੇ ਦੀ ਮੰਗ ਹਮਦਰਦੀ ਨਾਲ ਵਿਚਾਰਨ ਦਾ ਭਰੋਸਾ ਦਿੱਤਾ ਤੇ ਇਹਦੇ



ਲਈ ਅਮਲੀ ਆਧਾਰ ਤਿਆਰ ਕਰਨ ਦੇ ਹੁਕਮ ਵੀ ਦਿੱਤੇ। ਪਰ 11 ਜਨਵਰੀ, 1966 ਨੂੰ ਤਾਸ਼ਕੰਦ ਵਿੱਚ ਸ਼ਾਸਤਰੀ ਜੀ ਦਾ ਦੇਹਾਂਤ ਹੋ ਗਿਆ। 3 ਮਾਰਚ, 1966 ਨੂੰ ਇੰਦਰਾ ਗਾਂਧੀ ਦੇਸ਼ ਦੀ ਪ੍ਰਧਾਨ ਮੰਤਰੀ ਬਣ ਗਈ। ਭਾਰਤ ਦੇ ਗ੍ਰਹਿ ਮੰਤਰੀ ਗੁਲਜ਼ਾਰੀ ਲਾਲ ਨੰਦਾ ਨੇ ਪੰਜਾਬ ਦੀ ਹੱਦਬੰਦੀ ਲਈ ਕਮਿਸ਼ਨ ਬਣਾਇਆ ਜਿਸ ਦੀਆਂ ਸ਼ਿਫਾਰਸ਼ਾਂ ’ਤੇ ਪਹਿਲੀ ਨਵੰਬਰ, 1966 ਨੂੰ ਪੰਜਾਬੀ ਸੂਬਾ ਹੋਂਦ ਵਿੱਚ ਆ ਗਿਆ। ਪਰ ਇਸ ਵੰਡ ਪਿੱਛੇ ਰਾਜਨੀਤਕ ਖੇਡ ਖੇਡੀ ਗਈ ਤੇ ਪੰਜਾਬ ਦੇ ਤਿੰਨ ਟੋਟੇ ਕਰ ਦਿੱਤੇ ਗਏ। ਪੰਜਾਬੀ ਬੋਲਦੇ ਇਲਾਕੇ ਜਾਣ ਬੁਝ ਕੇ ਪੰਜਾਬ ਤੋਂ ਬਾਹਰ ਰਹਿਣ ਦਿੱਤੇ ਗਏ। ਚੰਡੀਗੜ੍ਹ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਬਣਾ ਦਿੱਤਾ ਗਿਆ। ਇਨ੍ਹਾਂ ਰਹਿ ਗਏ ਇਲਾਕਿਆਂ, ਚੰਡੀਗੜ੍ਹ ਤੇ ਪੰਜਾਬੀ ਭਾਸ਼ਾ ਲਈ ਅੱਜ ਤਕ ਪੰਜਾਬ ਲੜ ਰਿਹਾ ਹੈ। ਇਸ ਕੱਟੇ ਵੱਢੇ ਪੰਜਾਬ ਦੇ ਚੀਰ ਹਰਨ ’ਤੇ ਪੰਜਾਬੀ ਕਵੀਆਂ ਨੇ ਕਾਵਿ ਸੋਗ ਮਨਾਇਆ ਤੇ ਸਮੇਂ ਦੀਆਂ ਸਰਕਾਰਾਂ ਤੇ ਹੋਛੀ ਰਾਜਨੀਤੀ ਨੂੰ ਭੰਡਿਆ ਜਿਸਨੇ ਪੰਜਾਬ ਦੇ ਨਾਲ-ਨਾਲ ਪੰਜਾਬੀ ਦਾ ਵੀ ਘਾਣ ਕਰ ਦਿੱਤਾ ਸੀ। ਇਨ੍ਹਾਂ ਕਾਵਿ ਰਚਨਾਵਾਂ ਰਾਹੀਂ ਅਸੀਂ ਉਸ ਦੁਖਭਰੀ ਰਾਗਨੀ ਦੀ ਵਿਥਿਆ ਸੁਣ ਸਕਦੇ ਹਾਂ ਜੋ ਮਾਂ ਬੋਲੀ ਲਈ ਤੜਫ ਰਹੀ ਸੀ।

ਕੋਈ ਸਮਾਂ ਸੀ ਜਦੋਂ ਪੰਜਾਬੀ ਕਵੀਆਂ ਨੇ ਵਿਸ਼ਾਲ ਪੰਜਾਬ ਦੀ ਸਾਂਝੀ ਵਿਰਾਸਤ ਦੀ ਮੁਕਤ ਕੰਠ ਨਾਲ ਪ੍ਰਸੰਸਾ ਕੀਤੀ ਸੀ। ਇਸ ਨੂੰ ਕਈ ਤਸ਼ਬੀਹਾਂ ਦੇ ਕੇ ਇਹਦੀ ਵਡਿਆਈ ਕੀਤੀ ਸੀ ਪਰ ਹੁਣ ਇਸ ਵਲੂੰਧਰੇ, ਤੋੜੇ ਮਰੋੜੇ ਪੰਜਾਬ ਨੂੰ ਦੇਖ ਕੇ ਦੁਖੀ ਹੋਇਆ ਕਵੀ ਅਜਾਇਬ ਕਮਲ ਲਿਖਦਾ ਹੈ -

ਗਾਮੇ ਤੇ ਕਿੱਕਰ ਸਿੰਘ ਵਰਗਾ
ਭਰਵੇਂ ਜੁੱਸੇ ਵਾਲਾ ਪੰਜਾਬ
ਪੰਜਾਬ ਨਹੀਂ ਰਿਹਾ
ਬੌਣਾ, ਠਿਗਣਾ
ਰੱਦੀ ਕਾਗਜ਼ਾਂ ਵਾਂਗ ਮਰੋੜਿਆ, ਤਰੋੜਿਆ
ਅਪੰਗ ਜਿਹਾ ਬਣ ਕੇ ਰਹਿ ਗਿਐ- ਪੰਜਾਬ

ਪੰਜਾਬੀ ਜੋ ਕਦੇ ਉੱਚੇ ਪਰਬਤਾਂ ਦੀ ਬੋਲੀ ਸੀ, ਥਲਾਂ ਵਿੱਚ ਬੋਲੀਆਂ ਪਾਉਂਦੀ ਸੀ, ਦਰਿਆਵਾਂ ਕੰਢੇ ਇਸ਼ਕ ਕਮਾਉਂਦੀ ਤੇ ਜਿਸ ਦੀਆਂ ਇਲਾਹੀ ਧੁਨਾਂ ਅਕਾਸ਼ਾਂ ਵਿੱਚ ਗੂੰਜਦੀਆਂ ਸਨ, ਹੁਣ ਉਹ ਸੁੰਗੜ ਕੇ ਰਹਿ ਗਈ। ਸ਼ਿਵਦੇਵ ਸੰਧਾਵਾਲੀਆ ਲਿਖਦਾ ਹੈ-

* ਜਦੋਂ ਪੰਜ ਪਾਣੀ ਏਥੇ ਵਗਦੇ ਸਨ
ਸਾਰੇ ਨਕਸ਼ਿਆਂ ਵਿਚ ਪੰਜਾਬ ਕਹਿੰਦੇ
ਢਾਈ ਢਾਈ ਕਰ ਕੇ ਜਦ ਦੇ ਗਏ ਵੰਡੇ
ਕਿਉਂ ਨਹੀਂ ਲੋਕ ਫਿਰ ਇਸ ਨੂੰ ਢਾਬ ਕਹਿੰਦੇ
* ਢਾਈ ਆਬ ਕਹੋ ਜਾਂ ਇਸਨੂੰ
ਢਾਬ ਕਹੋ
‘ਸਰਹੱਦੀ’ ਪੰਜਾਬ ਨਾਂ ਪੰਜ ਦਰਿਆਵਾਂ ਦਾ
(ਸੁਲੱਖਣ ਸਰਹੱਦੀ)

ਢਾਈ ਨਦੀਆਂ ਦੇ ਇਸ ਪੰਜਾਬ ਲਈ ਰਾਜਨੀਤੀ ਜ਼ਿੰਮੇਵਾਰ ਹੈ ਜੋ ਵਾਰ-ਵਾਰ ਇਸ ਨਗੀਨੇ ਦੀ ਕੱਟਾ ਵੱਡੀ ਲਈ ਮੂਕ ਦਰਸ਼ਕ ਬਣੀ ਰਹੀ। ਏਸੇ ’ਤੇ ਵਿਅੰਗ ਕਰਦਾ ਸੁਰਜੀਤ ਪਾਤਰ ਲਿਖਦਾ ਹੈ -

* ਢਾਈ ਨਦੀਆਂ ਦਾ ਇਹ ਪੰਜਾਬ
ਹੋਵੇਗਾ ਕਿਸੇ ਨੇਤਾ ਲਈ ਪੰਜਾਬ
ਮੈਂ ਨੇਤਾ ਨਹੀਂ ਹਾਂ ...
* ਜਿਵੇਂ ਹੋਏ ਕੋਹਿਨੂਰ ਦੇ ਚਾਰ ਟੋਟੇ
ਤਿਵੇਂ ਹੋਏ ਪੰਜਾਬ ਦੇ ਚਾਰ ਟੋਟੇ
(ਪ੍ਰੀਤ ਸਿੰਘ ਕਾਸਦ)

ਪ੍ਰੋ. ਪੂਰਨ ਸਿੰਘ ਨੇ ਕਦੇ ਕਿਹਾ ਸੀ - ‘ਪੰਜਾਬ ਜੀਂਦਾ ਗੁਰਾਂ ਦੇ ਨਾਂ ’ਤੇ’ ਤੇ ਫਿਰੋਜ਼ਦੀਨ ਸ਼ਰਫ ਇਸ ਨੂੰ ‘ਗੁਲਾਬ ਦਾ ਫੁੱਲ’ ਕਹਿੰਦਾ ਸੀ ਪਰ ਸੰਪਰਦਾਇਕਤਾ ਨੇ ਦੋਹਾਂ ਦਾ ਮਾਣ ਤੋੜ ਦਿੱਤਾ। ਇਹਦੇ ਟੋਟੇ ਹੋ ਗਏ ਜਿਸਨੂੰ ਪੰਜਾਬੀ ਕਵੀਆਂ ਨੇ ਵਿਰਲਾਪ ਧੁਨੀ ਉਲਾਂਭੇ ਦੇ ਰੂਪ ਵਿਚ ਪੇਸ਼ ਕੀਤਾ ਹੈ -

* ਪੂਰਨ ਸਿੰਹਾਂ, ਪੰਜਾਬ ਹੁਣ
ਗੁਰੂ ਦੇ ਨਾਂ ’ਤੇ ਨਹੀਂ
ਪੱਗਾਂ ਤੇ ਟੋਪੀਆਂ ਦੇ ਨਾਂ ’ਤੇ ਜਿਊਂਦਾ ਹੈ -
(ਸੁਰਿੰਦਰ ਧੰਜਲ)
* ਸਤਲੁਜ, ਬਿਆਸ ਕਿ ਰਾਵੀ,
ਝਨਾਬ ਦੀ ਗੱਲ
ਰਾਵੀ ਕਰੇ ਅੱਜ ਕਿਹੜੇ
ਪੰਜਾਬ ਦੀ ਗੱਲ।
(ਸ.ਸ. ਮੀਸ਼ਾ)
*ਇਹ ਸੂਬਾ ਨਵਾਂ ਬਣਾਇਆ
ਗਿਆ ਪੰਜਾਬੀ ਦਾ
ਤੇਰਾ ਅੰਗ ਅੰਗ ਕੱਟ ਕੇ
ਫਿਰਕੂ ਨਾਦ ਵਜਾ ਦਿੱਤਾ -
(ਸ.ਵ.ਸ. ਹਸਰਤ)

ਕਵੀਆਂ ਨੂੰ ਇਹ ਵੀ ਲਗਦਾ ਹੈ ਕਿ ਪੰਜਾਬੀਆਂ ਦੀ ਆਪਸੀ ਫੁੱਟ ਨੇ ਹੀ ਪੰਜਾਬ ਦਾ ਕਤਲ ਕਰਵਾਇਆ ਹੈ। ਜੇ ਪੰਜਾਬੀ ਜ਼ਬਾਨ ਦੇ ਨਾਂ ’ਤੇ ਇਕੱਠੇ ਹੋ ਜਾਂਦੇ ਤਾਂ ਕਿਸੇ ਦੀ ਜੁਰਅਤ ਨਹੀਂ ਸੀ ਕਿ ਉਹ ਪੰਜਾਬ ਦੇ ਟੋਟੇ ਕਰ ਦੇਂਦਾ। ਪਰ ਆਪਸੀ ਫੁੱਟ ਤੇ ਸ਼ੱਕ ਨੇ ਵਸਦੇ ਰਸਦੇ ਪੰਜਾਬ ਨੂੰ ਵੀਰਾਨ ਕਰ ਦਿਤਾ। ਹਰਚਰਨਜੀਤ ਚੰਨ ਲਿਖਦਾ ਹੈ -

ਦਿਖਾਏ ਫੁੱਟ ਨੇ ਵੇਖ ਲੌ ਕਈ ਜਲਵੇ
ਵਸਦਾ ਦੇਸ਼ ਸੀ ਕੀਤਾ ਵੀਰਾਨ ਫੁੱਟ ਨੇ
ਹਿਮਾਚਲ, ਹਰਿਆਣਾ, ਪੰਜਾਬ ਵੇਖੋ
ਟੋਟੇ ਤਿੰਨ ਸੀ ਕੀਤੇ ਸ਼ੈਤਾਨ ਫੁੱਟ ਨੇ

ਕਵੀਆਂ ਨੂੰ ਇਸ ਗੱਲ ਦਾ ਵੀ ਝੋਰਾ ਹੈ ਕਿ ਜਿੱਥੇ ਦੂਰ ਦੁਰਾਡੇ ਸਾਰੇ ਇਲਾਕਿਆਂ ਵਿਚ ਪੰਜਾਬੀ ਦਾ ਬੋਲਬਾਲਾ ਸੀ ਹੁਣ ਉੱਥੇ ਪੰਜਾਬੀ ਬੇਗਾਨੀ ਹੋ ਗਈ ਤੇ ਇਸ ਪ੍ਰਤੀ ਨਫ਼ਰਤੀ ਬੋਲ ਬੋਲੇ ਜਾ ਰਹੇ ਹਨ। ਜਸਵੰਤ ਸਿੰਘ ਵੰਤਾ ਇਸ ਕੱਟੇ ਵੱਢੇ ਪੰਜਾਬ ’ਤੇ ਕੀਰਨੇ ਪਾਉਂਦਾ ਹੈ -

* ਅੱਜ ਪੰਜਾਬ ਦੇ ਟੋਟੇ ਹੋ ਗਏ,
ਲੱਤਾਂ ਬਾਹਾਂ ਕੱਟੀਆਂ
ਹੱਥ ਟੁੰਡੇ, ਲੱਤਾਂ ਬਿਨ ਪੈਰਾਂ,
ਥਾਂ-ਥਾਂ ਬੱਧੀਆਂ ਪੱਟੀਆਂ
* ਮੈਂ ਪੰਜਾਬ ਹਾਂ
ਮੇਰੀਆਂ ਲੱਤਾਂ ਕੱਟ ਕੇ
ਬਣਾਇਆ ਹਿਮਾਚਲ ਤੇ ਹਰਿਆਣਾ
ਅੱਜ ਮੈਂ ਅਪੰਗ ਹਾਂ
(ਮਿਸਿਜ਼ ਰਜਨੀਸ਼ ਕਮਰ)

ਜਗਸੀਰ ਜੀਦੇ ਨੂੰ ਲੱਗਦਾ ਹੈ ਕਿ ਹਕੂਮਤਾਂ ਨੇ ਬੋਲੀ ਨੂੰ ਲੋਥਾਂ ਦੀ ਮੰਡੀ ਬਣਾ ਦਿੱਤਾ ਹੈ। ਇਹ ਬੋਲੀ ਤਾਂ ਫਰੀਦ-ਨਾਨਕ-ਬੁੱਲ੍ਹੇ ਦੀ ਬੋਲੀ ਸੀ। ਫਿਰ ਇਸ ਪ੍ਰਤੀ ਨਫ਼ਰਤ ਕਿਉਂ ਫੈਲਾਈ ਗਈ। ਇਸ ਸਾਂਝੀ ਬੋਲੀ ਨੂੰ ਕੀ ਇੰਜ ਵੰਡਿਆ ਜਾ ਸਕਦੈ ? ਕੀ ਮਾਂ ਦੇ ਟੁਕੜੇ ਕੀਤੇ ਜਾ ਸਕਦੇ ਹਨ ? ਸ਼ਾਇਦ ਨਹੀਂ। ਏਸੇ ਦੁੱਖ ਤੇ ਸੱਲ ਨੂੰ ਕਵੀਆਂ ਨੇ ਹੰਝੂ ਕੇਰਦਿਆਂ ਬਿਆਨਿਆ ਹੈ -

* ਪੰਜ ਦਰਿਆਵਾਂ ਦੀ ਪੰਜਾਬੀ,
ਚਾਰ ਖਾਨੇ ਵਾਂਗ ਵੰਡੀ
ਪਾਕਿਸਤਾਨ, ਹਰਿਆਣਾ,
ਹਿਮਾਚਲ, ਵੱਢ ਬੋਲੀ ਦੀ ਘੰਡੀ।
* ਅੱਜ ਸੋਹਣੇ ਦੇਸ਼ ਪੰਜਾਬ ਦੇ,
ਹਨ ਪਾਣੀ ਲਹਿ ਗਏ
ਇਨ੍ਹਾਂ ਦੀ ਜੀਵਨ-ਹਿੱਕ ’ਤੇ,
ਕਈ ਛਾਲੇ ਪੈ ਗਏ-
(ਪ.ਸ. ਸਹਿਰਾਈ)

ਉਦੋਂ ਆਬਾਦੀ ਦਾ ਇਕ ਹਿੱਸਾ ਮਹਾਂ ਪੰਜਾਬ ਲਈ ਜ਼ੋਰ ਲਾ ਰਿਹਾ ਸੀ। ਮਹਾਂ ਪੰਜਾਬ ਦਾ ਅਰਥ ਦੋ-ਭਾਸ਼ੀ ਪੰਜਾਬ ਸੀ। ਪਰ ਉਨ੍ਹਾਂ ਦੀ ਇਹ ਚਾਲ ਸਫਲ ਨਾ ਹੋਈ। ਉਸ ਵੇਲੇ ਦੇ ਗੰਧਲੇ ਮਾਹੌਲ ਵਿਚ ਜਿੰਨੀ ਰਾਜਨੀਤੀ ਪੰਜਾਬੀ ਦੇ ਨਾਂ ’ਤੇ ਹੋਈ ਉਸਨੇ ਮਨੁੱਖਤਾ ਦਾ ਸਿਰ ਨੀਵਾਂ ਕਰ ਦਿੱਤਾ। ਸੰਵੇਦਨਸ਼ੀਲ ਕਵੀਆਂ ਦੇ ਅੰਤਰ-ਮਨ ਕੁਰਲਾ ਰਹੇ ਸਨ ਕਿ ਪੰਜਾਬ ਤਾਂ ਪਹਿਲਾਂ ਹੀ ਲੁਟਿਆ ਪੁਟਿਆ ਪਿਐ। ਇਸ ਦੇ ਹੋਰ ਟੋਟੇ ਇਹਦਾ ਲੱਕ ਤੋੜ ਦੇਣਗੇ। ਰਵਿੰਦਰ ਰਵੀ ਲਿਖਦਾ ਹੈ -

ਸੁਪਨਾ ਮਹਾ ਪੰਜਾਬ ਦਾ ਫੇਟਿਆ
ਥਾਂ ਪਰ ਥਾਂ ਰੁਲਿਆ ਏ
ਕਾਤਰ ਕਾਤਰ ਹੋਈ ਇਸਦੀ
ਫੁੱਟ ਇਸਨੂੰ ਲੁਟਿਆ ਏ

ਸ਼ੇਰੇ ਪੰਜਾਬ ਨੇ ਪੰਜਾਬ ਦੀਆਂ ਭੂਗੋਲਕ ਹੱਦਾਂ ਦਾ ਵਿਸਥਾਰ ਕਰ ਕੇ ਇਕ ਸਾਮਰਾਜ ਦੀ ਨਹੀਂ ਰੱਖੀ ਸੀ। ਭਾਵੇਂ ਮਹਾਰਾਜੇ ਨੇ ਪੰਜਾਬੀ ਭਾਸ਼ਾ ਨੂੰ ਪਟਰਾਣੀ ਨਹੀਂ ਬਣਾਇਆ ਪਰ ਉਹਨੇ ਪੰਜਾਬ ਨੂੰ ਦੁਨੀਆ ਦੇ ਨਕਸ਼ੇ ’ਤੇ ਇਕ ਅਜਿਹੇ ਰਾਜ ਵਜੋਂ ਸਥਾਪਤ ਕੀਤਾ ਜੋ ਲੰਮੇ ਸਮੇਂ ਦੀ ਉਥਲ ਪੁਥਲ ਤੋਂ ਬਾਅਦ ਪੰਜਾਬੀਆਂ ਦਾ ਸਾਂਝਾ ਤੇ ਅਮਨ ਚੈਨ ਵਾਲਾ ਰਾਜ ਸੀ। ਅਜਿਹੇ ਪੰਜਾਬ ਦੇ ਢਹਿ ਢੇਰੀ ਹੋਣ ’ਤੇ ਸ਼ਾਹ ਮੁਹੰਮਦ ਨੇ ਕੀਰਨੇ ਪਾਏ ਸਨ। ਅੱਜ ਦੇ ਕਵੀ ਵੀ ਸ਼ੇਰੇ ਪੰਜਾਬ ਦੇ ਰਾਜ ਤੇ ਅੱਜ ਦੇ ਪੰਜਾਬ ਦੀ ਤੁਲਨਾ ਕਰਦੇ ਹੇਰਵੇ ਵਿੱਚ ਹਨ ਕਿ ਕਿਸਮਤ ਦੀ ਮਾਰ ਨੇ ਪੰਜਾਬ ਦਾ ਪਿੰਡਾ ਫੇਰ ਵਲੂੰਧਰ ਦਿੱਤਾ ਹੈ। ਰਾਮ ਨਰੈਣ ਸਿੰਘ ਦਰਦੀ ਲਿਖਦਾ ਹੈ -

ਤੂੰ ਪੁਰਾਣੇ ਪੰਜਾਬ ਦੇ ਮਹਾਰਾਜੇ
ਤੂੰ ਅੱਜ ਦਾ ਜਰਾ ਪੰਜਾਬ ਤੇ ਵੇਖ
ਬਾਰ੍ਹਾਂ ਜ਼ਿਲਿਆਂ ਤੇ ਛੱਤੀ ਤਸੀਲਾਂ ਵਾਲਾ
ਕਿਸਮਤ ਮਾਰਿਆ ਅੱਜ ਦਾ ਪੰਜਾਬ ਤੇ ਵੇਖ।

ਇਤਿਹਾਸ ਦੇ ਸਫ਼ਿਆਂ ’ਤੇ ਪੰਜਾਬ ਅੱਜ ਵੀ ਸੰਕਟਾਂ ਵਿੱਚ ਘਿਰਿਆ ਹੋਇਐ। ਹਰ ਸਦੀ ਵਿੱਚ ਇਹਦੀ ਪਰੀਖਿਆ ਹੋਈ ਹੈ (ਬਾਕੀ ਸਫ਼ਾ 29 ’ਤੇ)



# ਡਾ.ਜੇ.ਐਸ. ਗਰੇਵਾਲ ਦਾ ਸਿੱਖ ਇਤਿਹਾਸ 'ਚ ਮਹੱਤਵਪੂਰਨ ਯੋਗਦਾਨ

**ਡਾ. ਇੰਦੂ ਬੰਗਾ ਇਤਿਹਾਸਕਾਰ**

ਡਾ. ਜੇ.ਐੱਸ. (ਜਗਤਾਰ ਸਿੰਘ) ਗਰੇਵਾਲ ਨੇ ਸਿੱਖ ਇਤਿਹਾਸ ਦਾ ਅਧਿਐਨ ਪੰਜਾਬ ਦੇ ਭਾਰਤ ਦੇ ਇੱਕ ਭੂਗੋਲਿਕ ਤੇ ਸੱਭਿਆਚਾਰਕ ਖੇਤਰ ਦੇ ਹਵਾਲੇ ਨਾਲ ਕੀਤਾ ਸੀ। ਉਨ੍ਹਾਂ ਲਈ ਸਮਾਜ ਦਾ ਸਮੁੱਚਾ ਅਤੀਤ ਇਤਿਹਾਸ ਦੇ ਕਲਾਵੇ ਵਿੱਚ ਆ ਜਾਂਦਾ ਹੈ। ਉਹ 'ਧਰਮ ਨੂੰ ਜੀਵਨ ਦਾ ਇਕ ਵੱਡਾ ਹਿੱਸਾ ਮੰਨਦੇ ਹਨ ਜੋ ਲੋਕਾਂ ਲਈ ਮਹੱਤਵ ਰੱਖਦਾ ਹੈ।' ਉਹ ਇਕ ਤਰਕਸੰਗਤ ਧਰਮ-ਨਿਰਪੱਖ ਦ੍ਰਿਸ਼ਟੀਕੋਣ ਤੋਂ ਬਾਖ਼ਬਰ ਹੋ ਕੇ ਆਪਣੀਆਂ ਵਿਆਖਿਆਵਾਂ ਦਿੰਦੇ ਹਨ ਪਰ ਧਰਮ ਪ੍ਰਤੀ ਕਿਸੇ ਤਰ੍ਹਾਂ ਦਾ ਤੁਅੱਸਬ ਨਹੀਂ ਪਾਲ਼ਦੇ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਧਰਮ-ਨਿਰਪੱਖ ਹੋਵੇ ਜਾਂ ਧਾਰਮਿਕ, ਵਿਚਾਰਧਾਰਾ ਜੀਵਨ ਅਤੇ ਲੋਕਾਂ ਦੀ ਸਰਗਰਮੀ ਦੀ ਅਹਿਮ ਚਾਲਕ ਸ਼ਕਤੀ ਹੁੰਦੀ ਹੈ। ਇਸ ਕਰਕੇ ਵਿਚਾਰਾਂ ਵਿੱਚ ਉਨ੍ਹਾਂ ਦੀ ਓਨੀ ਹੀ ਦਿਲਚਸਪੀ ਹੈ ਜਿੰਨੀ ਕਿ ਵਿਚਾਰਾਂ ਦੇ ਇਤਿਹਾਸਕ ਸੰਦਰਭ ਵਿਚ। ਆਮ ਤੌਰ 'ਤੇ ਉਹ ਰਵਾਇਤ ਦਾ ਸਤਿਕਾਰ ਕਰਦੇ ਹਨ ਪਰ ਇਤਿਹਾਸਕਾਰ ਅਤੇ ਧਰਮ-ਸ਼ਾਸਤਰੀ ਦੇ ਦ੍ਰਿਸ਼ਟੀਕੋਣਾਂ ਵਿਚਕਾਰ ਸਪਸ਼ਟ ਨਿਖੇੜਾ ਕਰ ਕੇ ਚੱਲਦੇ ਹਨ। ਉਹ ਸਿੱਖ ਇਤਿਹਾਸ ਅਤੇ ਧਰਮ ਦੇ ਅਧਿਐਨ ਲਈ ਇਤਿਹਾਸਕ ਵਿਧੀ ਦੀ ਕਾਰਗਰਤਾ ਨੂੰ ਉਜਾਗਰ ਕਰਦੇ ਹਨ।ਡਾ. ਗਰੇਵਾਲ ਡਬਲਿਊ ਐੱਚ ਮੈਕਲੌਡ ਅਤੇ ਹਰਜੋਤ ਓਬਰਾਏ ਤੇ ਪੱਛਮ ਵਿਚਲੇ ਉਨ੍ਹਾਂ ਦੇ ਵਿਦਿਆਰਥੀਆਂ ਦੀਆਂ ਮਾਨਤਾਵਾਂ, ਪੇਸ਼ਕਾਰੀ ਅਤੇ ਸਿੱਟਿਆਂ 'ਤੇ ਪੁਰਜ਼ੋਰ ਢੰਗ ਨਾਲ ਕਿੰਤੂ ਕਰਦੇ ਹਨ। ਡਾ. ਗਰੇਵਾਲ ਦੀ ਕਿਤਾਬ 'ਗੁਰੂ ਨਾਨਕ ਇਨ ਹਿਸਟਰੀ' (1969) ਪ੍ਰਕਾਸ਼ਿਤ ਹੋਣ ਤੋਂ ਬਾਅਦ ਮੈਕਲੌਡ ਨਾਲ ਉਨ੍ਹਾਂ ਦੇ ਵਖਰੇਵੇਂ ਗੂੜ੍ਹੇ ਹੁੰਦੇ ਗਏ ਸਗੋਂ ਡਾ. ਗਰੇਵਾਲ ਦੇ ਅਗਲੇਰੇ ਅਧਿਐਨਾਂ ਵਿਚ ਇਹ ਤਿੱਖੇ ਵੀ ਹੋ ਜਾਂਦੇ ਹਨ। ਮੈਕਲੌਡ ਜਨਮਸਾਖੀਆਂ ਨੂੰ 'ਮਿੱਥ' ਮੰਨਦੇ ਹਨ ਜਦੋਂਕਿ ਡਾ. ਗਰੇਵਾਲ ਜਨਮਸਾਖੀਆਂ ਦੀਆਂ ਵੱਖਰੀਆਂ ਪ੍ਰੰਪਰਾਵਾਂ ਦੀਆਂ ਅਤੇ ਹਰੇਕ ਜਨਮਸਾਖੀ ਦੀ ਗੁਰੂ ਨਾਨਕ ਦੇ ਜੀਵਨ ਅਤੇ ਮਿਸ਼ਨ ਦੀ ਵੱਖਰੀ ਵਿਆਖਿਆ ਦੇ ਰੂਪ ਵਿਚ ਗੱਲ ਕਰਦੇ ਹਨ ਪਰ ਅਸੀਂ ਇਸ ਗੱਲ 'ਤੇ ਧਿਆਨ ਦੇਈਏ ਕਿ ਡਾ. ਗਰੇਵਾਲ ਕੀ ਕਹਿਣਾ ਚਾਹੁੰਦੇ ਹਨ।

ਗੁਰੂ ਨਾਨਕ ਬਾਣੀ ਦਾ ਖੁੱਲ੍ਹੇ ਮਨ ਨਾਲ ਅਧਿਐਨ ਕਰਦਿਆਂ ਅਤੇ ਉਨ੍ਹਾਂ ਦੇ ਹਰ ਇਕ ਸ਼ਬਦ 'ਤੇ ਧਿਆਨ ਕੇਂਦਰਿਤ ਕਰਦਿਆਂ ਡਾ. ਗਰੇਵਾਲ ਇਸ ਸਿੱਟੇ 'ਤੇ ਪੁੱਜਦੇ ਹਨ ਕਿ ਗੁਰੂ ਨਾਨਕ ਦੇਵ ਜੀ ਅੰਤਰਸਬੰਧਿਤ ਵਿਚਾਰਾਂ ਦੀ ਇੱਕ ਅਜਿਹੀ ਪ੍ਰਣਾਲੀ ਦਾ ਖ਼ਾਕਾ ਪੇਸ਼ ਕਰਦੇ ਹਨ ਜੋ ਦੂਜੀਆਂ ਪ੍ਰਣਾਲੀਆਂ ਤੋਂ ਵੱਖਰੀ ਹੈ। ਉਨ੍ਹਾਂ ਸਿੱਖ ਧਰਮ ਦੀ ਨੀਂਹ ਰੱਖੀ। ਇਹ ਮੈਕਲੌਡ ਵੱਲੋਂ ਗੁਰੂ ਨਾਨਕ ਦੇਵ ਜੀ ਨੂੰ ਸੰਤ ਕਬੀਰ ਜੀ ਵਾਂਗ ਸੰਤ ਪ੍ਰੰਪਰਾ ਦਾ ਹਿੱਸਾ ਮੰਨਣ ਦੀ ਪੁਜ਼ੀਸ਼ਨ ਨਾਲੋਂ ਵੱਖਰੀ ਹੈ। ਡਾ. ਗਰੇਵਾਲ ਤਰਕ ਦਿੰਦੇ ਹਨ ਕਿ ਭਾਵੇਂ ਸੰਤ ਕਬੀਰ ਜੀ ਨੇ ਹੁਕਮ, ਸ਼ਬਦ, ਨਦਰ, ਨਾਮ ਅਤੇ ਗੁਰੂ ਜਿਹੇ ਵਿਸ਼ਿਸ਼ਟ ਸ਼ਬਦ ਵਰਤੇ ਸਨ ਪਰ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਇਨ੍ਹਾਂ 'ਤੇ ਜ਼ੋਰ ਸਗੋਂ ਇਨ੍ਹਾਂ ਦੇ ਸੰਕਲਪ ਵੀ ਇਕੋ ਜਿਹੇ ਨਹੀਂ ਹਨ। ਇਨ੍ਹਾਂ ਵਿਚਾਰਾਂ ਨੂੰ ਸਮੁੱਚਤਾ ਵਿੱਚ ਇਕਜੁੱਟ ਢੰਗ ਨਾਲ ਪੇਸ਼ ਕਰਨ ਤੋਂ ਬਾਅਦ ਡਾ. ਗਰੇਵਾਲ ਇਸ ਨੂੰ ਇਕ ਨਵੀਂ ਧਾਰਮਿਕ ਵਿਚਾਰਧਾਰਾ ਵਜੋਂ ਚਿਤਵਦੇ ਹਨ।



ਸੰਤ ਕਬੀਰ ਅਤੇ ਗੁਰੂ ਨਾਨਕ ਦੇਵ ਜੀ ਦੇ ਸਮਾਜਿਕ ਸੰਦੇਸ਼ ਵਿੱਚ ਵੀ ਕੁਝ ਅੰਤਰ ਸਨ। ਦੋਵੇਂ ਜਾਤ ਨਾਲ ਸਰੋਕਾਰ ਰੱਖਦੇ ਹਨ ਪਰ ਬਾਬਾ ਨਾਨਕ ਆਪਣੇ ਆਪ ਨੂੰ 'ਨੀਚਾ ਅੰਦਰਿ ਨੀਚ ਜਾਤਿ' ਆਖ ਕੇ ਆਪਣੀ ਉੱਚ ਸਮਾਜਿਕ ਹੈਸੀਅਤ ਨੂੰ ਅਸਵੀਕਾਰ ਕਰਦੇ ਹਨ। ਸੰਤ ਕਬੀਰ ਜੀ ਲਿੰਗਕ ਸਮਾਨਤਾ ਦੀ ਗੱਲ ਨਹੀਂ ਕਰਦੇ ਜਦੋਂਕਿ ਗੁਰੂ ਨਾਨਕ ਦੇਵ ਜੀ ਨੇ ਔਰਤਾਂ ਨੂੰ ਵਡੇਰਾ ਸਥਾਨ ਦਿੱਤਾ ਹੈ ਜਿਸ ਦੀ ਉਦਾਹਰਨ ਉਨ੍ਹਾਂ ਸਮਿਆਂ ਦੇ ਵੱਖ ਵੱਖ ਕਿਸਮ ਦੇ ਧਾਰਮਿਕ ਸਾਹਿਤ ਵਿੱਚ ਕਿਧਰੇ ਨਹੀਂ ਮਿਲਦੀ। ਇਸ ਤੋਂ ਇਲਾਵਾ, ਸੰਤ ਕਬੀਰ ਜੀ ਆਪਣੇ ਆਲੇ-ਦੁਆਲੇ ਦੀ ਸਿਆਸੀ ਸਥਿਤੀ ਤੋਂ ਬਹੁਤਾ ਬੇਲਾਗ ਰਹਿੰਦੇ ਹਨ ਜਦੋਂਕਿ ਗੁਰੂ ਨਾਨਕ ਦੇਵ ਜੀ ਨੇ ਅੱਤਿਆਚਾਰ, ਬੇਇਨਸਾਫ਼ੀ, ਭ੍ਰਿਸ਼ਟਾਚਾਰ ਅਤੇ ਪੱਖਪਾਤ ਦੀ ਸਖ਼ਤ ਨਿਖੇਧੀ ਕੀਤੀ ਹੈ।

ਗੁਰੂ ਨਾਨਕ ਦੇਵ ਜੀ ਦਾ ਵਿਸ਼ਵਾਸ ਅਧਿਆਤਮਕ ਅਤੇ ਦੁਨਿਆਵੀ ਸਰੋਕਾਰਾਂ ਨੂੰ ਜੋੜਦਾ ਹੈ। ਉਨ੍ਹਾਂ ਲਈ 'ਜੀਵਨ-ਮੁਕਤੀ ਦੂਜਿਆਂ ਦੀ ਮੁਕਤੀ ਲਈ ਇੱਕ ਸਮਾਜਿਕ ਕਾਰਜ ਹੈ। ਪਰਉਪਕਾਰ ਇਸ ਦਾ ਅਨਿੱਖੜਵਾਂ ਅੰਗ ਹੈ।' ਬਾਬਾ ਨਾਨਕ ਨੇ ਕਰਤਾਰਪੁਰ ਦੀ ਧਰਤੀ 'ਤੇ ਜਿਹੋ ਜਿਹੀ ਜੀਵਨ ਜਾਚ ਸਿਖਾਈ ਸੀ, ਉਸ ਦੇ ਆਧਾਰ 'ਤੇ ਧਰਮਸਾਲ (ਬਾਅਦ ਵਿੱਚ ਗੁਰਦੁਆਰਾ), ਸੰਗਤ, ਲੰਗਰ ਅਤੇ ਸਭ ਤੋਂ ਵਧ ਕੇ ਗੁਰਿਆਈ ਨੂੰ ਸੰਸਥਾਈ ਰੂਪ ਦਿੱਤਾ। ਇੰਝ, ਉਨ੍ਹਾਂ ਦੇ ਸੁਚੇਤ ਨਿਰਣੇ ਅਤੇ ਸੋਚੀ ਵਿਚਾਰੀ ਸਰਗਰਮੀ ਦੇ ਸਿੱਟੇ ਵਜੋਂ ਉਨ੍ਹਾਂ ਦੇ ਜੀਵਨ ਵਿੱਚ ਹੀ ਸਿੱਖ ਪੰਥ ਹੋਂਦ ਵਿੱਚ ਆ ਗਿਆ ਸੀ। ਉਂਝ, ਸੰਤ ਕਬੀਰ ਜੀ ਦੇ ਚਲਾਣੇ ਤੋਂ ਕਰੀਬ ਇਕ ਸਦੀ ਬਾਅਦ ਹੋਂਦ ਵਿੱਚ ਆਏ ਕਬੀਰ ਪੰਥ ਦੇ ਉਭਾਰ ਵਿੱਚ ਕਬੀਰ ਜੀ ਦਾ ਕੋਈ ਦਖ਼ਲ ਨਹੀਂ ਸੀ।

ਗੁਰੂ ਨਾਨਕ ਦੇਵ ਜੀ ਬਾਰੇ ਇਸ ਸਮਝ ਤੋਂ ਆਰੰਭ ਕਰ ਕੇ ਡਾ. ਗਰੇਵਾਲ ਨੇ ਅਗਲੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਨ੍ਹਾਂ ਦੇ ਯੋਗਦਾਨ, ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਪੁਰਾਤਨ ਤੇ ਬੀ-40 ਜਨਮਸਾਖੀਆਂ ਦਾ ਵਿਸ਼ਲੇਸ਼ਣ ਕੀਤਾ ਅਤੇ ਇਕ ਨਵੇਂ ਧਰਮ ਤੇ ਨਵੇਂ ਪੰਥ ਦੇ ਬਾਨੀ ਵਜੋਂ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਦੀ ਵਿਲੱਖਣਤਾ ਨੂੰ ਵਧੇਰੇ ਉਜਾਗਰ ਕੀਤਾ।

ਗੁਰੂ ਗੋਬਿੰਦ ਸਿੰਘ ਜੀ ਬਾਰੇ ਆਪਣੇ ਅਧਿਐਨ (2019) ਵਿਚ ਡਾ. ਗਰੇਵਾਲ ਨੇ ਗੁਰੂ ਨਾਨਕ ਦੀ ਵਿਚਾਰਧਾਰਾ, ਉਨ੍ਹਾਂ ਦੇ ਉਤਰਾਧਿਕਾਰੀਆਂ ਦੇ ਜੀਵਨ ਕਾਲ ਦੀਆਂ ਸਰਗਰਮੀਆਂ ਅਤੇ ਮੁਗ਼ਲ ਰਾਜ ਦੀ ਭੂਮਿਕਾ ਦਰਮਿਆਨ ਅੰਤਰਸਬੰਧਾਂ ਨੂੰ ਸਾਹਮਣੇ ਲਿਆਂਦਾ ਹੈ। ਦਸਵੇਂ ਗੁਰੂ ਨੇ ਆਪਣੇ ਸ਼ਬਦਾਂ ਵਿਚ ਗੁਰੂ ਨਾਨਕ ਦੀ ਵਿਚਾਰਧਾਰਾ ਅਤੇ ਉਸ ਦੇ ਸਮਾਜਿਕ ਬਰਾਬਰੀ, ਨਿਆਂ ਤੇ ਵਾਜਬੀਅਤ ਵਰਗੇ ਅਟੁੱਟ ਅੰਗ ਨੂੰ ਦ੍ਰਿੜਾਇਆ। ਇਹ ਵੀ ਅਹਿਮ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਕਾਲ ਦੌਰਾਨ ਘੱਟੋ-ਘੱਟ ਛੇ ਰਹਿਤਨਾਮੇ ਤਿਆਰ ਕੀਤੇ ਗਏ ਜਿਸ ਤੋਂ ਪਤਾ ਚੱਲਦਾ ਹੈ ਕਿ ਉਹ ਆਪ ਹੀ ਖ਼ਾਲਸਈ ਰਹਿਤ ਦੇ ਧਾਰਨੀ ਸਨ। ਸੰਨ 1699 ਦੀ ਵਿਸਾਖੀ ਮੌਕੇ 'ਆਪਣੇ ਤੋਂ ਪਹਿਲਾਂ ਦੇ ਗੁਰੂ ਸਾਹਿਬਾਨ ਦੁਆਰਾ ਸਲਾਹੇ ਜਾਂਦੇ ਸਿੱਖ ਮੱਤ ਦੇ ਆਦਰਸ਼ਾਂ ਵਿੱਚ ਇੱਕ ਨਵੀਂ ਰਹਿਤ ਜੋੜੀ ਗਈ। ਨਵੀਂ ਅਤੇ ਪੁਰਾਣੀ ਨੂੰ ਜੋੜ ਕੇ ਇਕ ਨਵੀਂ ਵਿਵਸਥਾ ਬਣਾਈ ਗਈ।' ਡਾ. ਗਰੇਵਾਲ ਮੰਨਦੇ ਹਨ ਕਿ 'ਰਹਿਤ ਦਾ ਸਭ ਤੋਂ ਅਹਿਮ ਪਹਿਲੂ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਕਾਲ ਜਾਂ ਉਨ੍ਹਾਂ ਤੋਂ ਕੁਝ ਸਮੇਂ ਬਾਅਦ ਹੀ ਹੋਂਦ ਵਿੱਚ ਆ ਗਿਆ ਸੀ ਜਿਸ ਵਿੱਚ ਪੰਜ ਪ੍ਰਤੀਕ ਸ਼ਾਮਿਲ ਸਨ ਅਤੇ ਜੋ ਜਿਨਹਾਂ ਨੂੰ ਬਾਅਦ ਵਿਚ ਪੰਜ ਕਕਾਰਾਂ ਵਜੋਂ ਸੂਤਰਬੱਧ ਕੀਤਾ ਗਿਆ।'

ਬੇਹਿਸਾਬ ਨੁਕਸਾਨ ਦੇ ਬਾਵਜੂਦ ਗੁਰੂ ਗੋਬਿੰਦ ਸਿੰਘ ਨੇ ਆਨੰਦਪੁਰ ਦੀ ਬਹਾਲੀ ਦੇ ਮੁੱਦੇ 'ਤੇ ਮੁਗ਼ਲਾਂ ਨਾਲ ਰਾਜ਼ੀਨਾਮੇ ਦੀ ਪੈਰਵੀ ਕੀਤੀ ਸੀ। ਇਸ ਪ੍ਰਸੰਗ ਵਿੱਚ ਡਾ. ਗਰੇਵਾਲ ਨੇ ਔਰੰਗਜ਼ੇਬ ਨੂੰ ਲਿਖਿਆ ਪੱਤਰ (ਜ਼ਫ਼ਰਨਾਮਾ), ਉਸ ਦੇ ਪੁੱਤਰ ਤੇ ਵਾਰਿਸ ਬਹਾਦਰ ਸ਼ਾਹ ਨਾਲ ਮੁਲਾਕਾਤ ਅਤੇ ਦੱਖਣ ਵੱਲ ਚਾਲੇ ਪਾਉਣ ਦੇ ਹਵਾਲੇ ਦਿੱਤੇ ਹਨ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਮਹਿਸੂਸ ਹੋਇਆ ਕਿ ਬਹਾਦਰ ਸ਼ਾਹ ਦਾ ਰਵੱਈਆ ਟਾਲਮਟੋਲ ਵਾਲਾ ਹੈ ਤਾਂ ਉਨ੍ਹਾਂ ਅੱਗੇ ਵਧਣ ਤੋਂ ਨਾਂਹ ਕਰ ਦਿੱਤੀ ਅਤੇ ਨੰਦੇੜ ਵਿੱਚ ਡੇਰਾ ਲਗਾ ਲਿਆ। ਇਸ ਤੋਂ ਬਾਅਦ ਉਨ੍ਹਾਂ ਬਾਬਾ ਬੰਦਾ ਸਿੰਘ ਨੂੰ ਪੰਜਾਬ ਵਾਪਸ ਜਾਣ ਅਤੇ ਅਨਿਆਂਈ ਮੁਗ਼ਲ ਰਾਜ ਖਿਲਾਫ਼ ਖਾਲਸਈ ਬਗ਼ਾਵਤ ਦੀ ਅਗਵਾਈ ਕਰਨ ਦਾ ਜ਼ਿੰਮਾ ਸੌਂਪਿਆ।ਇਹ ਅਹਿਮ ਹੈ ਕਿ ਡਾ. ਗਰੇਵਾਲ ਦੇ ਅਨੁਸਾਰ 'ਪ੍ਰਭੂਸੱਤਾ ਦਾ ਆਦਰਸ਼ ਬੰਦਾ ਸਿੰਘ ਦੇ ਮੰਜ਼ਰ 'ਤੇ ਆਉਣ ਤੋਂ ਪਹਿਲਾਂ ਹੀ ਉੱਭਰ ਜਾਂਦਾ ਹੈ ਅਤੇ ਇਹ ਆਦਰਸ਼ ਉਨ੍ਹਾਂ ਦੇ ਇਸ ਉੱਦਮ ਦੇ ਨਾਕਾਮ ਹੋਣ ਤੋਂ ਬਾਅਦ ਵੀ ਜਾਰੀ ਰਹਿੰਦਾ ਹੈ।' ਦੂਜੇ ਸ਼ਬਦਾਂ ਵਿਚ, ਇਸ ਆਦਰਸ਼ ਦੀ ਘਾੜਤ ਖ਼ੁਦ ਗੁਰੂ ਗੋਬਿੰਦ ਸਿੰਘ ਜੀ ਨੇ ਘੜੀ ਸੀ। ਸੰਨ 1716 ਵਿਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਸਾਥੀਆਂ ਦੀ ਸ਼ਹਾਦਤ ਤੋਂ ਬਾਅਦ ਖ਼ਾਲਸੇ ਨੇ ਸਿਆਸੀ ਸ਼ਕਤੀ ਹਾਸਿਲ ਕਰਨ ਲਈ ਮੁਗ਼ਲਾਂ ਅਤੇ ਅਫ਼ਗਾਨਾਂ ਖਿਲਾਫ਼ ਲੰਮਾ ਸੰਘਰਸ਼ ਵਿੱਢਿਆ ਜੋ 1765 ਵਿਚ ਖਾਲਸਾ ਰਾਜ ਦੀ ਸਥਾਪਨਾ ਦੇ ਰੂਪ ਵਿੱਚ ਸਿਰੇ ਚੜ੍ਹਦਾ ਹੈ। ਡਾ. ਗਰੇਵਾਲ ਇਹ ਗੱਲ ਜ਼ੋਰ ਦੇ ਕੇ ਆਖਦੇ ਹਨ ਕਿ ਸ਼ਹਾਦਤ ਦਾ ਆਦਰਸ਼ ਸਿੱਖ ਇਤਿਹਾਸ ਅਤੇ ਵਿਚਾਰਧਾਰਾ ਦੀ ਉਪਜ ਸੀ। ਇਸ ਲਈ 'ਇਹ ਆਦਰਸ਼ ਪ੍ਰਭੂਸੱਤਾ ਲਈ ਸੰਘਰਸ਼ ਦਾ ਅਟੁੱਟ ਅੰਗ ਬਣਿਆ ਰਿਹਾ ਹੈ।' ਇੱਥੇ ਵੀ ਡਾ. ਗਰੇਵਾਲ ਕੁਝ ਪੱਛਮੀ ਵਿਦਵਾਨਾਂ ਦੀਆਂ ਮਾਨਤਾਵਾਂ ਦਾ ਖੰਡਨ ਕਰਦੇ ਹਨ। ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਬਹੁ-ਪਰਤੀ ਵਿਰਾਸਤ ਦਾ ਖੁਲਾਸਾ ਵੀ ਕੀਤਾ ਹੈ ਅਤੇ ਇਹ ਦਰਜ ਕੀਤਾ ਹੈ ਕਿ ਅਠਾਰਵੀਂ ਸਦੀ ਦੇ ਅੰਤ ਤੱਕ ਖ਼ਾਲਸੇ (ਸਿੰਘ) ਦੀ ਪਛਾਣ 'ਮੁੱਖ ਸਿੱਖ ਪਛਾਣ' ਬਣ ਗਈ ਸੀ।ਸਿੱਖ ਧਰਮ ਅਤੇ ਸਿੱਖ ਪਛਾਣ ਦੀ ਵਿਲੱਖਣਤਾ ਸਿੱਖ ਇਤਿਹਾਸ ਬਾਰੇ ਡਾ. ਗਰੇਵਾਲ ਦੀ ਸੋਝੀ ਦਾ ਮੂਲ ਹੈ। ਆਪਣੀ ਇੱਕ ਹੋਰ ਕਿਤਾਬ 'ਹਿਸਟਰੀ, ਲਿਟਰੇਚਰ ਐਂਡ ਆਇਡੈਂਟਿਟੀ: ਫੋਰ ਸੈਂਚਰੀਜ਼ ਆਫ ਸਿੱਖ ਟ੍ਰੈਡਿਸ਼ਨ' (2011) ਵਿਚ ਉਹ ਮੁਗ਼ਲ, ਸਿੱਖ ਅਤੇ ਬਸਤੀਵਾਦੀ ਸ਼ਾਸਨ ਕਾਲ ਦੇ ਚੌਦਾਂ ਸਿੱਖ ਖਰੜਿਆਂ ਦੇ ਗਹਿਗੱਚ ਵਿਸ਼ਲੇਸ਼ਣ ਰਾਹੀਂ ਆਪਣੇ ਇਸ ਤਰਕ ਨੂੰ ਦ੍ਰਿੜ੍ਹਾਉਂਦੇਹਨ। ਇਤਿਹਾਸਕ ਸੰਦਰਭ ਅਤੇ ਖਰੜਿਆਂ ਵਿਚਕਾਰ ਕਰੀਬੀ ਸਬੰਧ ਮੰਨਦਿਆਂ ਉਹ ਇਨ੍ਹਾਂ ਨਾਲ ਪੰਜ ਭਾਗਾਂ ਵਿੱਚ ਸਿੱਝਦੇ ਹਨ।ਪਹਿਲਾ, ਗੁਰੂ ਨਾਨਕ ਦੇਵ ਜੀ ਦੁਆਰਾ ਸੋਚੇ ਸਮਝੇ ਤੌਰ 'ਤੇ ਇਕ ਨਵੇਂ ਧਰਮ ਦੀ ਅਭਿਵਿਅਕਤੀ ਅਤੇ ਉਨ੍ਹਾਂ ਤੋਂ ਬਾਅਦ ਦੇ ਚਾਰ ਗੁਰੂ ਸਾਹਿਬਾਨ ਦੀ ਨਵੀਂ ਵਿਵਸਥਾ ਦੀ ਸਚੇਤ ਵਿਆਖਿਆ। ਸਤਾਰਵੀਂ ਸਦੀ ਵਿਚ ਮੁਗ਼ਲ ਰਾਜ ਨਾਲ ਟਕਰਾਅ ਦੇ ਸੰਦਰਭ ਵਿਚ ਗੁਰੂ ਤੇਗ਼ ਬਹਾਦਰ ਜੀ ਅਤੇ ਭਾਈ ਗੁਰਦਾਸ ਜੀ ਨੇ ਵੱਖਰੀ ਪਛਾਣ 'ਤੇ ਜ਼ੋਰ ਦਿੱਤਾ ਅਤੇ ਭਾਈ ਗੁਰਦਾਸ ਨੇ ਇਸ ਨਵੇਂ ਪੰਥ ਲਈ 'ਨਿਰਮਲ ਪੰਥ' ਲਫ਼ਜ਼ਾਂ ਦੀ ਵਰਤੋਂ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਿਤ ਸਾਹਿਤ ਵਿਚ ਵੱਖਰੀ ਪਛਾਣ 'ਤੇ ਜ਼ੋਰ ਵਧ ਗਿਆ ਸੀ ਅਤੇ ਖ਼ਾਲਸੇ ਨੂੰ ਇਕ ਸਿਆਸੀ ਭਾਈਚਾਰੇ ਵਜੋਂ ਵੇਖਿਆ ਗਿਆ। ਸੰਨ 1700 ਦੇ ਨੇੜੇ ਤੇੜੇ 'ਤੀਸਰ ਪੰਥ' ਦੀ ਵਰਤੋਂ ਸ਼ੁਰੂ ਹੋ ਗਈ ਅਤੇ ਸਿੱਖ ਰਾਜ ਕਾਲ ਦੇ ਸਾਹਿਤ ਵਿਚ ਇਸ ਦਾ ਇਸਤੇਮਾਲ ਹੁੰਦਾ ਰਿਹਾ ਸੀ।ਇਸ ਕਿਤਾਬ ਦੇ ਪੰਜਵੇਂ ਤੇ ਆਖ਼ਰੀ ਹਿੱਸੇ ਵਿਚ ਡਾ. ਗਰੇਵਾਲ ਭਾਈ ਕਾਹਨ ਸਿੰਘ ਨਾਭਾ ਦੀ ਪੁਸਤਕ 'ਹਮ ਹਿੰਦੂ ਨਹੀਂ'(1898) ਦਾ ਵਿਸ਼ਲੇਸ਼ਣ ਕਰਦਿਆਂ ਕਹਿੰਦੇ ਹਨ ਕਿ ਨਾਭਾ ਦੀ ਦਲੀਲ ਵਡੇਰੇ ਰੂਪ ਵਿੱਚ ਪੁਰਾਤਨ ਸਿੱਖ ਸਾਹਿਤ 'ਤੇ ਆਧਾਰਿਤ ਹੈ। ਉਨ੍ਹਾਂ ਦੀ ਤਰ੍ਹਾਂ ਹੀ, ਸਿੰਘ ਸਭਾ ਦੇ ਹੋਰਨਾਂ ਆਗੂਆਂ ਨੇ ਆਪਣੇ ਸਿਧਾਂਤ, ਸਰੋਕਾਰ ਅਤੇ (ਬਾਕੀ ਸਫ਼ਾ 29 'ਤੇ)

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਓਨਰ ਓਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੋਪ
- Excellent Payment

ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ



28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

(ਬਾਕੀ ਸਫ਼ਾ 30 'ਤੇ)

# ਸ੍ਰੀ ਹੇਮਕੁੰਟ ਸਾਹਿਬ

ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ



ਸ੍ਰੀ ਹੇਮਕੁੰਟ ਸਾਹਿਬ ਸ਼ਿਵਾਲਿਕ ਦੀਆਂ ਪਹਾੜੀਆਂ ’ਤੇ ਉੱਤਰਾਖੰਡ ਵਿਖੇ ਸਥਿਤ ਹੈ। ਇਸ ਇਲਾਕੇ ਨੂੰ ‘ਤਪ-ਅਸਥਾਨ, ਤਪੋ-ਬਨ, ਤਪੋ-ਭੂਮੀ’ ਆਦਿ ਨਾਵਾਂ ਨਾਲ ਜਾਣਿਆ ਜਾਂਦਾ ਹੈ। ਹਿੰਦੂ ਧਰਮ ਨਾਲ ਸੰਬੰਧਿਤ ਪ੍ਰਸਿੱਧ ਧਾਰਮਿਕ ਅਸਥਾਨ ਗੰਗੋਤ੍ਰੀ, ਜਮਨੋਤ੍ਰੀ, ਕੇਦਾਰਨਾਥ, ਬਦਰੀਨਾਥ ਇਸ ਇਲਾਕੇ ਵਿਖੇ ਹੀ ਸਥਿਤ ਹਨ ਜਿਨ੍ਹਾਂ ਦੀ ਸ਼ਰਧਾਮਈ ਯਾਤਰਾ ਨੂੰ ਧਾਰਮਿਕ ਕਾਰਜ ਮੰਨਿਆ ਜਾਂਦਾ ਹੈ। ਸੰਨਿਆਸੀਆਂ, ਸਾਧੂਆਂ, ਜੋਗੀਆਂ, ਗ੍ਰਹਿਸਤੀਆਂ ਅਤੇ ਸੁਰਗ ਪ੍ਰਾਪਤੀ ਦੀ ਇੱਛਾ ਰੱਖਣ ਵਾਲੇ ਇਹਨਾਂ ਧਾਰਮਿਕ ਅਸਥਾਨਾਂ ਦੀ ਯਾਤਰਾ ਨੂੰ ਪੁੰਨ ਕਰਮ ਸਮਝਦੇ ਹੋਏ ਮੁਸ਼ਕਲ ਰਸਤਿਆਂ ਅਤੇ ਔਖੀਆਂ ਘਾਟੀਆਂ ਨੂੰ ਤਿਆਗ ਦੀ ਭਾਵਨਾ ਗ੍ਰਹਿਣ ਕਰਦੇ ਹੋਏ ਪਾਰ ਕਰ ਜਾਂਦੇ ਹਨ। ਪੁਰਾਤਨ ਸਮੇਂ ਦੌਰਾਨ ਇਹਨਾਂ ਧਾਰਮਿਕ ਅਸਥਾਨਾਂ ਦੀ ਯਾਤਰਾ ਨਿਸਚਿਤ ਰੂਪ ਵਿੱਚ ਬਹੁਤ ਕਰੜੀ ਘਾਲਣਾ ਦੀ ਸੂਚਕ ਸੀ ਪਰ ਮੌਜੂਦਾ ਸਮੇਂ ਵਿੱਚ ਸੜਕਾਂ ਦੀ ਉਸਾਰੀ ਅਤੇ ਆਵਾਜਾਈ ਦੇ ਆਧੁਨਿਕ ਸਾਧਨਾਂ ਨੇ ਇਸ ਨੂੰ ਬਹੁਤ ਹੀ ਸੁਖਾਲਾ ਕਰ ਦਿੱਤਾ ਹੈ। ਸਕੂਲਾਂ ਦੀਆਂ ਛੁੱਟੀਆਂ ਦੌਰਾਨ ਇਹਨਾਂ ਧਾਰਮਿਕ ਅਸਥਾਨਾਂ ਦੀ ਯਾਤਰਾ ਕਰਨ ਵਾਲਿਆਂ ਦੀ ਗਿਣਤੀ ਬਹੁਤ ਵੱਧ ਜਾਂਦੀ ਹੈ ਅਤੇ ਸਰਕਾਰ ਦੁਆਰਾ ਕੀਤੇ ਗਏ ਸਮੂਹ ਪ੍ਰਬੰਧ ਵੀ ਨਿਗੂਣੇ ਨਜ਼ਰ ਆਉਣ ਲੱਗਦੇ ਹਨ। ਅਧਿਆਤਮਿਕ ਲਾਹਾ ਲੈਣ ਦੇ ਨਾਲ-ਨਾਲ ਪਹਾੜਾਂ ਦੀ ਖੂਬਸੂਰਤੀ ਦੇ ਦਰਸ਼ਨ ਅਤੇ ਸਰੀਰਕ ਤੰਦਰੁਸਤੀ ਪ੍ਰਾਪਤ ਕਰਨ ਦੀ ਪ੍ਰਫੁਲਿਤ ਹੋ ਰਹੀ ਰੁਚੀ ਕਾਰਨ ਵੀ ਇਹਨਾਂ ਅਸਥਾਨਾਂ ਦੀ ਯਾਤਰਾ ਕਰਨ ਵਾਲਿਆਂ ਦੀ ਗਿਣਤੀ ਹਰ ਸਾਲ ਵੱਧਦੀ ਜਾ ਰਹੀ ਹੈ।

ਸ੍ਰੀ ਹੇਮਕੁੰਟ ਸਾਹਿਬ ਵਿਖੇ ਸਿੱਖ ਧਰਮ ਨਾਲ ਸੰਬੰਧਿਤ ਇੱਕ ਪ੍ਰਮੁੱਖ ਗੁਰਧਾਮ ਸਸ਼ੋਭਿਤ ਹੈ ਜਿਸ ਦਾ ਸੰਬੰਧ ਗੁਰੂ ਗੋਬਿੰਦ ਸਿੰਘ ਜੀ ਦੇ ਪੂਰਬਲੇ ਜੀਵਨ ਨਾਲ ਦੱਸਿਆ ਜਾਂਦਾ ਹੈ। ਮਾਤ ਲੋਕ ਵਿੱਚ ਆਪਣੇ ਜੀਵਨ-ਕਾਲ (1666-1708) ਦੌਰਾਨ ਗੁਰੂ ਜੀ ਇਸ ਅਸਥਾਨ ’ਤੇ ਕਦੇ ਵੀ ਨਹੀਂ ਜਾ ਸਕੇ ਸਨ ਪਰ ਉਹਨਾਂ ਦੀ ਇੱਕ ਰਚਨਾ ਬਚਿਤ੍ਰ ਨਾਟਕ ਵਿਚੋਂ ਇਸ ਦਾ ਪ੍ਰਮੁੱਖਤਾ ਨਾਲ ਜ਼ਿਕਰ ਮਿਲਦਾ ਹੈ ਜਿਸ ਦੇ ਆਧਾਰ ’ਤੇ ਹੀ ਸਿੱਖ ਸ਼ਰਧਾਲੂਆਂ ਅਤੇ ਵਿਦਵਾਨਾਂ ਦੇ ਮਨ ਵਿੱਚ ਇਸ ਅਸਥਾਨ ਦੀ ਜਾਣਕਾਰੀ ਪ੍ਰਾਪਤ ਕਰਨ ਵਿੱਚ ਰੁਚੀ ਪੈਦਾ ਹੋਈ ਹੈ। ਭਾਈ ਸੰਤੋਖ ਸਿੰਘ ਇਸ ਅਸਥਾਨ ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ – ਹੇਮਕੁੰਟ ਪਰਬਤ ਬਿਸਤਾਰਾ। ਝਰਨੇ ਝਰਹਿੰ ਅਨੇਕ ਪ੍ਰਕਾਰਾ।

ਭਾਈ ਸੰਤੋਖ ਸਿੰਘ ਤੋਂ ਬਾਅਦ ਪੰਡਤ ਤਾਰਾ ਸਿੰਘ ਨਰੋਤਮ ਨੇ ਸ੍ਰੀ ਹੇਮਕੁੰਟ ਸਾਹਿਬ ਦਾ ਪ੍ਰਮੁੱਖਤਾ ਨਾਲ ਜ਼ਿਕਰ ਕੀਤਾ ਹੈ। ਇਹ ਸਿੱਖ ਧਰਮ ਦੇ ਉੱਘੇ ਵਿਦਵਾਨ ਅਤੇ ਖੋਜੀ ਸਨ ਜਿਹੜੇ ਕਿ ਨਿਰਮਲ ਪੰਚਾਇਤੀ ਅਖਾੜੇ ਦੇ ਸ੍ਰੀ ਮਹੰਤ ਦੀ ਪਦਵੀ ਤੱਕ ਪੁੱਜ ਗਏ ਸਨ। ਇਹਨਾਂ ਨੇ ਸਿੱਖ ਧਰਮ ਦੇ ਵਿਭਿੰਨ ਵਿਸ਼ਿਆਂ ’ਤੇ ਮਹੱਤਵਪੂਰਨ ਪੁਸਤਕਾਂ ਦੀ ਰਚਨਾ ਕੀਤੀ ਸੀ। ਸ੍ਰੀ ਗੁਰੂ ਤੀਰਥ ਸੰਗ੍ਰਹਿ ਸਿਰਲੇਖ ਅਧੀਨ ਇਹਨਾਂ ਦੀ ਪੁਸਤਕ ਗੁਰਧਾਮਾਂ ਬਾਰੇ ਬਹੁਤ ਹੀ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦੀ ਹੈ। 1883 ਵਿੱਚ ਤਿਆਰ ਹੋਈ ਇਸ ਪੁਸਤਕ ਵਿੱਚ ਸ੍ਰੀ ਹੇਮਕੁੰਟ ਸਾਹਿਬ ਦਾ ਜ਼ਿਕਰ ਮਿਲਦਾ ਹੈ ਜਿਸ ਵਿੱਚ ਮੌਜੂਦ ਜਾਣਕਾਰੀ ਤੋਂ ਪਤਾ ਲੱਗਦਾ ਹੈ ਕਿ ਲੇਖਕ ਨੇ ਖੁਦ ਇਸ ਅਸਥਾਨ ਦੇ ਦਰਸ਼ਨ ਕੀਤੇ ਸਨ।





ਬਦਰੀਨਾਥ ਦੀ ਯਾਤਰਾ ’ਤੇ ਜਾਂਦੇ ਸਮੇਂ ਇਹਨਾਂ ਨੂੰ ਇਸ ਅਸਥਾਨ ਦੀ ਜਾਣਕਾਰੀ ਪ੍ਰਾਪਤ ਹੋਈ ਸੀ ਅਤੇ ਇਸ ਦੇ ਦਰਸ਼ਨ ਕਰਨ ਉਪਰੰਤ ਇਹ ਦੱਸਦੇ ਹਨ ਕਿ ‘ਜਿਸ ਕੇ ਊਪਰ ਬੱਦ੍ਰੀ ਨਾਰਾਇਣ ਕਾ ਮੰਦਰ ਹੈ, ਉਸ ਪਰਬਤ ਕਾ ਨਾਮ ਗੰਧਮਾਦਨ ਹੈ। ਗੰਧਮਾਦਨ ਸੇ ਛੇ ਕੋਸ ਨੀਚੇ ਕੇ ਪਰਬਤ ਕਾ ਨਾਮ ਸਤ ਸ੍ਰਿੰਗ ਹੈ। ਉਸ ਮੇਂ ਪਾਂਡੁ ਨੇ ਯੱਗ ਕੀਆ। ਅਬ ਊਹਾਂ ਪੰਡਕੇਸਰ ਗ੍ਰਾਮ ਬਸਤਾ ਹੈ। ਬੱਦ੍ਰੀ ਨਾਰਾਇਣ ਕੀ ਯਾਤ੍ਰਾ ਸਭ ਊਹਾਂ ਹੋ ਕਰ ਜਾਤੀ ਹੈ। ਕਿਨਾਰੇ ਜਾਣੇ ਕੋ ਰਸਤਾ ਨਹੀਂ। ਸਤ ਸ੍ਰਿੰਗ ਸੇ ਆਠ ਕੋਸ ਊਪਰ ਗੁਰੂ ਜੀ ਨੇ ਤਪ ਕੀਆ।’

ਪੰਡਤ ਤਾਰਾ ਸਿੰਘ ਨਰੋਤਮ ਤੋਂ ਬਾਅਦ ਸੰਤ ਸੋਹਣ ਸਿੰਘ ਜੀ ਦਾ ਧਿਆਨ ਇਸ ਅਸਥਾਨ ਦੀ ਖੋਜ ਵੱਲ ਗਿਆ ਸੀ। ਟੇਹਰੀ ਦੇ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਸਿੰਘ ਦੀ ਸੇਵਾ ਕਰਦੇ ਸਮੇਂ ਜਦੋਂ ਭਾਈ ਵੀਰ ਸਿੰਘ ਜੀ ਦੀ ਰਚਨਾ ਸ੍ਰੀ ਕਲਗੀਧਰ ਚਮਤਕਾਰ ਵਿਚੋਂ ‘ਹੇਮਕੁੰਟ ਤੋਂ ਸਚਖੰਡ’ ਵਾਲਾ ਪ੍ਰਸੰਗ ਪੜ੍ਹਿਆ ਤਾਂ ਇਹਨਾਂ ਦਾ ਧਿਆਨ ਇਸ ਅਸਥਾਨ ਵੱਲ ਗਿਆ। 1934 ਦੌਰਾਨ ਪਹਿਲੀ ਵਾਰੀ ਇਹਨਾਂ ਨੇ ਇਸ ਅਸਥਾਨ ਦੇ ਦਰਸ਼ਨ ਕੀਤੇ ਸਨ ਤਾਂ ਮਨ ਵਿੱਚ ਵਿਚਾਰ ਆਇਆ ਕਿ ਇਸ ਅਸਥਾਨ ਨੂੰ ਵਿਕਸਿਤ ਕੀਤਾ ਜਾਵੇ। ਇਹਨਾਂ ਨੇ ਜਗ੍ਹਾ-ਜਗ੍ਹਾ ਜਾ ਕੇ ਇਸ ਅਸਥਾਨ ਬਾਰੇ ਸੰਗਤ ਨੂੰ ਦੱਸਣਾ ਸ਼ੁਰੂ ਕੀਤਾ ਅਤੇ ਇਸ ਦੀ ਉਸਾਰੀ ਲਈ ਮਾਇਆ ਦੇਣ ਦੀ ਬੇਨਤੀ ਕਰਨ ਲੱਗੇ। 1935 ਵਿੱਚ ਅੰਮ੍ਰਿਤਸਰ ਵਿਖੇ ਇਹਨਾਂ ਦਾ ਮੇਲ ਭਾਈ ਵੀਰ ਸਿੰਘ ਨਾਲ ਹੋਇਆ ਜਿਹੜੇ ਕਿ ਪਹਿਲਾਂ ਹੀ ਆਪਣੀ ਪੁਸਤਕ ਵਿੱਚ ਇਸ ਅਸਥਾਨ ਦਾ ਜ਼ਿਕਰ ਕਰ ਚੁੱਕੇ ਸਨ ਪਰ ਫਿਰ ਵੀ ਇਸ ਖੋਜ ਨੂੰ ਹੋਰ ਪੱਕੇ ਪੈਰੀਂ ਕਰਕੇ ਜਦੋਂ ਉਹ ਇਸ ਸਿੱਟੇ ’ਤੇ ਪੁੱਜੇ ਕਿ ਇਹੀ ਉਹ ਅਸਥਾਨ ਹੈ ਜਿੱਥੇ ਦਸਮ ਪਾਤਸ਼ਾਹ ਨੇ ਪਿਛਲੇ ਜਨਮ ਵਿੱਚ ਤਪੱਸਿਆ ਕੀਤੀ ਸੀ ਤਾਂ ਇਸ ਅਸਥਾਨ ’ਤੇ ਗੁਰੂ ਜੀ ਦਾ ਨਿਸ਼ਾਨ ਕਾਇਮ ਕਰਨ ਲਈ ਉਹਨਾਂ ਨੇ ਮਨ ਵਿੱਚ ਪੱਕਾ ਨਿਸਚਾ ਧਾਰਨ ਕਰ ਲਿਆ ਸੀ। ਭਾਈ ਸਾਹਿਬ ਨੇ ਸੰਤ ਸੋਹਣ ਸਿੰਘ ਨੂੰ ਇਹ ਕਾਰਜ ਅੱਗੇ ਵਧਾਉਣ ਲਈ ਕਿਹਾ ਤਾਂ ਇਹਨਾਂ ਨੇ ਇਸ ਅਸਥਾਨ ਦੀ ਉਸਾਰੀ ਲਈ ਆਪਣਾ ਸਮੁੱਚਾ ਯਤਨ ਅਰੰਭ ਕਰ ਦਿੱਤਾ ਜਿਸ ਦੇ ਫਲਸਰੂਪ ਅਕਤੂਬਰ 1936 ਵਿੱਚ ਉਥੇ 10 ਗੁਣਾ10 ਫੁੱਟ ਦੇ ਇੱਕ ਗੁਰਧਾਮ ਦੀ ਉਸਾਰੀ ਕਰ ਦਿੱਤੀ ਗਈ ਜਿਸ ਦੇ ਅੱਗੇ ਤਿੰਨ ਫੁਟ ਦਾ ਵਰਾਂਡਾ ਬਣਾਇਆ ਗਿਆ। ਜਿਸ ਅਸਥਾਨ ’ਤੇ ਬਿਖਮ ਪੈਂਡਾ ਤੈਅ ਕਰ ਕੇ ਪੁੱਜਣਾ ਔਖਾ ਹੋਵੇ ਉੱਥੇ ਇਮਾਰਤੀ ਸਮਾਨ ਦੀ ਢੋਆ-ਢੁਆਈ ਵੀ ਕੋਈ ਸੌਖਾ ਕਾਰਜ ਨਹੀਂ। ਅਗਲੇ ਸਾਲ 1937 ਵਿੱਚ ਇਸ ਅਸਥਾਨ ’ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ ਅਤੇ 1938 ਵਿੱਚ ਬਾਬਾ ਮੋਦਨ ਸਿੰਘ ਦੇ ਯਤਨਾਂ ਸਦਕਾ ਇੱਥੇ ਨਿਸ਼ਾਨ ਸਾਹਿਬ ਸਸ਼ੋਭਿਤ ਕਰ ਦਿੱਤਾ ਗਿਆ। ਕਿਹਾ ਜਾਂਦਾ ਹੈ ਕਿ ਪੁਸ਼ਾਕੇ ਸਮੇਤ ਲਗ-ਪਗ 25 ਫੁੱਟ ਲੰਮਾ ਲੋਹੇ ਦੀ ਚਾਦਰ ਦਾ ਬਣਿਆ ਹੋਇਆ ਨਿਸ਼ਾਨ ਸਾਹਿਬ ਲੈ ਕੇ ਇਹ ਹੇਮਕੁੰਟ ਵਾਲੇ ਤਪ ਅਸਥਾਨ ’ਤੇ ਗਏ ਸਨ ਅਤੇ ਕੱਤਕ ਦੀ ਪੂਰਨਮਾਸੀ ਨੂੰ ਇਹਨਾਂ ਨੇ ਇਹ ਉੱਥੇ ਝੁਲਾ ਦਿੱਤਾ ਸੀ। ਸ੍ਰੀ ਹੇਮਕੁੰਟ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਦਾ ਯਾਦਗਾਰੀ ਗੁਰਧਾਮ ਤਾਂ ਕਾਇਮ ਹੋ ਗਿਆ ਸੀ ਪਰ ਇਸ ਦਾ ਪ੍ਰਬੰਧ ਪੱਕੇ ਪੈਰੀਂ ਕਰਨਾ ਇੱਕ ਵੱਡੀ ਚੁਣੌਤੀ ਸੀ। ਇਸੇ ਫੁਰਨੇ ਨੂੰ ਮਨ ਵਿੱਚ ਵਸਾ ਕੇ 1938 ਵਿੱਚ ਜਦੋਂ ਸੰਤ ਸੋਹਣ ਸਿੰਘ ਅੰਮ੍ਰਿਤਸਰ ਵਿਖੇ ਭਾਈ ਵੀਰ ਸਿੰਘ ਕੋਲ ਗਏ ਤਾਂ ਉਹਨਾਂ ਦੇ ਮਨ ਦੀ ਗੁੰਝਲ ਹੱਲ ਹੋ ਗਈ। ਇੱਥੇ ਇਹਨਾਂ ਦਾ ਮਿਲਾਪ ਸ੍ਰੀ ਗੁਰੂ ਸਿੰਘ ਸਭਾ ਮਸੂਰੀ ਦੇ ਪ੍ਰਧਾਨ ਸ. ਹਰਨਾਮ ਸਿੰਘ ਨਾਲ ਹੋਇਆ ਜਿਨ੍ਹਾਂ ਨੂੰ ਭਾਈ ਸਾਹਿਬ ਨੇ ਪ੍ਰੇਰਨਾ ਕੀਤੀ ਕਿ ਸ੍ਰੀ ਹੇਮਕੁੰਟ ਸਾਹਿਬ ਦੀ ਸੇਵਾ ਸੰਭਾਲ ਦੀ ਜ਼ਿੰਮੇਵਾਰੀ ਲੈ ਲੈਣ। ਪ੍ਰਧਾਨ ਸਾਹਿਬ ਨੇ ਚਾਅ ਅਤੇ ਉਤਸ਼ਾਹ ਸਹਿਤ ਭਾਈ ਸਾਹਿਬ ਦੇ ਆਦੇਸ਼ ਨੂੰ ਪ੍ਰਵਾਨ ਕਰ ਲਿਆ ਸੀ।

ਮਸੂਰੀ ਦੇ ਗੁਰਦੁਆਰਾ ਸਾਹਿਬ ਦੀ ਕਮੇਟੀ ਵੱਲੋਂ ਸ੍ਰੀ ਹੇਮਕੁੰਟ ਸਾਹਿਬ ਦੀ ਸੇਵਾ-ਸੰਭਾਲ ਆਪਣੇ ਹੱਥ ਵਿੱਚ ਲੈ ਲੈਣ ਤੋਂ ਬਾਅਦ ਵੀ ਸੰਤ ਸੋਹਣ ਸਿੰਘ ਇੱਕ ਅਜਿਹੀ ਸ਼ਖ਼ਸੀਅਤ ਦੀ ਭਾਲ ਵਿਚ ਸਨ ਜਿਹੜਾ ਇਸ ਕਾਰਜ ਨੂੰ ਗੁਰੂ ਦੀ ਭਾਉ-ਭਾਵਨੀ ਵਿੱਚ ਰਹਿ ਕੇ ਕਰਨ ਦੀ ਸਮਰੱਥਾ ਰੱਖਦਾ ਹੋਵੇ। ਮਸੂਰੀ ਵਿਖੇ ਇਹਨਾਂ ਦਾ ਆਉਣ-ਜਾਣ ਲੱਗਿਆ ਰਹਿੰਦਾ ਸੀ ਅਤੇ ਇੱਥੇ ਹੀ ਇਹਨਾਂ ਦਾ ਮੇਲ ਬਾਬਾ ਮੋਦਨ ਸਿੰਘ ਨਾਲ ਹੋਇਆ ਸੀ ਜਿਸ ਦੀ ਸਿੱਖੀ ਸ਼ਰਧਾ ਅਤੇ ਗੁਰੂ ਪ੍ਰਤੀ ਸਮਰਪਣ ਦੀ ਭਾਵਨਾ ਨੇ ਇਹਨਾਂ ਦੇ ਮਨ ਨੂੰ ਬਹੁਤ ਪ੍ਰਭਾਵਿਤ ਕੀਤਾ ਸੀ। ਇਹ ਪਹਿਲਾਂ ਵੀ ਸੰਤ ਜੀ ਨਾਲ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਕਰ ਆਏ ਸਨ ਜਿਸ ਕਰਕੇ ਇਹਨਾਂ ਨੂੰ ਉਸ ਅਸਥਾਨ ਦੀ ਜਾਣਕਾਰੀ ਸੀ। ਸੰਤ ਜੀ 13 ਫਰਵਰੀ 1939 ਨੂੰ ਅੰਮ੍ਰਿਤਸਰ ਵਿਖੇ ਅਕਾਲ ਚਲਾਣਾ ਕਰ ਗਏ ਸਨ ਅਤੇ ਹੁਣ ਬਾਬਾ ਮੋਦਨ ਸਿੰਘ ਨੇ ਆਪਣਾ ਸਮੁੱਚਾ ਜੀਵਨ ਇਸ ਗੁਰਧਾਮ ਦੀ ਸੇਵਾ-ਸੰਭਾਲ ਲਈ ਅਰਪਿਤ ਕਰ ਦਿੱਤਾ ਸੀ।

ਸ੍ਰੀ ਹੇਮਕੁੰਟ ਸਾਹਿਬ ਦੇ ਨਾਲ-ਨਾਲ ਸ੍ਰੀ ਗੋਬਿੰਦ ਧਾਮ ਅਤੇ ਸ੍ਰੀ ਗੋਬਿੰਦ ਘਾਟ ਦੀ ਉਸਾਰੀ ਅਤੇ ਇਹਨਾਂ ਅਸਥਾਨਾਂ ’ਤੇ ਸੰਗਤ ਦੀ ਰਿਹਾਇਸ਼, ਲੰਗਰ ਅਤੇ ਹੋਰ ਸੁਵਿਧਾਵਾਂ ਪ੍ਰਦਾਨ ਕਰਨ ਲਈ ਇਹਨਾਂ ਨੇ ਤਨ, ਮਨ ਅਤੇ ਧਨ ਨਾਲ ਯੋਗਦਾਨ ਪਾਇਆ ਸੀ। ਵੀਹਵੀਂ ਸਦੀ ਦੇ ਚੌਥੇ ਦਹਾਕੇ ਦੌਰਾਨ ਇਹ ਖ਼ੁਸ਼ਖਬਰੀ ਸਾਹਮਣੇ ਆਈ ਕਿ ਕਮੇਟੀ ਦੀ ਚਿੱਠੀ-ਪੱਤਰ ਰਾਹੀਂ ਪੁੱਜੀ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਅੰਗਰੇਜ਼ ਸਰਕਾਰ ਨੇ ਘਾਘਰਾ ਵਿਖੇ 10 ਨਾਲੀ ਅਤੇ ਪੁਲਨਾ ਪਿੰਡ ਵਿਖੇ 4 ਨਾਲੀ ਜ਼ਮੀਨ ਦੇਣੀ ਮਨਜ਼ੂਰ ਕਰ ਲਈ ਹੈ।

ਸਮੇਂ ਦੇ ਨਾਲ-ਨਾਲ ਸ੍ਰੀ ਹੇਮਕੁੰਟ ਸਾਹਿਬ ਸੰਬੰਧੀ ਜਾਣਕਾਰੀ ਸੰਗਤ ਵਿੱਚ ਉਜਾਗਰ ਹੋ ਰਹੀ ਸੀ ਜਿਸ ਕਰਕੇ ਵਿਰਲੀ-ਟਾਂਵੀਂ ਸੰਗਤ ਇਸ ਅਸਥਾਨ ਦੇ ਦਰਸ਼ਨ ਕਰਨ ਲਈ ਜਾਇਆ ਕਰਦੀ ਸੀ। 1946 ਵਿੱਚ ਬਾਬਾ ਮੋਦਨ ਸਿੰਘ ਸਮੇਤ ਚਾਰ ਸੱਜਣ ਇਸ ਅਸਥਾਨ ਦੇ ਦਰਸ਼ਨ ਕਰਨ ਲਈ ਗਏ ਸਨ ਜਿਨ੍ਹਾਂ ਵਿਚੋਂ ਇਕ ਡਾ. ਤਾਰਾ ਸਿੰਘ ਵੀ ਸ਼ਾਮਲ ਸੀ। ਇਹ ਦੱਸਦਾ ਹੈ ਕਿ ਅਸੀਂ ਚਾਰਾਂ ਨੇ ਰਲ ਕੇ ਸ੍ਰੀ ਹੇਮਕੁੰਟ ਸਾਹਿਬ ਵਿਖੇ ਪਹਿਲਾ ਅਖੰਠ ਪਾਠ ਕੀਤਾ ਸੀ।

ਭਾਈ ਵੀਰ ਸਿੰਘ ਜੀ ਦੀ ਪ੍ਰੇਰਨਾ ਸਦਕਾ ਚੀਫ਼ ਖ਼ਾਲਸਾ ਦੀਵਾਨ ਵੱਲੋਂ ਇਸ ਗੁਰਧਾਮ ਦੀ ਸੇਵਾ-ਸੰਭਾਲ ਲਈ ਯਤਨ ਅਰੰਭ ਹੋ ਗਏ ਸਨ। ਵੀਹਵੀਂ ਸਦੀ ਦੇ ਪੰਜਵੇਂ ਦਹਾਕੇ ਦੌਰਾਨ ਇਹ ਯਤਨ ਹੋਰ ਵਧੇਰੇ ਤੇਜ ਕਰ ਦਿੱਤੇ ਗਏ ਸਨ ਜਦੋਂ ਗੋਬਿੰਦ ਘਾਟ ਤੋਂ ਗੋਬਿੰਦ ਧਾਮ ਤੱਕ ਅਤੇ ਇੱਥੋਂ ਉਪਰ ਸ੍ਰੀ ਹੇਮਕੁੰਟ ਸਾਹਿਬ ਤੱਕ ਦੀ ਚੜ੍ਹਾਈ ਲਈ ਜਾਣ ਵਾਲੀ ਸੜਕ ਬਣਾਉਣ ਦਾ ਕਾਰਜ ਤੇਜ ਹੋ ਗਿਆ ਸੀ। ਹੇਠਲੀ ਸੜਕ ਤਾਂ ਸਰਕਾਰ ਨੇ ਹੀ ਬਣਾਉਣੀ ਸ਼ੁਰੂ ਕਰ ਦਿੱਤੀ ਸੀ ਅਤੇ ਗੋਬਿੰਦ ਧਾਮ ਤੋਂ ਉੱਤੇ ਰਾਹ ਠੀਕ ਕਰਨ ਦਾ ਕੰਮ ਚੀਫ਼ ਖ਼ਾਲਸਾ ਦੀਵਾਨ ਨੇ ਆਪਣੇ ਜ਼ਿੰਮੇ ਲੈ ਲਿਆ ਸੀ। ਖ਼ਾਲਸਾ ਸਮਾਚਾਰ ਦੱਸਦਾ ਹੈ ਕਿ 1952 ਵਿੱਚ ਦੀਵਾਨ ਵੱਲੋਂ 40 ਯਾਤਰੂਆਂ ਦਾ ਪਹਿਲਾ ਅਧਿਕਾਰਿਤ ਜੱਥਾ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ’ਤੇ ਗਿਆ ਸੀ ਜਿਸ ਵਿੱਚ ਇੱਕ ਰਾਗੀ ਜੱਥਾ, ਇਕ ਸੂਰਮਾ ਸਿੰਘ ਤੇ 6 ਮਾਈਆਂ ਅਤੇ ਇਕ 78 ਵਰ੍ਹੇ ਦਾ ਬਿਰਧ ਸੱਜਣ ਸ਼ਾਮਲ ਸੀ। 1953 ਵਿੱਚ ਦੂਜਾ ਜਥਾ ਇਸ ਅਸਥਾਨ ਦੇ ਦਰਸ਼ਨ ਕਰਨ ਲਈ ਗਿਆ ਸੀ ਜਿਸ ਵਿਚ 27 ਯਾਤਰੂ ਸ਼ਾਮਲ ਸਨ। ਇਸ ਤਰ੍ਹਾਂ ਸ੍ਰੀ ਹੇਮਕੁੰਟ ਸਾਹਿਬ ਦੀ ਸ਼ੋਭਾ ਦਿਨੋ-ਦਿਨ ਪ੍ਰਗਟ ਹੁੰਦੀ ਰਹੀ ਜਿਸ ਦਾ ਪ੍ਰਬੰਧ (ਬਾਕੀ ਸਫ਼ਾ 29 ’ਤੇ)



ਪ੍ਰਮਿੰਦਰ ਸਿੰਘ
ਪ੍ਰਵਾਨਾ
510-415-9377

# ਪੰਜਾਬੀ ਸੂਬਾ 1 ਨਵੰਬਰ 1966

ਹਿੰਦੁਸਤਾਨ ਦੀ ਰਾਜਨੀਤੀ ਵਿੱਚ ਪੰਜਾਬੀ ਸੂਬੇ ਦੀ ਮੰਗ ਦਾ ਰਾਹ ਬੜਾ ਸੰਘਰਸ਼ਮਈ ਹੈ। ਸਾਕਾ ਗੁਰੂ ਕਾ ਬਾਗ ਸਿੱਖਾਂ ਦਾ ਇੱਕ ਲੰਬਾ ਮੋਰਚਾ ਸੀ। ਉਸੇ ਤਰਜ਼ ’ਤੇ ਸਿੱਖਾਂ ਨੇ ਇਹ ਸੰਘਰਸ਼ ਕੀਤਾ ਹੈ। ਬਰਤਾਨਵੀ ਰਾਜ ਦੀ ਵੰਡ ਸਮੇਂ ਸਿੱਖਾਂ ਨੂੰ ਤੀਜੀ ਧਿਰ ਮੰਨ ਲਿਆ ਸੀ। ਸਿੱਖ ਆਗੂਆਂ ਨੇ ਹਿੰਦੁਸਤਾਨ ਨਾਲ ਜੁੜਨ ਦਾ ਫੈਸਲਾ ਆਪ ਲਿਆ। ਵੰਡ ਤੋਂ ਬਾਅਦ ਸਿੱਖਾਂ ਨੂੰ ਬੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਜਿਵੇਂ ਪੰਜਾਬੀ ਕਿਰਸਾਨੀ ਪੱਛਮੀ ਪਾਕਿਸਤਾਨ ਤੋਂ ਆ ਕੇ ਘੱਗਰ ਦਰਿਆ ਦੇ ਦੁਆਲੇ ਆਣ ਵਸੀ। ਪਟਿਆਲਾ ਪੂਰਬੀ ਪੰਜਾਬ ਸਟੇਟਸ ਯੂਨੀਅਨ ਪੈਪਸੂ ਵਿੱਚ ਪੰਜਾਬੀਆਂ ਦੀ ਵੱਡੀ ਵਸੋਂ ਸੀ। ਖੇਤੀ ਵਪਾਰ, ਮਕਾਨ, ਜਾਇਦਾਦ ਅਤੇ ਮੁੜ ਵਸੇਬੇ ਦੇ ਕੰਮਾਂ ਵਿੱਚ ਨਵੀਂ ਸਰਕਾਰ ਨੇ ਪ੍ਰਬੰਧਾਂ ਵਿੱਚ ਵਿਤਕਰਾ ਕੀਤਾ। ਸਿੱਖਾਂ ਨੂੰ ਹਿੰਦੁਸਤਾਨ ਨਾਲ ਜੁੜਨ ਤੇ ਪਛਤਾਵਾ ਹੋਣ ਲੱਗਾ। ਉਹਨਾਂ ਪੰਜਾਬੀ ਸੂਬੇ ਦੀ ਮੰਗ ਉਠਾਈ। ਹਿੰਦੁਸਤਾਨ ਵਿੱਚ ਸ਼ਾਮਲ ਰਾਜਾਂ ਦੀ ਵੰਡ ਨਿਸ਼ਚਿਤ ਢੰਗ ਨਾਲ ਨਾ ਹੋਈ।

1948 ਵਿੱਚ ਸਰਕਾਰ ਨੇ ਭਾਸ਼ਾ ਦੇ ਆਧਾਰ ’ਤੇ ਸੂਬਿਆਂ ਦੀ ਵੰਡ ਲਈ ਕਮਿਸ਼ਨ ਬਣਾਇਆ। ਜਿਸ ਦਾ ਅਧਿਕਾਰ ਖੇਤਰ ਦੱਖਣੀ ਰਾਜਾਂ ਤੱਕ ਸੀ। ਉੱਤਰੀ ਭਾਰਤ, ਪੰਜਾਬ ਨੂੰ ਇਸ ਤੋਂ ਬਾਹਰ ਰੱਖਿਆ ਗਿਆ। ਕੇਰਲ, ਆਂਧਰਾ, ਤਾਮਿਲ, ਕਰਨਾਟਕ ਸੂਬੇ ਹੋਂਦ ਵਿੱਚ ਆਏ ਸੰਨ 1953 ਵਿੱਚ ਰਾਜ ਪੁਨਰਗਠਨ ਕਮਿਸ਼ਨ ਬਣਿਆ। ਜਿਸ ਨੇ ਪਟਿਆਲਾ ਅਤੇ ਪੈਪਸੂ ਨਾਲ ਹਿਮਾਚਲ ਪੰਜਾਬ ਨਾਲ ਜੋੜਨ ਦੀ ਸਿਫ਼ਾਰਸ਼ ਕੀਤੀ। 16 ਅਕਤੂਬਰ 1955 ਨੂੰ ਮਾਸਟਰ ਤਾਰਾ ਸਿੰਘ ਨੇ ਅੰਮ੍ਰਿਤਸਰ ਸਭਾ ਬੁਲਾਈ। 300 ਨੁਮਾਇੰਦੇ ਹਾਜਰ ਹੋਏ। ਜਿਸ ਵਿੱਚ ਕਮਿਸ਼ਨ ਦੀ ਸਿਫ਼ਾਰਸ਼ ਨੂੰ ਰੱਦ ਕਰ ਦਿੱਤਾ। ਸਰਕਾਰ ਦੇ ਪੱਖਪਾਤੀ ਰਵਈਏ ਦੀ ਨਿਖੇਧੀ ਕੀਤੀ। ਸਿੱਟੇ ਵਜੋਂ ਮਾਸਟਰ ਤਾਰਾ ਸਿੰਘ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਭਾਈ ਜੋਧ ਸਿੰਘ ਚੀਫ਼ ਖਾਲਸਾ ਦੀਵਾਨ, ਗਿਆਨ ਸਿੰਘ ਰਾੜੇ ਵਾਲਾ, ਗਿਆਨੀ ਕਰਤਾਰ ਸਿੰਘ, ਹੁਕਮ ਸਿੰਘ ਨੇ 24 ਅਕਤੂਬਰ 1955 ਨੂੰ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨਾਲ ਗੱਲਬਾਤ ਕੀਤੀ। ਜਿਸ ਵਿੱਚ ਸਰਕਾਰੀ ਨੁਮਾਇੰਦੇ ਮੌਲਾਨਾ ਅਜ਼ਾਦ ਅਤੇ ਪੰਡਿਤ ਜੇ ਬੀ ਪੰਤ ਸਨ। ਦੂਸਰੀ ਗੱਲਬਾਤ 23 ਨਵੰਬਰ 1955 ਨੂੰ ਹੋਈ ਗੱਲਬਾਤ ਬੇ ਸਿੱਟਾ ਰਹੀ। ਫਰਵਰੀ 11-12,1956 ਨੂੰ ਇੰਡੀਅਨ ਨੈਸ਼ਨਲ ਕਾਂਗਰਸ ਦਾ ਇਜਲਾਸ ਅੰਮ੍ਰਿਤਸਰ ਵਿਖੇ ਹੋਇਆ। ਬਰਾਬਰ ’ਤੇ ਸਿੱਖਾਂ ਨੇ ਵੀ 5 ਘੰਟੇ ਜਲੂਸ ਕੱਢਿਆ। ਸੰਮੇਲਨ ਹੋਇਆ, ਜਿਸ ਵਿੱਚ ਪੂਰੇ ਪੰਜਾਬ ਤੋਂ ਸਿੱਖ ਪਹੁੰਚੇ। ਜਿਸ ਅੱਗੇ ਕਾਂਗਰਸ ਦਾ ਇਜਲਾਸ ਫਿੱਕਾ ਪੈ ਗਿਆ। ਸਿੱਖਾਂ ਨੇ ਭਾਰੀ ਏਕਤਾ ਦਾ ਸਬੂਤ ਦਿੱਤਾ। ਸਿੱਖੀ ਬਾਣੇ ਵਿੱਚ ਪੰਜਾਬੀ ਸੂਬਾ ਜਿੰਦਾਬਾਦ ਦੇ ਨਾਹਰੇ ਲੱਗੇ।

ਅਕਾਲੀ ਨੇਤਾਵਾਂ ਅਤੇ ਸਰਕਾਰ ਵਿੱਚ ਫਿਰ ਗੱਲਬਾਤ ਸ਼ੁਰੂ ਹੋਈ। ਸਰਕਾਰੀ ਨੁਮਾਇੰਦੇ ਪੰਡਤ ਪੰਤ ਨੇ ਕੋਈ ਹੁੰਗਾਰਾ ਨਾ ਭਰਿਆ। ਫਰਵਰੀ 26, 1956 ਨੂੰ ਖ਼ਬਰ ਆਈ ਕਿ ਗੱਲਬਾਤ ਟੁੱਟ ਗਈ ਹੈ। ਪੰਜਾਬੀ ਅਤੇ ਹਿੰਦੀ ਇਕਾਈਆਂ ਵਿੱਚ ਸੂਬੇ ਵੰਡੇ ਜਾਣ ਲਈ ਵਿਧਾਇਕਾਂ ਅਧੀਨ ਸਮਿਤੀਆਂ ਬਨ੍ਹਾਉਣ ਲਈ ਫੈਸਲਾ ਕੀਤਾ। ਭਾਸ਼ਾਈ ਆਧਾਰ ’ਤੇ ਪੰਜਾਬੀ ਗੁਰਮੁਖੀ ਪੰਜਾਬੀ ਸੂਬਾ ਦੀ ਭਾਸ਼ਾ ਹੋਵੇ, ਨਾਲ ਹੀ ਹਿੰਦੀ ਦੇਵਨਾਗਰੀ ਵੀ ਲਾਗੂ ਹੋਵੇ। ਪ੍ਰਬੰਧਕੀ ਭਾਸ਼ਾ ਪੰਜਾਬੀ ਹੋਵੇ, ਪੰਜਾਬੀ ਸੂਬਾ ਵਿੱਚ ਸਿਰਫ਼ ਪੈਪਸੂ ਦੇ ਇਲਾਕੇ ਸ਼ਾਮਲ ਹੋਣ। ਹਿਮਾਚਲ ਅਤੇ ਯੂ ਪੀ ਦੇ ਇਲਾਕੇ ਸ਼ਾਮਲ ਨਹੀਂ। ਮਾਰਚ 11 1956 ਨੂੰ ਅੰਮ੍ਰਿਤਸਰ ਵਿਖੇ ਇਸ ’ਤੇ ਵਿਚਾਰ ਕਰਨ ਲਈ ਸਭਾ ਬੁਲਾਈ। ਗਿਆਨੀ ਕਰਤਾਰ ਸਿੰਘ, ਭਾਈ ਜੋਧ ਸਿੰਘ, ਅਜੀਤ ਸਿੰਘ ਸਰਹੱਦੀ ਨੇ ਕਿਹਾ ਕਿ ਇਹ ਫੈਸਲਾ ਪੰਜਾਬੀ ਸੂਬਾ ਦੇ ਹੱਕ ਵਿੱਚ ਨਹੀਂ ਹੈ, ਪਰ ਗੱਲਬਾਤ ਸ਼ੁਰੂ ਹੋਣ ਕਰਕੇ ਇਸ ਨੂੰ ਮੰਨ ਲਿਆ ਜਾਵੇ। ਕਈ ਅਕਾਲੀ ਕਾਂਗਰਸ ਵਿੱਚ ਸ਼ਾਮਲ ਹੋਣ ਲੱਗੇ। ਮਾਸਟਰ ਜੀ ਕਾਂਗਰਸ ਵਿੱਚ ਸ਼ਾਮਲ ਨਹੀਂ ਹੋਏ। ਕਾਂਗਰਸ ਨੇ ਅਕਾਲੀ ਦਲ ਦੇ 20 ਨੁਮਾਇੰਦੇ ਵਿਧਾਨ ਸਭਾ ਅਤੇ 3 ਸੰਸਦ ਲਈ ਨਾਮਜ਼ਦ ਕੀਤੇ। ਮਾਸਟਰ ਜੀ ਨੇ ਕਾਂਗਰਸ ਦੇ ਖ਼ਿਲਾਫ਼ ਨੁਮਾਇੰਦੇ ਖੜੇ ਕੀਤੇ, ਪਰ ਹਾਰ ਗਏ। ਮਾਸਟਰ ਜੀ ਨੇ ਕਾਰਵਾਈਆਂ ਮਜ਼ਬੂਤ ਕਰਨ ਵੱਲ ਧਿਆਨ ਦਿੱਤਾ। ਹਿੰਦੀ ਹਿਤੈਸ਼ੀਆਂ ਨੇ ਖੇਤਰੀ ਵੰਡ ਸਿਧਾਂਤ ਨੂੰ ਹਿੰਦੀ ਵਿਰੋਧੀ ਦੱਸਿਆ । ਹਿੰਦੀ ਰਖਸ਼ਾ ਸਮਿਤੀ ਨੇ ਅੰਦੋਲਨ ਸ਼ੁਰੂ ਕਰ ਦਿੱਤਾ।

ਅਪ੍ਰੈਲ 3, 1957 ਨੂੰ ਕਾਂਗਰਸ ਦੀ ਸਰਕਾਰ ਵਿੱਚ ਪ੍ਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਬਣੇ। ਗਿਆਨੀ ਕਰਤਾਰ ਸਿੰਘ ਤੇ ਗਿਆਨ ਸਿੰਘ ਰਾੜੇ ਵਾਲਾ ਮੰਤਰੀ ਮੰਡਲ ਵਿੱਚ ਸਨ। ਉਹਨਾਂ ਨੂੰ ਹਿੰਦੀ ਹਿਤੈਸ਼ੀਆ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਹਿੰਦੀ ਲਹਿਰ ਅਧੀਨ ਕਈ ਗੁਰਦੁਆਰਿਆਂ ਦੀ ਬੇਅਦਬੀ ਹੋਈ। ਭਾਸ਼ਾ ਇਲਾਕਾਈ ਵੰਡ ਫਿਰਕੂ ਬਣ ਗਈ। ਜੂਨ 14 1958 ਨੂੰ ਮਾਸਟਰ ਜੀ ਨੇ ਖੇਤਰੀ ਵੰਡ ਸਿਧਾਂਤ ਦੀ ਨਿਖੇਧੀ ਕੀਤੀ। ਪੰਜਾਬੀ ਸੂਬੇ ਦੀ ਜ਼ੋਰਦਾਰ ਆਵਾਜ਼ ਉਠਾਈ। ਸਰਕਾਰ ਵੀ ਸਿੱਧਾਂਤ ਲਾਗੂ ਕਰਨ ਵਿੱਚ ਸੰਜੀਦਾ ਨਹੀਂ ਸੀ। ਥੋਪੇ ਜਾ ਰਹੇ ਸਿਧਾਂਤ ਨੂੰ ਸਿੱਖਾਂ ਨੇ ਨਕਾਰ ਦਿੱਤਾ। ਕਿਉਂਕਿ ਇਹ ਲੋੜੀਂਦੇ ਪੰਜਾਬੀ ਸੂਬਾ ਦਾ ਹੱਲ ਨਹੀਂ ਸੀ। ਭਾਵੇਂ ਵਕਤੀ ਤੌਰ ’ਤੇ ਗੱਲਬਾਤ ਸ਼ੁਰੂ ਹੋਣ ਦਾ ਚੰਗਾ ਸਬੱਬ ਬਣ ਜਾਣ ਕੇ ਸਵੀਕਾਰਿਆ ਗਿਆ। ਨਵੰਬਰ 16, 1958 ਨੂੰ ਮਾਸਟਰੀ ਜੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਤੋਂ ਹਾਰ ਗਏ।

ਮਾਸਟਰ ਜੀ ਨੇ 14 ਫਰਵਰੀ 1959 ਨੂੰ ਪਟਿਆਲਾ ਵਿਖੇ ਸਭਾ ਬੁਲਾਈ। ਜਿਸ ਵਿੱਚ 299 ਨੁਮਾਇੰਦੇ ਹਾਜਰ ਹੋਏ। ਜਿਸ ਵਿੱਚ ਧਿਆਨ ਦਿੱਤਾ ਗਿਆ ਕਿ ਸੰਨ 1956 ਵਿੱਚ ਪੰਜਾਬੀ ਖੇਤਰੀ ਸਮਿਤੀ ਵੱਲੋਂ ਇੱਕ ਅਜਿਹੀ ਯੂਨੀਵਰਸਿਟੀ ਕਾਇਮ ਕਰਨ ਦਾ ਮਤਾ ਪਾਸ ਹੋਇਆ, ਜਿਸ ਵਿੱਚ ਪੰਜਾਬੀ ਪਾਠਕ੍ਰਮ ਹੋਵੇ ਅਤੇ ਨਾਲ ਨਾਲ ਪੰਜਾਬੀ, ਸਾਹਿਤ, ਇਤਿਹਾਸ, ਵਿਰਸਾ ਅਤੇ ਸਭਿਆਚਾਰ ਦੀ ਉਨਤੀ ਹੋਵੇ। ਗਿਆਨੀ ਕਰਤਾਰ ਸਿੰਘ ਦੇ ਸਾਥੀ ਰਾਮ ਦਿਆਲ ਸਿੰਘ ਨੇ ਕੈਰੋਂ ਕੋਲੋਂ ਸਹਿਮਤੀ ਲਈ। ਪੰਜਾਬੀ ਯੂਨੀਵਰਸਿਟੀ ਕਮਿਸ਼ਨ ਸਥਾਪਤ ਹੋਇਆ। ਮਹਾਰਾਜਾ ਯਾਦਵਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਭਾਈ ਜੋਧ ਸਿੰਘ, ਹੁਕਮ ਸਿੰਘ, ਉੱਜਲ ਸਿੰਘ, ਮਲਿਕ ਹਰਦਿੱਤ ਸਿੰਘ, ਡਾ.ਏ.ਸੀ. ਜੋਸ਼ੀ, ਡਾ. ਅਨੂਪ ਸਿੰਘ,ਡਾ. ਪੀ. ਐਸ.ਗਿੱਲ, ਹਰਦਵਾਰੀ ਲਾਲ ਅਤੇ ਪ੍ਰੋ. ਹਰਬੰਸ ਸਿੰਘ ਮੈਂਬਰ ਸਨ। ਕਮਿਸ਼ਨ ਨੇ ਆਪਣੀ ਸਿਫਾਰਸ਼ 1961 ਵਿੱਚ ਸਰਕਾਰ ਨੂੰ ਸੌਂਪੀ। ਸੰਨ 1962 ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਪੁਰਾਣੇ ਮਹੱਲ ਵਿੱਚ ਸ਼ੁਰੂ ਹੋਈ।

ਮਾਸਟਰ ਜੀ ਨੇ 15 ਮਾਰਚ 1959 ਨੂੰ ਦਿੱਲੀ ਵਿਖੇ ਇੱਕ ਜਲੂਸ ਕੱਢੇ ਜਾਣ ਦਾ ਐਲਾਨ ਕੀਤਾ। ਸਰਕਾਰ ਨੇ ਤੁਰੰਤ ਮਾਸਟਰ ਜੀ ਨੂੰ ਗ੍ਰਿਫ਼ਤਾਰ ਕਰ ਲਿਆ। ਫਿਰ ਵੀ ਦਿੱਲੀ ਵਿੱਚ ਦੇਸ਼ ਭਰ ਤੋਂ ਸਿੱਖ ਸ਼ਾਮਲ ਹੋਏ। ਜਲੂਸ ਰਕਾਬਗੰਜ ਗੁਰਦੁਆਰਾ ਦਿੱਲੀ ਸਮਾਪਤ ਹੋਇਆ। ਮਾਸਟਰ ਜੀ ਨੂੰ ਰਿਹਾਅ ਕਰ ਦਿੱਤਾ ਗਿਆ। ਜਨਵਰੀ 19, 1960 ਨੂੰ ਅਕਾਲੀ ਪੰਜਾਬੀ ਸੂਬਾ ਪ੍ਰਾਪਤੀ ਲਈ ਅਕਾਲ ਤਖ਼ਤ ਸਾਹਿਬ ਇਕੱਠੇ ਹੋਏ। ਸਾਬਕਾ ਅਕਾਲੀ ਮੈਂਬਰਾਂ ਨੂੰ ਪੰਜਾਬ ਵਿਧਾਨ ਸਭਾ ਤੋਂ ਅਸਤੀਫ਼ਾ ਦੇਣ ਦੀ ਅਪੀਲ ਕੀਤੀ। ਕੁਝ 24 ਮੈਂਬਰਾਂ ਵਿੱਚੋਂ 5 ਮੈਂਬਰਾਂ ਨੇ ਅਸਤੀਫ਼ਾ ਦੇ ਦਿੱਤਾ।

ਮਈ 22, 1960 ਨੂੰ ਅੰਮ੍ਰਿਤਸਰ ਵਿਖੇ ਪੰਜਾਬੀ ਸੂਬਾ ਸੰਮੇਲਨ ਹੋਇਆ। ਜਿਸ ਵਿੱਚ ਸੁਤੰਤਰ ਅਤੇ ਸਮਾਜਵਾਦੀ ਪਾਰਟੀਆਂ ਦੇ ਮੈਂਬਰ ਵੀ ਸ਼ਾਮਲ ਹੋਏ। ਪ੍ਰਧਾਨਗੀ ਪੰਡਤ ਸੁੰਦਰ ਲਾਲ ਨੇ ਕੀਤੀ। ਡਾ. ਸੈਫੁਦੀਨ ਨੇ ਕਾਰਵਾਈ ਨਿਭਾਈ। ਗੁਰਨਾਮ ਸਿੰਘ ਵੱਲੋਂ ਮਤਾ ਪੇਸ਼ ਕੀਤਾ ਗਿਆ ਕਿ ਸਰਕਾਰ ਹੁਣ ਅਕਾਲੀਆਂ ਦੀ ਮੰਗ ਵਾਸਤੇ ਕੋਈ ਕਮਿਸ਼ਨ ਨਾ ਲਿਆਵੇ। ਬਿਨਾਂ ਕਿਸੇ ਦੇਰੀ ਤੋਂ ਪੰਜਾਬੀ ਸੂਬਾ ਗਠਿਤ ਕੀਤਾ ਜਾਵੇ ਜਦਕਿ ਬਾਕੀ ਰਾਜਾਂ ਦਾ ਗਠਨ ਹੋ ਚੁੱਕਾ ਹੈ। ਮਾਸਟਰ ਜੀ ਨੇ 29 ਮਈ 1960 ਨੂੰ ਜਲੂਸ ਕੱਢੇ ਜਾਣ ਦਾ ਪ੍ਰੋਗਰਾਮ ਦੱਸਿਆ ਕਿ ਨੁਮਾਇੰਦੇ ਪਿੰਡ ਵਿੱਚ ਇਕੱਠੇ ਹੋ ਕੇ ਤੁਰਨ, ਰਸਤੇ ਵਿੱਚ ਗੁਰਦੁਆਰਿਆਂ ਵਿੱਚ ਪੰਜਾਬੀ ਸੂਬਾ ਦੀ ਮੰਗ ਦਾ ਪ੍ਰਚਾਰ ਕਰਦੇ ਹੋਏ ਦਿੱਲੀ ਪਹੁੰਚਣ, ਜਿਸ ਦੀ ਤਾਰੀਖ਼ ਜੂਨ 12, 1960 ਹੈ। ਪਰ 24-25 ਮਈ 1960 ਦੀ ਵਿਚਕਾਰਲੀ ਰਾਤ ਨੂੰ ਮਾਸਟਰ ਜੀ ਨੂੰ ਉਹਨਾਂ ਦੇ ਘਰ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਪੰਜਾਬ ਵਿੱਚ ਵੱਡੇ ਪੱਧਰ ’ਤੇ ਗ੍ਰਿਫ਼ਤਾਰੀਆਂ ਹੋਈਆਂ। ਅਕਾਲੀ ਆਪਣੀਆਂ ਮੰਗਾਂ ਲਈ ਸੰਜੀਦਾ ਸ ਨ। ਹਰਿਮੰਦਰ ਸਾਹਿਬ ਦੇ ਮੰਜੀ ਸਾਹਿਬ ਦੀਵਾਨ ਸਜਦੇ, ਵਾਰਾਂ ਗਾਈਆਂ ਜਾਂਦੀਆਂ। ਪ੍ਰਚਾਰ ਲਈ ਭਾਸ਼ਨ ਦਿੱਤੇ ਜਾਂਦੇ। ਅਕਾਲੀਆਂ ਵਿੱਚ ਜੋਸ਼ ਸੀ। ਮੰਜੀ ਸਾਹਿਬ ਕੇਂਦਰ ਅਤੇ ਦਿੱਲੀ ਤੱਕ ਗ੍ਰਿਫ਼ਤਾਰੀਆਂ ਹੋਈਆਂ।

ਮਾਸਟਰ ਜੀ ਦੀ ਗ੍ਰਿਫ਼ਤਾਰ ਤੋਂ ਬਾਅਦ ਮੋਰਚੇ ਦੀ ਜਿੰਮੇਵਾਰੀ ਸੰਤ ਫਤਹਿ ਸਿੰਘ ਜੀ ਨੇ ਨਿਭਾਉਣੀ ਸ਼ੁਰੂ ਕੀਤੀ। ਜੋ ਇੱਕ ਚੰਗੇ ਸਿਆਸਤਦਾਨ ਸਾਬਿਤ ਹੋਏ। ਉਹਨਾਂ ਨੇ ਸਿਰਫ਼ ਭਾਸ਼ਾਈ ਵੰਡ ’ਤੇ ਹੀ ਜੋਰ ਦਿੱਤਾ ਸਗੋਂ ਧਰਮ ਨਿਰਪੱਖ ਅਤੇ ਲੋਕਤੰਤਰੀ ਵਿਚਾਰ ਵੀ ਰੱਖੇ। ਜਿਸ ਨਾਲ ਉਹਨਾਂ ਨੂੰ ਆਮ ਲੋਕਾਂ ਦਾ ਸਹਿਯੋਗ ਮਿਲਿਆ। ਉਹਨਾਂ ਸਪਸ਼ਟ ਕੀਤਾ ਕਿ ਅਸੀਂ ਘੱਟ ਗਿਣਤੀ, ਵਸੇਬਾ, ਜਾਂ ਭਾਸ਼ਾ ਦੀ ਪ੍ਰਤੀਸ਼ਤਤਾ ਦੀਆਂ ਗਿਣਤੀਆਂ ਮਿਣਤੀਆਂ ਵਿੱਚ ਵਿਸ਼ਵਾਸ ਨਹੀਂ ਰੱਖਦੇ। ਪੰਜਾਬੀ ਸੂਬਾ ਇੱਕ ਅਜਿਹੇ ਖੇਤਰ ਦੀ ਲੋੜ ਹੈ ਜਿਥੇ ਪੰਜਾਬੀ ਬੋਲੀ ਹੋਵੇ। ਉਹ ਆਪਣੀ ਦਲੀਲ ਤੋਂ ਕਦੇ ਡੋਲਦੇ ਨਹੀਂ ਸਨ। ਅਜਿਹੀ ਅਟੱਲ ਮੰਗ ਵੇਖ ਕੇ ਸਰਕਾਰ ਨੇ ਸਖ਼ਤ ਕਦਮ ਚੁੱਕੇ। ਪੰਜਾਬੀ ਸੂਬਾ ਦੀ ਮੰਗ ਲਈ ਸਿੱਖਾਂ ਨੇ ਜੀਅ ਜਾਨ ਨਾਲ ਹਿੱਸਾ ਲਿਆ।

ਸੰਤ ਜੀ ਨੇ ਅਕਤੂਬਰ 29, 1960 ਨੂੰ ਪ੍ਰਧਾਨ ਮੰਤਰੀ ਨਹਿਰੂ ਨੂੰ ਚਿੱਠੀ ਲਿਖ ਕੇ ਪੰਜਾਬੀ ਸੂਬਾ ਦੀ ਜਾਇਜ਼ ਸੰਵਿਧਾਨਿਕ ਅਤੇ ਲੋਕਤੰਤਰੀ ਮੰਗ ਨਾ ਮੰਨੀ ਗਈ ਤਾਂ ਉਹ 18 ਦਸੰਬਰ 1960 ਨੂੰ ਮਰਨ ਵਰਤ ’ਤੇ ਬੈਠਣਗੇ। ਪ੍ਰਧਾਨ ਮੰਤਰੀ ਨਹਿਰੂ ਨੇ ਕੋਈ ਸਹਿਯੋਗ ਨਾ ਦਿੱਤਾ। ਮਿਥੇ ਅਨੁਸਾਰ ਸੰਤ ਜੀ ਦਸੰਬਰ 18, 1960 ਨੂੰ ਮਰਨ ਵਰਤ ’ਤੇ ਬੈਠ ਗਏ। ਸਿੱਖਾਂ ਨੂੰ ਸ਼ਾਂਤਮਈ ਮੋਰਚਾ ਸੰਭਾਲਣ ਲਈ ਕਿਹਾ। ਸੰਤ ਜੀ ਦਾ ਆਪਣੀ ਜਾਨ ’ਤੇ ਖੇਡਣਾ, ਸਰਕਾਰ ਲਈ ਚਿੰਤਾ ਦਾ ਵਿਸ਼ਾ ਹੋ ਗਿਆ। ਪ੍ਰਧਾਨ ਮੰਤਰੀ ਨਹਿਰੂ ਨੇ ਦਸੰਬਰ 20,1960 ਨੂੰ ਚੰਡੀਗੜ੍ਹ ਵਿਖੇ ਕਿਹਾ ਕਿ ਪੰਜਾਬੀ ਪੰਜਾਬ ਦੀ ਸਿਰਮੌਰ ਭਾਸ਼ਾ ਹੈ, ਇਸ ਦੀ ਤਰੱਕੀ ਹੋਣੀ ਲਾਜ਼ਮੀ ਹੈ। ਦਸੰਬਰ 23, 1960 ਨੂੰ ਵੀ ਰਾਜਪੁਰੇ ਤੋਂ ਪੰਜਾਬੀ ਦੀ ਉਨਤੀ ਨੂੰ ਦੁਹਰਾਇਆ। ਜਨਵਰੀ 4, 1961 ਨੂੰ ਮਾਸਟਰੀ ਜੀ ਨੂੰ ਰਿਹਾਅ ਕਰ ਦਿੱਤਾ।

ਜਨਵਰੀ 7, 1961 ਨੂੰ ਮਾਸਟਰ ਜੀ ਪ੍ਰਧਾਨ ਮੰਤਰੀ ਨਹਿਰੂ ਨਾਲ ਮੁਲਾਕਾਤ ਕੀਤੀ। ਪ੍ਰਧਾਨ ਮੰਤਰੀ ਨੇ ਵਿਸ਼ਵਾਸ ਦਿਵਾਇਆ ਕਿ ਪੰਜਾਬੀ ਇੱਕ ਭਾਸ਼ਾਈ ਸੂਬਾ ਬਣੇਗਾ ਪਰ ਪੰਜਾਬ ਨੂੰ ਇੱਕੋ ਖ਼ਿੱਤੇ ਵਜੋਂ ਮਾਨਤਾ ਦੇਣੀ ਮੁਸ਼ਕਿਲ ਹੈ। ਫਿਰ ਵੀ ਸਰਕਾਰ ਸੰਤ ਜੀ ਦੀ ਸਿਹਤ ਲਈ ਚਿੰਤਾਤੁਰ ਹੈ। ਇਸ ਲਈ ਸੰਤ ਜੀ ਵਰਤ ਛੱਡ ਦੇਣ। ਮਾਸਟਰ ਜੀ ਨੇ ਸੰਤ ਜੀ ਨੂੰ ਕਿਹਾ ਕਿ ਛੇਤੀ ਹੀ ਹੱਲ ਨਿਕਲੇਗਾ। ਸੰਤ ਜੀ ਨੇ 8 ਜਨਵਰੀ 1961 ਨੂੰ ਵਰਤ ਛੱਡ ਦਿੱਤਾ। 1960-61 ਦੇ ਮੋਰਚੇ ਦੌਰਾਨ ਸਰਕਾਰ ਅਨੁਸਾਰ 30 ਹਜ਼ਾਰ ਗ੍ਰਿਫ਼ਤਾਰੀਆਂ ਹੋਈਆਂ। ਪਰ ਅਕਾਲੀਆਂ ਅਨੁਸਾਰ ਗਿਣਤੀ 57 ਹਜ਼ਾਰ ਤੋਂ ਉਪਰ ਸੀ। ਸੰਤ ਜੀ ਅਤੇ ਪ੍ਰਧਾਨ ਮੰਤਰੀ ਨਹਿਰੂ ਵਿਚਕਾਰ ਤਿੰਨ ਮੁਲਾਕਾਤਾਂ ਹੋਈਆਂ। ਜਿਵੇਂ 8 ਫਰਵਰੀ 1961, 1 ਮਾਰਚ 1961, 12 ਮਈ 1961। ਤਿੰਨੇ ਅਸਫਲ ਰਹੀਆਂ। ਸਰਕਾਰ ਪੰਜਾਬ ਦੇ ਵੱਖ ਵੱਖ ਇਲਾਕਿਆਂ ਨੂੰ ਰਾਜ ਬਣਾਉਣ ਲਈ ਤਿਆਰ ਨਹੀਂ ਸੀ।

ਵਿਰੋਧ ਵਿੱਚ ਮਾਸਟਰ ਜੀ ਨੇ ਅਗਸਤ 15,1961 ਨੂੰ ਹਰਿਮੰਦਰ ਸਾਹਿਬ ਤੋਂ ਵਰਤ ਰੱਖ ਦਿੱਤਾ। ਪ੍ਰਧਾਨ ਮੰਤਰੀ ਨੇ ਹਰਦਿੱਤ ਸਿੰਘ ਮਲਿਕ ਰਾਹੀਂ ਮੰਗਾਂ ਮੰਨੇ ਜਾਣ ਦਾ ਵਿਸ਼ਵਾਸ ਦਿਵਾ ਕੇ ਅਕਤੂਬਰ 1, 1961 ਨੂੰ ਮਾਸਟਰ ਜੀ ਦਾ ਵਰਤ ਤੁੜਵਾ ਲਿਆ। ਇਹ ਸਿਰਫ਼ ਇੱਕ ਚੋਣਾਂ ਦੀ ਰਾਜਨੀਤਕ ਚਾਲ ਸੀ। ਸੰਨ 1962 ਦੀਆਂ ਚੋਣਾਂ ਵਿੱਚ ਪ੍ਰਤਾਪ ਸਿੰਘ ਕੈਰੋਂ ਦੂਸਰੀ ਵਾਰ ਮੁੱਖ ਮੰਤਰੀ ਬਣੇ। ਜਨਵਰੀ 18, 1965 ਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿੱਚ ਸੰਤ ਫਤਹਿ ਸਿੰਘ ਆਗੂ ਬਣੇ। ਉਹਨਾਂ ਨੇ ਬੜੇ ਸੰਤੁਲਿਤ ਢੰਗ ਨਾਲ ਸੰਘਰਸ਼ ਨੂੰ ਅਗਾਂਹ ਤੋਰਿਆ। ਮਾਸਟਰ ਜੀ ਨੇ ਖੁਦ ਮੁਖਤਿਆਰ ਪੰਜਾਬੀ ਸੂਬਾ ਦੀ ਜ਼ੋਰਦਾਰ ਮੰਗ ਉਠਾਈ। ਸੰਤ ਜੀ ਨੇ ਸਰਕਾਰ ਦੇ ਪੱਖਪਾਤ ਦੀ ਨਿਖੇਧੀ ਕੀਤੀ। ਬਿਨਾ ਵਜਾ ਮੰਗਾਂ ਨੂੰ ਲਮਕਾਉਣ ਦੇ ਦੋਸ਼ ਲਾਏ। ਸੰਤ ਜੀ ਨੇ 7-8 ਅਕਤੂਬਰ 1965 ਨੂੰ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ, ਗ੍ਰਹਿ ਮੰਤਰੀ ਗੁਲਜਾਰੀ ਲਾਲ ਨੰਦਾ ਅਤੇ ਗ੍ਰਹਿ ਸਕੱਤਰ ਐਲ. ਪੀ. ਨਾਲ ਮੁਲਾਕਾਤਾਂ ਕੀਤੀਆਂ। ਸੰਤ ਜੀ ਨੇ ਸਪਸ਼ਟ ਕੀਤਾ ਕਿ ਵਾਰ ਵਾਰ ਮੰਗਾਂ ਠੁਕਰਾਉਣ ਤੇ ਸਿੱਖ ਵੀ ਜਵਾਬੀ ਕਾਰਵਾਈ ਕਰ ਸਕਦੇ ਹਨ। ਪ੍ਰਧਾਨ ਮੰਤਰੀ ਨੇ ਵਿਸ਼ਵਾਸ ਦਿਵਾਇਆ ਕਿ ਸਿੱਖਾਂ ਦੇ ਸਾਰੇ ਸ਼ੰਕੇ ਦੂਰ ਕੀਤੇ ਜਾਣਗੇ। ਅਗਸਤ 16, 1965 ਨੂੰ ਸੰਤ ਜੀ ਨੇ ਮਰਨ ਵਰਤ ਰੱਖ ਲਿਆ। ਉਨ੍ਹਾਂ ਕਿਹਾ ਕਿ ਸਤੰਬਰ 25, 1965 ਨੂੰ ਉਹ ਆਤਮ ਦਾਹ ਕਰਨਗੇ। ਹਿੰਦ ਪਾਕਿ ਜੰਗ ਸਤੰਬਰ ਵਿੱਚ ਸ਼ੁਰੂ ਹੋਣ ਕਰਕੇ ਸਤੰਬਰ 9, 1965 ਨੂੰ ਵਰਤ ਤੋੜ ਲਿਆ। (ਬਾਕੀ ਸਫ਼ਾ 30 ’ਤੇ)

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫਤੇ ’ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਲੰਗਰ ਪ੍ਰਥਾ ਦੀ ਅਸਲ ਮਹਾਨਤਾ ਨੂੰ ਪਛਾਨਣ ਦੀ ਜ਼ਰੂਰਤ



ਮਾਸਟਰ ਲਖਵਿੰਦਰ ਸਿੰਘ

ਆਮ ਬੋਲ ਚਾਲ 'ਲੰਗਰ' ਸ਼ਬਦ ਦਾ ਅਰਥ ਇਹੀ ਲਿਆ ਜਾਂਦਾ ਹੈ ਕਿ ਪਕਿਆ ਪਕਾਇਆ/ਬਣਿਆ ਬਣਾਇਆ ਮੁਫ਼ਤ ਭੋਜਨ (ਫ੍ਰੀ ਕਿਚਨ/ਫੂਡ)। ਲੋੜਵੰਦਾਂ ਦੀ ਭੁੱਖ/ਪਿਆਸ ਨੂੰ ਮਿਟਾਉਣ ਲਈ ਸਾਡੇ ਪੁਰਖਿਆਂ ਖ਼ਾਸ ਕਰਕੇ ਸਿੱਖ ਗੁਰੂ ਸਾਹਿਬਾਨ ਨੇ ਲੰਗਰ ਪ੍ਰਥਾ ਦਾ ਆਗਾਜ਼ ਕੀਤਾ। ਸਮੇਂ ਦੀ ਲੋੜ ਵੀ ਸੀ ਕਿ ਦੂਰੋਂ ਨੇੜਿਉਂ ਆਉਂਦੀ ਸੰਗਤ ਦੇ ਜੀਵਨ ਦੀ ਮੁੱਖ ਲੋੜ (ਖਾਣ-ਪੀਣ) ਦੀ ਪੂਰਤੀ ਕੀਤੀ ਜਾ ਸਕੇ। ਇਸ ਦੇ ਨਾਲ-ਨਾਲ ਇਹ ਵੀ ਮਕਸਦ ਸੀ ਕਿ ਮਨੁੱਖਤਾ ਵਿਚ ਪਈ ਊਚ-ਨੀਚ, ਜਾਤ-ਪਾਤ ਦੀ ਮੇਰ-ਤੇਰ ਦੇ ਦਵੈਤ ਭਾਵ ਨੂੰ ਵੀ ਘਟਾਉਣਾ/ਮਿਟਾਉਣਾ। ਇਸ ਲਈ ਬਿਨਾਂ ਭੇਦਭਾਵ ਪੰਗਤ ਵਿਚ ਹੀ ਲੰਗਰ ਪ੍ਰਸ਼ਾਦਿ ਛਕਣ- ਛਕਾਉਣ ਦਾ ਸਿਧਾਂਤ ਵੀ ਦਿੱਤਾ ਗਿਆ, ਜੋ ਨਿਰੰਤਰ ਜਾਰੀ ਹੈ।

ਲੰਗਰ ਆਮ ਕਰਕੇ ਧਾਰਮਿਕ ਸਥਾਨਾਂਦੀ ਹਦੂਦ ਅੰਦਰ ਹੀ ਜਾਂਫਿਰ ਬਿਲਕੁਲ ਨੇੜੇ ਕਿਸੇ ਢੁਕਵੀਂ ਥਾਂ 'ਤੇ ਚਲਾਉਣ ਦਾ ਸੇਵਾ ਭਾਵਨਾ ਨਾਲ ਪ੍ਰਬੰਧ ਕੀਤਾ ਜਾਂਦਾ ਆ ਰਿਹਾ ਹੈ। ਸੰਗਤਾਂ ਵੱਲੋਂ ਭੇਟ ਕੀਤੇ ਤਿਲ ਫੁੱਲ ਨਾਲ ਜਾਂ ਸੁੱਕੇ ਰਸਦ ਪਾਣੀ ਨੂੰ ਰਿੰਨਿਆ/ਪਕਾਇਆ ਤੇ ਵਰਤਾਇਆ ਜਾਂਦਾ ਹੈ। ਕਈ ਵਾਰ ਸੰਗਤਾਂ ਵੱਲੋਂ ਵੀ ਭੇਟ ਕੀਤਾ ਪਕਿਆ ਪਕਾਇਆ ਲੰਗਰ ਵੀ ਲੰਗਰਾਂ ਵਿੱਚ ਵਰਤਾਇਆ ਜਾਂਦਾ ਰਿਹਾ ਹੈ।

ਰਾਹੀਆਂ ਵਾਸਤੇ ਆਮ ਦੂਰ ਦਰਾਡਿਆਂ ਰਾਹਾਂ ਵਿੱਚ ਪੁੰਨ ਖਾਤੇ ਵਿੱਚ ਜਲ ਸੇਵਾ ਲਈ ਖੂਹ/ਖੂਹੀਆਂ/ਨਲਕੇ ਜਾਂ ਸਮੇਂ ਅਨੁਸਾਰ ਹੋਰ ਉਪਲੱਬਧ ਸਾਧਨਾਂ ਦਾ ਪ੍ਰਬੰਧ ਵੀ ਕੀਤਾ ਜਾਂਦਾ ਆ ਰਿਹਾ ਹੈ। ਕਹਿਣ ਦਾ ਭਾਵ ਆਪਣੀ ਆਰਥਿਕ ਸਮਰੱਥਾ ਤੇ ਆਸਥਾ ਅਨੁਸਾਰ ਮਨੁੱਖਪੁੰਨ ਦਾਨ ਵਜੋਂ ਲੋੜਵੰਦ ਭੁੱਖੇ ਪਿਆਸੇ ਨੂੰ ਪ੍ਰਸ਼ਾਦਾ ਪਾਣੀ ਛਕਾ ਕੇ ਉਸ ਦੀ ਭੁੱਖ ਤ੍ਰੇਹ ਨੂੰਤ੍ਰਿਪਤ ਕਰਨ ਦੀ ਸੇਵਾ ਨੂੰ ਮੁੱਖ ਸੇਵਾ ਸਮਝ ਕੇ ਤਨੋਂ ਮਨੋਂ ਤੇ ਧਨੋਂ ਕਰਦਾ ਆ ਰਿਹਾ ਹੈ। ਇਹ ਸੇਵਾ ਭਾਵਨਾਹੁਣ ਵੀ ਸਿਖਰਾਂ 'ਤੇ ਹੈ। ਹੁਣ ਤਾਂ ਆਰਥਿਕਤਾ ਵਿੱਚ ਸੁਧਾਰ ਹੋਣ ਕਰਕੇ ਲੰਗਰਾਂ ਦੇ ਖਾਣਿਆਂ ਵਿੱਚ ਵੀ ਵੰਨ-ਸੁਵੰਨੇ ਪਦਾਰਥਾਂ ਦੀ ਭਰਮਾਰ ਹੋਣੀ ਵੀ ਸ਼ੁਰੂ ਹੋ ਗਈ ਹੈ। ਨਾਲ-



ਨਾਲ ਇਹ ਵੀ ਕਿ ਲੰਗਰ ਧਾਰਮਿਕ ਸਥਾਨਾਂ ਦੀਆਂ ਹੱਦਾਂ ਤੱਕ ਸੀਮਤ ਵੀ ਨਹੀਂ ਰਹੇ। ਸਗੋਂ ਲੰਗਰ ਪ੍ਰਥਾ ਤਾਂ ਪਿੰਡ-ਪਿੰਡ/ ਸ਼ਹਿਰ-ਸ਼ਹਿਰਤੇ ਇਸ ਤੋਂ ਵੀ ਅੱਗੇ ਵੱਧ ਕੇ ਗਲੀਆਂ-ਮੁਹੱਲਿਆਂ ਤੱਕ ਪਹੁੰਚ ਚੁੱਕੀ ਹੈ। ਖ਼ਾਸ ਕਰਕੇ ਵਿਸ਼ੇਸ਼ ਦਿਨ-ਦਿਹਾੜਿਆਂ (ਮੱਸਿਆ/ਮੇਲਿਆਂ) ਦੌਰਾਨ ਥਾਂ-ਥਾਂ ਲੰਗਰ ਲਾ ਕੇ ਸੰਗਤਾਂ ਆਪਣੀ ਸ਼ਰਧਾ/ਆਸਥਾਦਾ ਇਜ਼ਹਾਰ ਕਰ ਰਹੀਆਂ ਹੁੰਦੀਆਂ ਹਨ। ਕੁਝ ਲੰਗਰ ਕੁਝ ਵਾਟ (ਵਿੱਥ) 'ਤੇ ਹੀ ਹਟਵੇਂ ਹੁੰਦੇ ਹਨ, ਕੁਝ ਆਹਮੋ-ਸਾਹਮਣੇ ਤੇ ਕਈਆਂ ਦੀ ਹੱਦਾਂ ਵੀ ਇਕ-ਦੂਜੇ ਨਾਲ ਹੀ ਜੁੜੀਆਂ ਹੁੰਦੀਆਂ ਹਨ। ਰੀਸੋ-ਰੀਸੀ ਵੱਡੇ-ਵੱਡੇ ਲਾਊਡ ਸਪੀਕਰਾਂ ਨਾਲ ਸ਼ਬਦ ਭਜਨ ਵੀ ਗੂੰਜ ਰਹੇ ਹੁੰਦੇ ਹਨ ਤੇ ਨਾਲੋ-ਨਾਲ ਵੰਨ-ਸਵੰਨੇ ਸਵਾਦਿਸ਼ਟ ਖਾਧ ਪਦਾਰਥਾਂ ਦਾ ਨਾਂਅ ਲੈ-ਲੈ ਕੇ ਲੰਗਰ ਛਕਣ ਲਈ ਹੱਥ ਬੰਨ੍ਹ-ਬੰਨ੍ਹ (ਜੋੜ-ਜੋੜ) ਕੇ ਬੇਨਤੀਆਂ/ਜੋਦੜੀਆਂ ਵੀ ਕੀਤੀਆਂ ਜਾਂਦੀਆਂ ਹਨ। ਇਹ ਸਭ ਕੁਝ ਇੰਝ ਲੱਗਦਾ ਹੁੰਦਾ ਹੈ, ਜਿਵੇਂ ਸ਼ਰਧਾ ਦੀ ਇਸ ਮੁਕਾਬਲੇਬਾਜ਼ੀ ਵਿੱਚ ਸੰਗਤਾਂ ਨੂੰ ਬਦੋਬਦੀ ਲੰਗਰ ਛਕਣ ਲਈ ਮਜਬੂਰ ਕੀਤਾ ਜਾ ਰਿਹਾ ਹੋਵੇ। ਵੈਸੇ ਵੀ ਆਵਾਜਾਈ ਦੇ ਤੇਜ਼ ਤਰਾਰ ਸਾਧਨ ਹੋਣ ਕਰਕੇ ਵਾਟਾਂ ਲੰਮੇਰੀਆਂ ਨਹੀਂ ਰਹੀਆਂ ਅਤੇ ਕਿਤੇ ਵੀ ਪਹੁੰਚ ਕਾਫ਼ੀ ਸੁਖਾਲੀ ਵੀ ਹੋ ਗਈ ਹੈ। ਸ਼ਾਇਦ ਹੀ ਕਿਸੇ ਨੂੰ ਰਾਹ ਵਿਚ ਏਡੀ ਛੇਤੀ ਪ੍ਰਸ਼ਾਦਾ ਛਕਣ ਦੀ ਲੋੜ ਪੈਂਦੀ ਹੋਵੇਗੀ ਪਰ ਫਿਰ ਵੀ ਕਈ ਥਾਈਂ ਬਦੋਬਦੀ ਲੰਗਰ ਛਕਾਉਣ ਲਈ ਆਰਜ਼ੀ ਰੋਕਾਂ ਵੀ ਲਾਈਆਂ ਹੁੰਦੀਆਂ ਹਨ।

ਲੰਗਰਾਂ ਵਿਚ ਪ੍ਰਸ਼ਾਦਾ ਪਾਣੀਵੀ ਖੁੱਲ੍ਹੇ ਰੂਪ ਵਿਚ ਤਿਆਰ ਕੀਤਾ ਜਾਂਦਾ ਹੈ ਤਾਂਕਿ ਲੰਗਰ ਮਸਤਾਨੇ(ਥੁੜ੍ਹ) ਨਾ ਜਾਣ, ਜਿਸ ਕਰਕੇ ਨੇੜੇ-ਨੇੜੇ ਜਾਂ ਕੁਝ ਦੂਰੀ ਤੇ ਚਲਦੇ ਲੰਗਰਾਂ ਵਿੱਚ ਬੇਹਿਸਾਬੇ ਤਿਆਰ ਲੰਗਰ ਦਾ ਇੱਕ ਵੱਡਾ ਹਿੱਸਾ ਅ ਣ ਵ ੰ ਿ ਡ ਅ ਾ (ਅਣਵਰਤਾਇਆ) ਵੀ ਰਹਿ ਜਾਂਦਾ ਹੋਵੇਗਾ। ਅਣਜਾਣੇ 'ਚ ਸੁੱਤੇ ਸਿਧ ਹੁੰਦੀ ਇਹ ਅੰਨ੍ਹ ਬਰਬਾਦੀ ਪੁੰਨ ਦਾਨ/ਸੇਵਾ ਦੀ ਸ਼ਰਧਾ/ਆਸਥਾ ਨੂੰ ਇਕਵਾਰ ਤਾਂ ਜ਼ਰੂਰ ਢਾਹ ਲਾਉਂਦੀ ਹੈ ਅਤੇ ਸਵਾਲ ਵੀ ਖੜ੍ਹੇ ਕਰਦੀ ਹੈ ਕਿ ਲੰਗਰ ਲੋੜਵੰਦਾਂ ਦੇ ਢਿੱਡ ਭਰਨ ਲਈ ਹੁੰਦੇ ਨੇ।

ਲੰਗਰ ਛਕਣ ਵਾਲਿਆਂ ਵਿੱਚ ਵੀ ਕੁਝ ਜ਼ਬਾਨ ਦੇ ਚਸਕੇ ਵਾਲੇ ਆਪਣੀ ਪਸੰਦੀਦਾ ਲੰਗਰ ਦੀ ਭਾਲ ਵਿੱਚ ਲੰਗਰਾਂ ਦੀ ਟੋਹ ਲਾ ਕੇ ਇਥੋਂ-ਉਥੋਂ ਦੀ ਛਕਣ ਦੇ ਰਉਂਵਿਚ ਹੁੰਦੇ ਹਨ। ਇਹ ਰਉਂ ਵੀ ਲੰਗਰ ਦੀ ਮਾਣ ਮਰਿਆਦਾ ਨੂੰ ਭੰਗ ਕਰਦਾ ਹੈ।

ਸੋ, ਲੰਗਰ ਦੀ ਮਾਣ ਮਰਿਯਾਦਾ ਕਾਇਮ ਰੱਖਣ ਲਈ ਸਾਰੇ ਲੰਗਰ ਹੀ ਸਾਦੇ ਭੋਜਨ ਦੇ ਅਤੇ ਢੁਕਵੀਂ ਦੂਰੀ 'ਤੇ ਹੋਣ, ਜਿਥੋਂ ਹਰ ਲੋੜਵੰਦ ਬਗ਼ੈਰ ਕਿਸੇ ਝਿਜਕਦੇ ਖ਼ੁਦ ਲੋੜ ਅਨੁਸਾਰ ਜੀਅ ਭਰ ਕੇ ਛਕ ਸਕੇ ਅਤੇ ਰੱਜਿਆਂ ਨੂੰ ਹੋਰ ਰਜਾਉਣ ਲਈ ਵੱਖ-ਵੱਖ ਸਵਾਦਿਸ਼ਟ ਪਦਾਰਥਾਂ ਦੇ ਨਾਂਅ ਲੈ-ਲੈ ਕੇ ਹੋਰ ਬੇਨਤੀਆਂ ਆਦਿ ਨਾ ਕਰਨੀਆਂ ਪੈਣ।

'ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥ ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥ ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥' (ਅੰਗ 1245) ਅਨੁਸਾਰ ਚਲਦਿਆਂ ਭੁੱਖ ਤ੍ਰੇਹ ਨੂੰ ਤ੍ਰਿਪਤ ਕਰਨ ਵਾਲੇ ਲੰਗਰਾਂ ਦੇ ਨਾਲ ਹੋਰ ਲੰਗਰ ਅਭਿਆਨ ਜਿਵੇਂ ਸਾਹਾਂ ਦੇ ਲੰਗਰ (ਧਰਤੀ ਸੁਹਾਵੀ ਬਣਾਉਣ ਲਈ ਰੁੱਖ ਲਾਉਣੇ ਪਾਲਣੇ), ਵਿੱਦਿਆ ਦੇ ਪਸਾਰ ਦੇ ਲੰਗਰ ਤੇ ਹੋਰ ਜ਼ਰੂਰੀ ਜ਼ਰੂਰਤਾਂ ਦੀ ਪੂਰਤੀ ਕਰਨ ਦੇ ਲੰਗਰ ਆਦਿ) ਵੱਲ ਵੀ ਧਿਆਨ ਦੇਣ ਦੀ ਲੋੜ ਹੈ।

ਇੱਥੇ ਇਕ ਹੋਰ ਗੱਲਸੋਚਣ/ਵਿਚਾਰਨ ਦੀ ਹੈ ਕਿ ਖ਼ਾਸ ਦਿਨ-ਦਿਹਾੜਿਆਂ ਸਮੇਂ ਬੇਸ਼ੁਮਾਰ ਚਲਦੇ ਲੰਗਰਾਂ 'ਚ ਬਹੁਤ ਸਾਰੇ ਖ਼ਾਸ ਲੋੜਵੰਦਾਂ ਦੀ ਭੁੱਖ ਤ੍ਰੇਹ ਜ਼ਰੂਰ ਹੀ ਸ਼ਾਂਤ ਹੋ ਜਾਂਦੀ ਹੋਵੇਗੀ ਪਰ ਦਿਨ ਦਿਹਾੜਿਆਂ ਦਾ ਸਮਾਂ ਲੰਘਣ ਤੋਂ ਬਾਅਦ ਲੋੜਵੰਦਾਂ ਦੀ ਪੇਟ ਪੂਜਾ ਕਿਵੇਂ ਹੁੰਦੀ ਹੋਵੇਗੀ? ਗੁਰਧਾਮਾਂ ਤੋਂ ਬਗ਼ੈਰ ਉਨ੍ਹਾਂ ਵਾਸਤੇ ਥਾਂ-ਥਾਂ ਸਦਾ ਬਹਾਰ ਲੰਗਰਚਲਦੇ ਰੱਖਣੇ ਵੀ ਸੰਭਵ ਨਹੀਂ। ਓਧਰ ਹਮੇਸ਼ਾ ਲੰਗਰਾਂ 'ਤੇ ਟੇਕ ਰੱਖਣੀ ਮੁਫ਼ਤਖੋਰੀ ਵਿਹਲੜਪਨ ਨੂੰ ਵੀ ਉਤਸ਼ਾਹਿਤ ਕਰਨਤੇ ਕਿਰਤੀ ਬਿਰਤੀ ਤੋਂ ਵੀ ਪਾਸਾ ਵੱਟਣ (ਦੂਰ ਕਰਨ) ਦਾ ਸਬੱਬ ਵੀ ਬਣਦੀ ਹੈ।

'ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥'(ਅੰਗ 1245) ਅਜਿਹੇ ਨਿਵੇਕਲੇ ਮਾਰਗ ਨੂੰ ਪਛਾਣਦਿਆਂ ਦਾਨ ਪੁੰਨ ਦੀ ਬਿਰਤੀ ਵਾਲੇ ਪਰਉਪਕਾਰੀ ਜਨਾਂ ਅਤੇ ਨੇੜਲੇ ਆਲੇ-ਦੁਆਲੇ ਦੇ ਇਲਾਕਿਆਂ ਦੀਆਂ ਲੰਗਰ ਕਮੇਟੀਆਂ/ਸੰਪਰਦਾਵਾਂ ਨੂੰ ਸਿਰ ਜੋੜ ਕੇ ਸੋਚ ਵਿਚਾਰ ਕਰਨੀ ਚਾਹੀਦੀ ਹੈ ਕਿ ਖ਼ਾਸ ਮੌਕਿਆਂ 'ਤੇ ਲੰਗਰਾਂ ਦੀ ਬਹੁਤਾਤ ਮਚਾਉਣ ਦੀ ਹੋੜ ਦਾ ਤਿਆਗ ਕਰ ਕੇ ਲੰਗਰ ਚਲਾਉਣ ਦੀ ਸਰਬ ਸਾਂਝ ਕਾਇਮ ਕਰਨੀ ਬੜਾ ਜ਼ਰੂਰੀ ਐ। ਸਲਾਹ ਮਸ਼ਵਰੇ ਨਾਲ ਢੁੱਕਵੀਂ ਦੂਰੀ ਉਤੇ ਸਾਦੇ ਲੰਗਰ ਹੀ ਚਲਾਏ ਜਾਣ ਦੀ ਪਰੰਪਰਾ ਕਾਇਮ ਕੀਤੀ ਜਾਣੀ ਚਾਹੀਦੀ ਹੈ। ਜਿੱਥੋਂ ਲੋੜਵੰਦ ਰਾਹੀਂ ਖ਼ੁਦ ਲੋੜ ਅਨੁਸਾਰ ਪ੍ਰਸ਼ਾਦ ਪਾਣੀ ਛਕਣ ਲਈ ਸਰਬਸਾਂਝੇ ਚਲਦੇ ਲੰਗਰਾਂ ਵਿਚ ਉਚੇਚੀ ਸ਼ਿਰਕਤ ਕਰਨ। ਭੁੱਖ ਲੱਗਣ 'ਤੇ ਸਾਦਾ ਅੰਨ੍ਹ ਪਾਣੀ ਛਕਣ ਦਾ ਜੋ ਆਨੰਦ ਆਉਂਦਾ ਹੈ, ਉਹ ਵਰਨਣ ਤੋਂ ਬਾਹਰਾ ਹੀ ਹੁੰਦਾ ਹੈ। ਅਸਲ ਵਿਚ ਭੁੱਖ ਲੱਗਣ 'ਤੇ ਹੀ ਅੰਨ੍ਹ ਪਾਣੀ ਦੀ ਕਦਰ ਪੈਂਦੀ ਹੈ,

(ਬਾਕੀ ਸ.ਫਾ 30 'ਤੇ)



# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035




# ਭਾਰਤ ਨਾਲੋਂ ਬਹੁਤ ਵੱਖਰਾ ਹੈ ਕੈਨੇਡਾ ਦਾ ਵਾਤਾਵਰਨ

## ਭਾਰਤ 'ਚ ਖ਼ੂਬਸੂਰਤ ਤੇ ਵਧੀਆ ਵਾਤਾਵਰਨ ਲਈ ਕੈਨੇਡਾ ਤੋਂ ਲਈ ਜਾਵੇ ਸੇਧ



**ਪ੍ਰਿੰਸੀਪਲ ਵਿਜੈ ਕੁਮਾਰ**



ਕੈਨੇਡਾ ਦੇ ਹਵਾਈ ਅੱਡੇ ਦੇ ਬਾਹਰ ਆ ਕੇ ਗੱਡੀ ਵਿੱਚ ਸਫ਼ਰ ਕਰਦਿਆਂ ਜਿੱਧਰ ਵੀ ਨਜ਼ਰ ਜਾਂਦੀ ਹੈ, ਦੂਰ-ਦੂਰ ਤਕ ਰੁੱਖ ਹੀ ਰੁੱਖ ਅਤੇ ਚਾਰੇ ਪਾਸੇ ਹਰਿਆਲੀ ਹੀ ਨਜ਼ਰ ਆਉਂਦੀ ਹੈ। ਸਾਫ਼-ਸੁਥਰੀਆਂ ਸੜਕਾਂ, ਧੂੜ-ਮਿੱਟੀ ਦਾ ਨਾਮੋ-ਨਿਸ਼ਾਨ ਨਹੀਂ। ਬਹੁਤ ਜ਼ੋਰ ਦੀ ਵਰਖਾ ਲੱਗਣ ਤੋਂ ਬਾਅਦ ਵੀ ਸੜਕਾਂ ਉੱਤੇ ਪਾਣੀ ਦੀ ਇੱਕ ਬੂੰਦ ਦਾ ਖੜ੍ਹਾ ਨਾ ਹੋਣਾ ਇਸ ਮੁਲਕ ਦੀ ਸਰਕਾਰ, ਪ੍ਰਬੰਧਕਾਂ ਤੇ ਲੋਕਾਂ ਦੀ ਪ੍ਰਸ਼ੰਸਾ ਕਰਨ ਲਈ ਮਜਬੂਰ ਕਰਦਾ ਹੈ। ਗੱਡੀ ਚਲਾ ਰਹੇ ਆਪਣੇ ਪੁੱਤਰ ਦੇ ਰਿਸ਼ਤੇਦਾਰ ਨੂੰ ਮੈਂ ਸਵਾਲ ਕੀਤਾ, "ਇਹ ਸਾਰਾ ਕੁਝ ਕਿਵੇਂ ਹੈ?" ਉਹ ਅੱਗੋਂ ਬੋਲਿਆ, "ਅੰਕਲ, ਕੁਝ ਦਿਨ ਇਸ ਮੁਲਕ ਵਿੱਚ ਘੁੰਮ-ਫਿਰ ਲਓ,ਇੱਥੋਂ ਦੀ ਪੁਲਿਸ, ਕਾਨੂੰਨ ਅਤੇ ਪ੍ਰਬੰਧ ਅਵਸਥਾ ਨੂੰ ਕੰਮ ਕਰਦਿਆਂ ਵੇਖ ਲਓ, ਤੁਹਾਨੂੰ ਸਭ ਕੁਝ ਪਤਾ ਲੱਗ ਜਾਵੇਗਾ।" ਮੈਂ ਇਸ ਮੁਲਕ ਦੇ ਵਾਤਾਵਰਨ ਦੀ ਸ਼ੁੱਧਤਾ ਬਾਰੇ ਪਹਿਲਾਂ ਹੀ ਸੁਣ ਚੁੱਕਾਂ ਸਾਂ।ਹੁਣ ਉਸ ਨੂੰ ਅੱਖੀਂ ਵੇਖ ਕੇ ਜਾਣਨ ਦੀ ਮਨ ਵਿੱਚ ਕਾਫ਼ੀ ਕਾਹਲ ਸੀ। ਇਸ ਮੁਲਕ ਦੇ ਵਾਤਾਵਰਨ ਦੀ ਸ਼ੁੱਧਤਾ ਅਤੇ ਹਰਿਆਲੀ ਦੇ ਕਾਰਨਾਂ ਦੀ ਗੱਲ ਕਰਨ ਤੋਂ ਪਹਿਲਾਂ ਇੱਥੋਂ ਦੇ ਅਤੇ ਆਪਣੇ ਦੇਸ਼ ਦੇ ਵੱਡੇ ਸ਼ਹਿਰਾਂ ਦੀ ਹਵਾ ਦੀ ਸ਼ੁੱਧਤਾ ਦੀ ਗੁਣਵੱਤਾ ਦੇ ਪੱਧਰ ਦਾ ਪਤਾ ਲਗਾ ਲੈਂਦੇ ਹਾਂ। ਕੌਮੀ ਮੌਸਮ ਸੇਵਾਵਾਂ ਐਪ ਨੇ ਅੰਤਰਰਾਸ਼ਟਰੀ ਪੱਧਰ 'ਤੇ ਇਕ ਖਾਕਾ ਤਿਆਰ ਕੀਤਾ ਹੈ ਜਿਸ ਅਨੁਸਾਰ ਇਹ ਪਤਾ ਲੱਗਦਾ ਹੈ ਕਿ ਵੱਖ-ਵੱਖ ਦੇਸ਼ਾਂ ਦੇ ਕਿਹੜੇ-ਕਿਹੜੇ ਸ਼ਹਿਰ 'ਚ ਹਵਾ ਦੀ ਗੁਣਵੱਤਾ ਦਾ ਪੱਧਰ ਕੀ ਹੈ। ਇਹ ਖਾਕਾ ਇਸ ਆਧਾਰ ਉੱਤੇ ਬਣਾਇਆ ਗਿਆ ਹੈ ਕਿ ਉਸ ਸ਼ਹਿਰ ਦੀ ਹਵਾ ਵਿੱਚ ਜ਼ਹਿਰੀਲੇ ਤੱਤਾਂ ਦੀ ਮਾਤਰਾ ਕਿੰਨੀ ਹੈ। ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਉਹ ਹੁੰਦਾ ਹੈ ਜਿਸ ਵਿਚ ਮਨੁੱਖੀ ਜ਼ਿੰਦਗੀ ਨੂੰ ਖ਼ਤਰਾ ਪੈਦਾ ਕਰਨ ਵਾਲੀ ਕਾਰਬਨ ਮੋਨੋਆਕਸਾਈਡ ਗੈਸ ਸਭ ਤੋਂ ਵੱਧ ਹੁੰਦੀ ਹੈ। ਉਸ ਖਾਕੇ ਅਨੁਸਾਰ 0-50 ਤਕ ਸੂਚਕ ਅੰਕ ਵਾਲੇ ਨੂੰ ਅੱਛਾ, 50-100 ਤਕ ਸੂਚਕ ਅੰਕ ਵਾਲੇ ਨੂੰ ਸੰਤੋਸ਼ਜਨਕ, 100-150 ਵਾਲੇ ਨੂੰ ਮੱਧਮ, 150-200 ਵਾਲੇ ਨੂੰ ਖ਼ਰਾਬ ਤੇ 200-250 ਸੂਚਕ ਅੰਕ ਵਾਲੇ ਨੂੰ ਬੇਹੱਦ ਖ਼ਰਾਬ ਮੰਨਿਆ ਗਿਆ ਹੈ। ਹਵਾ ਦੀ ਸ਼ੁੱਧਤਾ ਦੀ ਗੁਣਵੱਤਾ ਦੇ ਆਧਾਰ 'ਤੇ ਸਾਡੇ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਦਿੱਲੀ ਦਾ ਸੂਚਕ ਅੰਕ 250, ਪੁਣੇ ਦਾ 168, ਮੁੰਬਈ ਦਾ 152, ਚੰਡੀਗੜ੍ਹ ਦਾ 151, ਜਲੰਧਰ ਦਾ 142 ਅਤੇ ਬੈਂਗਲੂਰੂ ਦਾ 117 ਦੱਸਿਆ ਗਿਆ ਹੈ। ਉਪਰੋਕਤ ਸੂਚਕ ਅੰਕਾਂ ਦੇ ਆਧਾਰ 'ਤੇ ਸਾਡੇ ਦੇਸ਼ ਦਾ ਕੋਈ ਵੀ ਸ਼ਹਿਰ ਅੱਛੇ ਵਾਲੀ ਕੈਟਾਗਰੀ ਵਿੱਚ ਨਹੀਂ ਆਉਂਦਾ।

ਹੁਣ ਕੈਨੇਡਾ ਦੇ ਸ਼ਹਿਰਾਂ ਦੀ ਹਵਾ ਦੀ ਗੁਣਵੱਤਾ ਦਾ ਸੂਚਕ ਅੰਕ ਵੀ ਵੇਖ ਲੈਂਦੇ ਹਾਂ। ਟੋਰਾਂਟੋ ਦਾ 3, ਬਰੈਂਪਟਨ ਦਾ 2, ਹੈਲੀਫੈਕਸ ਦਾ 2, ਵੈਨਕੂਵਰ ਦਾ 4, ਓਟਾਵਾ ਦਾ 3, ਕੈਲਗਰੀ ਦਾ 11 ਅਤੇ ਬਿਟਵੀ ਦਾ ਸੂਚਕ ਅੰਕ 3 ਦੱਸਿਆ ਗਿਆ ਹੈ। ਇਨ੍ਹਾਂ ਸੂਚਕ ਅੰਕਾਂ ਅਨੁਸਾਰ ਕੈਨੇਡਾ ਦਾ ਹਰ ਸ਼ਹਿਰ ਅੱਛੇ ਦੀ ਕੈਟਾਗਰੀ ਵਿਚ ਆਉਂਦਾ ਹੈ। ਸਾਡੇ ਦੇਸ਼ ਦੇ ਸ਼ਹਿਰਾਂ ਦੀ ਹਵਾ ਪ੍ਰਦੂਸ਼ਿਤ ਹੋਣ ਦਾ ਕਾਰਨ ਇਹ ਮੰਨਿਆ ਜਾਂਦਾ ਹੈ ਕਿ ਸਾਡੇ ਦੇਸ਼ ਦੀ ਆਬਾਦੀ ਜ਼ਿਆਦਾ ਹੈ ਪਰ ਅਸੀਂ ਜ਼ਿਆਦਾ ਆਬਾਦੀ ਵਾਲੇ ਦੇਸ਼ ਚੀਨ ਦੀ ਗੱਲ ਵੀ ਕਰ ਲੈਂਦੇ ਹਾਂ। ਬੀਜਿੰਗ ਦੀ ਹਵਾ ਦੀ ਗੁਣਵੱਤਾ ਦਾ ਸੂਚਕ ਅੰਕ 34, ਸ਼ਿੰਘਾਈ ਦਾ 58, ਸ਼ੇਂਝੇਨ ਦਾ 43, ਗੁਆਂਘਜ਼ੂ ਦਾ 35, ਚੇਂਗਦੂ ਦਾ 27 ਦੱਸਿਆ ਗਿਆ ਹੈ। ਇਸ ਦਾ ਅਰਥ ਇਹ ਹੋਇਆ ਕਿ ਚੀਨ ਦੇ ਇਹ ਸ਼ਹਿਰ ਵੀ ਅੱਛੇ ਦੀ ਕੈਟਾਗਰੀ ਵਿਚ ਆਉਂਦੇ ਹਨ। ਕੈਨੇਡਾ ਦੇ ਇੱਕ ਵਾਤਾਵਰਨ ਪ੍ਰੇਮੀ ਨੇ ਇਸ ਮੁਲਕ ਦੇ ਵਾਤਾਵਰਨ ਦੇ ਸ਼ੁੱਧ ਅਤੇ ਚਾਰੇ ਪਾਸੇ ਹਰਿਆਲੀ ਹੋਣ ਦੇ ਕਾਰਨ ਦੱਸਦਿਆਂ ਕਿਹਾ ਕਿ ਇੱਥੋਂ ਦੀਆਂ ਸਰਕਾਰਾਂ ਅਤੇ ਲੋਕ ਆਪਣੇ ਮੁਲਕ ਨੂੰ ਪਿਆਰ ਕਰਦੇ ਹਨ ਤੇ ਇਸ ਪ੍ਰਤੀ ਪੂਰੀ ਤਰ੍ਹਾਂ ਵਫਾਦਾਰ ਹਨ। ਇੱਥੋਂ ਦੀ ਕਾਨੂੰਨ ਵਿਵਸਥਾ ਇਸ ਢੰਗ ਦੀ ਹੈ ਕਿ ਲੋਕਾਂ ਨੂੰ ਕਾਨੂੰਨਾਂ ਦੀ ਪਾਲਣਾ ਕਰਨੀ ਹੀ ਪਵੇਗੀ। ਇਸ ਮੁਲਕ ਵਿੱਚ ਹਰ ਘਰ ਦੇ ਅੱਗੇ ਰੁੱਖ ਲੱਗਾ ਹੋਇਆ ਮਿਲੇਗਾ। ਪੌਦਾ ਸਬੰਧਤ ਸ਼ਹਿਰ ਦੀ ਨਗਰ ਕੌਂਸਲ ਲਗਾਉਂਦੀ ਹੈ ਤੇ ਬੜਾ ਹੋਣ ਤਕ ਉਸ ਦੀ ਦੇਖਭਾਲ ਕਰਦੀ ਹੈ। ਨਗਰ ਕੌਂਸਲ ਦੀਆਂ ਗੱਡੀਆਂ ਲਗਾਏ ਹੋਏ ਰੁੱਖਾਂ ਨੂੰ ਸਮੇਂ-ਸਮੇਂ 'ਤੇ ਪਾਣੀ ਲਾਉਣ ਤੇ ਖਾਦ ਪਾਉਣ ਆਉਂਦੀਆਂ ਹਨ। ਰੁੱਖ ਦੁਆਲੇ ਕੋਈ ਟਰੀ ਗਾਰਡ ਨਹੀਂ ਲਗਾਇਆ ਜਾਂਦਾ ਕਿਉਂਕਿ ਕੋਈ ਵੀ ਪਸ਼ੂ ਅਵਾਰਾ ਨਹੀਂ ਘੁੰਮਦਾ। ਉਸ ਰੁੱਖ ਦੀ ਸਾਂਭ-ਸੰਭਾਲ ਉਸ ਘਰ ਦੀ ਜ਼ਿੰਮੇਵਾਰੀ ਹੁੰਦੀ ਹੈ ਜਿਸ ਦੇ ਸਾਹਮਣੇ ਉਹ ਲੱਗਿਆ ਹੁੰਦਾ ਹੈ। ਕੋਈ ਵਿਅਕਤੀ ਆਪਣੇ ਘਰ ਦੇ ਬਾਹਰ ਕੂੜੇ-ਕਰਕਟ ਦਾ ਢੇਰ ਨਹੀਂ ਲਗਾ ਸਕਦਾ। ਘਰ ਦਾ ਕੂੜਾ ਜਾਂ ਵਾਧੂ ਸਾਮਾਨ ਕੱਢ ਕੇ ਨਾ ਅੱਗ ਲਗਾ ਸਕਦਾ ਹੈ ਤੇ ਨਾ ਹੀ ਆਪਣੇ ਆਲੇ-ਦੁਆਲੇ ਸੁੱਟ ਸਕਦਾ ਹੈ। ਕੂੜਾ ਲਿਫ਼ਾਫ਼ੇ 'ਚ ਪਾ ਕੇ ਆਪਣੇ ਵੱਖ-ਵੱਖ ਤਰ੍ਹਾਂ ਦੇ ਕੂੜੇਦਾਨ ਵਿੱਚ ਆਪਣੇ ਘਰ ਦੇ ਬਾਹਰ ਰੱਖਣਾ ਪਵੇਗਾ ਜਿਸ ਨੂੰ ਨਗਰ ਕੌਂਸਲ ਦੀ ਗੱਡੀ ਲੈ ਕੇ ਜਾਵੇਗੀ।

(ਬਾਕੀ ਸਫ਼ਾ 29 'ਤੇ)






ਕੁਝ ਸਮਾਂ ਪਹਿਲਾਂ ਜਾਰੀ ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅੰਦਰੂਨੀ ਅਤੇ ਬਾਹਰੀ ਹਵਾ ਦੇ ਪ੍ਰਦੂਸ਼ਣ ਕਾਰਨ ਹਰ ਸਾਲ ਲਗਭਗ 70 ਲੱਖ ਲੋਕ ਸਮੇਂ ਤੋਂ ਪਹਿਲਾਂ ਹੀ ਮਰ ਜਾਂਦੇ ਹਨ, ਜਿਨ੍ਹਾਂ ਵਿੱਚ 6 ਲੱਖ ਬੱਚੇ ਸ਼ਾਮਲ ਹਨ। ਇਸ ਜਾਣਕਾਰੀ ਦੇ ਆਧਾਰ 'ਤੇ ਹੀ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਵਾਤਾਵਰਨ ਪ੍ਰਦੂਸ਼ਣ ਸਾਡੀ ਸਿਹਤ ਲਈ ਕਿੰਨਾ ਜ਼ਹਿਰ ਬਣਦਾ ਜਾ ਰਿਹਾ ਹੈ। ਅੱਜ ਹਵਾ ਤੋਂ ਲੈ ਕੇ ਪਾਣੀ, ਫਲ ਅਤੇ ਸਬਜ਼ੀਆਂ ਅਤੇ ਇੱਥੋਂ ਤੱਕ ਕਿ ਰੋਜ਼ਾਨਾ ਦੀਆਂ ਚੀਜ਼ਾਂ ਵੀ ਪ੍ਰਦੂਸ਼ਿਤ ਹੋ ਗਈਆਂ ਹਨ ਅਤੇ ਕਈ ਬਿਮਾਰੀਆਂ ਦਾ ਘਰ ਬਣ ਗਈਆਂ ਹਨ।

ਪ੍ਰਦੂਸ਼ਿਤ ਹਵਾ ਸਾਹ ਲੈਣ ਨਾਲ ਨਾ ਸਿਰਫ਼ ਸਾਹ ਦੀਆਂ ਬਿਮਾਰੀਆਂ ਹੁੰਦੀਆਂ ਹਨ ਸਗੋਂ ਮੌਤ ਵੀ ਹੋ ਜਾਂਦੀ ਹੈ। ਜਦੋਂ ਹਵਾ ਵਿੱਚ ਪ੍ਰਦੂਸ਼ਕਾਂ ਦੀ ਗਿਣਤੀ ਬਹੁਤ ਜ਼ਿਆਦਾ ਵਧ ਜਾਂਦੀ ਹੈ ਤਾਂ ਸਾਹ ਲੈਣ ਵਿੱਚ ਤਕਲੀਫ਼ ਤੋਂ ਇਲਾਵਾ ਅੱਖਾਂ ਵਿੱਚ ਜਲਨ ਅਤੇ ਖੁਜਲੀ ਵੀ ਹੁੰਦੀ ਹੈ। ਦਮੇ ਤੋਂ ਇਲਾਵਾ ਸਾਹ ਦੀਆਂ ਕਈ ਬੀਮਾਰੀਆਂ ਹੋ ਜਾਂਦੀਆਂ ਹਨ। ਸਾਲ 2017 ਵਿੱਚ ਹਵਾ ਪ੍ਰਦੂਸ਼ਣ ਕਾਰਨ ਕਰੀਬ 12.4 ਲੱਖ ਮੌਤਾਂ ਹੋਈਆਂ। ਅੱਜ ਲੋਕ ਤਣਾਅ, ਡਿਪਰੈਸ਼ਨ, ਸ਼ੂਗਰ ਅਤੇ ਹਾਰਟ ਅਟੈਕ ਵਰਗੀਆਂ ਬਿਮਾਰੀਆਂ ਦੀ ਲਪੇਟ ਵਿੱਚ ਹਨ, ਜੋ ਹਵਾ ਪ੍ਰਦੂਸ਼ਣ ਕਾਰਨ ਹੁੰਦੀਆਂ ਹਨ। ਇਕ ਤਾਜ਼ਾ ਅਧਿਐਨ ਅਨੁਸਾਰ ਟ੍ਰੈਫਿਕ ਨਾਲ ਸਬੰਧਤ ਪ੍ਰਦੂਸ਼ਣ ਬੱਚਿਆਂ ਦੇ ਦਿਮਾਗ 'ਤੇ ਮਾੜਾ ਪ੍ਰਭਾਵ ਪਾਉਂਦਾਹੈ ਅਤੇ ਕਈ ਮਾਨਸਿਕ ਵਿਗਾੜਾਂ ਨੂੰ ਜਨਮ ਦਿੰਦਾ ਹੈ। ਇਕ ਹੋਰ ਅਧਿਐਨ ਮੁਤਾਬਕ ਪ੍ਰਦੂਸ਼ਣ ਕਾਰਨ ਗਰਭਪਾਤ ਦਾ ਵੀ ਖਤਰਾ ਰਹਿੰਦਾ ਹੈ।

ਹਵਾ ਪ੍ਰਦੂਸ਼ਣ ਦੇ ਕਈ ਕਾਰਨ ਹਨ, ਜਿਨ੍ਹਾਂ ਵਿੱਚੋਂ ਮੁੱਖ ਕਾਰਖਾਨਿਆਂ ਅਤੇ ਕਾਰਖਾਨਿਆਂ ਵਿੱਚੋਂ ਨਿਕਲਣ ਵਾਲਾ ਧੂੰਆਂ, ਸਸਪੈਂਡਡ ਪਾਰਟੀਕੁਲੇਟ ਮੈਟਰ, ਲੀਡ ਅਤੇ ਨਾਈਟ੍ਰੋਜਨ ਆਕਸਾਈਡ ਆਦਿ ਹਨ।

ਕੂੜਾ ਵਾਤਾਵਰਨ ਨੂੰ ਪ੍ਰਦੂਸ਼ਿਤ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾ ਰਿਹਾ ਹੈ। ਵੱਖ-ਵੱਖ ਥਾਵਾਂ 'ਤੇ ਕੂੜਾ ਸਾੜਨ ਅਤੇ ਸੁੱਟਣ ਨਾਲ ਬਹੁਤ ਸਾਰੀਆਂ ਹਾਨੀਕਾਰਕ ਗੈਸਾਂ ਪੈਦਾ ਹੁੰਦੀਆਂ ਹਨ ਅਤੇ ਜਦੋਂ ਸ਼ੁੱਧ ਹਵਾ ਵਿੱਚ ਰਲ ਜਾਂਦੀ ਹੈ, ਤਾਂ ਇਹ ਜ਼ਹਿਰੀਲੀ ਹੋ ਜਾਂਦੀ ਹੈ।

ਵੇਖਣ ਵਿੱਚ ਆਇਆ ਹੈ ਕਿ ਕੁਝ ਲੋਕ ਆਪਣੇ ਘਰਾਂ ਦੇ ਆਲੇ ਦੁਆਲੇ ਲੱਗੇ ਘਾਹ ਅਤੇ ਕੂੜੇ ਆਦਿ ਨੂੰ ਹਰ ਦਿਨ ਵਾਂਗ ਹੀ ਅੱਗ ਲਗਾ ਦਿੰਦੇ ਹਨ, ਜਿਸ ਨਾਲ ਬਹੁਤ ਧੂੰਆਂ ਪੈਦਾ ਹੁੰਦਾ ਹੈ, ਜੋ ਕਿ ਜ਼ਹਿਰੀਲਾ ਹੁੰਦਾ ਹੈ। ਇਹ ਜ਼ਹਿਰੀਲਾ ਧੂੰਆਂ ਮਨੁੱਖ ਦੇ ਸਾਹ ਲੈਣ ਵਿੱਚ ਰੁਕਾਵਟ ਪੈਦਾ ਕਰਦਾ ਹੈ ਅਤੇ ਮਨੁੱਖ ਕਈ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ।

ਜਿਵੇਂ ਸਿਹਤਮੰਦ ਜੀਵਨ ਜਿਊਣ ਲਈ ਸਾਫ਼ ਹਵਾ ਦੀ ਲੋੜ ਹੁੰਦੀ ਹੈ, ਉਸੇ ਤਰ੍ਹਾਂ ਸਾਫ਼ ਪਾਣੀ ਦੀ ਵੀ ਲੋੜ ਹੁੰਦੀ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਪਾਣੀ ਹੀ ਜੀਵਨ ਹੈ। ਪਰ ਅੱਜ ਇਹ ਪਾਣੀ ਕਈ ਭਿਆਨਕ ਬਿਮਾਰੀਆਂ ਨੂੰ ਜਨਮ ਦੇ ਰਿਹਾ ਹੈ। ਇਸ ਦਾ ਕਾਰਨ ਪਾਣੀ ਦਾ ਪ੍ਰਦੂਸ਼ਣ ਹੈ। ਫੈਕਟਰੀਆਂ ਵਿੱਚੋਂ ਨਿਕਲਣ ਵਾਲਾ ਕੂੜਾ ਦਰਿਆਵਾਂ ਵਿੱਚ ਸੁੱਟਿਆ ਜਾਂਦਾ ਹੈ। ਗੰਦੇ ਨਾਲਿਆਂ ਵਿੱਚੋਂ ਨਿਕਲਦਾ ਪਾਣੀ ਦਰਿਆਵਾਂ ਵਿੱਚ ਦਾਖਲ ਹੋ ਕੇ ਉਨ੍ਹਾਂ ਨੂੰ ਪ੍ਰਦੂਸ਼ਿਤ ਕਰਦਾ ਹੈ। ਇਹ ਪ੍ਰਦੂਸ਼ਿਤ ਪਾਣੀ ਡਾਇਰੀਆ, ਟਾਈਫਾਈਡ ਅਤੇ ਹੈਜ਼ਾ ਵਰਗੀਆਂ ਕਈ ਬਿਮਾਰੀਆਂ ਫੈਲਾਉਂਦਾ ਹੈ।

ਵਾਤਾਵਰਨ ਨੂੰ ਬਚਾਉਣ ਲਈ ਸਰਕਾਰ ਨੂੰ ਕੁਝ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ, ਪਰ ਇਸ ਤੋਂ ਇਲਾਵਾ ਸਾਨੂੰ ਆਪਣੇ ਪੱਧਰ 'ਤੇ ਵੀ ਕੁਝ ਕਦਮ ਚੁੱਕਣੇ ਚਾਹੀਦੇ ਹਨ।




ਲਾਂਚ ਵਿੱਚ ਤੀਜੇ ਦਰਜੇ ਦੇ ਮੁਸਾਫ਼ਰਾਂ ਵਾਲੀ ਥਾਂ ਨੱਕੋ-ਨੱਕ ਭਰੀ ਹੋਈ ਸੀ। ਉੱਤੇ ਪਹਿਲੇ ਦਰਜੇ ਦੀ ਖੁੱਲ੍ਹ ਵਿੱਚੋਂ ਦੋ ਅੰਗਰੇਜ਼ ਫ਼ੌਜੀ ਅਫ਼ਸਰ ਏਸ ਕੁਰਬਲ-ਕੁਰਬਲ ਥਾਂ ਵੱਲ ਤੱਕਦਿਆਂ ਗੱਲਾਂ ਕਰ ਰਹੇ ਸਨ:

ਇਹ ਪੀਨਾਂਗ ਤੋਂ ਇੰਡੀਆ ਲਈ ਜਹਾਜ਼ ਫੜਨ ਜਾ ਰਹੇ ਨੇ।

ਮੈਨੂੰ ਹੈਰਾਨੀ ਹੁੰਦੀ ਏ, ਓਥੇ ਇਹ ਅਜਕਲ ਕਾਹਨੂੰ ਜਾ ਰਹੇ ਨੇ-ਓਥੇ ਆਪਸ ਵਿੱਚ ਇੱਕ ਦੂਜੇ ਦਾ ਗਲਾ ਹੀ ਕੱਟਣਗੇ। ਤੇ ਹਾਸੇ ਵਿੱਚ ਅੱਗੋਂ ਗੱਲਾਂ ਗੁਆਚ ਗਈਆਂ ਸਨ। ਥੱਲੇ ਤੀਜੇ ਦਰਜੇ ਦੇ ਮੁਸਾਫ਼ਰਾਂ ਵਿੱਚੋਂ ਸੰਤ ਸਿੰਘ ਨੇ ਪੱਛਮ ਵੱਲ ਇਸ਼ਾਰਾ ਕਰਦਿਆਂ ਕਿਹਾ, "ਏਸ ਬੰਨੇ ਆ ਆਪਣਾ ਦੇਸ, ਰਤਾ ਕੁ ਪਹਾੜ ਵਲ।

ਪੀਨਾਂਗ ਉੱਤਰ ਕੇ ਮਤਾਬ ਦੀਨ ਸੋਚਣ ਲੱਗਾ ਕਿ ਉਹ ਇਥੇ ਕਿਥੇ ਰਹੇਗਾ? ਭਾਵੇਂ ਸਮਾਨ ਤਾਂ ਇੱਕ ਟਰੰਕੜੀ ਤੇ ਦਰੀ ਤੋਂ ਵੱਧ ਉਹਦੇ ਕੋਲ ਕੋਈ ਨਹੀਂ ਸੀ, ਪਰ ਫੇਰ ਵੀ ਰਾਤ ਨੂੰ ਸਿਰ ਲੁਕਾਣ ਲਈ ਏਸ ਪ੍ਰਦੇਸੀ ਸ਼ਹਿਰ ਵਿੱਚ ਕੋਈ ਥਾਂ ਤਾਂ ਚਾਹੀਦੀ ਸੀ ਤੇ ਮਲਾਇਆ ਵਿੱਚ ਮੀਂਹ-ਕਣੀ ਦਾ ਵੀ ਕਿਹੜਾ ਇਤਬਾਰ ਸੀ, ਛਰਾਟੇ ਮਾਰ ਕੇ ਮੀਂਹ ਵਰ੍ਹਣ ਲੱਗ ਪੈਂਦਾ ਸੀ।

ਸੰਤ ਸਿੰਘ ਇਕ ਚੀਨੀ ਦੇ ਰਿਕਸ਼ੇ ਉੱਤੇ ਆਪਣਾ ਸਮਾਨ ਟਿਕਵਾ ਚੁਕਿਆ ਸੀ, ਤੇ ਆਪਣੀ ਵਹੁਟੀ ਨੂੰ ਤੁਰਨ ਲਈ ਆਖ ਕੇ ਧੀ ਨੂੰ ਕੁਛੜ ਲੈ ਰਿਹਾ ਸੀ। ਸੰਤ ਸਿੰਘ ਤੇ ਮਤਾਬ ਦੀਨ ਗੱਡੀ ਤੇ ਲਾਂਚ ਵਿੱਚ ਹੀ ਜਾਣੂ ਹੋਏ ਸਨ। ਸਬੱਬ ਨਾਲ ਪਿੱਛੇ ਦੇਸ ਵਿੱਚ ਦੋਹਾਂ ਦਾ ਇੱਕੋ ਜ਼ਿਲ੍ਹਾ ਨਿਕਲ ਆਇਆ ਸੀ, ਤੇ ਦੋਹਾਂ ਦੇ ਪਿੰਡ ਦੋ ਕੋਹਾਂ ਦੀ ਵਿਥ ਉਤੇ ਈ ਸਨ।

ਸੰਤ ਸਿੰਘ ਨੇ ਚੱਲਣ ਲੱਗਿਆਂ ਮਤਾਬ ਦੀਨ ਨੂੰ ਕਿਹਾ, "ਚੰਗਾ ਭਰਾਵਾ, ਜੇ ਅੰਨ-ਜਲ ਹੋਇਆ ਤਾਂ ਦੋਹਾਂ ਨੂੰ ਇਕੋ ਜਹਾਜ਼ ਦੀ ਟਿਕਟ ਮਿਲ ਜਾਊ, ਤੇ ਕੱਠਿਆਂ ਈ ਸਮੁੰਦਰ ਦੀ ਮੰਜ਼ਲ ਕੱਟ ਕੇ ਪਿੰਡ ਪੁੱਜਾਂਗੇ। ਤੇ ਤੂੰ ਇਥੇ ਪੀਨਾਂਗ ਕਿਥੇ ਰਹੇਂਗਾ?

ਮੈਂ ਤੇ ਇਥੇ ਬਿਲਕੁਲ ਪ੍ਰਦੇਸੀ ਆਂ-ਕੋਈ ਭਾਈ ਬੰਦ ਵੀ ਨਹੀਂ, ਤੇ ਨਾ ਹੀ ਕਿਸੇ ਸਰਾਂ ਦਾ ਪਤਾ ਆ। ਪਰ ਏਡਾ ਚਿਰ ਕਿਥੇ ਰੁਕਣਾ ਪੈਣਾ? ਪਰਸੋਂ ਚੌਥੇ ਤਾਂ ਜਹਾਜ਼ ਜਾਣਾ। ਕਿਤੇ ਕਿਸੇ ਦੁਕਾਨ ਦੇ ਵਰਾਂਡੇ ਵਿੱਚ ਰਾਤ ਟਪਾ ਲਊਂ।

ਲੈ ਤੇ ਤੂੰ ਪਹਿਲਾਂ ਕਾਹਨੂੰ ਨਾ ਦੱਸਿਆ! ਅਸੀਂ ਗੁਰਦੁਆਰੇ ਰਹਿਣਾ ਏਂ। ਓਥੇ ਮੁਸਾਫ਼ਰਾਂ ਲਈ ਬੜਾ ਸੁਹਣਾ ਥਾਂ ਆ। ਸਗੋਂ ਤੂੰ ਵੀ ਓਥੇ ਹੀ ਚਲਿਆ ਚਲ। ਮਤਾਬ ਦੀਨ ਨੇ ਰਤਾ ਝਕਦਿਆਂ ਝਕਦਿਆਂ ਕਿਹਾ, ਭਰਾਵਾ, ਤੈਨੂੰ ਕੋਈ ਔਖ ਨਾ ਹਊ?

ਲੈ ਗੁਰੂ ਦਾ ਘਰ ਆ, ਮੈਨੂੰ ਔਖ ਕਾਹਦਾ! ਤੇ ਸੰਤ ਸਿੰਘ ਨੇ ਉਹਦਾ ਟਰੰਕ ਤੇ ਬਿਸਤਰਾ ਵੀ ਆਪਣੇ ਰਿਕਸ਼ੇ ਉੱਤੇ ਈ ਰਖਵਾ ਲਿਆ।

ਗੁਰਦਵਾਰੇ ਪੁੱਜ ਕੇ ਇਕੋ ਕੋਠੜੀ ਵਿੱਚ ਦੋਹਾਂ ਨੇ ਸਾਮਾਨ ਟਿਕਾ ਲਿਆ। ਵਿਹੜੇ ਵਿੱਚ ਇੱਕ ਦੇਸੀ ਬੋਹੜ ਲੱਗਿਆ ਹੋਇਆ ਸੀ। ਦੋਵੇਂ ਉਹਦੇ ਹੇਠਾਂ ਬਣੇ ਥੜ੍ਹੇ ਉੱਤੇ ਬਹਿ ਗਏ। ਕਿੰਨੇ ਮੁਸਾਫ਼ਰ ਓਥੇ ਠਹਿਰੇ ਹੋਏ ਸਨ। ਨੇੜੇ ਹੀ ਉਨ੍ਹਾਂ ਦੇ ਬੱਚੇ ਗੁੱਲੀ ਡੰਡਾ ਖੇਡ ਰਹੇ ਸਨ, ਇਕ ਪਾਸੇ ਕੁਝ ਗੱਭਰੂ ਹੀਰ ਗਾ ਰਹੇ ਸਨ। ਹੀਰ, ਗੁੱਲੀ ਡੰਡਾ, ਤੇ ਦੇਸ ਤੋਂ ਲਿਆ ਕੇ ਬੀਜੇ ਬੋਹੜ ਵਿੱਚ ਮਤਾਬ ਦੀਨ ਨੂੰ ਜਾਪ ਰਿਹਾ ਸੀ ਕਿ ਉਹ ਆਪਣੇ ਪਿੰਡ ਪੁੱਜ ਗਿਆ ਹੈ। ਜਦੋਂ ਅਗਲਾ ਦਿਨ ਚੜ੍ਹਿਆ ਤਾਂ ਸਾਰੇ ਗੁਰਦੁਆਰੇ ਵਿੱਚ ਅਨੋਖੀ ਚਹਿਲ ਪਹਿਲ ਸ਼ੁਰੂ ਹੋ ਗਈ। ਪਤਾ ਲੱਗਿਆ ਸੀ ਕਿ ਦੇਸ ਨੂੰ ਜਾਣ ਵਾਲਾ ਰਜ਼ੂਲਾ ਜਹਾਜ਼ ਚਾਰ ਦਿਨਾਂ ਨੂੰ ਪੀਨਾਂਗ ਲੱਗੇਗਾ। ਇਥੇ ਠਹਿਰੇ ਹੋਏ ਮੁਸਾਫ਼ਰ ਤਾਂ ਜਹਾਜ਼ ਦੀ ਆਸ ਤੇ ਹੀ ਜੀਉਂਦੇ ਸਨ। ਕਈ ਆਪਣੇ ਕੰਮ ਸਮੇਟ ਕੇ, ਜੋ ਪੈਸੇ ਜਮ੍ਹਾਂ ਹੋਏ ਲੈ ਕੇ, ਇਥੇ ਦੋ ਦੋ ਮਹੀਨਿਆਂ ਤੋਂ ਜਹਾਜ਼ ਉਡੀਕ ਰਹੇ ਸਨ। ਕਦੇ ਕਦੇ ਇਹ ਆਸ ਬਿਲਕੁਲ ਖੁਸਣ ਲੱਗ ਪੈਂਦੀ ਸੀ ਤੇ ਕਈ ਟੱਬਰ-ਟੀਰ ਵਾਲੇ, ਜਿਨ੍ਹਾਂ ਦੀ ਸੰਕੋਚ ਨਾਲ ਜੋੜੀ ਰਕਮ ਏਥੇ ਏਨੀ ਦੇਰ ਵਿਹਲੇ ਬੈਠਿਆਂ ਮੁਕਣ ਲੱਗ ਪੈਂਦੀ ਸੀ, ਨਿਰਾਸ ਹੋ ਕੇ, ਦੇਸ ਦਾ ਮੂੰਹ ਤੱਕਣ ਦੀ ਸੱਧਰ ਲਈ, ਮੁੜ ਕੇ ਏਸੇ ਪ੍ਰਦੇਸ ਵਿੱਚ ਹੀ ਉਹਨੀਂ ਥਾਵੀਂ ਚਲੇ ਜਾਂਦੇ ਸਨ, ਜਿਥੋਂ ਉਹ ਅੱਗੇ ਹੱਡ-ਭੰਨ ਮਿਹਨਤ ਕਰਦੇ ਆਏ ਸਨ। ਮਲਾਇਆ ਦੇ ਜੰਗਲਾਂ ਵਿੱਚ ਗੱਡੀਆਂ ਉੱਤੇ ਰਬੜ ਢੋਣ ਜਾਂ ਟੀਨ ਦੇ ਖੱਡੇ ਪੁੱਟਣ ਜਾਂ ਕਿਸੇ ਧਨੀ ਦੀ ਦੁਕਾਨ ਉੱਤੇ ਪਹਿਰਾ ਦੇਣ। ਪਰ ਅੱਜ ਸਭਨਾਂ ਦੇ ਮੂੰਹ ਆਸ ਨਾਲ ਚਮਕ ਰਹੇ ਸਨ। ਜਹਾਜ਼ਾਂ ਦੀ ਕੰਪਨੀ ਦਾ ਏਜੰਟ ਸਵੇਰੇ ਮੋਟਰ ਵਿੱਚ ਆਇਆ ਸੀ, ਤੇ ਸਾਰਿਆਂ ਦੇ ਨਾਂ ਲਿਖ ਕੇ ਲੈ ਗਿਆ ਸੀ।

ਦੋ ਚਾਰ ਦਿਨ ਹਰ ਇੱਕ ਨੂੰ ਪੱਕੀ ਆਸ ਰਹੀ। ਕੁਝ ਬਜ਼ਾਰੋਂ ਜਹਾਜ਼ ਵਿੱਚ ਖਾਣ ਲਈ ਚੀਜ਼ਾਂ ਲੈ ਆਏ। ਬਹੁਤਿਆਂ ਨੇ ਆਪਣਾ ਆਪਣਾ ਸਮਾਨ ਬੰਨ੍ਹ ਲਿਆ। ਜ਼ਨਾਨੀਆਂ ਨੇ ਇੱਕ ਦੂਜੀ ਨਾਲ ਰਾਹ ਵਿੱਚ ਰੋਟੀ ਇੱਕਠੀ ਪਕਾਣ ਦੀਆਂ ਸਾਈਆਂ ਵੀ ਲਾਈਆਂ। ਮਤਾਬ ਦੀਨ ਤੇ ਸੰਤ ਸਿੰਘ ਨੇ ਵੀ ਇੱਕ ਚੁੱਲ੍ਹਾ ਖਰੀਦਿਆ ਤੇ ਰਲ ਕੇ ਰਸਦ ਪਾ ਲਈ।

ਪਰ ਜਦੋਂ ਰਜ਼ੂਲਾ ਜਹਾਜ਼ ਪੀਨਾਂਗੋਂ ਤੁਰਿਆ ਤਾਂ ਗੁਰਦੁਆਰੇ ਵਿੱਚ ਠਹਿਰੇ ਮੁਸਾਫ਼ਰਾਂ ਵਿੱਚੋਂ ਸਿਰਫ਼ ਤਿੰਨ ਹੀ ਏਸ ਵਿੱਚ ਚੜ੍ਹ ਸਕੇ। ਇਹ ਤਿੰਨੇ ਸਿਆਮ ਵਿੱਚ ਕੱਪੜੇ ਦਾ ਵਪਾਰ ਕਰਦੇ ਸਨ, ਤੇ ਥੋੜ੍ਹੇ ਦਿਨ੍ਹਾਂ ਤੋਂ ਹੀ ਗੁਰਦੁਆਰੇ ਆਏ ਸਨ। ਇਨ੍ਹਾਂ ਤੀਨੇ ਮੁੱਲੋਂ ਬਲੈਕ ਟਿਕਟਾਂ ਖਰੀਦੀਆਂ ਸਨ।

ਸਾਰੇ ਗੁਰਦੁਆਰੇ ਵਿੱਚ ਉਦਾਸੀ ਜਿਹੀ ਛਾ ਗਈ। ਅੱਜ ਬੱਚੇ ਬੋਹੜ ਥੱਲੇ ਗੁੱਲੀ ਡੰਡਾ ਨਾ ਖੇਡੇ ਤੇ ਗੱਭਰੂਆਂ ਨੇ ਹੀਰ ਵੀ ਨਾ ਗਾਂਵੀਂ। ਸਿਰਫ਼ ਥੜ੍ਹੇ ਉੱਤੇ ਬੈਠੇ ਲੋਕਾਂ ਵਿੱਚ ਇੱਕ ਬਿਰਧ ਗੱਲਾਂ ਕਰਦਾ ਰਿਹਾ, ਭਾਈ, ਸਾਨੂੰ ਟਿਕਟ ਕਾਹਨੂੰ ਮਿਲਣੀ ਆਂ? ਟਿਕਟ ਤਾਂ ਉਹਨਾਂ ਮਲੂਕ ਮਲੂਕ ਸਰਦਾਰਾਂ ਨੂੰ ਮਿਲਣੀ ਆ, ਜਿਹੜੇ ਸਾਰਾ ਦਿਨ ਗੁਰਦੁਆਰੇ ਦੀ ਕੋਠੜੀ ਵਿੱਚ ਪਏ ਰਹਿੰਦੇ ਆ, ਜਿੰਦਾਂ ਉਨ੍ਹਾਂ ਦੇ ਢਿੱਡ 'ਚ ਮਲ੍ਹਪ ਹੋਣ, ਤੇ ਪਿੱਛੋਂ ਤੀਨੇ ਪੈਸੇ ਤਾਰ ਦਿੰਦੇ ਆ। ਅਸੀਂ ਤਾਂ ਦੋ ਮਹੀਨਿਆਂ ਤੋਂ ਇਹੀ ਲੀਲ੍ਹਾ ਵੇਖਦੇ ਆਏ ਆਂ। ਮਤਾਬ ਦੀਨ ਤੇ ਸੰਤ ਸਿੰਘ ਰੋਜ਼ ਸਵੇਰੇ ਗੁਰਦੁਆਰੇ ਦੇ ਲੰਗਰ ਲਈ ਲੱਕੜਾਂ ਪਾੜਦੇ ਤੇ ਨਲਕੇ ਤੋਂ ਪਾਣੀ ਭਰ ਕੇ ਲਿਆਂਦੇ। ਜਦੋਂ ਰੋਟੀਆਂ ਪਕਾਣ ਦੀ ਸੇਵਾ ਲਈ ਲਾਂਗਰੀ ਨੇ ਹੋਰਨਾਂ ਨੂੰ ਬੁਲਾਣਾ ਹੁੰਦਾ, ਤਾਂ ਵੀ ਕਦੇ ਮਤਾਬ ਤੇ ਕਦੇ ਸੰਤ ਸਿੰਘ ਹੋਰਨਾਂ ਨੂੰ ਬੁਲਾਣ ਜਾਂਦੇ। ਮਤਾਬ ਆਪ ਸਿਰ ਉੱਤੇ ਨਿਤ ਰੁਮਾਲ ਬੰਨ੍ਹੀ ਰੱਖਦਾ ਤੇ ਹੋਰ ਕਿਸੇ ਨੂੰ ਨੰਗੇ ਸਿਰ ਲੰਗਰ ਵਿੱਚ ਨਾ ਜਾਣ ਦੇਂਦਾ। ਲੰਗਰ ਵਰਤਾਉਣ ਵੇਲੇ ਵੀ ਦੋਵੇਂ ਸੇਵਾ ਕਰਦੇ ਤੇ ਆਪੀਂ ਅਖੀਰ ਤੇ ਖਾਂਦੇ।

ਬਚ ਗਈ ਇੱਕ ਅੱਧ ਰੋਟੀ ਸ਼ਾਮੀਂ ਮਤਾਬ ਭੋਰ ਭੋਰ ਕੇ ਕਬੂਤਰਾਂ ਨੂੰ ਪਾ ਦੇਂਦਾ। ਗੁਰਦੁਆਰੇ ਦੇ ਵਿਹੜੇ ਵਿੱਚ ਬੜੇ ਕਬੂਤਰ ਇਕੱਠੇ ਹੋ ਜਾਂਦੇ। ਇੱਕ ਦਿਨ ਕਬੂਤਰਾਂ ਨੂੰ ਭੋਰ ਚੋਰ ਪਾਂਦਿਆਂ ਉਹਨੇ ਸੁਣਿਆ, ਇਕ ਮਾਈ ਗੁਰਦੁਆਰੇ ਦੇ ਭਾਈ ਨੂੰ ਉਹਦੇ ਬਾਰੇ ਆਖ ਰਹੀ ਸੀ, ਇਹ ਮੌਲਵੀ ਕਿੱਡਾ ਚੰਗਾ ਏ।

ਭਾਈ ਨੇ ਅੱਗੋਂ ਕਿਹਾ, ਅੱਲਾਹ ਲੋਕ ਏ।

ਮਹੀਨਾ ਇੰਜ ਇਥੇ ਬੈਠਿਆਂ ਮਤਾਬ ਤੇ ਸੰਤ ਸਿੰਘ ਨੂੰ ਹੋ ਗਿਆ ਸੀ। ਨਵੇਂ ਆਉਣ ਵਾਲੇ ਜਹਾਜ਼ ਦੀ ਕੋਈ ਉਘ ਸੁਘ ਨਹੀਂ ਸੀ। ਦੋਵੇਂ ਸੰਤ ਸਿੰਘ ਦੇ ਟੱਬਰ ਸਣੇ ਰੋਟੀ ਤਾਂ ਲੰਗਰੋਂ ਖਾ ਲੈਂਦੇ ਸਨ ਪਰ ਸੁੱਕਾ ਅੰਨ ਮੂੰਹ ਨੂੰ ਆਣ ਆਣ ਕਰਦਾ ਸੀ; ਸੋ ਘੁੱਟ ਦੁੱਧ ਤੇ ਚੂੰਢੀ ਚੀਨੀ ਲੈ ਕੇ ਕਦੇ ਚਾਹ ਬਣਾ ਲੈਂਦੇ, ਕਦੇ ਟੁਕੜਾ ਟੁਕੜਾ ਡਬਲ ਰੋਟੀ ਖਾ ਲੈਂਦੇ, ਕਦੇ ਥੋੜ੍ਹੀ ਜਿੰਨੀ ਮਠਿਆਈ ਨਾਲ ਬਾਲੜੀ ਨੂੰ ਪਰਚਾ ਲੈਂਦੇ। ਕੁਝ ਪੈਸੇ ਅੱਗੇ ਜਹਾਜ਼ ਲਈ ਰਸਦ ਖਰੀਦਣ 'ਤੇ ਲੱਗ ਗਏ ਸਨ। ਇਸ ਤਰ੍ਹਾਂ ਦੋਹਾਂ ਨੇ ਜਿਹੜੀ ਭਾੜੇ ਲਈ ਰਕਮ ਬੰਨ੍ਹ ਕੇ ਰਖੀ, ਉਹ ਵੀ ਮੁੱਕਣ ਲੱਗ ਪਈ।

ਬੜਾ ਫ਼ਿਕਰ ਲੱਗ ਗਿਆ, ਜੇ ਪੈਸੇ ਮੁਕ ਗਏ ਤਾਂ ਦੇਸ ਦਾ ਮੂੰਹ ਵੇਖਣ ਦੀ ਥਾਂ ਕਿਧਰੇ ਮੁੜ ਮਤਾਬ ਦੀਨ ਨੂੰ ਟੀਨ ਦੇ ਖੱਡੇ ਪੁੱਟਣ ਤੇ ਸੰਤ ਸਿੰਘ ਨੂੰ ਗੋਰੇ ਦੇ ਗੁਦਾਮ ਤੇ ਪਹਿਰਾ ਦੇਣ ਨਾ ਜਾਣਾ ਪਏ? ਮੁੜ ਪਿਛਾਂਹ ਪਰਤਣ ਤੇ ਕਿੰਨੇ ਪੈਸੇ ਹੋਰ ਫ਼ਜ਼ੂਲ ਖਰਚ ਹੋ ਜਾਣਗੇ, ਤੇ ਪਤਾ ਨਹੀਂ ਗੋਰੇ ਨੇ ਉਹਦੀ ਥਾਂ ਕੋਈ ਰੱਖ ਲਿਆ ਹੋਵੇ ਤੇ ਟੀਨ ਦੇ ਖੱਡੇ ਉੱਤੇ ਵੀ ਮਜ਼ਦੂਰ ਬਹੁਤੇ ਆ ਗਏ ਹੋਣ!

ਸੰਤ ਸਿੰਘ ਨਾਲੋਂ ਮਤਾਬ ਵਧੇਰੇ ਚਿੰਤਾ ਵਿੱਚ ਸੀ। ਸਵੇਰੇ ਹੀ ਉਹਦੇ ਭਰਾ ਦਾ ਖ਼ਤ ਉਹਨੂੰ ਮਿਲਿਆ ਸੀ ਕਿ ਉਹ ਚਿੱਠੀ ਵੇਖਦਿਆਂ ਸਾਰ ਦੇਸ ਆ ਜਾਏ, ਉਨ੍ਹਾਂ ਦੀ ਬੁੱਢੀ ਮਾਈ ਉਹਦਾ ਰਾਹ ਤੱਕਦੀ ਮਰ ਗਈ ਹੈ। ਅਚਨਚੇਤ ਮਤਾਬ ਦੀਨ ਨੂੰ ਖਿਆਲ ਆਇਆ, ਵੱਡੇ ਭਰਾ ਨਾਲੋਂ ਮਾਈ ਉਹਨੂੰ ਛੋਟੇ ਹੁੰਦਿਆਂ ਤੋਂ ਵੱਧ ਪਿਆਰ ਕਰਦੀ ਹੁੰਦੀ ਸੀ। ਜਦੋਂ ਉਹ ਇਸ ਟਾਪੂ ਉੱਤੇ ਆਉਣ ਲਈ ਘਰੋਂ ਤੁਰਿਆ ਸੀ, ਓਦੋਂ ਹੀ ਮਾਈ ਦੀ ਹਾਲਤ ਬੜੀ ਮਾੜੀ ਹੋ ਚੁੱਕੀ ਸੀ। ਸਾਰੇ ਸਰੀਰ ਵਿੱਚ ਪੀੜਾਂ ਛਿੜੀਆਂ ਰਹਿੰਦੀਆਂ ਸਨ। ਅੱਖਾਂ ਦੀ ਜੋਤ ਤਕਰੀਬਨ ਮੁੱਕ ਚੁੱਕੀ ਸੀ ਤੇ ਵਿਛੜਨ ਵੇਲੇ ਜਿਵੇਂ ਮਾਈ ਦੇ ਸਰੀਰ ਦਾ ਕਾਂਬਾ ਉਹਦੇ ਸਰੀਰ ਵਿੱਚ ਛਿੜ ਪਿਆ ਸੀ, ਅੰਨ੍ਹੀਆਂ ਗਿੱਲੀਆਂ ਅੱਖਾਂ ਦੀ ਗਿੱਲ ਜਿਵੇਂ ਉਹਦੀਆਂ ਗੱਲ੍ਹਾਂ ਤੇ ਆ ਗਈ ਸੀ। ਇਹ ਸਭ ਏਨੇ ਸਾਲਾਂ ਬਾਅਦ ਵੀ ਉਹਨੂੰ ਓਵੇਂ ਦਾ ਓਵੇਂ ਮਹਿਸੂਸ ਹੋ ਰਿਹਾ ਸੀ ਤੇ ਅੱਜ ਫੇਰ ਉਹਨੇ ਕੰਨ ਮਾਈ ਦੇ ਬੋੜੇ ਬੋਲ ਸੁਣ ਰਹੇ ਸਨ, ਮੇਰੀਆਂ ਆਂਦਰਾਂ ਦਾ ਟੋਟਾ ਲਹਿ ਕੇ ਸਮੁੰਦਰਾਂ ਦੇ ਪਾਰ ਜਾ ਰਿਹਾ! ਪਰ ਮਤਾਬ ਨੂੰ ਓਦੋਂ ਆਉਣਾ ਹੀ ਪਿਆ ਸੀ, ਸਮੁੰਦਰ ਚੀਰ ਕੇ, ਭਾਵੇਂ ਉਹ ਆਉਣਾ ਨਹੀਂ ਸੀ ਚਾਹੁੰਦਾ। ਉਨ੍ਹਾਂ ਦੇ ਘਰ ਦਾ ਝੱਟ ਨਹੀਂ ਸੀ ਟੱਪਦਾ ਪਿਆ, ਕੁਝ ਤੇ ਉਹ ਪਹਿਲਾਂ ਈ ਮਰੇੜੇ ਸਨ, ਪਿਓ ਵੇਲੇ ਈ ਕੁਝ ਜ਼ਮੀਨ ਗਹਿਣੇ ਪੈ ਗਈ ਸੀ, ਤੇ ਜਿਸ ਰਹਿੰਦੀ ਖੂੰਹਦੀ ਦਾ ਆਸਰਾ ਸੀ, ਉਹਨੂੰ ਦਰਿਆ ਨੇ ਵਰਾਨ ਕਰ ਦਿੱਤਾ ਸੀ। ਵੱਡੇ ਭਰਾ ਨੂੰ ਮਤਾਬ ਨੇ ਮਲਾਇਆ ਜਾਣੋਂ ਇਹ ਕਹਿ ਕੇ ਰੋਕ ਦਿੱਤਾ:

ਤੇਰਾ ਪਿਛੇ ਕੋਈ ਨਹੀਂ। ਆਂਹਦੇ ਆ ਮਲਾਇਆ ਦੀ ਧਰਤੀ ਬੜੀ ਨਿਰਦਈ ਆ, ਘਟ ਈ ਕੋਈ ਪਰਤਦਾ। ਮੈਂ ਚਲਾ ਜਾਵਾਂ, ਮੇਰੀਆਂ ਤੇ ਪਿੱਛੇ ਕਿੰਨੀਆਂ ਈ ਤੰਦਾਂ, ਵਹੁਟੀ ਆ, ਧੀ ਆ। ਗਹਿਣੇ ਪਈ ਜ਼ਮੀਨ ਛੁਡਾਉਣ ਜੋਗੀ ਰਕਮ ਕਮਾਂਦਿਆਂ ਸਾਰ ਹੀ ਪਰਤ ਆਊਂ।

ਜਦੋਂ ਉਹ ਮਲਾਇਆ ਪੁਜਿਆ ਸੀ, ਤਾਂ ਉਹਦਾ ਖਿਆਲ ਸੀ ਕਿ ਘੁੱਟੇ-ਵੱਟੀ ਰਹਿ ਕੇ ਤੇ ਲਹੂ ਪਾਣੀ ਇਕ ਕਰ ਕੇ ਅੱਠ ਨੌਂ ਮਹੀਨਿਆਂ ਵਿੱਚ ਉਹ ਏਨੀ ਕੁ ਰਕਮ ਪਿਛਾਂਹ ਘੱਲ ਲਏਗਾ। ਪਰ ਇੱਥੇ ਪੁਜਦਿਆਂ ਹੀ ਠੂਹ ਠਾਹ ਸ਼ੁਰੂ ਹੋ ਗਈ, ਤੇ ਜਪਾਨੀਆਂ ਨੇ ਦਿਨਾਂ ਵਿੱਚ ਹੀ ਸਾਰੇ ਮਲਾਇਆ ਦਾ ਰਾਜ ਸੰਭਾਲ ਲਿਆ। ਭੰਬੱਤ੍ਰਿਆ ਮਤਾਬ ਦੀਨ ਬੜੇ ਦਿਨ ਠੂਹ ਠਾਹ ਵਿੱਚ ਆਪਣਾ ਸਿਰ ਲੁਕਾਂਦਾ ਰਿਹਾ, ਪਰ ਅਖੀਰ ਇੱਕ ਦਿਨ ਇੱਕ ਜਪਾਨੀ ਸਿਪਾਹੀ ਨੇ 'ਖੁਰੇ ਖੁਰੇ' ਕਰ ਕੇ ਉਹਨੂੰ ਫੜ ਲਿਆ ਤੇ ਕਿਤੇ ਰੇਲ ਦੀ ਪਟੜੀ ਬਣਾਨ 'ਤੇ ਵਗਾਰੀ ਲਾ ਦਿੱਤਾ।

ਰੱਬ ਰੱਬ ਕਰਕੇ ਜਪਾਨੀਆਂ ਦਾ ਕਾਲਾ ਨਰਕ ਲੰਘਿਆ ਤੇ ਮਤਾਬ ਦੀਨ ਤਿੰਨ ਡਾਲੇ ਦਿਹਾੜੀ ਤੇ ਟੀਨ ਦੇ ਖੱਡੇ ਪੁਟਣ ਤੇ ਹੋ ਗਿਆ। ਸ਼ਾਮੀਂ ਉਹ ਇੱਕ ਮਾਲ ਡੰਗਰ ਵਾਲੇ ਲਈ ਪੱਠੇ ਵਢ ਦੇਂਦਾ, ਤੇ ਇਹਦੇ ਬਦਲੇ ਉਹਨੂੰ ਕੁਝ ਦੁਧ ਮਿਲ ਜਾਂਦਾ। ਦੁੱਧ ਬੜਾ ਮਹਿੰਗਾ ਸੀ, ਸੋ ਮਤਾਬ ਇਹ ਵੇਚ ਕੇ ਵੀ ਕੁਝ ਪੈਸੇ ਕਮਾ ਲੈਂਦਾ। ਜਪਾਨੀਆਂ ਦੇ ਵੇਲੇ ਤੇ ਉਹਦੇ ਪਿਛੋਂ ਦੀ ਹਡਭੰਨਵੀਂ ਮਿਹਨਤ ਨੇ ਉਹਨੂੰ ਪੰਜਾਂ ਵਰ੍ਹਿਆਂ ਵਿਚ ਹੀ ਬੁੱਢਿਆਂ ਕਰ ਦਿੱਤਾ ਸੀ। ਉਹਦੀਆਂ ਗੱਲ੍ਹਾਂ ਵਿਚ ਟੋਏ ਪੈ ਗਏ ਸਨ, ਤੇ ਅੱਖਾਂ ਥੱਲੇ ਕਾਲੀਆਂ ਝੁਰੜੀਆਂ ਆ ਗਈਆਂ ਸਨ। ਪਹਿਲਾਂ ਤਾਂ ਜਾਪਦਾ ਸੀ ਨਿਰੀ ਪੇਟ-ਚਟਾਈ ਹੀ ਹੁੰਦੀ ਜਾਏਗੀ, ਪਰ ਅਖੀਰ ਉਹਨੇ ਕਰਜ਼ਾ ਲਾਹ ਹੀ ਲਿਆ।

ਸੰਤ ਸਿੰਘ ਨੂੰ ਬੜੇ ਮਾਣ ਨਾਲ ਉਹਨੇ ਦੱਸਿਆ ਸੀ, "ਰੱਬ ਨੇ ਭਲਾ ਕੀਤਾ, ਮੈਂ ਗਹਿਣੇ ਪਈ ਜ਼ਮੀਨ ਛੁਡਾ ਲਈਆ ਤੇ ਸੁਣਿਆਂ ਵਰਾਨ ਜ਼ਮੀਨ ਵੀ ਹੁਣ ਵਾਹਵਾ ਹੋ ਗਈਆ, ਦਰਿਆ ਹਟ ਗਿਆ ਆ। ਜਾ ਕੇ ਦੋ ਦੇਗਾਂ ਚੌਲਾਂ ਦੀਆਂ ਬਰਾਦਰੀ ਨੂੰ ਖੁਆ ਦਊਂ..... ਕਹਿੰਦੇ ਆ ਦੇਸ ਚੌਲਾਂ ਨੂੰ ਅੱਗ ਲੱਗੀ ਹੋਈ ਆ, ਪਰ ਇਹ ਸੱਧਰ ਜ਼ਰੂਰ ਲਾਹੁਣੀ ਆ।

ਮਤਾਬ ਹੁਣ ਕਿਸੇ ਤਰ੍ਹਾਂ ਵੀ ਦੇਸ਼ ਅਪੜਨਾ ਚਾਂਹਦਾ ਸੀ, ਸਮੁੰਦਰ ਚੀਰ ਕੇ, ਪਰ ਉਹਨੂੰ ਇਥੇ ਰੁਕਣਾ ਪੈ ਰਿਹਾ ਸੀ, ਕਿਉਂਕਿ ਉਹ ਤੀਣੇ ਮੁੱਲੋਂ ਟਿਕਟ ਨਹੀਂ ਸੀ ਖਰੀਦ ਸਕਦਾ। ਉਹਦੀ ਆਸ ਹੁਣ ਖੁਸਦੀ ਜਾਂਦੀ ਸੀ। ਦੋ ਦੇਗਾਂ ਚੌਲਾਂ ਲਈ ਪੈਸੇ ਤਾਂ ਇਕ ਬੰਨੇ, ਜਹਾਜ਼ ਤੇ ਗੱਡੀ ਦੇ ਭਾੜੇ ਦੀ ਰਕਮ ਵੀ ਖੁਰਨ ਲੱਗ ਪਈ ਸੀ।

ਇਕ ਦਿਨ ਸੰਤ ਸਿੰਘ ਬਜ਼ਾਰੋਂ ਜੇਬ ਕਟਾ ਆਇਆ, ਵੀਹ ਕੁ ਡਾਲੇ ਇੰਜ ਮੁੱਕ ਗਏ। ਦੋਹਾਂ ਨੂੰ ਜਾਪਿਆ ਜਿਵੇਂ ਉਨ੍ਹਾਂ ਦਾ ਲੱਕ ਟੁੱਟ ਗਿਆ ਹੋਵੇ।

ਦੋਹਾਂ ਨੇ ਰਿਕਸ਼ਾ ਗੱਡੀਆਂ ਕਿਰਾਏ ਤੇ ਲੈ ਕੇ ਵਾਹਣੀਆਂ ਸ਼ੁਰੂ ਕਰ ਦਿੱਤੀਆਂ। ਪੰਜ ਪੰਜ ਡਾਲੇ ਕਿਰਾਏ ਦੇ ਰੋਜ਼ ਦੇਣੇ ਪੈਂਦੇ ਸਨ। ਜੋ ਬਚ ਜਾਂਦਾ, ਉਹ ਦੋਵੇਂ ਜੋੜ ਕੇ ਰੱਖ ਲੈਂਦੇ। ਦੋਹਾਂ ਲਈ ਇਹ ਕੰਮ ਨਵਾਂ ਸੀ, ਤੇ ਨਾਲੇ ਲੰਗਰੋਂ ਸੁੱਕਾ ਅੰਨ ਖਾ ਕੇ ਇਹ ਕੰਮ ਹੋਰ ਵੀ ਔਖਾ ਹੋ ਜਾਂਦਾ ਸੀ। ਪਰ ਏਸ ਤੌਖਲੇ ਵਿਚ ਕਿ ਕਿਤੇ ਠੀਕ ਭਾਅ ਤੇ ਮਿਲਦੀ ਟਿਕਟ ਖ਼ਰੀਦਣ ਜੋਗੇ ਪੈਸੇ ਵੀ ਉਨ੍ਹਾਂ ਕੋਲ ਨਾ ਬਚਣ, ਉਨ੍ਹਾਂ ਕੁਝ ਵੀ ਆਪਣੇ ਖਾਣ ਪੀਣ 'ਤੇ ਨਾ ਖਰਚਿਆ।

ਜਦੋਂ ਰਿਕਸ਼ਾ ਖੜ੍ਹੀ ਕਰ ਕੇ ਉਹ ਕਿਧਰੇ ਆਪਣਾ ਮੁੜ੍ਹਕਾ ਪੂੰਝ ਰਹੇ ਹੁੰਦੇ ਤੇ ਕੋਲੋਂ ਕੋਈ ਖਾਣ ਵਾਲੀ ਚੀਜ਼ ਵੇਚਦਾ ਲੰਘਦਾ ਤਾਂ ਉਹ ਤਕਦੇ ਰਹਿੰਦੇ, ਭੁੱਖ ਉਨ੍ਹਾਂ ਦੀਆਂ ਆਂਦਰਾਂ ਵਲੂੰਧਰਦੀ ਤੇ ਉਹ ਤਕਦੇ ਰਹਿੰਦੇ।

ਕਦੇ ਸੰਤ ਸਿੰਘ ਕਹਿੰਦਾ, "ਦੇਸ ਦੇ ਆਟੇ ਦੀ ਕੀ ਰੀਸ ਆ! ਨਿਰੀ ਰੋਟੀ ਈ ਨਹੀਂ ਮਾਣ। ਏਨੇ ਸਾਲਾਂ ਤੋਂ ਨਰੋਈ ਘੋਨੀ ਕਣਕ ਸੁਪਨੇ ਵਿਚ ਵੀ ਨਹੀਂ ਚਖੀ-ਇਹ ਅਸਟਰੇਲੀਆ ਦੀ ਖੇਹ ਈ ਖਾਂਦੇ ਰਹੇ ਆਂ।

ਕੁਝ ਪਲਾਂ ਲਈ ਰਿਕਸ਼ਾ ਅਲੋਪ ਹੋ ਜਾਂਦੀ। ਉਹ ਅੰਬਾਂ ਦੇ ਬਾਗ ਵਿਚ ਸਨ-ਕੋਇਲਾਂ ਕੂਕ ਰਹੀਆਂ ਹਨ, ਚੁੱਲ੍ਹੇ ਕੋਲ ਬੈਠਿਆਂ ਨੂੰ ਮਾਂ ਘੋਨੀ ਕਣਕ ਦੀ ਰੋਟੀ ਵਿਚ ਚੋਂਘੇ ਪਾ ਕੇ ਦੇ ਰਹੀ ਸੀ...

"ਰਿਕਸ਼ਾ...ਹੇ ਰਿਕਸ਼ਾ, ਦੋ ਸਵਾਰੀਆਂ, ਸਮਾਨ ਵੀ ਹੈ।

ਤੇ ਰਿਕਸ਼ਾ ਫੇਰ ਉਲਰ ਪੈਂਦੀ; ਮੋਟਰਾਂ, ਟਰਾਮਾਂ, ਬੱਸਾਂ ਦੀ ਭੀੜ ਚੀਰਦੇ ਉਹ ਦਗੜ ਦਗੜ ਕਰਨ ਲੱਗ ਪੈਂਦੇ।

ਦੇਸ ਤੋਂ ਆਏ ਜਹਾਜ਼ ਵਿਚੋਂ ਸਵਾਰੀਆਂ ਉਤਰ ਰਹੀਆਂ ਸਨ। ਦੋ ਆਦਮੀਆਂ ਤੇ ਇਕ ਬੱਚੇ ਨੂੰ ਆਪਣੀ ਰਿਕਸ਼ਾ ਵਿਚ ਮਤਾਬ ਨੇ ਬਹਾਇਆ। ਮਤਾਬ ਨੇ ਸੁਣਿਆ, ਸੁਹਣਾ ਜਿਹਾ ਬੱਚਾ ਆਖ ਰਿਹਾ ਸੀ:

ਬਾਪੂ, ਇਥੇ ਮੁਸਲਮਾਨ ਤਾਂ ਨਹੀਂ ਹੋਣੇ! ਉਨ੍ਹਾਂ ਮੇਰੇ ਵਰਗੇ ਬੱਚਿਆਂ ਨੂੰ ਵੀ ਨਹੀਂ ਛੱਡਿਆ! ਤੇ ਬੱਚਾ ਅਚਾਨਕ ਰੋਣ ਲੱਗ ਪਿਆ ਸੀ।

ਸੰਤ ਸਿੰਘ ਦੀ ਰਿਕਸ਼ਾ ਵਿਚ ਬਹਿਣੋਂ ਜਹਾਜ਼ੋਂ ਉਤਰੀਆਂ ਦੋ ਮੁਸਲਮਾਨ ਸਵਾਰੀਆਂ ਨੇ ਨਾਂਹ ਕਰ ਦਿੱਤੀ। ਉਹ ਹਾਲੀਂ ਬਹੁਤੀ ਦੂਰ ਨਹੀਂ ਸੀ ਗਿਆ ਕਿ ਉਹਨੇ ਉਨ੍ਹਾਂ ਵਿਚੋਂ ਇਕ ਨੂੰ ਗੱਲ ਕਰਦਿਆਂ ਸੁਣਿਆ, "ਸਿੱਖ ਜਾਂ ਹਿੰਦੂ ਨੂੰ ਪੈਸੇ ਦੇਣਾ ਹਰਾਮ ਏ-ਇਨ੍ਹਾਂ ਕਲਕੱਤੇ ਵਿਚ ਸਾਡੇ ਹਜ਼ਾਰਾਂ ਭਰਾ ਮਾਰੇ ਨੇ। ਤੇ ਉਹ ਦੋਵੇਂ ਇਕ ਚੀਨੇ ਦੀ ਰਿਕਸ਼ੇ ਉਤੇ ਬਹਿ ਗਏ ਸਨ।

ਰਾਤ ਨੂੰ ਸੰਤ ਸਿੰਘ ਤੇ ਮਤਾਬ ਦਿਨੇ ਸੁਣੀਆਂ ਆਪਸ ਵਿਚ ਕਰ ਰਹੇ ਸਨ ਕਿ ਏਨੇ ਨੂੰ ਕੋਲੋਂ ਦੋ ਸਿੱਖ ਲੰਘੇ। ਇਹ ਅੱਜ ਹੀ ਜਹਾਜ਼ ਤੋਂ ਉਤਰ ਕੇ ਗੁਰਦੁਆਰੇ ਆਏ ਸਨ। ਇਨ੍ਹਾਂ ਸੰਤ ਸਿੰਘ ਨੂੰ ਆਪਣੇ ਕੋਲ ਬੁਲਾਇਆ, ਤੇ ਉਹਦੇ ਨਾਲ ਗੱਲਾਂ ਕਰਦੇ ਰਹੇ। ਸੰਤ ਸਿੰਘ ਜਦੋਂ ਫੇਰ ਮਤਾਬ ਕੋਲ ਆਇਆ ਤਾਂ ਉਹਦਾ ਮੂੰਹ ਬੜਾ ਉਤਰਿਆ ਹੋਇਆ ਸੀ।

ਮਤਾਬ ਨੇ ਪੁਛਿਆ, ਕੀ ਆਖਦੇ ਸੀ ਉਹ?

ਨਹੀਂ, ਕੁਝ ਨਹੀਂ ਐਵੇਂ...।

ਕੋਈ ਸੁਰ ਪਤਾ ਦੱਸੋ ਵੀ?

ਸੰਤ ਸਿੰਘ ਨੇ ਮਤਾਬ ਦਾ ਹੱਥ ਘੁੱਟ ਕੇ ਫੜ ਲਿਆ ਤੇ ਉਹਦੀਆਂ ਅੱਖਾਂ ਵਿਚ ਨਜ਼ਰਾਂ ਗੱਡ ਕੇ ਕਿਹਾ, ਕਹਿੰਦੇ ਸੀ ਤੂੰ ਮੁਸਲਮਾਨ ਆਂ!

ਮਤਾਬ ਨੇ ਹੈਰਾਨ ਹੋ ਕੇ ਕਿਹਾ, "ਤੇ ਫੇਰ ਕੀ? ਇਹ ਕੋਈ ਨਵੀਂ ਗੱਲ ਆ!

ਕਹਿੰਦੇ ਸੀ, ਮੁਸਲਮਾਨ ਸੱਪ ਆ ਸੱਪ! ਲੱਖ ਦੁੱਧ ਪਿਆਓ, ਡੰਗ ਈ ਮਾਰੂ!

ਮਤਾਬ ਪੱਥਰ ਵਾਂਗ ਅਡੋਲ ਹੋਇਆ ਮੂੰਹ ਨੀਵਾਂ ਪਾਈ ਬੈਠਾ ਰਿਹਾ।

ਸੰਤ ਸਿੰਘ ਉਹਦੇ ਹੋਰ ਨੇੜੇ ਢੁਕ ਗਿਆ, ਕਮਲਿਆ! ਇਹ ਉਨ੍ਹਾਂ ਦੀਆਂ ਗੱਲਾਂ ਸਨ, ਤੂੰ ਪੁੱਛੀਆਂ ਤੇ ਮੈਂ ਦੱਸੀਆਂ। ਮੇਰੇ ਮਨ ਤਾਂ ਇਹ ਉਕਾ ਨਹੀਂ ਲੱਗਦੀਆਂ। ਇਹ ਐਵੇਂ ਹਲਕ ਕੁੱਦਿਆ ਲੋਕਾਂ ਨੂੰ, ਫਿਟਣੀਆਂ ਦੇ ਫੇਟ ਤਾਂ ਗੋਰੇ ਆ ਗੋਰੇ।

ਅਛੋਪਲੇ ਹੀ ਸੰਤ ਸਿੰਘ ਦੀ ਧੀ ਬਚਨੋ ਮਤਾਬ ਦੀ ਝੋਲੀ ਵਿਚ ਆਣ ਬੈਠੀ, ਚਾਚਾ ਅਜ ਕਬੂਤਰਾਂ ਨੂੰ ਟੁੱਕਰ ਨਹੀਂ ਪਾਣਾ? - ਵਿਚਾਰੇ ਕਦ ਦੇ ਉਡੀਕਦੇ ਆ।

ਮਤਾਬ ਨੇ ਬਚਨੋ ਨੂੰ ਘੁਟ ਕੇ ਗਲੇ ਨਾਲ ਲਾ ਲਿਆ।

ਚਾਚਾ, ਤੂੰ ਰੋਂਦਾ ਪਿਆ ਏਂ, ਤੇਰੀਆਂ ਅੱਖਾਂ ਗਿੱਲੀਆਂ ਨੇ!

ਕਬੂਤਰੀਏ-ਮੈਂ ਕਾਹਨੂੰ ਰੋਣਾਂ, ਆਖ ਮਤਾਬ ਨੇ ਉਹਨੂੰ ਹੋਰ ਘੁਟ ਲਿਆ। ਬਚਨੋ ਨੇ ਆਪਣੀਆਂ ਬਾਲੜੀਆਂ ਬਾਹਵਾਂ ਉਹਦੇ ਗਲ ਦੁਆਲੇ ਵਲ ਲਈਆਂ।

ਸੰਤ ਸਿੰਘ ਦੀ ਤਕਣੀ ਵਿਚ ਇਕ ਮੋਹ ਭਰਿਆ ਨਿੱਘ ਘੁਲਿਆ ਹੋਇਆ ਸੀ।

ਅਖੀਰ ਪੂਰੇ ਦੋ ਮਹੀਨਿਆਂ ਮਗਰੋਂ ਮਤਾਬ ਤੇ ਸੰਤ ਸਿੰਘ ਦੇ ਟੱਬਰ ਨੂੰ ਜਹਾਜ਼ ਦੀਆਂ ਟਿਕਟਾਂ ਮਿਲ ਗਈਆਂ। ਐਤਕੀਂ ਗੁਰਦੁਆਰੇ ਵਿਚ ਠਹਿਰਿਆਂ ਸਭਨਾਂ ਨੂੰ ਹੀ ਟਿਕਟਾਂ ਮਿਲ ਗਈਆਂ ਸਨ। ਪਰਸੋਂ ਨੂੰ ਜਹਾਜ਼ ਤੁਰ ਰਿਹਾ ਸੀ।

ਦੋਵੇਂ ਰਿਕਸ਼ਾ ਮੋੜ ਕੇ, ਜਿੰਨੇ ਪੈਸੇ ਉਨ੍ਹਾਂ ਅੱਜ ਤੱਕ ਜੋੜੇ ਸਨ ਗਿਣਨ ਲਗੇ। ਹਿਸਾਬ ਲਾ ਕੇ ਉਨ੍ਹਾਂ ਨੂੰ ਬੜੀ ਖੁਸ਼ੀ ਹੋਈ, ਕਿਉਂਕਿ ਲੋੜੀਂਦੇ ਖ਼ਰਚ ਤੋਂ ਵਧ ਵੀ ਉਨ੍ਹਾਂ ਕੋਲ ਕੁਝ ਬਚਦਾ ਸੀ। ਬਚਨੋ ਨੂੰ ਲੈ ਕੇ ਦੋਵੇਂ ਬਾਜ਼ਾਰ ਚਲੇ ਗਏ। ਸੰਤ ਸਿੰਘ ਨੇ ਬਚਨੋ ਲਈ ਬੜੀ ਸੁਹਣੀ ਰਬੜ ਦੀ ਜੁੱਤੀ ਖਰੀਦੀ, ਤੇ ਆਪਣੀ ਵਹੁਟੀ ਦੀ ਸੁੱਥਣ ਲਈ ਇਕ ਚੀਨੀ ਰੇਸ਼ਮ ਦਾ ਟੋਟਾ। ਮਤਾਬ ਨੇ ਵੀ ਆਪਣੀ ਵਹੁਟੀ ਲਈ ਅਜਿਹਾ ਈ ਟੋਟਾ ਖਰੀਦ ਲਿਆ। ਆਪਣੀ ਧੀ ਤਾਜੋ ਲਈ-ਉਹਨੇ ਬਚਨੋ ਦੇ ਮਾਪ ਦੀ ਰਬੜ ਦੀ ਜੁਤੀ ਖ਼ਰੀਦ ਲਈ, ਦੋਵੇਂ ਹਾਣ ਦੀਆਂ ਸਨ।

(ਚਲਦਾ)

# ਮੇਰੀ ਕਲਮ



## ਸਦਕੇ ਮੈਂ ਪੰਜਾਬ ਦੇ

ਕਮਲਜੀਤ ਕੌਰ ਕਮਲ

ਇੱਕ ਰਾਹ ਜਾਂਦੇ ਹੋਈ ਰਾਹੀ ਨੂੰ, ਮੈਂ ਰੋਕ ਖੜ੍ਹਾਇਆ ,
ਫੇਰ ਮੈਂ ਪੁੱਛਿਆ ਉਸ ਤੋਂ, ਤੂੰ ਕਿੱਥੋਂ ਆਇਆ ?
ਆਖਿਆ ਉਸ ਨੇ ਹੱਸ ਕੇ, ਮੈਂ ਅਰਸ਼ੋਂ ਆਇਆ ,
ਮਹਿਮਾ ਸੁਣ ਪੰਜਾਬ ਦੀ, ਮੈਂ ਵੇਖਣ ਆਇਆ ।
ਮੈਂ ਸੁਣਿਆ ਵਿੱਚ ਪੰਜਾਬ ਦੇ, ਅੰਨ ਦੇ ਭੰਡਾਰੇ,
ਖਿੜੇ ਰਹਿੰਦੇ ਇਸ ਧਰਤੀ 'ਤੇ, ਫੁੱਲਾਂ ਦੇ ਕਿਆਰੇ।
ਕਿਰਤੀ ਕਾਮੇ ਲੋਕ ਨੇ , ਮਿਹਨਤ ਦੀ ਖਾਂਦੇ ,
ਭਾਈਚਾਰੇ ਦੀ ਲੋਰ ਵਿੱਚ , ਸਭ ਸਦਾ ਹੀ ਰਹਿੰਦੇ ।
ਗੱਭਰੂ ਤੇ ਮੁਟਿਆਰਾਂ ਦੇ, ਜੋਬਨ ਨੇ ਸੋਹਦੇ ,
ਬਜ਼ੁਰਗ ਢਾਣੀਆਂ ਜੋੜ ਕੇ, ਸੱਥਾਂ ਵਿੱਚ ਬਹਿੰਦੇ ।
ਰਾਹੀ ਨੂੰ ਮੈਂ ਆਖਿਆ, ਤੂੰ ਸੱਚ ਸੁਣਾਇਆ ,
ਪੁਰਾਣੇ ਉਸ ਪੰਜਾਬ ਨੂੰ , ਅੱਜ ਮੋੜ ਲਿਆਇਆ ।
ਪਰ ਮੇਰੇ ਉਸ ਪੰਜਾਬ ਨੇ, ਹੁਣ ਰੰਗ ਵਟਾਇਆ ,
ਬਿਰਖਾਂ ਨੂੰ ਵੱਢ-ਵੱਢ ਕੇ ,ਅਸੀਂ ਘਰੀਂ ਸਜਾਇਆ ।
ਨਸ਼ੇ ਨੇ ਸਾਡੀ ਜਵਾਨੀ ਨੂੰ, ਅੱਜ ਮਾਰ ਮੁਕਾਇਆ ,
ਕਈ ਤਰ੍ਹਾਂ ਦੇ ਰੂਪ ਨੇ, ਹੁਣ ਪੰਜਾਬ 'ਚ ਵੱਸਦੇ ।
ਲੋੜ ਪੈਣ 'ਤੇ ਧੀਆਂ 'ਤੇ , ਤੇਜ਼ਾਬ ਨੇ ਸੁੱਟਦੇ ,
ਜੀਉਂਦੇ ਜੀ ਦਫ਼ਨਾਉਣ ਲਈ, ਡੂੰਘੇ ਟੋਏ ਪੁੱਟਦੇ ।
ਕੁਝ ਬਣਕੇ ਰਾਖੇ ਦੇਸ ਦੇ,ਜਨਤਾ ਨੂੰ ਲੁੱਟਦੇ ,
ਤੈਨੂੰ ਦੱਸ ਅੱਜ ਹੋਰ ਕੀ ? ਮੈਂ ਆਖ ਸੁਣਾਵਾਂ ?
ਉਸ ਪਿਆਰੇ ਪੰਜਾਬ ਨੂੰ ਕਿੱਥੋਂ ਮੋੜ ਲਿਆਵਾਂ ?
ਖ਼ੁਸ਼ੀਆਂ ਖੇੜਿਆਂ ਵਾਲੀਆਂ, ਜਿੱਥੇ ਸਨ ਬਹਾਰਾਂ ,
ਸਦਕੇ ਉਸ ਪੰਜਾਬ ਦੇ ਮੈਂ ਵਾਰੇ ਜਾਵਾਂ !
ਸਦਕੇ ਉਸ ਪੰਜਾਬ ਦੇ ਮੈਂ ਵਾਰੇ ਜਾਵਾਂ !

## ਪਾਣੀ 'ਤੇ ਪਰਛਾਵੇਂ ਤਰਦੇ ਰਹਿੰਦੇ ਨੇ

ਅਕਰਮ ਸ਼ੇਖ਼

ਪਾਣੀ 'ਤੇ ਪਰਛਾਵੇਂ ਤਰਦੇ ਰਹਿੰਦੇ ਨੇ।
ਅੱਖ ਦੇ ਮੰਜ਼ਰ ਜੀਂਦੇ ਮਰਦੇ ਰਹਿੰਦੇ ਨੇ।
ਲੱਖਾਂ ਚਿਹਰੇ ਸ਼ਕਲਾਂ ਦੇ ਸ਼ੀਸ਼ੇ ਅੰਦਰ,
ਬੇਸ਼ਕਲੀ ਦਾ ਮਾਤਮ ਕਰਦੇ ਰਹਿੰਦੇ ਨੇ।
ਹੁਣ ਤੇ ਸੂਰਜ ਵੀ ਬੇਅਸਰ ਨੇ ਹੋ ਚੱਲੇ,
ਸਿਖ਼ਰ ਦੁਪਹਿਰੇ ਜੁੱਸੇ ਠਰਦੇ ਰਹਿੰਦੇ ਨੇ।
ਕਿਸ ਨੇ 'ਵਾ ਦੇ ਹੱਥੀਂ ਤੇਗ਼ ਫੜਾਈ ਏ,
ਪੰਛੀ ਪਿੰਜਰੇ ਵਿੱਚ ਵੀ ਡਰਦੇ ਰਹਿੰਦੇ ਨੇ।
ਕਿਹੜੇ ਖ਼ੌਫ਼ ਦੇ ਕਾਲੇ ਪਰਛਾਵੇਂ ਹੇਠਾਂ,
ਚੰਨ ਸਿਤਾਰੇ ਗੱਲਾਂ ਕਰਦੇ ਰਹਿੰਦੇ ਨੇ।

## ਕਲੀ ਕਲੀ ਤੇ ਨਿਖਾਰ ਚਾਹਾਂ

ਮੁਖ਼ਤਾਰ ਅਹਿਮਦ

ਕਲੀ ਕਲੀ ਤੇ ਨਿਖਾਰ ਚਾਹਾਂ ਸ਼ਬਾਬ ਚਾਹਾਂ ।
ਅਦਬ ਦੇ ਗੁਲਸ਼ਨ ਦੀ ਪੱਤੀ ਪੱਤੀ ਗੁਲਾਬ ਚਾਹਾਂ ।

ਸੁਖ਼ਨ ਦੀ ਨਗਰੀ ਵਟਾ ਕੇ ਆਏ ਨੇ ਰੂਪ ਜਿਹੜੇ,
ਅਜਿਹੇ ਲੋਕਾਂ ਦੇ ਮੂੰਹ ਸਦਾ ਬੇਨਕਾਬ ਚਾਹਾਂ ।

ਜ਼ਰਾ ਮੇਰੇ ਦੋਸਤੋ ਮੇਰੀ ਸਾਦਗੀ ਤੇ ਦੇਖੋ,
ਖ਼ਿਜ਼ਾਂ ਦੀ ਰੁੱਤੇ ਸਦਾ ਬਹਾਰਾਂ ਦੇ ਖ਼ਾਬ ਚਾਹਾਂ ।

ਵਰਕ ਵਰਕ ਤੇ ਲਿੱਖੇ ਨੇ ਕਿੱਸੇ ਹਜ਼ੀਮਤਾਂ ਦੇ,
ਮੈਂ ਕਿਵੇਂ ਗੁਜ਼ਰੇ ਜ਼ਮਾਨਿਆਂ ਦੀ ਕਿਤਾਬ ਚਾਹਾਂ ।

ਜਵਾਨ ਸੱਧਰ ਦੀ ਸ਼ਾਹਜ਼ਾਦੀ ਨੂੰ ਲਾ ਕੇ ਸੀਨੇ,
ਸਕੂਨ ਚਾਹਾਂ ਕਦੀ ਕਦੀ ਇਜ਼ਤਰਾਬ ਚਾਹਾਂ ।

ਮੇਰੀ ਵਫ਼ਾ ਦੀ ਦਲੇਰ ਸੋਹਣੀ ਵੀ ਠਿੱਲ ਪਵੇਗੀ,
ਤੇਰੀ ਨਜ਼ਰ ਦਾ ਖ਼ਲੂਸ ਭਰਿਆ ਚਨਾਬ ਚਾਹਾਂ ।

ਨਾ ਹੋਵੇ ਜਿਸ 'ਚ ਕੋਈ ਨਫ਼ਰਤ ਦਾ ਬਾਬ 'ਸਾਕੀ',
ਮੁਹੱਬਤਾਂ ਦੇ ਨਗਰ ਦਾ ਐਸਾ ਨਿਸਾਬ ਚਾਹਾਂ ।

## ਕਿਸ ਤਰ੍ਹਾਂ ਦੀ ਰੁੱਤ ਸੀ ਸਭ ਬੇਵਫ਼ਾ ਹੁੰਦੇ ਗਏ

ਸੁਖਵਿੰਦਰ ਅੰਮ੍ਰਿਤ

ਕਿਸ ਤਰ੍ਹਾਂ ਦੀ ਰੁੱਤ ਸੀ ਸਭ ਬੇਵਫ਼ਾ ਹੁੰਦੇ ਗਏ
ਹੌਲੀ ਹੌਲੀ ਬਿਰਖ ਦੇ ਪੱਤੇ ਜੁਦਾ ਹੁੰਦੇ ਗਏ

ਕਰ ਗਏ ਕਿੰਨਾ ਸਫ਼ਰ ਨਾਜ਼ੁਕ ਜਿਹੇ ਉਹ ਲੋਕ ਵੀ
ਪਾਣੀਓਂ ਪੱਥਰ ਹੋਏ, ਪੱਥਰੋਂ ਖ਼ੁਦਾ ਹੁੰਦੇ ਗਏ

ਪਹਿਲਾਂ ਸਨ ਉਹ ਹਮਕਲਮ ਫਿਰ ਖ਼ਾਬ ਤੇ ਫਿਰ ਭਰਮ
ਹੌਲੀ ਹੌਲੀ ਜ਼ਿੰਦਗੀ 'ਚੋਂ ਲਾਪਤਾ ਹੁੰਦੇ ਗਏ

ਮੇਰਿਆਂ ਸ਼ੇਅਰਾਂ 'ਚ ਜਿਉਂ ਜਿਉਂ ਜ਼ਿਕਰ ਵਧਿਆ ਚੰਨ ਦਾ
ਤੜਪ ਉੱਠੀਆਂ ਕਾਲਖਾਂ, ਨ੍ਹੇਰੇ ਖ਼ਫ਼ਾ ਹੁੰਦੇ ਗਏ

ਫੈਲੀਆਂ ਛਾਵਾਂ, ਖਿੜੇ ਗੁੰਚੇ ਤੇ ਕਲੀਆਂ ਟਹਿਕੀਆਂ
ਮਾਂ ਅਸੀਸਾਂ ਹੋ ਗਈ, ਬੱਚੇ ਦੁਆ ਹੁੰਦੇ ਗਏ




ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ
ਪੜ੍ਹੀਏ ਤਾਂ ਤੇਰਾ ਖ਼ਤ ਹੈ, ਸੁਣੀਏ ਤਾਂ ਤੇਰੀ ਸੋਅ ਹੈ
ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ
ਜੋ ਤੂੰ ਉਮਰ ਭਰ ਜਗਾਏ, ਤੇ ਦਰੀਂ ਘਰੀਂ ਟਿਕਾਏ
ਤੇਰੇ ਚਿਹਰੇ ਉੱਤੇ ਅੱਜ ਵੀ ,ਓਹਨਾਂ ਦੀਵਿਆਂ ਦੀ ਲੋਅ ਹੈ
ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ
ਤੇਰੇ ਲਫ਼ਜ਼ ਨੇ ਲਹੂ ਵਿੱਚ, ਤੇਰਾ ਰਾਗ ਹੈ ਰਗਾਂ ਵਿੱਚ
ਐ ਗ਼ਜ਼ਲ ਵਸੇਂ ਤੂੰ ਸਾਹੀਂ, ਤੇਰੇ ਤੋਂ ਕੀ ਲੁਕੋ ਹੈ
ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ
ਜੋ ਵੀ ਬਾਤ ਤੂੰ ਕਹੀ ਹੈ, ਸੱਜਰੀ ਹਵਾ ਜਿਹੀ ਹੈ
ਇਹ ਬਹਾਰ ਦਾ ਸੁਨੇਹਾ, ਤੇ ਸਵੇਰਿਆਂ ਦੀ ਸੋਅ ਹੈ
ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ
ਇਹ ਚੰਨ ਦੀ ਚਾਨਣੀ ਵੀ, ਧੁੱਪ ਦਾ ਹੀ ਤਰਜਮਾ ਹੈ
ਤੇ ਇਹ ਧੁੱਪ ਵੀ ਓੜਕਾਂ ਨੂੰ, ਕਿਸੇ ਬਲ ਰਹੇ ਦੀ ਲੋਅ ਹੈ
ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ
ਨਫ਼ਰਤ ਦੇ ਤੀਰ ਚਲਦੇ, ਐਪਰ ਨਾ ਮੈਨੂੰ ਖਲਦੇ
ਮੇਰੀ ਆਤਮਾ ਦੁਆਲੇ, ਤੇਰੇ ਪਿਆਰ ਦੀ ਸੰਜੋ ਹੈ
ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ

## ਕਵਿਤਾ ਦੀ ਰੁੱਤ

ਡਾ. ਅਮਰਜੀਤ ਕੌਂਕੇ

ਜਦੋਂ ਵੀ
ਕਵਿਤਾ ਦੀ ਰੁੱਤ ਆਈ
ਤੇਰੀਆਂ ਯਾਦਾਂ ਦੇ ਕਿੰਨੇ ਮੌਸਮ
ਆਪਣੇ ਨਾਲ ਲਿਆਈ
ਮੈਂ ਕਵਿਤਾ ਨਹੀਂ
ਜਿਵੇਂ ਤੈਨੂੰ ਹੀ ਲਿਖਦਾ ਹਾਂ
ਮੇਰੇ ਪੋਟਿਆਂ
ਮੇਰੇ ਨੈਣਾਂ
ਮੇਰੇ ਲਹੂ ਵਿੱਚ
ਤੇਰਾ ਅਜਬ ਜਿਹਾ ਸਰੂਰ ਤੁਰਦਾ ਹੈ
ਅਜੀਬ ਜਿਹਾ ਖ਼ਿਆਲ
ਹੈਰਾਨ ਕਰਨ ਵਾਲਾ
ਪਤਾ ਨਹੀਂ ਕਿੱਥੋਂ ਫੁਰਦਾ ਹੈ
ਤੂੰ ਅਛੋਪਲੇ ਜਿਹੇ
ਮੇਰੇ ਕੋਲ ਆ ਬਹਿੰਦੀ
ਤੇਰੀ ਨਜ਼ਰ
ਮੇਰੀ ਕਵਿਤਾ ਦਾ
ਇਕੱਲਾ-ਇਕੱਲਾ ਸ਼ਬਦ
ਕਿਸੇ ਪਾਰਖੂ ਵਾਂਗ
ਟੁਣਕਾ ਕੇ ਵੇਖਦੀ
ਮੇਰੇ ਨੈਣਾਂ 'ਚ
ਤੇਰਾ ਮੁਸਕਰਾਉਂਦਾ ਚਿਹਰਾ
ਆਉਂਦਾ ਮੇਰੇ ਦੁਆਲੇ ਸ਼ਬਦਾਂ ਦਾ
ਮੀਂਹ ਵਰ੍ਹਦਾ
ਤੇ ਮੈਂ ਕਿਸੇ ਬੱਚੇ ਵਾਂਗ
ਸ਼ਬਦਾਂ ਨੂੰ ਚੁੱਕ ਚੁੱਕ
ਉਹਨਾਂ ਨੂੰ
ਕਤਾਰਾਂ 'ਚ ਸਜਾਉਂਦਾ
ਕਿਤੇ ਵੀ ਹੋਵੇਂ ਭਾਵੇਂ
ਕਿੰਨੀ ਵੀ ਦੂਰ
ਅਸੀਮ ਅਨੰਤ ਦੂਰੀ 'ਤੇ

ਪਰ ਕਵਿਤਾ ਦੀ ਰੁੱਤ ਵਿੱਚ
ਤੂੰ ਸਦਾ
ਮੇਰੇ ਕੋਲ ਕੋਲ ਹੁੰਦੀ...।

## ਆ ਗੱਲਾਂ ਕਰੀਏ

ਗੁਰਪ੍ਰੀਤ ਕੌਰ

ਮੈਂ ਉਸ ਨੂੰ ਕਿਹਾ
ਆ ਗੱਲਾਂ ਕਰੀਏ
ਉਹ ਬੋਲਿਆ
ਤੇਰੇ ਹੋਂਠ ਮਤਾਬੀ
ਨੈਣ ਸ਼ਰਾਬੀ
ਤੇਰੇ ਘਟਾਵਾਂ ਜਿਹੇ ਵਾਲ
ਬੜੇ ਹੀ ਸੁੰਦਰ

ਮੈਂ ਬੋਲੀ
ਉਡੱਦੇ ਪੰਛੀ
ਆਕਾਸ਼ 'ਚ ਤਾਰੇ
ਕਿੰਨੇ ਪਿਆਰੇ
ਤੂੰ ਸੁਣ ਕੇ ਦੇਖੀਂ
ਪੰਛੀਆਂ ਦਾ ਚਹਿਕਣਾ
ਕਰ ਕੇ ਦੇਖੀਂ
ਰੁੱਖਾਂ ਨਾਲ ਗੱਲਾਂ
ਦੋ ਪਲ ਮਾਣੀਂ
ਖਿੜੇ ਫੁੱਲਾਂ ਦਾ ਸਾਥ

ਉਸ ਫ਼ੁਰਮਾਇਆ
ਤੇਰਾ ਗੋਰਾ ਰੰਗ
ਦੁੱਧ ਜਿਹਾ
ਤੇਰੇ ਸੋਹਣੇ ਹੱਥ
ਸੁੰਦਰ ਲੱਗਦੀ
ਨੇਲ ਪਾਲਿਸ਼

ਮੈਂ ਬੋਲੀ
ਛੱਡ ਪਰ੍ਹੇ
ਆ ਗੱਲਾਂ ਕਰੀਏ
ਹਵਾ ਨਾਲ
ਸਿਨੇਮਾ ਦੇਖੀਏ
ਕੁਦਰਤ ਦਾ

ਉਸਨੇ ਕਿਹਾ
ਤੇਰਾ ਬਦਨ
ਪਤਲੀ ਕਮਰ
ਜੀਅ ਕਰਦੈ....

ਮੈਂ ਕਿਹਾ
ਛੱਡ ਪਰ੍ਹੇ
ਤੇਰੀਆਂ ਮੇਰੀਆਂ
ਗੱਲਾਂ 'ਚ
ਫ਼ਰਕ ਹੈ ਸਦੀਆਂ ਲੰਬਾ
ਕਦੀ ਆਵੀਂ ਤੂੰ
ਮੇਰੇ ਹਾਣ ਦਾ ਹੋ ਕੇ
ਆਪਾਂ ਫੇਰ ਗੱਲਾਂ ਕਰਾਂਗੇ ।

## ਝਰਨਾ (ਆਬਸ਼ਾਰ)

ਲਾਲਾ ਧਨੀ ਰਾਮ ਚਾਤ੍ਰਿਕ

ਉਚਿੱਓਂ ਟਿੱਲਿਓਂ ਬਰਫ਼ਾਂ ਢਲੀਆਂ, ਛਡ ਤੁਰਿਆ ਘਰ ਬਾਰ ਓ ਯਾਰ !
ਸਿਰਤਲਵਾਈਆਂ ਹੋ ਕੇ ਨੱਠੀਆਂ, ਕਰਦੀਆਂ ਮਾਰੋ ਮਾਰ ਓ ਯਾਰ !

ਸਿਦਕ ਉਡਾਈਆਂ ਉਡ ਕੇ ਆਂਈਆਂ, ਆ ਬਣੀਆਂ ਅਬਸ਼ਾਰ ਓ ਯਾਰ !
ਵਾਹ ਅਬਸ਼ਾਰਾ ! ਬਾਂਕਿਆ ਯਾਰਾ ! ਸੁੰਦਰ ਰੂਪ ਅਪਾਰ ਓ ਯਾਰ !

ਰੰਗ ਬਲੌਰੀ, ਚਮਕ ਜ਼ਮੁਰਦੀ, ਨੀਲਮ ਦਾ ਝਲਕਾਰ ਓ ਯਾਰ !
ਰਗ ਰਗ ਦੇ ਵਿਚ ਸ਼ਮਸ਼ੀ ਰਸ਼ਮਾਂ, ਖੇੜੀ ਨੂਰ ਬਹਾਰ ਓ ਯਾਰ !

ਮਾਸੂਮਾਂ ਦੇ ਹਿਰਦੇ ਵਾਂਗਰ ਨਿਰਮਲ ਤੇਰੀ ਧਾਰ ਓ ਯਾਰ !
ਸੀਤਲ ਛੁਹ, ਅਣਡਿੱਠਾ ਦਰਸ਼ਨ, ਤਨ ਮਨ ਦੇਵੇ ਠਾਰ ਓ ਯਾਰ !

ਇਸ਼ਕ-ਲਹਿਰ ਵਿੱਚ ਰੁੜ੍ਹਿਆ ਜਾਵੇਂ ਜਿੰਦੜੀ ਕਰਨ ਨਿਸਾਰ ਓ ਯਾਰ !
ਚਾਲ ਸਮੇਂ ਦੀ ਵਾਂਗਰ ਇੱਕ ਰਸ ਵਜਦੀ ਤੇਰੀ ਤਾਰ ਓ ਯਾਰ !

ਝਰ ਝਰ ਝਰਨ ਤੇਰੀ ਦੀਆਂ ਝੋਕਾਂ, ਪੰਛੀ ਲੈਣ ਖਲ੍ਹਾਰ ਓ ਯਾਰ !
ਗੱਜੇਂ ਗੜ੍ਹਕੇਂ ਬੱਦਲ ਵਾਂਗਰ ਛੇੜੇਂ ਦੇਸ ਮਲ੍ਹਾਰ ਓ ਯਾਰ !

ਨਿਗਾਹ ਨ ਟਿਕਦੀ ਚਾਲ ਤੇਰੀ ਤੇ, ਦੇਵੇਂ ਸੁਰਤ ਵਿਸਾਰ ਓ ਯਾਰ !
ਪ੍ਰੇਮ-ਉਬਾਲਾ ਝੱਗੋ ਝੱਗੀ, ਹੋਵੇ ਡਿਗਦਿਆਂ ਸਾਰ ਓ ਯਾਰ !

ਪਟਕ ਪਟਕ ਕੇ ਜ਼ੁਹਦ ਕਮਾਵੇਂ, ਢੂੰਡੇਂ ਮੁਕਤ-ਦੁਆਰ ਓ ਯਾਰ !
ਪਯਾਰੇ ਦਾ ਬਲਕਾਰ ਵਧਾਂਦਾ, ਹੋ ਜਾਵੇਂ ਬਲਿਹਾਰ ਓ ਯਾਰ !

ਹੋਵੇਂ ਸ਼ਾਂਤ ਬਗਲ ਵਿਚ ਬਹਿ ਕੇ, ਪ੍ਰੀਤਮ ਦੇ ਦਰਬਾਰ ਓ ਯਾਰ !
ਐਸਾ ਮਿਲੇਂ ਕਿ ਫੇਰ ਨ ਵਿਛੜੇਂ, ਹੋ ਜਾਵੇਂ ਇਕਸਾਰ ਓ ਯਾਰ !

## ਭਵਿੱਖ ਦਾ ਗੀਤ

ਕਰਮਜੀਤ ਕੌਰ ਕਿਸ਼ਾਂਵਲ



ਅੱਜ ਦੇ ਮੌਸਮਾਂ 'ਚ
ਜਦ ਵੀ ਪੈਂਦੀ ਏ
ਬੀਤ ਚੁੱਕੇ ਕੱਲ੍ਹ ਦੇ
ਚੇਤਿਆਂ ਦੀ ਧੁੰਦ
ਤਾਂ-
ਆਉਣ ਵਾਲਾ ਕੱਲ੍ਹ ਵੀ
ਉਸ ਧੁੰਦ ਦੀ ਗ੍ਰਿਫ਼ਤ ਵਿੱਚ
ਏਨਾ ਕੁ ਜ਼ਰੂਰ ਆ ਜਾਂਦਾ
ਕਿ
ਉਮਰ ਦਾ ਕੋਈ ਛਿਣ
ਪਾਰਦਰਸ਼ੀ ਨਹੀਂ ਰਹਿੰਦਾ ।
ਮੇਰੀ ਪੈੜ-ਚਾਲ ਸੁਣਨ ਵਾਲਿਆ !
ਮੇਰਾ ਇਮਤਿਹਾਨ ਨਾ ਲੈ 'ਭੂਤ'
ਤਾਂ ਮੇਰੇ 'ਅੱਜ' ਨੂੰ ਖਾ ਰਿਹਾ

ਤੂੰ ਮੈਨੂੰ
'ਭਵਿੱਖ' ਦਾ ਗੀਤ ਸੁਣਾ

ਬੜੀ ਦੇਰ ਪੜ੍ਹ ਲਿਆ ਮੈਂ
ਆਪਣੇ ਹੀ ਗੀਤਾਂ ਦੀ ਕਬਰ 'ਤੇ
ਬਹਿ ਕੇ
ਆਪਣੇ ਗੀਤਾਂ ਦਾ ਮਰਸੀਆ!
ਹੁਣ ਮੈਨੂੰ
ਭਵਿੱਖ ਦਾ ਗੀਤ ਸੁਣਾ!
ਅੰਦਰ ਮੱਚਦੇ ਸ਼ੋਰ ਨੂੰ
ਚਿਹਰੇ ਦੀ ਚੁੱਪ
ਹੋਰ ਨਹੀਂ ਲੁਕੋ ਸਕਦੀ!
ਸ਼ਾਇਦ ਇਹਨਾਂ ਹੰਝੂਆਂ ਦਾ ਵੀ
ਇਹੀਓ ਸਬੱਬ ਹੈ!



# ਸਾਂਝੇ ਪੰਜਾਬ ਦਾ ਲੋਕ ਗਾਇਕ ਆਲਮ ਲੁਹਾਰ

**ਅੰਗਰੇਜ਼ ਸਿੰਘ ਵਿਰਦੀ**

ਆਲਮ ਲੁਹਾਰ ਲਹਿੰਦੇ ਪੰਜਾਬ ਦਾ ਮਸ਼ਹੂਰ ਲੋਕ ਗਾਇਕ, ਜਿਨ੍ਹਾਂ ਨੂੰ ਉਨ੍ਹਾਂ ਦੇ ਗਾਏ ਬੇਸ਼ੁਮਾਰ ਲੋਕ ਗੀਤਾਂ ਕਰਕੇ ਪੂਰੀ ਦੁਨੀਆ ਵਿੱਚ ਬੇਹੱਦ ਸ਼ੋਹਰਤ ਹਾਸਿਲ ਹੋਈ। ਲਹਿੰਦੇ ਪੰਜਾਬ ਦੇ ਇੱਕ ਛੋਟੇ ਜਿਹੇ ਪਿੰਡ ਵਿੱਚ ਪੈਦਾ ਹੋਏ ਮੁਹੰਮਦ ਆਲਮ ਲੁਹਾਰ ਨੂੰ ਆਪਣੇ ਫ਼ਨ-ਏ-ਮੌਸੀਕੀ ਜ਼ਰੀਏ ਦੋਵਾਂ ਪੰਜਾਬਾਂ ਦੇ ਨਾਲ-ਨਾਲ ਪੂਰੀ ਦੁਨੀਆਂ ਵਿੱਚ ਜਿੱਥੇ ਵੀ ਪੰਜਾਬੀ ਵਸਦੇ ਨੇ, ਵਿੱਚ ਪੂਰੀ ਰੀਝ ਨਾਲ ਸੁਣਿਆ ਗਿਆ। ਆਲਮ ਲੁਹਾਰ ਨੂੰ ਅੱਜ ਸਾਡੇ ਕੋਲੋਂ ਵਿਛੜਿਆਂ 40 ਸਾਲਾਂ ਤੋਂ ਵੀ ਵੱਧ ਸਮਾਂ ਬੀਤ ਚੁੱਕਾ ਹੈ ਪਰ ਅੱਜ ਵੀ ਉਨ੍ਹਾਂ ਵਲੋਂ ਗਾਏ ਗੀਤ ਪੰਜਾਬੀਆਂ ਦੇ ਦਿਲਾਂ ਦੀ ਧੜਕਣ ਬਣੇ ਹੋਏ ਹਨ। ਪੰਜਾਬ ਦੇ ਲੋਕ ਗੀਤਾਂ ਦੀ ਬਾਤ ਪਾਉਣ ਵਾਲਾ ਪੰਜਾਬੀਅਤ ਵਿੱਚ ਰੰਗਿਆ ਆਲਮ ਲੁਹਾਰ ਇਕ ਵਿਲੱਖਣ ਸ਼ਖ਼ਸੀਅਤ ਦਾ ਮਾਲਕ ਸੀ। ਉਨ੍ਹਾਂ ਦਾ ਦਰਮਿਆਨਾ ਕੱਦ, ਭਰਵਾਂ ਜੁੱਸਾ, ਕਣਕ ਵੰਨਾ ਰੰਗ ਅਤੇ ਸਿਰ ਦੇ ਲੰਮੇ ਵਾਲ, ਹੱਥ ਵਿੱਚ ਚਿਮਟਾ, ਗਲ ਵਿੱਚ ਮੋਤੀਆਂ ਸਜੀ ਗਾਨੀ, ਪੈਰੀ ਕੱਢਵਾਂ ਖੁੱਸਾ, ਉਂਗਲੀਆਂ ਵਿੱਚ ਛੱਲੇ, ਤੇੜ ਰੰਗਦਾਰ ਲਾਚਾ, ਕਢਾਈ ਵਾਲਾ ਕੁੜਤਾ, ਉਨ੍ਹਾਂ ਦੀ ਵੱਖਰੀ ਚਾਲ ਢਾਲ ਅਤੇ ਮੁੱਖ 'ਤੇ ਮੁਸਕਾਨ ਨੂੰ ਵੇਖ ਕੇ ਇੰਝ ਲਗਦਾ ਸੀ ਜਿਵੇਂ ਪੰਜਾਬ ਦਾ ਹਕੀਕੀ ਨੁਮਾਇੰਦਾ ਆ ਰਿਹਾ ਹੋਵੇ। ਸੱਚਮੁੱਚ ਹੀ ਸਾਂਝੇ ਪੰਜਾਬ ਦਾ ਕੋਹਿਨੂਰ ਹੀਰਾ ਸੀ ਪੰਜਾਬੀ ਲੋਕ ਗਾਇਕ ਮੁਹੰਮਦ ਆਲਮ ਲੁਹਾਰ।

ਆਲਮ ਲੁਹਾਰ ਦਾ ਜਨਮ 1 ਮਾਰਚ 1928 ਈ: ਨੂੰ ਲਹਿੰਦੇ ਪੰਜਾਬ ਦੇ ਇੱਕ ਛੋਟੇ ਜਿਹੇ ਪਿੰਡ ਓਚ ਕੋਚ ਨਜ਼ਦੀਕ ਲਾਲਾ ਮੂਸਾ ਤਹਿਸੀਲ ਖਾਰੀਆਂ ਜ਼ਿਲ੍ਹਾ ਗੁਜਰਾਤ (ਪਾਕਿਸਤਾਨ) ਵਿੱਚ ਹੋਇਆ। ਲੁਹਾਰ ਪਰਿਵਾਰ ਵਿੱਚ ਪੈਦਾ ਹੋਏ ਆਲਮ ਨੂੰ ਬਚਪਨ ਤੋਂ ਹੀ ਸੂਫ਼ੀਆਨਾ ਕਲਾਮ, ਪੰਜਾਬੀ ਲੋਕ ਦਾਸਤਾਨਾ ਅਤੇ ਪੰਜਾਬੀ ਕਿੱਸਿਆਂ ਨੂੰ ਪੜ੍ਹਨ ਤੇ ਸੁਣਨ ਦਾ ਸ਼ੌਕ ਸੀ। ਆਪਣੇ ਬਚਪਨ ਦੇ ਦਿਨਾਂ ਵਿੱਚ ਹੀ ਆਲਮ ਲੁਹਾਰ ਇਨ੍ਹਾਂ ਨੂੰ ਗੁਣਗੁਣਾਉਨ ਵੀ ਲੱਗ ਪਏ ਸਨ। ਆਲਮ ਲੁਹਾਰ ਨੇ ਤਕਰੀਬਨ 8-9 ਸਾਲ ਦੀ ਉਮਰ ਵਿੱਚ ਹੀ ਗਾਉਣਾ ਸ਼ੁਰੂ ਕਰ ਦਿੱਤਾ ਸੀ। ਇਨ੍ਹਾਂ ਨੇ ਗਾਉਣ ਦੀ ਮੁਢਲੀ ਸਿੱਖਿਆ ਆਪਣੇ ਨਾਨਕੇ ਪਿੰਡ ਆਪਣੇ ਮਾਮੇ ਮੁਹੰਮਦ ਦੀਨ ਕੋਲੋਂ ਹਾਸਿਲ ਕੀਤੀ। ਪਿਤਾ ਪੁਰਖੀ ਜੱਦੀ ਕੰਮ ਲੋਹੇ ਦੇ ਖੇਤੀ ਸੰਦ ਬਣਾਉਣ ਦੇ ਕਿੱਤੇ ਨਾਲ ਜੁੜੇ ਹੋਣ ਕਾਰਨ ਆਲਮ ਦੇ ਪਿਤਾ ਜੀ ਚਾਹੁੰਦੇ ਸਨ ਕਿ ਉਨ੍ਹਾਂ ਦਾ ਪੁੱਤਰ ਵੀ ਆਪਣਾ ਜੱਦੀ ਪੁਸ਼ਤੀ ਲੁਹਾਰਾ ਕੰਮ ਹੀ ਸਿੱਖੇ, ਪਰ ਆਲਮ ਦਾ ਗਾਉਣ ਦਾ ਸ਼ੌਕ ਜਨੂੰਨ ਦੀ ਹੱਦ ਪਾਰ ਕਰ ਚੁੱਕਾ ਸੀ ਤੇ ਉਸ ਨੇ ਗਾਉਣ ਤੋਂ ਸਿਵਾ ਹੋਰ ਕੁਝ ਵੀ ਨਹੀਂ ਕਰਨਾ ਸੀ। ਸੱਤ ਭੈਣਾਂ ਦਾ ਇਕਲੌਤਾ ਲਾਡਲਾ ਵੀਰ ਆਲਮ ਲੁਹਾਰ ਸਕੂਲ ਵਿੱਚ ਪਹਿਲੀ ਜਮਾਤ ਵਿੱਚ ਪੜ੍ਹਦਾ ਹੀ ਘਰ ਵਿੱਚ ਪਈ ਸੈਫ਼ ਉਲ ਮਲੂਕ ਦੇ ਕਲਾਮ ਦੀ ਕਿਤਾਬ ਨੂੰ ਬੜੇ ਸ਼ੌਕ ਨਾਲ ਪੜ੍ਹਨ ਲੱਗ ਪਿਆ ਸੀ।

ਰੱਬ ਵੱਲੋਂ ਬਖ਼ਸ਼ੀ ਸੁਰੀਲੀ ਆਵਾਜ਼ ਅਤੇ ਤੀਖਣ ਬੁੱਧੀ ਦਾ ਮਾਲਿਕ ਆਲਮ ਲੁਹਾਰ ਨਿੱਕੀ ਉਮਰੇ ਹੀ ਆਪਣੀ ਗਾਇਕੀ ਨੂੰ ਸਿਖ਼ਰਾਂ ਵੱਲ ਲੈ ਤੁਰਿਆ ਸੀ। ਆਲਮ ਲੁਹਾਰ ਨੇ ਬਚਪਨ ਵਿੱਚ ਹੀ ਬਹੁਤ ਸਾਰੇ ਸੂਫ਼ੀਆਨਾ ਕਲਾਮ ਜਿਨ੍ਹਾਂ ਵਿੱਚ ਬੁੱਲੇ ਸ਼ਾਹ ਦੇ ਕਲਾਮ, ਸੁਲਤਾਨ ਬਾਹੂ ਦੇ ਕਲਾਮ, ਬਾਬਾ ਫ਼ਰੀਦ ਜੀ ਦੀ ਬਾਣੀ, ਸੈਫ਼ ਉਲ ਮਲੂਕ ਅਤੇ ਪੰਜਾਬ ਦੀਆਂ ਲੋਕ ਦਾਸਤਾਨਾ ਜਿਨ੍ਹਾਂ ਵਿੱਚ ਹੀਰ ਰਾਂਝਾ, ਸੋਹਣੀ ਮਹੀਵਾਲ, ਸੱਸੀ ਪੁੰਨੂ, ਮਿਰਜ਼ਾ ਸਾਹਿਬਾਂ, ਯੂਸਫ਼ ਜ਼ੁਲੈਖ਼ਾ ਅਤੇ ਦੁੱਲਾ ਭੱਟੀ ਨੂੰ ਮੂੰਹ ਜੁਬਾਨੀ ਯਾਦ ਕਰ ਲਿਆ ਸੀ ਤੇ ਇਨ੍ਹਾਂ ਨੂੰ ਉਹ ਪਿੰਡਾਂ ਦੀਆਂ ਮਹਿਫ਼ਲਾਂ, ਦਰਗਾਹਾਂ 'ਤੇ ਲੱਗਦੇ ਮੇਲਿਆਂ ਵਿੱਚ ਸਾਰੀ-ਸਾਰੀ ਰਾਤ ਗਾਉਂਦਾ ਰਹਿੰਦਾ ਸੀ। ਉਸ ਦੀ ਗਾਇਕੀ ਵਿੱਚ ਏਨਾ ਠਹਿਰਾਅ ਤੇ ਰਸ ਹੁੰਦਾ ਸੀ ਕਿ ਲੋਕ ਸਾਰੀ ਸਾਰੀ ਰਾਤ ਉਸ ਦੇ ਗਾਉਣ ਨੂੰ ਬੜੀ ਸ਼ਿੱਦਤ ਨਾਲ ਸੁਣਦੇ ਸਨ। ਪਿੰਡਾਂ ਵਿੱਚ ਲਗਦੇ ਮੇਲਿਆਂ, ਇਕੱਠਾਂ 'ਤੇ ਜਾ ਕੇ ਗਾਉਣ ਨਾਲ ਦਿਨਾਂ ਵਿੱਚ ਹੀ ਆਲਮ ਲੁਹਾਰ ਦੀ ਮਸ਼ਹੂਰੀ ਸਾਰੇ ਪੰਜਾਬ ਵਿੱਚ ਚਾਰੇ ਪਾਸੇ ਫੈਲ ਗਈ।

ਆਲਮ ਲੁਹਾਰ ਦੇ ਪਿੰਡ ਓਚ-ਕੋਚ ਦੇ ਬਹੁਤ ਸਾਰੇ ਬੰਦੇ ਮਿਹਨਤ ਮਜ਼ਦੂਰੀ ਕਰਨ ਲਈ ਲਾਹੌਰ ਰਹਿੰਦੇ ਸਨ। ਆਲਮ ਦੀ ਵਧਦੀ ਪ੍ਰਸਿੱਧੀ ਨੂੰ ਵੇਖ ਕੇ ਉਨ੍ਹਾਂ 13 ਸਾਲ ਦੀ ਛੋਟੀ ਉਮਰ ਦੇ ਆਲਮ ਲੁਹਾਰ ਨੂੰ ਲਾਹੌਰ ਵਿਖੇ ਅਖਾੜਾ ਲਾਉਣ ਲਈ ਸੱਦਿਆ। ਆਲਮ ਲੁਹਾਰ ਨੇ ਲਹੌਰ ਆ ਕੇ ਆਪਣੀ ਗਾਇਕੀ ਦੇ ਚੰਗੇ ਰੰਗ ਬੰਨ੍ਹੇ ਤੇ ਆਪਣੀ ਕਲਾ ਦਾ ਭਰਪੂਰ ਮੁਜ਼ਾਹਰਾ ਕੀਤਾ। ਉਥੇ ਆਲਮ ਨੇ ਆਪਣੇ ਖ਼ਾਸ ਅੰਦਾਜ਼ ਵਿੱਚ ਜਦੋਂ ਘੜੇ ਦੇ ਨਾਲ ਹੀਰ ਗਾਉਣੀ ਤਾਂ ਸੁਣਨ ਵਾਲੇ ਸਰੋਤੇ ਅਸ਼-ਅਸ਼ ਕਰ ਉੱਠਦੇ। ਇਸ ਤਰ੍ਹਾਂ ਹੀ ਜਦੋ ਇੱਕ ਦਿਨ ਇੱਕ ਰਿਕਾਰਡਿੰਗ ਕੰਪਨੀ ਦੇ ਮਾਲਿਕ ਜਾਨਕੀ ਦਾਸ ਨੇ ਮੇਵਾ ਮੰਡੀ ਲਹੌਰ ਵਿੱਚ ਆਲਮ ਲੁਹਾਰ ਨੂੰ ਗਾਉਂਦੇ ਸੁਣਿਆ ਤਾਂ ਉਸ ਨੂੰ ਆਪਣੇ ਰਿਕਾਰਡਿੰਗ ਸਟੂਡੀਓ ਤਵੇ ਭਰਵਾਉਣ ਲਈ ਆਉਣ ਦਾ ਸੱਦਾ ਦਿੱਤਾ। ਸਿੱਧੇ-ਸਾਧੇ ਪਿੰਡ ਦੇ ਰਹਿਣ ਵਾਲੇ ਆਲਮ ਨੂੰ ਇਹ ਸੁਣ ਕੇ ਹੈਰਾਨੀ ਹੋਈ ਕਿ ਤਵੇ ਕੀ ਹੁੰਦੇ ਨੇ। ਜਦੋਂ ਆਲਮ ਲੁਹਾਰ ਜਾਨਕੀ ਦਾਸ ਦੇ ਸਟੂਡੀਓ ਪੁੱਜਾ ਤਾਂ ਆਲਮ ਨੇ ਆਪਣੀ ਬਣਾਈ ਹੋਈ ਧੁਨ 'ਤੇ ਤਸਵੀਰ-ਏ-ਯੂਸਫ਼ ਪੜ੍ਹੀ ਜੋ ਜਾਨਕੀ ਦਾਸ ਨੂੰ ਪਸੰਦ ਨਾ ਆਈ। ਪਰ ਕਹਿੰਦੇ ਨੇ ਹੀਰੇ ਦੀ ਪਰਖ ਜੌਹਰੀ ਨੂੰ ਹੀ ਹੁੰਦੀ ਹੈ। ਸੋ ਇਸੇ ਹੀ ਧੁਨ 'ਤੇ ਤਸਵੀਰ-ਏ-ਯੂਸਫ਼ ਦਾ ਪਹਿਲਾ ਤਵਾ ਰਿਕਾਰਡ 13 ਸਾਲ ਦੀ ਉਮਰ ਵਿੱਚ ਮੌਲਵੀ ਨੂਰ ਮੁਹੰਮਦ ਦੀ ਰਹਿਨੁਮਾਈ ਹੇਠ ਜੈਨਬ ਦੀ ਫ਼ਰਿਆਦ ਟਾਈਟਲ ਹੇਠ ਰਿਕਾਰਡ ਕੀਤਾ ਗਿਆ।



ਆਲਮ ਲੁਹਾਰ ਵੱਲੋਂ ਗਾਉਣ ਦਾ ਆਪਣਾ ਇੱਕ ਵੱਖਰਾ ਅੰਦਾਜ਼ ਪੈਦਾ ਕੀਤਾ ਗਿਆ। ਪਿੰਡਾਂ, ਕਸਬਿਆਂ ਅਤੇ ਦਰਗਾਹਾਂ 'ਤੇ ਲੱਗਣ ਵਾਲੇ ਮੇਲਿਆਂ ਵਿੱਚ ਆਲਮ ਲੁਹਾਰ ਆਪਣਾ ਥੀਏਟਰ ਲਾਉਂਦਾ ਹੁੰਦਾ ਸੀ, ਜਿਥੇ ਉਹ ਸਾਰੀ-ਸਾਰੀ ਰਾਤ ਆਪਣੀ ਲੋਕ ਗਾਇਕੀ ਦੇ ਹੁਨਰ ਨੂੰ ਲੋਕਾਂ ਸਾਹਮਣੇ ਪੇਸ਼ ਕਰਦਾ ਤੇ ਸੂਫ਼ੀਆਨਾ ਕਲਾਮ, ਕਿੱਸਾ ਯੂਸਫ਼ ਜ਼ੁਲੈਖ਼ਾ, ਹੀਰ ਦਾ ਕਿੱਸਾ, ਸੋਹਣੀ ਮਹੀਂਵਾਲ ਦਾ ਕਿੱਸਾ, ਮਿਰਜ਼ਾ ਅਤੇ ਆਪਣੇ ਖਾਸ ਅੰਦਾਜ਼ ਵਿੱਚ ਜਦੋਂ ਜੁਗਨੀ ਗਾਉਂਦਾ ਤਾਂ ਸੁਣਨ ਵਾਲੇ ਸਰੋਤੇ ਖ਼ੁਸ਼ ਵੀ ਬਹੁਤ ਹੁੰਦੇ ਤੇ ਬਿਰਹਾ ਵਿੱਚ ਉਦਾਸ ਵੀ ਹੋ ਜਾਂਦੇ। ਆਲਮ ਲੁਹਾਰ ਦੀ ਖ਼ਾਸ ਪਹਿਚਾਣ ਉਨ੍ਹਾਂ ਦਾ ਹੱਥ ਵਿੱਚ ਫੜਿਆ ਚਿਮਟਾ ਹੁੰਦਾ ਸੀ। ਜਦੋਂ ਉਹ ਚਿਮਟੇ ਦੀ ਮੁਨਫ਼ਰਿਦ ਧੁਨ, ਜੋੜੀ (ਅਲਗੋਜ਼ੇ) ਅਤੇ ਢੋਲਕੀ ਨਾਲ ਖਾਸ ਅੰਦਾਜ਼ ਵਿੱਚ ਮਿਰਜ਼ਾ ਗਾਉਂਦਾ ਤਾਂ ਲੋਕ ਅਸ਼-ਅਸ਼ ਕਰ ਉੱਠਦੇ। ਇਸ ਦੇ ਨਾਲ ਹੀ ਸੁਲਤਾਨ ਬਾਹੂ, ਹਾਸ਼ਮ ਸ਼ਾਹ, ਮੁਹੰਮਦ ਬਖ਼ਸ਼ ਦੇ ਦੋਹਿੜੇ ਅਤੇ ਦੁੱਲੇ ਭੱਟੀ ਦੀ ਵਾਰ ਨੂੰ ਆਪਣੇ ਖਾਸ ਅੰਦਾਜ਼ ਵਿੱਚ ਗਾਉਣ ਦੀ ਕਲਾ ਆਲਮ ਲੁਹਾਰ ਨੂੰ ਪੰਜਾਬੀ ਲੋਕ ਗਾਇਕੀ ਦਾ ਸਭ ਤੋਂ ਉੱਚਾ, ਵਿਲੱਖਣ ਅਤੇ ਮਹਾਨ ਗਾਇਕ ਬਣਾਉਂਦੀ ਸੀ। ਆਪਣੀ ਸਾਰੀ ਜ਼ਿੰਦਗੀ ਵਿੱਚ ਆਲਮ ਲੁਹਾਰ ਨੇ ਬੇਸ਼ੁਮਾਰ ਗੀਤ ਗਾਏ ਅਤੇ 15 ਗੋਲਡ ਐਲ.ਪੀ. ਡਿਸਕ ਆਪਣੇ ਨਾਂਅ ਕੀਤੇ। ਇਨ੍ਹਾਂ ਨੇ ਸੰਨ 1948 ਵਿੱਚ ਸੈਫ਼ ਉਲ ਮਲੂਕ, 1959 ਵਿੱਚ ਕਿੱਸਾ ਦੁੱਲਾ ਭੱਟੀ, 1961 ਵਿੱਚ ਕਿੱਸਾ ਯੂਸਫ਼ ਜ਼ੁਲੈਖ਼ਾਂ, 1963 ਵਿੱਚ ਕਿੱਸਾ ਹਿਰਨੀ , 1964 ਵਿੱਚ ਮਸ਼ਹੂਰ ਲੋਕ ਗੀਤ 'ਬੋਲ ਮਿੱਟੀ ਦਿਆ ਬਾਵਿਆ', 1965 ਵਿੱਚ ਜੁਗਨੀ, 1967 ਵਿੱਚ ਕਿੱਸਾ ਮਿਰਜ਼ਾ ਸਾਹਿਬਾਂ, 1968 ਵਿੱਚ ਮਿਰਜ਼ੇ ਦੀ ਮਾਂ,1969 ਵਿਚ ਹੀਰ, 1971 ਵਿਚ ਮਾਂ ਦਾ ਪਿਆਰ, 1972 ਵਿਚ ਕਿੱਸਾ ਸੱਸੀ ਪੁੰਨੂ, 1973 ਵਿੱਚ ਵਿਆਹ, 1974 ਵਿੱਚ ਕਿੱਸਾ ਬਾਰਹ ਮਾਹ, 1975 ਵਿੱਚ ਦਿਲ ਵਾਲਾ ਦੁੱਖੜਾ ਅਤੇ 1977 ਵਿੱਚ ਵਾਜਾਂ ਮਾਰੀਆਂ ਬੁਲਾਇਆ ਕਈ ਵਾਰ ਦੇ ਟਾਈਟਲ ਹੇਠ ਸੁਪਰ ਹਿੱਟ ਗਾਣਿਆਂ ਦੇ ਰਿਕਾਰਡ ਕੱਢੇ ਜਿਨ੍ਹਾਂ ਨੂੰ ਬੇਹੱਦ ਮਕਬੂਲੀਅਤ ਹਾਸਿਲ ਹੋਈ।

(**ਬਾਕੀ ਸਫ਼ਾ** 30 'ਤੇ)

# ਜੰਗ ਦੀ ਅੱਗ 'ਚ ਫ਼ਿਲਮ ਦਾ ਪ੍ਰਚਾਰ



ਭਾਰਤ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਚੋਣ ਮੰਚਾਂ ਰਾਹੀਂ ਕਸ਼ਮੀਰ ਫਾਈਲਜ਼, ਕੇਰਲ ਸਟੋਰੀਜ਼ ਅਤੇ ਵੈਕਸੀਨ ਵਾਰ ਵਰਗੀਆਂ ਫਿਲਮਾਂ ਦਾ ਪ੍ਰਚਾਰ ਕੀਤਾ, ਇਹ ਵੀ ਠੀਕ ਸੀ, ਪਰ ਹੈਰਾਨੀ ਦੀ ਗੱਲ ਇਹ ਹੈ ਕਿ ਹੁਣ ਇਜ਼ਰਾਇਲੀ ਰਾਜਦੂਤ ਨੂੰ ਵੀ ਫਿਲਮ ਪ੍ਰਮੋਸ਼ਨ ਲਈ ਵਰਤਿਆ ਜਾ ਰਿਹਾ ਹੈ। ਇਹ ਵਿਚਾਰਨ ਯੋਗ ਹੈ ਕਿ ਅਜਿਹੀਆਂ ਘਟਨਾਵਾਂ ਵਿਸ਼ਵ ਪੱਧਰ 'ਤੇ ਭਾਰਤ ਦਾ ਅਕਸ ਕਿਵੇਂ ਬਣਾਉਣਗੀਆਂ।

ਆਪਣੀ ਫਿਲਮ ਦੀ ਪ੍ਰਮੋਸ਼ਨ ਕਰਦੇ ਹੋਏ ਅਭਿਨੇਤਰੀ ਕੰਗਨਾ ਰਣੌਤ ਨੇ ਦੇਸ਼ ਲਈ ਅਜੀਬ ਸਥਿਤੀ ਪੈਦਾ ਕਰ ਦਿੱਤੀ ਹੈ। ਦੁਨੀਆ ਦੇ ਸਾਹਮਣੇ ਭਾਰਤ ਨੂੰ ਲਗਭਗ ਸ਼ਰਮਿੰਦਾ ਕਰਨ ਵਾਲੀ ਸਥਿਤੀ ਬਣੀ ਹੋਈ ਹੈ। ਦਰਅਸਲ ਕੰਗਨਾ ਰਣੌਤ ਨੇ ਫਿਲਮ ਤੇਜਸ ਰਿਲੀਜ਼ ਹੋਣ ਤੋਂ ਪਹਿਲਾਂ ਅਜਿਹਾ ਕੀਤਾ ਹੈ। ਮਾਰਕੀਟਿੰਗ ਦੇ ਯੁੱਗ ਵਿੱਚ ਫਿਲਮਾਂ ਵੀ ਪਬਲੀਸਿਟੀ ਅਤੇ ਪ੍ਰਮੋਸ਼ਨ ਤੋਂ ਬਿਨਾਂ ਕੰਮ ਨਹੀਂ ਕਰਦੀਆਂ। ਇਸ ਤੋਂ ਪਹਿਲਾਂ ਫਿਲਮ ਵਿਤਰਕ ਅਤੇ ਸਿਨੇਮਾਘਰਾਂ ਦੇ ਮਾਲਕ ਜਿੱਥੇ ਫਿਲਮਾਂ ਦਿਖਾਈਆਂ ਜਾਂਦੀਆਂ ਸਨ, ਕਸਬਿਆਂ ਅਤੇ ਸ਼ਹਿਰਾਂ ਵਿੱਚ ਲਾਊਡਸਪੀਕਰਾਂ ਦੀ ਵਰਤੋਂ ਕਰਦੇ ਸਨ ਅਤੇ ਨਵੀਂ ਫਿਲਮ ਦੀ ਆਮਦ ਬਾਰੇ ਜਾਣਕਾਰੀ ਦਿੰਦੇ ਸਨ।

ਸਕ੍ਰੀਨਿੰਗ ਤੋਂ ਪਹਿਲਾਂ ਪੂਰੇ ਸ਼ਹਿਰ ਵਿੱਚ ਫਿਲਮਾਂ ਦੇ ਆਕਰਸ਼ਕ ਪੋਸਟਰ ਟੰਗ ਦਿੱਤੇ ਗਏ ਸਨ। ਪਰ ਹੁਣ ਸੋਸ਼ਲ ਮੀਡੀਆ ਦਾ ਯੁੱਗ ਹੈ, ਜਿੱਥੇ ਅਦਾਕਾਰ ਅਤੇ ਅਭਿਨੇਤਰੀਆਂ ਵੱਖ-ਵੱਖ ਪਲੇਟਫਾਰਮਾਂ 'ਤੇ ਜਾ ਕੇ ਆਪਣੀਆਂ ਫਿਲਮਾਂ, ਵੈੱਬ ਸੀਰੀਜ਼ ਜਾਂ ਸੀਰੀਅਲਾਂ ਬਾਰੇ ਜਾਣਕਾਰੀ ਦਿੰਦੀਆਂ ਹਨ, ਇਸ ਤੋਂ ਇਲਾਵਾ ਉਹ ਕਦੇ ਮਾਲ ਅਤੇ ਕਦੇ ਬਾਜ਼ਾਰਾਂ ਵਿੱਚ ਜਾ ਕੇ ਆਪਣੀਆਂ ਫਿਲਮਾਂ ਬਾਰੇ ਜਾਣਕਾਰੀ ਦਿੰਦੇ ਹਨ। ਕਿਉਂਕਿ ਕੰਗਨਾ ਦੀ ਫਿਲਮ ਦੁਸਹਿਰੇ ਦੇ ਮੌਕੇ 'ਤੇ ਆ ਰਹੀ ਸੀ, ਇਸ ਲਈ ਫਿਲਮ ਦੀ ਪ੍ਰਮੋਸ਼ਨ ਲਈ ਰਾਮਲੀਲਾ ਦਾ ਮੰਚ ਵੀ ਵਰਤਿਆ ਗਿਆ ਸੀ। ਦੁਸਹਿਰੇ 'ਤੇ ਰਾਮ ਅਤੇ ਰਾਵਣ ਦੋ ਮੁੱਖ ਪਾਤਰ ਹਨ, ਇਸ ਲਈ ਕੰਗਣਾ ਨੇ ਰਾਵਣ ਨੂੰ ਮੌਜੂਦਾ ਵਿਸ਼ਵ ਸਥਿਤੀ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਅਤੇ ਦੱਸਿਆ ਕਿ ਉਹ ਕਿਸ ਨੂੰ ਰਾਮ ਮੰਨਦੀ ਹੈ।

ਕੰਗਨਾ ਰਣੌਤ ਨੇ ਇਜ਼ਰਾਈਲ ਅਤੇ ਫਲਸਤੀਨ ਵਿਚਕਾਰ ਚੱਲ ਰਹੀ ਵਿਨਾਸ਼ਕਾਰੀ ਜੰਗ ਵਿੱਚ ਹਮਾਸ ਨੂੰ ਆਧੁਨਿਕ ਰਾਵਣ ਦੱਸਿਆ ਹੈ। ਦਰਅਸਲ ਕੰਗਨਾ ਰਣੌਤ ਨੇ ਨਵੀਂ ਦਿੱਲੀ 'ਚ ਇਜ਼ਰਾਇਲੀ ਰਾਜਦੂਤ ਨਾਓਰ ਗਿਲਨ ਨਾਲ ਮੁਲਾਕਾਤ ਕੀਤੀ ਹੈ। ਜਿਸ ਦੀ ਫੋਟੋ ਉਸ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ ਅਤੇ ਟਵਿਟਰ 'ਤੇ ਸ਼ੇਅਰ ਕੀਤੀ ਹੈ। ਇਨ੍ਹਾਂ ਤਸਵੀਰਾਂ ਨੂੰ ਸ਼ੇਅਰ ਕਰਦੇ ਹੋਏ ਕੰਗਨਾ ਨੇ ਲਿਖਿਆ ਕਿ 'ਅੱਜ ਪੂਰੀ ਦੁਨੀਆ ਖਾਸਕਰ ਇਜ਼ਰਾਈਲ ਅਤੇ ਭਾਰਤ ਅੱਤਵਾਦ ਖ਼ਿਲਾਫ਼ ਆਪਣੀ ਜੰਗ ਲੜ ਰਹੇ ਹਨ।

ਕੱਲ੍ਹ ਜਦੋਂ ਮੈਂ ਰਾਵਣ ਦਹਨ ਕਰਨ ਲਈ ਦਿੱਲੀ ਪਹੁੰਚੀ ਤਾਂ ਮੈਨੂੰ ਲੱਗਾ ਕਿ ਮੈਨੂੰ ਇਜ਼ਰਾਈਲ ਅੰਬੈਸੀ ਆ ਕੇ ਉਨ੍ਹਾਂ ਲੋਕਾਂ ਨੂੰ ਮਿਲਣਾ ਚਾਹੀਦਾ ਹੈ ਜੋ ਅੱਜ ਦੇ ਆਧੁਨਿਕ ਰਾਵਣ, ਹਮਾਸ ਵਰਗੇ ਅੱਤਵਾਦੀਆਂ ਨੂੰ ਹਰਾ ਰਹੇ ਹਨ। ਜਿਸ ਤਰ੍ਹਾਂ ਛੋਟੇ ਬੱਚਿਆਂ ਅਤੇ ਔਰਤਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਉਹ ਦਿਲ ਦਹਿਲਾ ਦੇਣ ਵਾਲਾ ਹੈ। ਮੈਨੂੰ ਪੂਰੀ ਉਮੀਦ ਹੈ ਕਿ ਇਜ਼ਰਾਈਲ ਅੱਤਵਾਦ ਵਿਰੁੱਧ ਇਸ ਜੰਗ 'ਚ ਜਿੱਤ ਹਾਸਲ ਕਰੇਗਾ।

ਵੈਸੇ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਕੰਗਨਾ ਨੇ ਇਜ਼ਰਾਈਲ ਦੇ ਸਮਰਥਨ ਵਿੱਚ ਅਜਿਹਾ ਬਿਆਨ ਦਿੱਤਾ ਹੈ। ਹਮਾਸ ਦੇ ਹਮਲੇ ਤੋਂ ਬਾਅਦ ਵੀ ਉਸ ਨੇ ਇਜ਼ਰਾਈਲ ਨਾਲ ਆਪਣੀ ਹਮਦਰਦੀ ਦਿਖਾਈ। ਦਰਅਸਲ ਕੰਗਨਾ ਰਣੌਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਕਸ਼ੇ-ਕਦਮਾਂ 'ਤੇ ਚੱਲ ਰਹੀ ਹੈ। ਸ਼੍ਰੀ ਮੋਦੀ ਨੇ ਵੀ ਸਭ ਤੋਂ ਪਹਿਲਾਂ ਇਜ਼ਰਾਈਲ ਦੇ ਸਮਰਥਨ ਵਿੱਚ ਬਿਆਨ ਦਿੱਤਾ ਅਤੇ ਫਲਸਤੀਨ ਲਈ ਕੁਝ ਨਹੀਂ ਕਿਹਾ। ਜਿਵੇਂ ਹੀ ਵਿਦੇਸ਼ ਮੰਤਰਾਲੇ ਨੂੰ ਪਤਾ ਲੱਗਾ ਕਿ ਇਸ ਨਾਲ ਦੁਨੀਆ ਨੂੰ ਸਹੀ ਸੰਦੇਸ਼ ਨਹੀਂ ਗਿਆ ਤਾਂ ਉਸ ਨੇ ਆਪਣੀ ਗਲਤੀ ਨੂੰ ਸੁਧਾਰਿਆ ਅਤੇ ਪੰਜ ਦਿਨ ਬਾਅਦ ਬਿਆਨ ਦਿੱਤਾ ਕਿ ਭਾਰਤ ਸ਼ਾਂਤੀ ਦਾ ਪੱਖ ਰੱਖਦਾ ਹੈ ਅਤੇ ਫਲਸਤੀਨ ਨੂੰ ਉਸ ਦੇ ਅਧਿਕਾਰ ਦਿਵਾਉਣ ਦਾ ਸਮਰਥਨ ਕਰਦਾ ਹੈ।

ਪ੍ਰਧਾਨ ਮੰਤਰੀ ਦੇ ਬਿਆਨ ਨੂੰ ਮਾਫ਼ ਕਰਨ ਵਾਲੇ ਢੰਗ ਨਾਲ ਨਜਿੱਠਿਆ ਗਿਆ। ਪਰ ਹੁਣ ਕੰਗਨਾ ਰਣੌਤ ਦੇ ਬਿਆਨ ਨੂੰ ਕਿਵੇਂ ਸੰਭਾਲਿਆ ਜਾਵੇਗਾ ? ਹਾਲਾਂਕਿ, ਇੱਕ ਆਜ਼ਾਦ ਦੇਸ਼ ਦੀ ਆਜ਼ਾਦ ਨਾਗਰਿਕ ਹੋਣ ਦੇ ਨਾਤੇ, ਕੰਗਨਾ ਰਣੌਤ ਨੂੰ ਖੁੱਲ੍ਹ ਕੇ ਆਪਣੀ ਰਾਏ ਪ੍ਰਗਟ ਕਰਨ ਦਾ ਪੂਰਾ ਅਧਿਕਾਰ ਹੈ। ਪਰ ਉਸ ਨੇ ਇਹ ਸਾਰੀਆਂ ਗੱਲਾਂ ਇਜ਼ਰਾਇਲੀ ਰਾਜਦੂਤ ਨਾਲ ਮੁਲਾਕਾਤ ਤੋਂ ਬਾਅਦ ਕਹੀਆਂ।

ਇਸ ਤੋਂ ਬਾਅਦ ਦੁਨੀਆਂ 'ਚ ਸਵਾਲ ਉੱਠ ਸਕਦੇ ਹਨ ਕਿ ਭਾਰਤ ਦਾ ਸਟੈਂਡ ਕੀ ਹੈ। ਹਾਲਾਂਕਿ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ 'ਚ ਭਾਰਤ ਨੇ ਦੁਹਰਾਇਆ ਹੈ ਕਿ ਉਹ ਫਲਸਤੀਨ ਨੂੰ ਮਦਦ ਭੇਜਦਾ ਰਹੇਗਾ ਅਤੇ ਉਸ ਨਾਲ ਦੁਵੱਲੇ ਸਬੰਧਾਂ ਨੂੰ ਵਧਾਉਣ 'ਤੇ ਕੰਮ ਕਰਦਾ ਰਹੇਗਾ। ਪਰ ਜਿਸ ਤਰ੍ਹਾਂ ਘਰੇਲੂ ਮੋਰਚੇ 'ਤੇ ਫਿਲਮ ਦੀ ਪ੍ਰਮੋਸ਼ਨ 'ਚ ਗੰਭੀਰ ਅੰਤਰਰਾਸ਼ਟਰੀ ਮੁੱਦੇ ਨੂੰ ਘਸੀਟਿਆ ਗਿਆ ਹੈ, ਉਹ ਕਿਸੇ ਵੀ ਤਰ੍ਹਾਂ ਠੀਕ ਨਹੀਂ ਹੈ।

ਕੰਗਨਾ ਰਣੌਤ ਆਪਣੀ ਫਿਲਮ ਨੂੰ ਭਾਵੇਂ ਕਿੰਨੇ ਵੀ ਤਰੀਕਿਆਂ ਨਾਲ ਪ੍ਰਮੋਟ ਕਰੇ, ਉਸ ਨੂੰ ਘੱਟੋ-ਘੱਟ ਆਪਣੀ ਫਿਲਮ ਨੂੰ ਜੰਗ ਦੀ ਅੱਗ ਵਿੱਚ ਚਮਕਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ਸੀ।

ਪਰ ਫਿਰ ਵੀ ਲੋਕ ਉਸ ਦੀ ਆਲੋਚਨਾ ਕਰਨ ਦਾ ਮੌਕਾ ਨਹੀਂ ਖੁੰਝਦੇ ਸਨ ਕਿਉਂਕਿ ਕੰਗਨਾ ਰਣੌਤ ਸੁਰਖੀਆਂ ਵਿੱਚ ਸੀ। ਪਰ ਫਿਰ ਵੀ ਲੋਕਾਂ ਨੇ ਉਸ ਦੀ ਆਲੋਚਨਾ ਕਰਨ ਦਾ ਮੌਕਾ ਨਹੀਂ ਖੁੰਝਾਇਆ ਕਿਉਂਕਿ ਕੰਗਨਾ ਰਣੌਤ ਜਿਸ ਤਰ੍ਹਾਂ ਦੇ ਬਿਆਨ ਸੁਰਖੀਆਂ 'ਚ ਬਣੀ ਰਹਿੰਦੀ ਹੈ, ਉਸ 'ਚ ਉਸ ਦੀ ਪਾਰਟੀਬਾਜ਼ੀ, ਹਿੰਦੂਤਵ ਅਤੇ ਰਾਸ਼ਟਰਵਾਦ ਨੂੰ ਉਤਸ਼ਾਹਿਤ ਕਰਨ ਦਾ ਜਨੂੰਨ ਸਾਫ ਨਜ਼ਰ ਆਉਂਦਾ ਹੈ।

ਦਰਅਸਲ, ਕੰਗਨਾ ਜਾਂ ਉਸ ਵਰਗੇ ਮੌਕਾਪ੍ਰਸਤ ਲੋਕਾਂ ਤੋਂ ਅਜਿਹੀ ਕੋਈ ਉਮੀਦ ਰੱਖਣਾ ਮੂਰਖਤਾ ਹੈ। ਉਸਦੇ ਏਜੰਡੇ ਵਿੱਚ ਭਾਰਤ ਦੇ ਆਧੁਨਿਕ ਰਾਵਣਾਂ ਦਾ ਜ਼ਿਕਰ ਕਰਨਾ ਸ਼ਾਮਲ ਨਹੀਂ ਹੈ, ਕਿਉਂਕਿ ਇਸ ਨਾਲ ਉਸਦੀ ਫਿਲਮ ਨੂੰ ਕੋਈ ਫਾਇਦਾ ਨਹੀਂ ਹੁੰਦਾ।

# ਮਨੁੱਖ ਨੂੰ ਸਿਰਜਣਸ਼ੀਲ ਬਣਾਉਂਦੀਆਂ ਹਨ ਖੇਡਾਂ

ਪੁਰਾਤਨ ਸਮੇਂ ਤੋਂ ਹੀ ਖੇਡਾਂ ਦਾ ਮਨੁੱਖੀ ਜੀਵਨ ਵਿੱਚ ਬਹੁਤ ਮਹੱਤਵ ਹੈ। ਖੇਡਾਂ ਵਿੱਚ ਹਿੱਸਾ ਲੈਣ ਵਾਲੇ ਵਿਅਕਤੀ ਤੰਦਰੁਸਤ ਰਹਿੰਦੇ ਹਨ। ਆਪਣੇ ਜੀਵਨ ਵਿੱਚ ਹਰ ਵਿਅਕਤੀ ਨੂੰ ਖੇਡਾਂ ਵਿੱਚ ਹਿੱਸਾ ਜ਼ਰੂਰ ਲੈਣਾ ਚਾਹੀਦਾ ਹੈ। ਆਧੁਨਿਕ ਯੁੱਗ ਵਿਕਾਸ ਅਤੇ ਤਕਨੀਕ ਦਾ ਯੁੱਗ ਹੈ ਵਿਕਾਸ ਅਤੇ ਤਕਨੀਕ ਦੇ ਇਸ ਯੁੱਗ ਨੇ ਮਨੁੱਖ ਨੂੰ ਇੱਕ ਪਾਸੇ ਜਿੱਥੇ ਢੇਰ ਸਾਰੀਆਂ ਸੁਵਿਧਾਵਾਂ ਦਿੱਤੀਆਂ ਹਨ, ਉੱਥੇ ਇਸ ਯੁੱਗ ਨੇ ਮਨੁੱਖ ਨੂੰ ਤਣਾਅ ਵੀ ਦਿੱਤਾ ਹੈ ਭੱਜ-ਦੌੜ ਭਰੀ ਇਸ ਜ਼ਿੰਦਗੀ 'ਚ ਹਰ ਕਿਤੇ ਤਣਾਅ ਹੀ ਤਣਾਅ ਹੈ, ਕਿਤੇ ਵੀ ਸਕੂਨ ਅਤੇ ਸ਼ਾਂਤੀ ਨਹੀਂ ਹੈ ਖੁਸ਼ੀ ਦੀ ਵੱਡੀ ਘਾਟ ਹੈ ਖੇਡਾਂ ਸਾਨੂੰ ਖੁਸ਼ੀ ਵੀ ਦਿੰਦੀਆਂ ਹਨ ਅਤੇ ਸਾਡਾ ਤਣਾਅ ਵੀ ਘੱਟ ਕਰਦੀਆਂ ਹਨ ਤਣਾਅ ਨੂੰ ਦੂਰ ਕਰਨ, ਸਰੀਰਕ ਅਤੇ ਮਾਨਸਿਕ ਸੰਤੁਲਨ ਨੂੰ ਬਣਾਈ ਰੱਖਣ, ਆਤਮ-ਕੰਟਰੋਲ ਕਰਨ, ਇਮਾਨਦਾਰੀ, ਸੱਚਾਈ, ਨਿਰਪੱਖਤਾ, ਸਹਿਯੋਗ, ਸਹਿਣਸ਼ੀਲਤਾ, ਭਾਈਚਾਰੇ, ਸਦਭਾਵਨਾ ਦੀ ਭਾਵਨਾ ਨੂੰ ਵਿਕਸਿਤ ਕਰਨ ਦਾ ਕੰਮ ਕਰਦੀਆਂ ਹਨ। ਖੇਡਾਂ ਜ਼ਰੀਏ ਅਸੀਂ ਆਪਣੀ ਪ੍ਰਤਿਭਾ, ਆਪਣੇ ਵੇਗਾਂ ਦਾ ਸਹੀ ਪ੍ਰਬੰਧਨ ਅਤੇ ਕੰਟਰੋਲ ਕਰ ਸਕਦੇ ਹਾਂ ਬੱਚਿਆਂ ਲਈ ਤਾਂ ਖੇਡਾਂ ਇੱਕ ਪ੍ਰਾਣ ਤੱਤ ਦੇ ਰੂਪ 'ਚ ਕੰਮ ਕਰਦੀਆਂ ਹਨ ਅਤੇ ਕੋਈ ਵੀ ਬੱਚਾ ਬਿਨਾਂ ਖੇਡੇ ਨਹੀਂ ਰਹਿ ਸਕਦਾ ਹੈ ਇਹ ਖੇਡ ਹੀ ਹੁੰਦੀਆਂ ਹਨ ਜਿਨ੍ਹਾਂ ਨਾਲ ਕੋਈ ਵੀ ਅਨੰਦ, ਫੁਰਤੀ ਪ੍ਰਾਪਤ ਕਰ ਸਕਦਾ ਹੈ।



ਖੇਡਾਂ ਵਿਅਕਤੀ ਨੂੰ ਸਿਰਜਣਸ਼ੀਲ ਬਣਾਉਂਦੀਆਂ ਹਨ ਖੇਡਾਂ ਨਾਲ ਵਿਅਕਤੀ 'ਚ ਹਿੰਮਤ, ਤਾਲਮੇਲ ਦੀ ਭਾਵਨਾ, ਸਹਿ-ਹੋਂਦ ਦੀ ਭਾਵਨਾ ਆਦਿ ਦਾ ਵਿਕਾਸ ਹੁੰਦਾ ਹੈ। ਖੇਡਾਂ ਸਾਡੇ ਸੋਚਣ ਦੇ ਪੱਧਰ, ਵਿਹਾਰ ਅਤੇ ਸੁਭਾਅ 'ਚ ਥੋੜ੍ਹਾ-ਬਹੁਤ ਬਦਲਾਅ ਲਿਆਉਂਦੀਆਂਹਨ ਖੇਡਾਂ ਨਾਲ ਅਸੀਂ ਜੀਵਨ 'ਚ ਸਮਾਯੋਜਿਤ ਹੋਣਾ ਸਿੱਖਦੇ ਹਾਂ ਅਸਲ ਵਿੱਚ ਖੇਡਾਂ ਵਿਅਕਤੀਤਵ ਦੇ ਵਿਕਾਸ ਦਾ ਸ਼ੀਸ਼ਾ ਹੁੰਦੀਆਂ ਹਨ ਸੱਚ ਤਾਂ ਇਹ ਹੈ ਕਿ ਖੇਡਾਂ ਸਾਡੇ ਜੀਵਨ ਦੀ ਲੋੜ ਹਨ ਇਹ ਸਾਡੇ ਜੀਵਨ ਦਾ ਅਹਿਮ ਹਿੱਸਾ ਹਨ। ਇਹ ਬਿਡੰਬਨਾ ਦੀ ਗੱਲ ਹੈ ਕਿ ਅੱਜ ਖੇਡਾਂ ਨੂੰ ਘੱਟ ਅਤੇ ਪੜ੍ਹਾਈ ਨੂੰ ਜ਼ਿਆਦਾ ਮਹੱਤਵ ਦਿੱਤਾ ਜਾਂਦਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਸਾਡੇ ਸਮਾਜ 'ਚ ਇਹ ਕਹਾਵਤ ਪ੍ਰਚਲਿਤ ਹੋਈ, 'ਪੜ੍ਹੋਗੇ ਲਿਖੋਗੇ ਬਣੋਗੇ ਨਵਾਬ, ਖੇਡੋਗੇ ਕੁੱਦੋਗੇ ਹੋਵੋਗੇ ਖਰਾਬ' ਇਹ ਅਤਿਅੰਤ ਦੁਖਦਾਈ ਹੈ ਕਿ ਅੱਜ-ਕੱਲ੍ਹ ਦੇ ਮਾਤਾ-ਪਿਤਾ, ਮਾਪੇ ਖੇਡਾਂ ਨੂੰ ਸਿੱਖਿਆ 'ਚ ਅੜਿੱਕਾ ਮੰਨਦੇ ਹਨ ਅਤੇ ਖੇਡਾਂ 'ਤੇ ਜ਼ੋਰ ਨਹੀਂ ਦਿੰਦੇ, ਸਗੋਂ ਪੜ੍ਹਾਈ 'ਤੇ ਜ਼ੋਰ ਦਿੰਦੇ ਹਨ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਸਾਡੇ ਇੱਥੇ ਕੋਈ ਵਿਸ਼ੇਸ਼ ਪ੍ਰਬੰਧ ਨਹੀਂ ਹਨ।

ਅੱਜ ਖੇਡਾਂ ਨੂੰ ਹੱਲਾਸ਼ੇਰੀ ਦੇਣ ਦੀਆਂ ਯਕੀਨੀ ਨੀਤੀਆਂ ਨਾ ਹੋਣ ਕਾਰਨ, ਖੇਡ ਦੇ ਮੈਦਾਨਾਂ 'ਚ ਕੰਕਰੀਟ ਦੇ ਜੰਗਲ ਉੱਗ ਆਏ ਹਨ ਸਕੂਲਾਂ ਕੋਲ ਕੋਈ ਪਲੇਅ ਗਰਾਊਂਡ ਬਚਿਆ ਹੀ ਨਹੀਂ ਹੈ ਨਾ ਖੇਡਾਂ ਦਾ ਸਾਮਾਨ ਹੈ ਅਤੇ ਨਾ ਖੇਡਾਂ ਲਈ ਪੈਸਾ, ਕੋਚ, ਹੱਲਾਸ਼ੇਰੀ ਦੀ ਕੋਈ ਵਿਸ਼ੇਸ਼ ਵਿਵਸਥਾ ਹੀ ਮੁਹੱਈਆ ਹੈ। ਅੱਜ ਖੇਡਾਂ ਪ੍ਰਤੀ ਜੇਕਰ ਉਦਾਸੀਨਤਾ ਹੈ ਤਾਂ ਉਸ ਦਾ ਇੱਕ ਕਾਰਨ ਗਰੀਬੀ ਵੀ ਹੈ ਅਸੀਂ ਆਪਣੇ ਬੱਚਿਆਂ ਨੂੰ ਪੜ੍ਹਾ-ਲਿਖਾ ਕੇ ਕਿਸੇ ਪੈਸਾ ਕਮਾਉਣ ਵਾਲੇ ਕੰਮ 'ਚ ਲਾਉਣਾ ਚੰਗਾ ਸਮਝਦੇ ਹਾਂ ਅਸੀਂ ਖੇਡਾਂ ਨੂੰ ਮਹੱਤਵ ਨਹੀਂ ਦਿੰਦੇ ਅਸੀਂ ਉਨ੍ਹਾਂ ਨੂੰ ਖੇਡਾਂ ਦੀ ਕੋਚਿੰਗ ਦਿਵਾਉਣ ਦੀ ਬਜਾਇ ਕਿਸੇ ਵਪਾਰਕ ਸਿੱਖਿਆ ਕੇਂਦਰ 'ਚ ਭਰਤੀ ਕਰਵਾਉਣਾ ਕਿਤੇ ਜਿਆਦਾ ਸਹੀ ਸਮਝਦੇ ਹਾਂ। ਅੱਜ ਖੇਡ ਜਗਤ 'ਚ ਚੀਨ, ਜਾਪਾਨ, ਰੂਸ, ਅਮਰੀਕਾ ਵਰਗੇ ਦੇਸ਼ ਅੱਗੇ ਹਨ ਤਾਂ ਉਸ ਦਾ ਕਾਰਨ ਇਹ ਹੈ ਕਿ ਇਹ ਦੇਸ਼ ਖੇਡਾਂ ਨੂੰ ਖੇਡਾਂ ਸਮਝ ਕੇ ਉਨ੍ਹਾਂ ਨੂੰ ਹੱਲਾਸ਼ੇਰੀ ਦੇਣ ਦੀ ਸਹੀ ਵਿਵਸਥਾ ਕਰਦੇ ਹਨ, ਖੇਡਾਂ 'ਤੇ ਪੜ੍ਹਾਈ ਤੋਂ ਵੀ ਜ਼ਿਆਦਾ ਧਿਆਨ ਦਿੱਤਾ ਜਾਂਦਾ ਹੈ ਅੱਜ ਭਾਰਤ ਵੱਖ-ਵੱਖ ਖੇਤਰਾਂ 'ਚ ਵਿਕਾਸ ਦੇ ਰਾਹ 'ਤੇ ਅੱਗੇ ਵਧ ਰਿਹਾ ਹੈ ਭਾਰਤ ਦੀ ਅਰਥਵਿਵਸਥਾ ਬਹੁਤ ਚੰਗੀ ਸਥਿਤੀ 'ਚ ਹੈ ਜੇਕਰ ਅਸੀਂ ਸਾਡੇ ਭਾਰਤ ਨੂੰ ਹੋਰ ਵਿਕਸਿਤ ਦੇਸ਼ਾਂ ਵਾਂਗ ਵਿਕਸਿਤ ਬਣਾਉਣਾ ਹੈ ਤਾਂ ਸਾਨੂੰ ਖੇਡਾਂ ਵੱਲ ਲੋੜੀਂਦਾ ਅਤੇ ਸਮਾਂ ਰਹਿੰਦੇ ਧਿਆਨ ਦੇਣਾ ਹੋਵੇਗਾ।





ਖੇਡਾਂ ਨੂੰ ਸਿਹਤ ਅਤੇ ਸਿੱਖਿਆ ਨਾਲ ਜੋੜਿਆ ਜਾਣਾ ਚਾਹੀਦਾ ਹੈ, ਨੌਜਵਾਨਾਂ ਨੂੰ ਖੇਡਾਂ 'ਚ ਬਿਨਾਂ ਭੇਦਭਾਵ ਅਤੇ ਰਾਜਨੀਤੀ ਦੇ ਖੇਡਣ ਦੇ ਮੌਕੇ ਮਿਲਣੇ ਚਾਹੀਦੇ ਹਨ। ਅੱਜ ਖੇਡਾਂ ਪ੍ਰਤੀ ਲੋਕਾਂ ਦੇ ਦ੍ਰਿਸ਼ਟੀਕੋਣ ਨੂੰ ਬਦਲਣ ਅਤੇ ਜਾਗਰੂਕਤਾ ਲਿਆਉਣ ਦੀ ਵੀ ਜ਼ਰੂਰਤ ਹੈ ਖੇਡਾਂ ਦੀ ਅਣਦੇਖੀ ਕਰਕੇ ਭਾਰਤ ਆਪਣਾ ਟੀਚਾ ਪ੍ਰਾਪਤ ਨਹੀਂ ਕਰ ਸਕਦਾ ਫੁੱਟਬਾਲ, ਕ੍ਰਿਕਟ, ਹਾਕੀ, ਟੈਨਿਸ, ਬੈਡਮਿੰਟਨ, ਵਾਲੀਬਾਲ, ਬਾਸਕਟਬਾਲ, ਕਬੱਡੀ ਵਰਗੀਆਂ ਆਊਟਡੋਰ ਖੇਡਾਂ ਸਰੀਰਕ ਵਿਕਾਸ ਲਈ ਬਿਹਤਰ ਹਨ ਸਾਨੂੰ ਆਪਣੇ ਬੱਚਿਆਂ ਨੂੰ ਵੱਖ-ਵੱਖ ਖੇਡਾਂ ਖੇਡਣ ਲਈ ਪ੍ਰੇਰਿਤ ਅਤੇ ਉਤਸ਼ਾਹਿਤ ਕਰਨਾ ਚਾਹੀਦਾ ਹੈ।

ਬੱਚਿਆਂ ਦੇ ਸਰੀਰਕ ਵਿਕਾਸ ਲਈ ਆਊਟਡੋਰ ਖੇਡਾਂ ਸਹੀ ਹਨ, ਕਿਉਂਕਿ ਇਸ ਨਾਲ ਬੱਚਿਆਂ ਦੀ ਚੰਗੀ ਭੱਜ-ਦੌੜ, ਕਸਰਤ ਹੋ ਜਾਂਦੀ ਹੈ ਜੇਕਰ ਥਾਂ ਦੀ ਕਮੀ ਹੋਵੇ ਜਾਂ ਖੇਡਣ ਵਾਲੇ ਬੱਚਿਆਂ ਦੀ ਗਿਣਤੀ ਘੱਟ ਹੋਵੇ ਤਾਂ ਬੈਡਮਿੰਟਨ ਚੰਗਾ ਬਦਲ ਹੈ ਇਸ ਨਾਲ ਚੰਗੀ ਐਕਸਰਸਾਈਜ਼ ਹੋ ਜਾਂਦੀ ਹੈ ਦੱਸਣਾ ਚਾਹਾਂਗਾ ਕਿ ਭਾਰਤ 'ਚ ਖੇਡਾਂ ਪ੍ਰਾਚੀਨ ਕਾਲ ਤੋਂ ਆਧੁਨਿਕ ਕਾਲ ਤੱਕ ਬਦਲਾਅ ਦੀਆਂ ਵੱਖ-ਵੱਖ ਅਵਸਥਾਵਾਂ 'ਚੋਂ ਲੰਘੀਆਂ ਹਨ ਕਬੱਡੀ, ਸ਼ਤਰੰਜ, ਖੋ-ਖੋ, ਕੁਸ਼ਤੀ, ਗੁੱਲੀ ਡੰਡਾ, ਤੀਰਅੰਦਾਜ਼ੀ, ਗਦਾ ਆਦਿ ਪਰੰਗਰਾਗਤ ਖੇਡਾਂ ਤੋਂ ਇਲਾਵਾ ਵੱਖ-ਵੱਖ ਦੇਸ਼ਾਂ ਦੇ ਸੰਪਰਕ 'ਚ ਆਉਣ ਨਾਲ ਭਾਰਤ 'ਚ ਕ੍ਰਿਕਟ, ਜੂਡੋ, ਟੈਨਿਸ, ਬੈਡਮਿੰਟਨ ਆਦਿ ਖੇਡਾਂ ਦਾ ਵੀ ਖ਼ੂਬ ਰੁਝਾਨ ਪੈਦਾ ਹੋਇਆ ਹੈ ਅੱਜ ਭਾਰਤੀ ਕ੍ਰਿਕਟ ਜ਼ਿਆਦਾ ਪਸੰਦ ਕਰਦੇ ਹਨ ਤਾਂ ਯੂਰਪੀ ਦੇਸ਼ਾਂ 'ਚ ਫੁੱਟਬਾਲ ਪ੍ਰਤੀ ਦੀਵਾਨਗੀ ਹੈ।

ਸਾਨੂੰ ਆਪਣੀ ਨੌਜਵਾਨ ਪੀੜ੍ਹੀ ਨੂੰ ਪਰੰਪਰਾਗਤ ਖੇਡਾਂ ਬਾਰੇ ਜ਼ਿਆਦਾ ਤੋਂ ਜ਼ਿਆਦਾ ਜਾਣਕਾਰੀ ਦੇਣੀ ਹੋਵੇਗੀ, ਬੱਚਿਆਂ ਨੂੰ ਖੇਡਾਂ ਖੇਡਣ ਲਈ ਉਤਸ਼ਾਹਿਤ ਕਰਨਾ ਹੋਵੇਗਾ, ਖੇਡਾਂ ਦੇ ਬਜਟ ਵੱਲ ਵੀ ਧਿਆਨ ਦੇਣਾ ਹੋਵੇਗਾ, ਸਿੱਖਿਆ ਦੇ ਨਾਲ ਜੇਕਰ ਸਹਿ-ਸਿੱਖਿਆ ਗਤੀਵਿਧੀਆਂ 'ਚ ਖੇਡਾਂ ਨੂੰ ਵਿਆਪਕ ਪੱਧਰ 'ਤੇ ਸਥਾਨ ਦਿੱਤਾ ਜਾਵੇ, ਤਾਂ ਅਸੀਂ ਖੇਡਾਂ ਦੇ ਖੇਤਰ 'ਚ ਅੱਗੇ ਵਧ ਸਕਦੇ ਹਾਂ ਖੇਡਾਂ ਨੂੰ ਵਿਕਾਸ ਦਾ ਇੱਕ ਅੰਗ ਬਣਾ ਕੇ ਹੀ ਅਸੀਂ ਭਾਰਤੀ ਵਿਸ਼ਵ ਦੇ ਹੋਰ ਵਿਕਸਿਤ ਦੇਸ਼ਾਂ ਨਾਲ ਖੜ੍ਹੇ ਹੋ ਸਕਦੇ ਹਾਂ ਸਿੱਖਿਆ ਦੇ ਨਾਲ ਖੇਡਾਂ ਵੀ ਜ਼ਰੂਰੀ ਹਨ ਸਾਨੂੰ ਖੇਡਾਂ ਪ੍ਰਤੀ ਆਪਣੀ ਮਾਨਸਿਕਤਾ ਨੂੰ ਬਦਲਣਾ ਹੋਵੇਗਾ ਅਤੇ ਖੇਡਾਂ ਨੂੰ ਮਹੱਤਵ ਦੇਣਾ ਹੋਵੇਗਾ।



## ਏਸ਼ਿਆਈ ਖੇਡਾਂ 'ਚੋਂ ਦੋ ਵਾਰ ਸੋਨ ਤ.ਗਮਾ ਜੇਤੂ

# ਤੇਜਿੰਦਰਪਾਲ ਸਿੰਘ ਤੂਰ

ਬੀਰਪਾਲ ਗਿੱਲ

ਏਸ਼ਿਆਈ ਖੇਡਾਂ ਹਾਂਗਜ਼ੂ (ਚੀਨ) ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਵਿੱਚ ਗੋਲਾ ਸੁੱਟਣ ਵਾਲਾ ਅਥਲੀਟ ਤੇਜਿੰਦਰਪਾਲ ਸਿੰਘ ਤੂਰ ਸੀ, ਜਿਸ ਨੂੰ ਏਸ਼ਿਆਈ ਖੇਡਾਂ 'ਚੋਂ ਦੂਜੀ ਵਾਰ ਸੋਨੇ ਦਾ ਤਗਮਾ ਪ੍ਰਾਪਤ ਕਰਨ ਦਾ ਮਾਣ ਹਾਸਿਲ ਹੋਇਆ ਹੈ। ਸ. ਤੂਰ ਦਾ ਏਸ਼ਿਆਈ ਮੁਕਾਬਲਾ ਬੜਾ ਹੀ ਦਿਲਚਸਪ ਸੀ, ਸ਼ੁਰੂ-ਸ਼ੁਰੂ 'ਚ ਉਹ ਆਪਣੇ ਵਿਰੋਧੀ ਖਿਡਾਰੀਆਂ ਤੋਂ ਪਛੜ ਰਹੇ ਸਨ ਪਰ ਆਖਰੀ ਕੋਸ਼ਿਸ਼ ਨੇ ਭਾਰਤ ਵਾਸੀਆਂ ਦੇ ਚਿਹਰੇ 'ਤੇ ਰੌਣਕ ਲਿਆ ਦਿੱਤੀ। ਇਸ ਮੁਕਾਬਲੇ 'ਚ ਤੇਜਿੰਦਰਪਾਲ ਸਿੰਘ ਤੂਰ ਨੇ 20.36 ਮੀਟਰ ਗੋਲਾ ਸੁੱਟ ਕੇ ਭਾਰਤ ਦੀ ਝੋਲੀ ਸੋਨ ਤਗਮਾ ਪਾਇਆ। ਤੂਰ ਦਾ ਜਨਮ 13 ਨਵੰਬਰ 1994 ਨੂੰ ਪੰਜਾਬ ਦੇ ਮੋਗੇ ਜ਼ਿਲ੍ਹੇ ਦੇ ਪਿੰਡ ਖੋਸਾ ਪਾਂਡੋ ਵਿਖੇ ਹੋਇਆ। ਇੱਕ ਕਿਸਾਨ ਪਰਿਵਾਰ ਨਾਲ ਸੰਬੰਧ ਰੱਖਣ ਵਾਲਾ ਅਥਲੀਟ ਪਹਿਲਾਂ ਕ੍ਰਿਕਟ ਦਾ ਖਿਡਾਰੀ ਸੀ, ਮਾਤਾ ਦੇ ਪਿਆਰ ਅਤੇ ਪਿਤਾ ਦੇ ਸਹਿਯੋਗ ਨਾਲ ਗੋਲਾ ਸੁੱਟਣ ਦਾ ਅਥਲੀਟ ਬਣ ਗਿਆ। ਤੂਰ ਦਾ ਬਤੌਰ ਅਥਲੀਟ ਸਫ਼ਰ ਬੜਾ ਹੀ ਪ੍ਰਭਾਵਸ਼ਾਲੀ ਰਿਹਾ। ਇੰਡੋਨੇਸ਼ੀਆ ਵਿਖੇ ਹੋਈਆਂ ਜਕਾਰਤਾ ਏਸ਼ਿਆਈ ਖੇਡਾਂ ਦਾ ਰਿਕਾਰਡ 20.75 ਮੀਟਰ ਗੋਲਾ ਸੁੱਟ ਕੇ ਆਪਣੇ ਨਾਂਅ ਕੀਤਾ। ਤੇਜਿੰਦਰਪਾਲ ਸਿੰਘ ਤੂਰ ਨੇ ਤਕਰੀਬਨ 6-7 ਸਾਲ ਦੇ ਅਰਸੇ ਦੌਰਾਨ ਚੜ ਦੇ ਸੂਰਜ ਵਾਂਗ ਚਮਕਣਾ ਸ਼ੁਰੂ ਕੀਤਾ। ਸੀਨੀਅਰ ਨੈਸ਼ਨਲ ਫੈਡਰੇਸ਼ਨ ਕੱਪ ਪਟਿਆਲਾ ਵਿਖੇ ਜੂਨ-2017 ਵਿੱਚ ਵਧੀਆ ਪ੍ਰਦਰਸ਼ਨ ਕਰਦੇ ਹੋਏ 20.40 ਮੀਟਰ ਗੋਲਾ ਸੁੱਟ ਕੇ ਕੀਰਤੀਮਾਨ ਸਥਾਪਤ ਕੀਤਾ। ਏਸ਼ਿਆਈ ਅਥਲੈਟਿਕਸ ਚੈਂਪੀਅਨਸ਼ਿਪ ਭੁਬਨੇਸ਼ਵਰ-2017 ਵਿੱਚ 19.77 ਮੀਟਰ ਗੋਲਾ ਸੁੱਟ ਕੇ ਚਾਂਦੀ ਦਾ ਤਗਮਾ ਪ੍ਰਾਪਤ ਕੀਤਾ, ਸਿਰਫ 0.03 ਮੀਟਰ ਦੇ ਫ਼ਰਕ ਨਾਲ ਸੋਨੇ ਦੇ ਤਗਮੇ ਤੋਂ ਪਛੜ ਜਾਣਾ ਹੈਰਾਨੀ ਭਰਿਆ ਸੱਚ ਸੀ। ਤੂਰ ਨੇ ਰਾਸ਼ਟਰਮੰਡਲ ਖੇਡਾਂ-2018 ਵਿੱਚ ਫਾਈਨਲ ਵਿੱਚ 19.42 ਮੀਟਰ ਗੋਲਾ ਸੁੱਟ ਕੇ ਅੱਠਵਾਂ ਸਥਾਨ ਪ੍ਰਾਪਤ ਕੀਤਾ ਸੀ। ਜਕਾਰਤਾ ਏਸ਼ਿਆਈ ਖੇਡਾਂ-2018 ਵਿੱਚ 20.75 ਮੀਟਰ ਗੋਲਾ ਸੁੱਟ ਕੇ ਸੋਨੇ ਦਾ ਤਗਮਾ ਪ੍ਰਾਪਤ ਕਰਕੇ ਭਾਰਤ ਦਾ ਨਾਂਅ ਰੌਸ਼ਨ ਕੀਤਾ ਸੀ। ਟੋਕੀਓ ਉਲੰਪਿਕ ਕੁਆਲੀਫਾਈ ਗਰੈਂਡ ਪ੍ਰੈਕਸ-4 ਮੁਕਾਬਲੇ ਵਿਚ 21.49 ਮੀਟਰ ਗੋਲਾ ਸੁੱਟ ਕੇ ਭਾਰਤ ਨੂੰ ਤਗਮੇ ਦੀ ਆਸ ਦਾ ਅਹਿਸਾਸ ਹੋਇਆ ਸੀ, ਜਿਸ ਨਾਲ ਟੋਕੀਓ ਉਲੰਪਿਕ ਵਿਚੋਂ ਤਗਮਾ ਲੈਣ ਦੀ ਸਮਰੱਥਾ ਮਹਿਸੂਸ ਹੋਣ ਲੱਗੀ ਸੀ। ਜੇਕਰ ਸੰਸਾਰ ਭਰ ਦੇ ਅੰਕੜਿਆਂ ਦੀ ਗੱਲ ਕੀਤੀ ਜਾਵੇ ਤੇਜਿੰਦਰਪਾਲ ਸਿੰਘ ਤੂਰ ਕਿਸੇ ਨਾਲੋਂ ਘੱਟ ਨਹੀਂ ਸੀ। ਰੀਓ ਉਲੰਪਿਕ-2016 ਵਿਚ ਰਾਈਨ ਕਰੋਜ਼ਰ ਅਮਰੀਕਾ ਨੇ 22.52 ਮੀਟਰ ਨਾਲ ਸੋਨੇ ਦਾ, ਜੀ ਕੋਵਾਕਸ ਅਮਰੀਕਾ ਨੇ 21.78 ਮੀਟਰ ਚਾਂਦੀ ਦਾ ਅਤੇ ਤੋਮਸ਼ ਵਾਲਸ਼ ਨਿਊਜ਼ੀਲੈਂਡ ਨੇ 21.36 ਮੀਟਰ ਗੋਲਾ ਸੁੱਟ ਕੇ ਕਾਂਸੀ ਦਾ ਤਗਮਾ ਪ੍ਰਾਪਤ ਕੀਤਾ।




ਟੋਕੀਓ ਉਲੰਪਿਕ-2020 ਵਿੱਚ ਗੋਲਾ ਸੁੱਟਣ ਦੇ ਨਤੀਜਿਆ ਨੇ ਰੀਓ ਉਲੰਪਿਕ-2016 ਨੂੰ ਅਜਿਹੀ ਸੀਪ ਮਾਰੀ ਕਿ ਕ੍ਰਮਵਾਰ ਉਸੇ ਤਰ੍ਹਾਂ ਹੀ ਉਹੀ ਅਥਲੀਟਾਂ ਨੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। ਸ. ਤੂਰ ਸਾਲ-2023 ਵਿੱਚ 21.77 ਮੀਟਰ ਦੂਰ ਗੋਲਾ ਸੁੱਟ ਕੇ ਪ੍ਰਭਾਵਸ਼ਾਲੀ ਪ੍ਰਦਰਸ਼ਨ ਕਰ ਚੁੱਕਾ ਹੈ, ਜਿਹੜਾ ਕਿ ਵਿਸ਼ਵ ਪੱਧਰ ਮੁਕਾਬਲਿਆਂ ਵਿਚ ਜ਼ਬਰਦਸਤ ਟੱਕਰ ਦੇ ਰਿਹਾ ਹੈ। ਭਾਰਤ ਦਾ ਇਹ ਹੀਰਾ ਏਸ਼ਿਆਈ ਖੇਡਾਂ ਵਿਚੋਂ ਦੋ ਵਾਰ ਕ੍ਰਮਵਾਰ ਸੋਨ ਤਗਮਾ ਜੇਤੂ, ਦੇਸ਼ ਵਾਸੀਆਂ ਦੀਆਂ ਦੁਆਵਾਂ ਸਦਕਾ ਉਲੰਪਿਕ-2024 ਵਿੱਚ ਤਗਮਾ ਪ੍ਰਾਪਤ ਕਰਕੇ ਦੇਸ਼ ਦਾ ਨਾਂਅ ਰੌਸ਼ਨ ਜ਼ਰੂਰ ਕਰੇਗਾ।

## ਭਾਰਤ ਨਾਲੋਂ ਬਹੁਤ ਵੱਖਰ

ਕਿਸੇ ਵੀ ਤਰ੍ਹਾਂ ਦੀ ਕੋਈ ਨਾਜਾਇਜ਼ ਉਸਾਰੀ ਨਹੀਂ ਹੋ ਸਕਦੀ। ਘਰ ਦੇ ਅੱਗੇ ਇਕੱਠੀ ਹੋਈ ਬਰਫ ਨੂੰ ਸਾਫ ਕਰਨਾ ਘਰ ਵਾਲਿਆਂ ਦੀ ਜ਼ਿੰਮੇਵਾਰੀ ਹੁੰਦੀ ਹੈ।

ਸਾਰੇ ਦੇਸ਼ ਵਿੱਚ ਇੱਕੋ ਤਰ੍ਹਾਂ ਦੇ ਰੁੱਖ ਲੱਗੇ ਹੋਏ ਮਿਲਦੇ ਹਨ। ਕਾਨੂੰਨ ਦੀ ਉਲੰਘਣਾ ਕਰਨ ’ਤੇ ਘਰ ਦੇ ਬਾਹਰ ਨੋਟਿਸ ਲਗਾ ਕੇ ਜੁਰਮਾਨੇ ਦੀ ਰਕਮ ਜਮ੍ਹਾ ਕਰਾਉਣ ਦੀ ਈਮੇਲ ਆ ਜਾਂਦੀ ਹੈ। ਜੁਰਮਾਨਾ ਮਾਫ਼ ਕਰਨ ਦੀ ਨਾ ਅਪੀਲ ਸੁਣੀ ਜਾਂਦੀ ਹੈ ਤੇ ਨਾ ਕਿਸੇ ਤਰ੍ਹਾਂ ਦਾ ਬਹਾਨਾ। ਇਸ ਮੁਲਕ ਵਿੱਚ ਕਿਸੇ ਤਰ੍ਹਾਂ ਦਾ ਕੋਈ ਸ਼ੋਰ ਪ੍ਰਦੂਸ਼ਣ ਸੁਣਨ ਨੂੰ ਨਹੀਂ ਮਿਲਦਾ। ਹਰ ਮੁਹੱਲੇ ਵਿੱਚ ਪਾਰਕ ਜ਼ਰੂਰ ਮਿਲੇਗਾ। ਪਾਰਕਾਂ ਵਿੱਚ ਸਫਾਈ ਤੇ ਹਰਿਆਲੀ ਵੇਖ ਕੇ ਮਨ ਖ਼ੁਸ਼ ਹੋ ਜਾਂਦਾ ਹੈ। ਕੁੱਤਿਆਂ ਨੂੰ ਘੁਮਾਉਂਦੇ ਹੋਏ ਉਨ੍ਹਾਂ ਦੀ ਗੰਦਗੀ ਨੂੰ ਨਾ ਚੁੱਕਣ ’ਤੇ ਮਾਲਕ ਨੂੰ ਜੁਰਮਾਨਾ ਅਦਾ ਕਰਨਾ ਪੈਂਦਾ ਹੈ। ਸੜਕਾਂ ਦੇ ਕਿਨਾਰੇ ਕੋਈ ਕੂੜੇ ਦਾ ਢੇਰ ਨਹੀਂ ਵਿਖੇਗਾ। ਚਿੜੀਅਘਰਾਂ, ਸਕੂਲਾਂ, ਕਾਲਜਾਂ, ਹਸਪਤਾਲਾਂ, ਰੇਲਵੇ ਸਟੇਸ਼ਨਾਂ, ਬੀਚਾਂ, ਜਨਤਕ ਥਾਵਾਂ ਅਤੇ ਹਵਾਈ ਅੱਡੇ ’ਤੇ ਲੱਗੇ ਰੁੱਖਾਂ ਨੂੰ ਵੇਖ ਕੇ ਮਨ ਖਿੜ ਜਾਂਦਾ ਹੈ।

ਇਸ ਮੁਲਕ ਵਿੱਚ ਸਾਡੇ ਦੇਸ਼ ਦੀ ਤਰ੍ਹਾਂ ਵਾਤਾਵਰਨ ਦੀ ਸ਼ੁੱਧਤਾ ਤੇ ਸੰਭਾਲ ਲਈ ਨਾ ਸੈਮੀਨਾਰ, ਵਰਕਸ਼ਾਪਾਂ ਹੁੰਦੀਆਂ ਹਨ ਤੇ ਨਾ ਹੀ ਪ੍ਰਚਾਰ ਲਈ ਕਰੋੜਾਂ ਰੁਪਏ ਖ਼ਰਚ ਕੀਤੇ ਜਾਂਦੇ ਹਨ ਕਿਉਂਕਿ ਇੱਥੋਂ ਦੇ ਲੋਕ ਵਾਤਾਵਰਨ ਪ੍ਰੇਮੀ ਹਨ ਅਤੇ ਕਾਨੂੰਨਾਂ ਦੀ ਪਾਲਣਾ ਕਰਨ ਵਿਚ ਕਦੇ ਕੁਤਾਹੀ ਨਹੀਂ ਕਰਦੇ। ਇੱਥੋਂ ਦੀਆਂ ਗੱਡੀਆਂ, ਮੋਟਰ-ਕਾਰਾਂ ਅਤੇ ਬੱਸਾਂ ਪ੍ਰਦੂਸ਼ਣ ਨਹੀਂ ਫੈਲਾਉਂਦੀਆਂ ਕਿਉਂਕਿ ਇੱਥੇ ਗੱਡੀਆਂ ਦਾ ਪ੍ਰਦੂਸ਼ਣ ਚੈੱਕ ਕਰਨ ਲਈ ਪੁਲਿਸ ਦੇ ਨਾਕੇ ਨਹੀਂ ਸਗੋਂ ਸੜਕਾਂ ’ਤੇ ਆਟੋਮੈਟਿਕ ਮਸ਼ੀਨਾਂ ਲੱਗੀਆਂ ਹੋਈਆਂ ਹਨ ਜੋ ਪ੍ਰਦੂਸ਼ਣ ਚੈੱਕ ਕਰ ਕੇ ਜੁਰਮਾਨੇ ਦੀ ਰਾਸ਼ੀ ਜਮ੍ਹਾ ਕਰਾਉਣ ਲਈ ਸਿੱਧੀ ਈਮੇਲ ਭੇਜਦੀਆਂ ਹਨ। ਗੱਡੀ ਦੇ ਮਾਲਕ ਦਾ ਲਾਇਸੈਂਸ ਰੱਦ ਕਰ ਦਿੱਤਾ ਜਾਂਦਾ ਹੈ। ਪ੍ਰਦੂਸ਼ਣ ਰੋਕਣ ਲਈ ਪ੍ਰਚਾਰ ਕਰਨ ਦੀ ਬਜਾਏ ਸਖ਼ਤ ਕਾਨੂੰਨ ਬਣਾਏ ਗਏ ਹਨ। ਇਸ ਦੇਸ਼ ’ਚ ਕਾਰਖਾਨੇ ਬਹੁਤ ਘੱਟ ਹਨ। ਕਾਰਖਾਨੇ ਲਗਾਉਣ ਲਈ ਸਖ਼ਤ ਕਾਨੂੰਨ ਹਨ ਵਿਸ਼ੇਸ਼ ਤੌਰ ’ਤੇ ਪ੍ਰਦੂਸ਼ਣ, ਗੰਦੇ ਪਾਣੀ, ਹਰਿਆਲੀ ਤੇ ਵਾਤਾਵਰਨ ਦੀ ਸ਼ੁੱਧਤਾ ਨੂੰ ਲੈ ਕੇ ਕੋਈ ਸਮਝੌਤਾ ਨਹੀਂ ਕਰਦੇ। ਖੇਤੀ ਦੇ ਕੰਮ ਲਈ ਉਨ੍ਹਾਂ ਆਧੁਨਿਕ ਸਾਧਨਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਜਿਨ੍ਹਾਂ ਨਾਲ ਪ੍ਰਦੂਸ਼ਣ ਨਾ ਫੈਲੇ। ਪੈਟਰੋਲ ਪੰਪਾਂ ’ਤੇ ਘਟੀਆ ਪੈਟਰੋਲ-ਡੀਜ਼ਲ ਤੇ ਗੈਸ ਵਿਕਣ ਨਹੀਂ ਦਿੱਤੇ ਜਾਂਦੇ। ਬੱਸਾਂ ਡੀਜ਼ਲ, ਪੈਟਰੋਲ ਤੇ ਗੈਸ ਨਾਲ ਨਹੀਂ ਸਗੋਂ ਬਿਜਲਈ ਸਾਧਨਾਂ ਨਾਲ ਚੱਲਦੀਆਂ ਹਨ। ਇਸ ਦੇਸ਼ ਵਿਚ ਕਿਧਰੇ ਵੀ ਗੰਦਾ ਪਾਣੀ ਖੜ੍ਹਾ ਵਿਖਾਈ ਨਹੀਂ ਦਿੰਦਾ ਅਤੇ ਨਾ ਹੀ ਪਾਣੀ ਦੇ ਕੁਦਰਤੀ ਸੋਮਿਆਂ ਨੂੰ ਪ੍ਰਦੂਸ਼ਿਤ ਹੋਣ ਦਿੱਤਾ ਜਾਂਦਾ ਹੈ।

ਜੰਗਲਾਂ, ਪਹਾੜਾਂ ਤੇ ਸੈਰਗਾਹਾਂ ਦੀ ਸੁਰੱਖਿਆ ਵੱਲ ਪੂਰਾ ਧਿਆਨ ਦਿੱਤਾ ਜਾਂਦਾ ਹੈ। ਸੜਕਾਂ ਦੇ ਆਲੇ-ਦੁਆਲੇ ਉੱਗੀਆਂ ਝਾੜੀਆਂ ਨੂੰ ਅੱਗ ਲਾਉਣ ਦੀ ਬਜਾਏ ਕੱਟਿਆ ਜਾਂਦਾ ਹੈ। ਇਨ੍ਹਾਂ ਕਾਰਨਾਂ ਕਰਕੇ ਇਸ ਮੁਲਕ ਵਿੱਚ ਹਵਾ ਸ਼ੁੱਧ ਹੈ, ਸਫਾਈ ਹੈ, ਚਾਰੇ ਪਾਸੇ ਹਰਿਆਲੀ ਹੈ ਤੇ ਲੋਕਾਂ ਨੂੰ ਭਿਅੰਕਰ ਬਿਮਾਰੀਆਂ ਨਹੀਂ ਹਨ। ਸਾਡੇ ਮੁਲਕ ਦੀਆਂ ਸਰਕਾਰਾਂ, ਲੋਕਾਂ ਤੇ ਨਿਜ਼ਾਮ ਨੂੰ ਕੈਨੇਡਾ ਤੋਂ ਸਬਕ ਲੈਣਾ ਚਾਹੀਦਾ ਹੈ। ਮੁਲਕ ਨੂੰ ਪ੍ਰਦੂਸ਼ਣ ਤੋਂ ਬਚਾਉਣ ਤੇ ਇਸ ਨੂੰ ਹਰਿਆ-ਭਰਿਆ ਬਣਾਉਣ ਲਈ ਨੀਤੀਆਂ ਵਿੱਚ ਸੁਧਾਰ ਕਰਨਾ ਚਾਹੀਦਾ ਹੈ। ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰਨਾ ਚਾਹੀਦਾ ਹੈ। ਪ੍ਰਚਾਰ ਕਰਨ ਦੀ ਬਜਾਏ ਜ਼ਮੀਨੀ ਪੱਧਰ ’ਤੇ ਕੰਮ ਕਰਨਾ ਚਾਹੀਦਾ ਹੈ।

ਆਬਾਦੀ ਨੂੰ ਘਟਾਉਣ ਲਈ ਪੁਰਜ਼ੋਰ ਯਤਨ ਹੋਣੇ ਚਾਹੀਦੇ ਹਨ। ਪੈਟਰੋਲ, ਡੀਜ਼ਲ ਅਤੇ ਗੈਸ ਦੀ ਵਰਤੋਂ ਘੱਟ ਤੋਂ ਘੱਟ ਕਰ ਕੇ ਮੋਟਰ-ਗੱਡੀਆਂ ਨੂੰ ਬਿਜਲਈ ਸਾਧਨਾਂ ਨਾਲ ਚਲਾਉਣਾ ਚਾਹੀਦਾ ਹੈ। ਪ੍ਰਦੂਸ਼ਣ ਫੈਲਾਉਣ ਵਾਲੇ ਕਾਰਖਾਨੇ ਬੰਦ ਕਰ ਦੇਣੇ ਚਾਹੀਦੇ ਹਨ। ਜੰਗਲਾਂ ਅਤੇ ਰੁੱਖਾਂ ਦੀ ਵੱਧ ਤੋਂ ਵੱਧ ਸੰਭਾਲ ਕਰਨੀ ਚਾਹੀਦੀ ਹੈ। ਦੋਸ਼ੀਆਂ ਨੂੰ ਵੱਧ ਤੋਂ ਵੱਧ ਜੁਰਮਾਨੇ ਕਰਨੇ ਚਾਹੀਦੇ ਹਨ। ਪਹਾੜਾਂ ਤੇ ਜਲ ਸਰੋਤਾਂ ਦਾ ਵੱਧ ਤੋਂ ਵੱਧ ਬਚਾਅ ਕਰਨਾ ਚਾਹੀਦਾ ਹੈ। ਵਾਤਾਵਰਨ ਦੀ ਸ਼ੁੱਧਤਾ ਨੂੰ ਚੋਣ ਮਨੋਰਥ ਪੱਤਰਾਂ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਲੋਕਾਂ ਨੂੰ ਸ਼ਾਸਨ-ਪ੍ਰਸ਼ਾਸਨ ਦਾ ਦਿਲੋਂ ਸਾਥ ਦੇਣਾ ਚਾਹੀਦਾ ਹੈ। ਜੰਗਲਾਂ ਅਤੇ ਸੈਰਗਾਹਾਂ ਦੇ ਬਚਾਅ ਵੱਲ ਪੂਰਾ ਧਿਆਨ ਦੇਣਾ ਚਾਹੀਦਾ ਹੈ।

***

## ਲੋਕ ਸਭਾ ਚੋਣਾਂ ਲਈ ਭਾਜਪਾ ਹੋਰ ਵੱਡੇ

ਪਰ ਉਹ ਉਸ ਸਮੇਂ ਕਮਜ਼ੋਰ ਲੱਗ ਰਹੇ ਹਿੰਦੂਤਤਵਾਦੀ ਸੰਗਠਨਾਂ ਨੂੰ ਨਜ਼ਰਅੰਦਾਜ਼ ਕਰਨ ਲਈ ਤਿਆਰ ਨਹੀਂ ਸੀ। ਇਸ ਲਈ ਉਨ੍ਹਾਂ ਨੇ ਸਪੱਸ਼ਟ ਤੌਰ ’ਤੇ ਲਿਖਿਆ ਸੀ, ਢੇਰ ਸਾਰੇ ਹਿੰਸਕ ਮਸੀਹੀ ਕਿਸਮ ਦੇ ਹਿੰਦੂਵਾਦੀ ਸੰਗਠਨ ਪੈਦਾ ਹੋ ਗਏ ਹਨ, ਜਿਨ੍ਹਾਂ ਦਾ ਉਦੇਸ਼ ਹਿੰਦੂਆਂ ’ਚ ਇਸ ਭਾਵਨਾ ਨੂੰ ਪੈਦਾ ਕਰਨਾ ਹੈ ਕਿ ਉਹ ਇਕ ਏਕਤਾਬੱਧ, ਏਕਰੂਪ, ਕੇਂਦਰੀਕ੍ਰਿਤ ਹੋਂਦ ਦੇ ਅੰਗ ਹਨ। ਅਜਿਹੇ ਹੀ ਸੰਗਠਨ ਹਨ ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ, ਹਿੰਦੂ ਏਕਤਾ ਮੰਚ, ਹਿੰਦੂ ਰੱਖਿਆ ਸਮਿਤੀ, ਪਤਿਤ ਪਾਵਨ ਸੰਗਠਨ ਅਤੇ ਰਾਸ਼ਟਰੀ ਸੋਇੰਮ ਸੇਵਕ ਸੰਘ ਵਰਗੇ ਪੁਰਾਣੇ ਸੰਗਠਨ, ਜੋ ਕੁਝ ਸਮੇਂ ਲਈ ਰਾਜਨੀਤਕ ਰੂਪ ਨਾਲ ਸੁਸਤ ਪਏ ਸਨ, ਪਰ ਅੱਜ ਕਾਫ਼ੀ ਸਰਗਰਮ ਹੋ ਗਏ ਹਨ।

ਰਾਮ ਮੰਦਰ ਦਾ ਮੁੱਦਾ ਪੁਰਾਣਾ ਹੈ। ਉਹ ਸਿਰਫ਼ ਹਿੰਸਕ-ਰਾਸ਼ਟਰਵਾਦ ਲਈ ਜ਼ਮੀਨ ਮੁਹੱਇਆ ਕਰਵਾ ਸਕਦਾ ਹੈ, ਜੋ ਉਹ ਯਕੀਨੀ ਤੌਰ ’ਤੇ ਕਰਵਾਏਗਾ ਹੀ, ਪਰ ਇਸ ਜ਼ਮੀਨ ’ਤੇ ਭਾਜਪਾ ਨੂੰ ਇੱਕ ਨਵੇਂ ਮੁੱਦੇ ਜ਼ਰੀਏ ਨਵੀਂ ਇਮਾਰਤ ਖੜ੍ਹੀ ਕਰਨੀ ਪਏਗੀ। ਇਹ ਨਵਾਂ ਮੁੱਦਾ ਕਿਤੋਂ ਵੀ ਆ ਸਕਦਾ ਹੈ ਅਤੇ ਇਹ ਵੀ ਜ਼ਰੂਰੀ ਨਹੀਂ ਹੈ ਕਿ ਇੰਝ ਹੀ ਹੋਵੇਗਾ। ਕੁਲ ਮਿਲਾ ਕੇ ਭਾਜਪਾ ਨੂੰ ਸਿਰਫ਼ ਰਾਮ ਮੰਦਰ ਦੀ ਨਹੀਂ, ਸਗੋਂ ਰਾਮ ਮੰਦਰ ਦੇ ਨਾਲ-ਨਾਲ ਕੁਝ ਕੁ ਹੋਰ ਮੁੱਦਿਆਂ ਦੀ ਜ਼ਰੂਰਤ ਪੈ ਸਕਦੀ ਹੈ। ਭਾਜਪਾ ਦੀ ਭਾਲ ਜਾਰੀ ਹੈ। ਅਜੇ ਤੱਕ ਕੋਈ ਨਵਾਂ ਮੁੱਦਾ ਉਸ ਨੂੰ ਨਹੀਂ ਮਿਲਿਆ, ਜਿਸ ਨਾਲ ਰਾਸ਼ਟਰਵਾਦੀ ਤੂਫ਼ਾਨ ਆ ਸਕੇ। ਸਾਬਕਾ ਫ਼ੌਜ ਮੁਖੀ ਅਤੇ ਕੇਂਦਰੀ ਮੰਤਰੀ ਵਲੋਂ ਮਕਬੂਜ਼ਾ ਕਸ਼ਮੀਰ ਦੇ ਸੰਦਰਭ ’ਚ ਫ਼ੌਜੀ ਕਾਰਵਾਈ ਕਰਨ ਵਰਗੀਆਂ ਕਿਆਸ ਅਰਾਈਆਂ ਨੂੰ ਹਵਾ ਦਿੱਤੀ ਜਾ ਰਹੀ ਹੈ। ਜੇਕਰ ਅਜਿਹਾ ਹੋਇਆ, ਤਾਂ ਇਹ ਮਸਲਾ ਰਾਮ ਮੰਦਰ ਤੋਂ ਵੀ ਜ਼ਿਆਦਾ ਪ੍ਰਭਾਵਸ਼ਾਲੀ ਸਾਬਿਤ ਹੋ ਸਕਦਾ ਹੈ।

***

## ਡਾ.ਜੇ. ਐੱਸ. ਗਰੇਵਾਲ

ਸਵੈ-ਅਕਸ ਸਿੱਖ ਰਵਾਇਤਾਂ ਤੋਂ ਹਾਸਲ ਕੀਤੇ ਸਨ। ਦੂਜੇ ਸ਼ਬਦਾਂ ਵਿਚ, ਸਿੰਘ ਸਭਾ ਲਹਿਰ ਦੀ ਵਿਚਾਰਧਾਰਾ ਬਸਤੀਵਾਦੀ ਰਾਜ ਦੀ ਉਪਜ ਨਹੀਂ ਸੀ। ਡਾ. ਗਰੇਵਾਲ ਦਾ ਕਹਿਣਾ ਹੈ ਕਿ ‘ਭਾਈ ਕਾਹਨ ਸਿੰਘ ਨਾਭਾ ਵੱਲੋਂ ਸਿੱਖਾਂ ਨੂੰ ਇੱਕ ਕੌਮ ਵਜੋਂ ਵੱਖਰੀ ਪਛਾਣ ’ਤੇ ਜ਼ੋਰ ਦੇਣਾ ਬਸਤੀਵਾਦੀ ਸਥਿਤੀ ਵਿੱਚ ਨਵੀਂ ਗੱਲ ਸੀ; ਇਹ ਉਨ੍ਹਾਂ ਨੂੰ ਭਾਰਤੀ ਰਾਸ਼ਟਰ ਦੇ ਅਟੁੱਟ ਅੰਗ ਵਜੋਂ ਸਿਆਸੀ ਸ਼ਕਤੀ ਵਿੱਚ ਹਿੱਸੇਦਾਰ ਬਣਾਉਂਦੀ ਸੀ।’

ਅਖੀਰ ਵਿਚ ਡਾ. ਗਰੇਵਾਲ ਦੱਸਦੇ ਹਨ ਕਿ ਮੁੱਢਲੀ ਸਿੱਖ ਪਛਾਣ ਜਿੰਨੀ ਹੋਰਨਾਂ (ਹਿੰਦੂ ਅਤੇ ਮੁਸਲਮਾਨ ਦੋਵੇਂ) ਤੋਂ ਵਸਤੂਗਤ ਵਖਰੇਵਿਆਂ ’ਤੇ ਟਿਕੀ ਹੋਈ ਸੀ, ਓਨੀ ਹੀ ਸਿੱਖਾਂ ਦੀ ਆਪਣੀ ਵਿਲੱਖਣਤਾ ਦੀ ਚੇਤਨਤਾ ਉੱਪਰ ਵੀ ਆਧਾਰਿਤ ਸੀ। ਇਸ ਤੋਂ ਇਲਾਵਾ ਮੱਧ ਕਾਲ ਵਿਚ ਪਾਰਸੀ, ਮੁਸਲਿਮ ਅਤੇ ਹਿੰਦੂ ਪ੍ਰੇਖਕ ਸਿੱਖਾਂ ਨੂੰ ਹਿੰਦੂਆਂ ਅਤੇ ਮੁਸਲਮਾਨਾਂ ਦੋਵਾਂ ਤੋਂ ਵੱਖਰੇ ਤੌਰ ’ਤੇ ਲੈਂਦੇ ਸਨ।

ਡਾ. ਗਰੇਵਾਲ ਦੀ ਬਹੁਤ ਪੜ੍ਹੀ ਗਈ ਕਿਤਾਬ ‘ਸਿੱਖਸ ਆਫ ਦਿ ਪੰਜਾਬ’ (ਨਿਊ ਕੈਂਬਰਿਜ ਹਿਸਟਰੀ ਆਫ ਇੰਡੀਆ, 2017) ਉਨ੍ਹਾਂ ਦੀ ਇਸ ਪੁਜ਼ੀਸ਼ਨ ਦਾ ਢੁਕਵਾਂ ਬਿਆਨ ਹੈ। ਉਂਝ, ਸਿੱਖ ਇਤਿਹਾਸ ਵਿੱਚ ਉਨ੍ਹਾਂ ਦਾ ਯੋਗਦਾਨ ਇਸ ਤੋਂ ਕਿਤੇ ਜ਼ਿਆਦਾ ਹੈ। ਆਪਣੀਆਂ ਕਿਤਾਬਾਂ ਵਿੱਚ ਉਨ੍ਹਾਂ ਨੇ ਸਿੱਖ ਇਤਿਹਾਸ ਦੇ ਬੁਨਿਆਦੀ ਸਰੋਕਾਰਾਂ ਬਾਰੇ ਬਹਿਸਾਂ ਦਾ ਮੁਲਾਂਕਣ ਕੀਤਾ ਹੈ (1997, 1998, 2011); ਗੁਰੂ ਨਾਨਕ ਦੇਵ ਜੀ ਪ੍ਰਤੀ ਪੱਛਮੀ ਵਿਦਵਤਾ ਦੇ ਤੁਅੱਸਬਾਂ ਨੂੰ ਬੇਪਰਦ ਕੀਤਾ ਹੈ (1992); ਸਿੱਖਾਂ ਬਾਰੇ ਇਤਿਹਾਸਕ ਲਿਖਤਾਂ ਦੀ ਘੋਖ ਕੀਤੀ ਹੈ (2012); ਗੁਰੂ ਤੇਗ਼ ਬਹਾਦਰ ਜੀ ਬਾਰੇ ਫ਼ਾਰਸੀ ਹਵਾਲਿਆਂ ’ਤੇ ਕਿੰਤੂ ਕੀਤਾ ਹੈ (1976); ਪ੍ਰਮੁੱਖ ਸਿੱਖ ਅਤੇ ਗ਼ੈਰ-ਸਿੱਖ ਸਰੋਤਾਂ ਦਾ ਵਿਸ਼ਲੇਸ਼ਣ ਕੀਤਾ ਹੈ (2001, 2004, 2009); ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਹੈ (2009); ਅਠਾਰਵੀਂ ਸਦੀ ਦੀ ਸਿੱਖ ਰਾਜ-ਵਿਵਸਥਾ ਦੀ ਵਿਸ਼ੇਸ਼ਤਾ ’ਤੇ ਨਵੀਂ ਰੌਸ਼ਨੀ ਪਾਈ ਹੈ (2007); ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਇਕ ਮੁਕੰਮਲ ਤਸਵੀਰ ਪੇਸ਼ ਕੀਤੀ ਹੈ (1987, 2001); ਅਕਾਲੀ ਲਹਿਰ ਦੇ ਇਤਿਹਾਸ ਦੀਆਂ ਪੈੜਾਂ ਦੀ ਨਿਸ਼ਾਨਦੇਹੀ ਕੀਤੀ ਹੈ (1996); ਅਤੇ ਮਾਸਟਰ ਤਾਰਾ ਸਿੰਘ (2017) ਤੇ ਨਾਭਾ ਰਿਆਸਤ ਦੇ ਮਹਾਰਾਜਾ ਰਿਪੁਦਮਨ ਸਿੰਘ (2018) ਨੂੰ ਨਵੇਂ ਇਤਿਹਾਸਕ ਪਰਿਪੇਖ ਵਿੱਚ ਪੇਸ਼ ਕੀਤਾ।

ਡਾ. ਗਰੇਵਾਲ ਦਾ ਕਾਰਜ ਸਿੱਖ ਇਤਿਹਾਸ ਦੀ ਜਟਿਲਤਾ, ਵਿਸ਼ੇਸ਼ਤਾ ਅਤੇ ਵਿਰਾਟਤਾ ਨੂੰ ਉਭਾਰਦਾ ਹੈ। ਉਂਝ, ਉਨ੍ਹਾਂ ਦਾ ਕਹਿਣਾ ਹੈ ਕਿ ‘ਸਪੇਸ, ਵਸੋਂ ਦੇ ਆਕਾਰ ਅਤੇ ਵੰਨ-ਸੁਵੰਨਤਾ ਦੇ ਲਿਹਾਜ਼ ਤੋਂ ਖੇਤਰੀ ਇਤਿਹਾਸ ਵਿਚ ਹੋਰ ਵੀ ਬਹੁਤ ਕੁਝ ਸ਼ਾਮਲ ਹੈ।’ ਉਨ੍ਹਾਂ ਸ਼ੁਰੂਆਤੀ ਸਮਿਆਂ ਤੋਂ ਲੈ ਕੇ ਵਰਤਮਾਨ ਤੱਕ ਪੰਜਾਬ ਖਿੱਤੇ ਦੇ ਇਤਿਹਾਸ ਦਾ ਵੀ ਅਧਿਐਨ ਕੀਤਾ ਹੈ।

***

## ਆਰਥਿਕ ਤੇ ਸਮਾਜਿਕ ਹਾਲਤ

1912 ਵਿੱਚ ਜਦੋਂ ਯੂਬਾ ਦੇ ਇਲਾਕੇ ਵਿੱਚ ਕਾਫ਼ੀ ਪੰਜਾਬੀ ਹੋ ਗਏ ਸਨ, ਇੱਕ ਜਾਇਦਾਦੀ ਵਿਚੋਲੇ ਨੇ ਕੁਛ ਪੰਜਾਬੀਆਂ ਨੂੰ ਜ਼ਮੀਨ ਵਿਕਵਾ ਦਿੱਤੀ। ਅਖ਼ਬਾਰ ਦੇ ਮੁੱਖ ਪੰਨੇ ਉੱਤੇ ਹੂਬਹੂ ਛਾਪੇ ਗਏ ਸਥਾਨਕ ਲੋਕਾਂ ਦੇ ਰੋਸ-ਪੱਤਰ ਵਿੱਚ ਕਿਹਾ ਗਿਆ, ਇੰਡੀਆ ਤੋਂ ਆਏ ਬੰਦਿਆਂ ਨੇ, ਜੋ ਧਰਤੀ ਉੱਤੇ ਮਨੁੱਖਜਾਤੀ ਦਾ ਸਭ ਤੋਂ ਨਿੱਘਰਿਆ ਤੇ ਸਭ ਤੋਂ ਘਿਣਾਉਣਾ ਨਮੂਨਾ ਹਨ, ਸਾਡੇ ਛੋਟੇ ਜਿਹੇ ਸੁਖ-ਵਸਦੇ ਅਤੇ ਸੁਹਾਵਣੇ ਇਲਾਕੇ ਉੱਤੇ ਹੱਲਾ ਬੋਲ ਦਿੱਤਾ ਹੈ। 1915 ਵਿੱਚ ਇੱਕ ਪੁਲਿਸ ਅਧਿਕਾਰੀ ਨੇ ਉਸੇ ਅਖ਼ਬਾਰ ਨੂੰ ਦੱਸਿਆ ਕਿ ਸਥਾਨਕ ਲੋਕ ਮੈਨੂੰ ਆਖਦੇ ਹਨ, ਮੈਂ ਹਿੰਦੁਸਤਾਨੀ ਕਾਮਿਆਂ ਦੇ ਕੁੱਲੇ-ਜੁੱਲੇ ਲੁੱਟਣ ਵਾਲਿਆਂ ਨੂੰ ਲੱਭਣ ਤੇ ਸਜ਼ਾ ਦਿਵਾਉਣ ਦੀ ਕੋਸ਼ਿਸ਼ ਨਾ ਕਰਿਆ ਕਰਾਂ। ਇਸ ਸਭ ਦੇ ਬਾਵਜੂਦ ਪਰਵਾਸ ਲਗਾਤਾਰ ਵਧਦਾ ਰਿਹਾ ਆਰਥਿਕ ਖ਼ੁਸ਼ਹਾਲੀ ਦੀ ਆਸ ਵਿੱਚ ਪਰਦੇਸ ਪਹੁੰਚਣ-ਵਸਣ ਲਈ ਅੱਜ ਵੀ ਪੰਜਾਬੀ ਮੁਸ਼ਕਿਲਾਂ-ਮੁਸੀਬਤਾਂ ਸਹਿਣ ਵਾਸਤੇ ਉਹਨਾਂ ਮੁਢਲੇ ਬਜ਼ੁਰਗਾਂ ਵਰਗੀ ਹੀ ਦਲੇਰੀ ਦਿਖਾਉਂਦੇ ਹਨ। ਮੈਨੂੰ ਚੇਤਾ ਹੈ, ਜਦੋਂ ਸਾਡੀ ਪੀੜ੍ਹੀ ਦੇ ਲੋਕਾਂ ਨੇ ਇੰਗਲੈਂਡ ਜਾਣਾ ਸ਼ੁਰੂ ਕੀਤਾ, ਕੁਛ ਚਿਰ ਮਗਰੋਂ ਵੱਡੀ ਕੋਠੀ ਸਾਹਮਣੇ ਜਹਾਜ਼ ਜਿੱਡੀ ਕਾਰ ਕੋਲ ਖਲੋਤਿਆਂ ਦੀਆਂ ਉਹਨਾਂ ਦੀਆਂ ਤਸਵੀਰਾਂ ਆਉਣ ਲੱਗੀਆਂ। ਪਰਵਾਸੀ ਹੀ ਭੇਤ ਖੋਲ੍ਹਦੇ ਕਿ ਕੋਠੀ-ਕਾਰ ਦਾ ਮਾਲਕ ਤਾਂ ਕੋਈ ਗੋਰਾ ਹੈ, ਤਸਵੀਰ ਹੀ ਇਹਨਾਂ ਦੀ ਹੈ। ਤਾਂ ਵੀ ਆਰਥਿਕ ਪੱਖੋਂ ਉਹ ਇੱਧਰ ਨਾਲੋਂ ਤਾਂ ਚੰਗੇ ਹੀ ਰਹਿੰਦੇ ਸਨ ਜਿਸਦਾ ਵਿਖਾਵਾ ਉਹ ਆਪਣਿਆਂ ਨੂੰ ਮਿਲਣ ਆਏ ਦਿਲ ਖੋਲ੍ਹ ਕੇ ਕਰਦੇ ਸਨ। ਫੇਰ ਜਦੋਂ ਖ਼ੁਸ਼ਹਾਲੀ ਉਹਨਾਂ ਨੂੰ ਸੱਚਮੁੱਚ ਦਰਸ਼ਨ ਦੇਣ ਲੱਗੀ, ਉਹ ਆਪਣੇ ਨੰਗਪੁਣੇ ਦੇ ਖ਼ਾਤਮੇ ਦੇ ਐਲਾਨਨਾਮੇ ਅਤੇ ਖ਼ੁਸ਼ਹਾਲੀ ਦੇ ਇਸ਼ਤਿਹਾਰ ਵਜੋਂ ਇੱਧਰ ਮਹਿਲਾਂ ਵਰਗੀਆਂ ਕੋਠੀਆਂ ਪਾਉਣ ਲੱਗੇ। ਇਹ ਸਭ ਦੇਖ ਕੇ ਆਮ ਪੰਜਾਬੀ ਨੌਜਵਾਨਾਂ ਦਾ ਪਰਦੇਸਾਂ ਵਿੱਚ ਖ਼ੁਸ਼ਹਾਲੀ ਦੀ ਮਿਰਗ-ਤ੍ਰਿਸ਼ਨਾ ਪਿੱਛੇ ਭੱਜਦਿਆਂ ਸਾਹੋ-ਸਾਹ ਹੋਣਾ ਕੁਦਰਤੀ ਸੀ ਪਰਵਾਸ ਦੇ ਆਰਥਿਕ ਪੱਖ ਨਾਲ ਹੁਣ ਸਮਾਜਕ ਪੱਖ ਵੀ ਜੁੜ ਗਿਆ ਹੈ। ਸਾਡੇ ਦੇਸ ਵਿੱਚ ਧਰਮਾਂ ਤੇ ਜਾਤਾਂ ਵਿਚਕਾਰ ਨਫ਼ਰਤ ਤੇ ਵੈਰਭਾਵ ਦਾ ਜੋ ਮਾਹੌਲ ਪੈਦਾ ਹੋ ਗਿਆ ਹੈ ਤੇ ਤਿੱਖਾ ਹੁੰਦਾ ਜਾਂਦਾ ਹੈ, ਉਹ ਬਿਨਾਂ-ਸ਼ੱਕ ਨੌਜਵਾਨ ਪੀੜ੍ਹੀ ਉੱਤੇ ਅਸਰ ਪਾ ਰਿਹਾ ਹੈ। ਇਸ ਤੋਂ ਇਲਾਵਾ ਗੈਂਗਸਟਰਾਂ ਦੇ ਬੋਲਬਾਲੇ ਤੇ ਨਸ਼ਿਆਂ ਦੀ ਮਹਾਂਮਾਰੀ ਜਿਹੀਆਂ ਗੱਲਾਂ ਨਿਰਾਸਤਾ ਵਿੱਚ ਵਾਧਾ ਕਰਦੀਆਂ ਹਨ। ਇਹ ਮਾਹੌਲ ਜਿਨ੍ਹਾਂ ਲੋਕਾਂ ਦੀ ਜ਼ਿੰਦਗੀ ਵਿੱਚ ਕੋਈ ਸਿੱਧਾ ਦਖ਼ਲ ਨਹੀਂ ਵੀ ਦਿੰਦਾ, ਉਹਨਾਂ ਦੀ ਸੋਚ ਅਤੇ ਮਾਨਸਿਕਤਾ ਨੂੰ ਵੀ ਯਕੀਨਨ ਪਰੇਸ਼ਾਨ ਕਰਦਾ ਹੈ। ਜੇ ਨੇੜਲੀ ਮਿਸਾਲ ਲੈਣੀ ਹੋਵੇ, ਮੰਨ ਲਵੋ ਕਿਸੇ ਦੇ ਗੁਆਂਢੀ ਘਰ ਵਿੱਚ ਰੋਜ਼ ਕਾਟੋ-ਕਲੇਸ ਤੇ ਗਾਲ਼ੀ-ਗਲੋਚ ਹੁੰਦਾ ਹੋਵੇ, ਉਹ ਉਹਨਾਂ ਦੇ ਝਗੜੇ ਨਾਲ ਕੋਈ ਸਿੱਧਾ ਸੰਬੰਧ ਨਾ ਹੋਣ ਦੇ ਬਾਵਜੂਦ ਖਿਝ ਕੇ ਤੇ ਪਰੇਸ਼ਾਨ ਹੋ ਕੇ ਆਖਦਾ ਹੈ, ਬੜਾ ਚੰਦਰਾ ਗੁਆਂਢ ਮਿਲਿਆ ਹੈ, ਰੋਜ਼ ਸਿਆਪਾ ਪਾ ਬੈਠਦੇ ਨੇ! ਵਰਤਮਾਨ ਮਾਹੌਲ ਚੰਗਾ ਜੀਵਨ ਜਿਊਣ ਦੇ ਚਾਹਵਾਨ ਨੌਜਵਾਨਾਂ ਦੇ ਸਾਰੇ ਰਾਹ ਬੰਦ ਕਰ ਕੇ ਉਹਨਾਂ ਦੇ ਪੱਲੇ ਇਹੋ ਖਿਝ ਤੇ ਇਹੋ ਪਰੇਸ਼ਾਨੀ ਪਾਉਂਦਾ ਹੈ।

ਜਿੱਥੋਂ ਤਕ ਪੰਜਾਬ ਦੇ ਕਿਸਾਨਾਂ ਦੀ ਆਰਥਿਕ ਤੰਗੀ ਦਾ ਸਵਾਲ ਹੈ, ਇਹ ਸਾਡੇ ਪੁਰਖੇ ਮੋਢੀ ਪਰਵਾਸੀਆਂ ਵੇਲੇ ਵੀ ਮੁੱਖ ਕਾਰਨ ਸੀ, ਅੱਜ ਵੀ ਮੁੱਖ ਕਾਰਨ ਹੈ। ਸਮਾਜਕ ਮਾਹੌਲ ਪੁਰਖਿਆਂ ਵੇਲੇ ਅੰਗਰੇਜ਼ ਦੀ ਗ਼ੁਲਾਮੀ ਦੇ ਬਾਵਜੂਦ ਨਫ਼ਰਤੀ ਨਹੀਂ ਸੀ। ਸਗੋਂ ਆਜ਼ਾਦੀ ਦੀ ਲੜਾਈ ਨੇ ਸਭ ਧਰਮਾਂ ਤੇ ਜਾਤਾਂ ਨੂੰ ਏਕਤਾ ਵਿੱਚ ਪਰੋਇਆ ਹੋਇਆ ਸੀ। ਇਉਂ ਵਰਤਮਾਨ ਮਾਹੌਲ ਸਾਡੇ ਨੌਜਵਾਨਾਂ ਲਈ ਪੁਰਖਿਆਂ ਦੇ ਪਰਵਾਸ ਦੇ ਆਰਥਿਕ ਕਾਰਨ ਨਾਲ ਇੱਕ ਹੋਰ ਕਾਰਨ, ਸਮਾਜਕ ਕਾਰਨ ਜੋੜ ਦਿੰਦਾ ਹੈ। ਉਹ ਸੋਚਦੇ ਹਨ, ਜੇ ਲਾਹੇਵੰਦੀ ਖੇਤੀ ਜਾਂ ਹੋਰ ਕਿਸੇ ਰੁਜ਼ਗਾਰ ਦੀ ਕੋਈ ਸੰਭਾਵਨਾ ਨਹੀਂ, ਨੌਕਰੀ ਦਾ ਕੋਈ ਰਾਹ ਨਹੀਂ, ਸਮਾਜਕ ਸ਼ਾਂਤੀ ਤੇ ਅਮਨ-ਚੈਨ ਨਹੀਂ, ਕੀ ਪਿਆ ਹੈ ਇੱਥੇ! ਪੇਟ ਦੀ ਭੁੱਖ ਇਕੱਲੀ ਹੀ ਮਾਣ ਨਹੀਂ ਹੁੰਦੀ, ਜੇ ਉਸ ਵਿੱਚ ਮਨ ਦੀ ਬੇਚੈਨੀ ਵੀ ਮਿਲ ਜਾਵੇ, ਉਹਦੀ ਬਗ਼ਾਵਤੀ ਤਾਕਤ ਦੀ ਕੋਈ ਹੱਦ ਨਹੀਂ ਰਹਿੰਦੀ। ਜੰਮਣ-ਭੋਏਂ ਦਾ ਤੇ ਜੰਮਣ-ਭੋਏਂ ਵਾਲਿਆਂ ਦਾ ਮੋਹ ਤਾਂ ਕਿਤੇ ਰਿਹਾ, ਉਹ ਤਾਂ ਸਿਦਕੀ ਭਗਤਾਂ ਤੋਂ ਰੱਬ ਨੂੰ ਵੀ ਇਹ ਅਖਵਾ ਦਿੰਦੀ ਹੈ, ਸਾਥੋਂ ਭੁੱਖਿਆਂ ਤੋਂ ਭਗਤੀ ਨਾ ਹੋਵੇ, ਐਹ ਲੈ ਚੱਕ ਮਾਲ਼ਾ ਆਪਣੀ!

***

## ਨਸ਼ੇ ਰੋਕਣ ਲਈ ਕੌਮਾਂਤਰੀ ਤੇ

ਕੇਵਲ ਤੇ ਕੇਵਲ ਛੋਟੇ ਮੋਟੇ ਨਸ਼ਾ ਵੇਚਣ ਵਾਲੇ ਅਤੇ ਨਸ਼ਾ ਕਰਨ ਵਾਲਿਆਂ ਤੱਕ ਨਸ਼ਾ ਪੁੱਜਦਾ ਕਰਨ ਵਾਲੇ ਪੈਡਲਰਾਂ ਨੂੰ ਫੜਨ ਅਤੇ ਜੇਲ੍ਹਾਂ ਵਿੱਚ ਬੰਦ ਕਰਨ ਨਾਲ ਨਸ਼ਿਆਂ ਦੀ ਪੂਰਤੀ ਨਹੀਂ ਰੋਕੀ ਜਾ ਸਕਦੀ। ਵੱਡੀਆਂ ਮੱਛੀਆਂ ਅਤੇ ਮਗਰਮੱਛ ਫੜਨਾ ਪਵੇਗਾ। ਨਸ਼ਿਆਂ ਦੀ ਮੰਗ ਰੋਕਣ ਲਈ ਇਸ ਪਿੱਛੇ ਸਮਾਜਿਕ, ਸੱਭਿਆਚਾਰਕ, ਆਰਥਿਕ ਅਤੇ ਰਾਜਨੀਤਕ ਕਾਰਨਾਂ ਦੀ ਨਿਸ਼ਾਨਦੇਹੀ ਕਰ ਕੇ ਉਨ੍ਹਾਂ ਨੂੰ ਦੂਰ ਕਰਨ ਲਈ ਪ੍ਰਭਾਵਸ਼ਾਲੀ ਨੀਤੀਆਂ ਬਣਾ ਕੇ ਲਾਗੂ ਕਰਨਾ ਹੋਵੇਗਾ। ਸਮਾਜਿਕ ਮੁਹਿੰਮਾਂ ਰਾਹੀਂ ਬੱਚਿਆਂ, ਨੌਜਵਾਨਾਂ, ਮਾਪਿਆਂ ਅਤੇ ਅਧਿਆਪਕਾਂ ਨੂੰ ਨਸ਼ਿਆਂ ਦੇ ਦੁਰ-ਪ੍ਰਭਾਵਾਂ ਬਾਰੇ ਜਾਗਰੂਕ ਕਰਵਾਉਣਾ ਹੋਵੇਗਾ। ਨਸ਼ੇੜੀ ਬਣ ਚੁੱਕੇ ਨੌਜਵਾਨਾਂ ਨੂੰ ਅਪਰਾਧੀ ਸਮਝਣ ਦੀ ਥਾਂ ਮਰੀਜ਼ ਸਮਝ ਕੇ ਡਾਕਟਰੀ ਅਤੇ ਮਨੋਵਿਗਿਆਨਕ ਇਲਾਜ ਰਾਹੀਂ ਅੱਛੇ ਸਮਾਜਿਕ ਪ੍ਰਾਣੀ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਨਵੀਂ ਪਨੀਰੀ ਅਤੇ ਅਗਲੀ ਪੀੜ੍ਹੀ ਨੂੰ ਨਸ਼ਿਆਂ ਦੀ ਮਾਰ ਤੋਂ ਬਚਾਉਣ ਲਈ ਕਮਰ ਕੱਸਣੀ ਪਵੇਗੀ। ਇਸ ਮੁਹਿੰਮ ਵਿਚ ਸੂਬੇ ਦੇ ਸਾਰੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਕਿਰਿਆਸ਼ੀਲ ਬਣਾਉਣਾ ਪਵੇਗਾ। ਇਸ ਲਈ ਜ਼ਰੂਰੀ ਹੈ ਕਿ ਸਰਕਾਰ, ਨੌਜਵਾਨ, ਸਿਵਲ ਸੁਸਾਇਟੀ ਅਤੇ ਸਮਾਜਿਕ ਤੇ ਧਾਰਮਿਕ ਜਥੇਬੰਦੀਆਂ ਪੰਜਾਬ ਵਿੱਚ ਨਸ਼ਿਆਂ ਜਿਹੀ ਮਹਾਮਾਰੀ ਰੋਕਣ ਲਈ ਸਾਂਝੇ ਤੌਰ ’ਤੇ ਸੰਜੀਦਾ ਅਤੇ ਲਗਾਤਾਰ ਯਤਨ ਕਰਨ। ਇਸ ਤੋਂ ਇਲਾਵਾ ਸਰਕਾਰ ਨੂੰ ਸੰਜੀਦਗੀ ਨਾਲ ਯਤਨ ਕਰਨੇ ਪੈਣਗੇ ਤਾਂ ਕਿ ਨਸ਼ਿਆਂ ਪਿੱਛੇ ਸਮਾਜਿਕ, ਸੱਭਿਆਚਾਰਕ, ਆਰਥਿਕ ਅਤੇ ਰਾਜਨੀਤਕ ਹਾਲਾਤ ਦੁਬਾਰਾ ਪੈਦਾ ਨਾ ਹੋਣ।

***

## ਸ੍ਰੀ ਹੇਮਕੁੰਟ ਸਾਹਿਬ

ਚਲਾਉਣ ਲਈ ਮਾਰਚ 1960 ਵਿੱਚ ਇਕ ਟਰੱਸਟ ਦੀ ਸਥਾਪਨਾ ਕੀਤੀ ਗਈ। ਹੌਲਦਾਰ ਮੋਦਨ ਸਿੰਘ, ਕਰਨਲ ਜੋਗਿੰਦਰ ਸਿੰਘ ਮਾਨ, ਸ. ਸ਼ਮਸ਼ੇਰ ਸਿੰਘ, ਕਰਨਲ ਅਮਰ ਸਿੰਘ, ਸ. ਗੁਰਮੁਖ ਸਿੰਘ, ਸ. ਰਘੁਬੀਰ ਸਿੰਘ ਅਤੇ ਸ. ਗੁਰਬਖ਼ਸ਼ ਸਿੰਘ ਇਸ ਦੇ ਮੈਂਬਰ ਸਨ। ਟਰੱਸਟ ਬਣਨ ਉਪਰੰਤ ਸ੍ਰੀ ਹੇਮਕੁੰਟ ਸਾਹਿਬ ਦੀ ਨਵ-ਉਸਾਰੀ ਅਤੇ ਸੰਗਤ ਲਈ ਸਹੂਲਤਾਂ ਪ੍ਰਦਾਨ ਕਰਨ ਦੇ ਕੰਮ ਵਿਚ ਤੇਜੀ ਆ ਗਈ ਸੀ। ਸਭ ਤੋਂ ਪਹਿਲਾਂ ਇਹ ਮਹਿਸੂਸ ਕੀਤਾ ਗਿਆ ਕਿ ਸ੍ਰੀ ਹੇਮਕੁੰਟ ਸਾਹਿਬ ਦੀ ਇਮਾਰਤ ਗੁਰੂ ਸਾਹਿਬ ਦੀ ਗੌਰਵਤਾ ਨੂੰ ਪ੍ਰਗਟ ਨਹੀਂ ਕਰਦੀ। ਸਤੰਬਰ 1961 ਵਿੱਚ ਇਸ ਦੀ ਪੁਨਰ-ਉਸਾਰੀ ਲਈ ਤਿਆਰ ਕੀਤਾ ਗਿਆ ਨਕਸ਼ਾ ਸੰਗਤਾਂ ਨਾਲ ਸਾਂਝਾ ਕਰਦੇ ਹੋਏ ਐਲਾਨ ਕੀਤਾ ਗਿਆ ਕਿ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦੀ ਉਸਾਰੀ ਦਾ ਕਾਰਜ ਇਸੇ ਸਾਲ ਅਰੰਭ ਕਰ ਦਿੱਤਾ ਜਾਵੇਗਾ। ਸਮੇਂ ਦੇ ਨਾਲ-ਨਾਲ ਇਸ ਅਸਥਾਨ ਦੀ ਸ਼ੋਭਾ ਵਿੱਚ ਵਾਧਾ ਕਰਨ ਲਈ ਨਿਰੰਤਰ ਯਤਨ ਕੀਤੇ ਜਾਂਦੇ ਰਹੇ ਹਨ ਅਤੇ ਇੱਥੇ ਪੁੱਜਣ ਵਾਲੀ ਸੰਗਤ ਦੀ ਸੁਵਿਧਾ ਲਈ ਚਾਹ, ਖਿਚੜੀ ਆਦਿ ਲੰਗਰ ਦੇ ਪ੍ਰਬੰਧ ਕਰਨ ਲਈ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਟਰੱਸਟ ਵੱਲੋਂ ਭਰਪੂਰ ਯਤਨ ਕੀਤੇ ਜਾਂਦੇ ਹਨ।

***

## ਪੰਜਾਬ ਦਿਵਸ ’ਤੇ :

ਪਰ ਕੱਟੇ ਵੱਢੇ ਨੇ ਵੀ ਆਪਣੀ ਅਣਖ ਨੂੰ ਦਾਗ ਨਹੀਂ ਲੱਗਣ ਦਿਤਾ। ਅੱਜ ਦੁਨੀਆ ਭਰ ਵਿੱਚ ਪੰਜਾਬੀ ਦਾ ਬੋਲਬਾਲਾ ਹੈ। ਡੇਢ ਸੌ ਤੋਂ ਵਧੇਰੇ ਮੁਲਕਾਂ ਵਿੱਚ ਪੰਜਾਬੀ ਵਸਦੇ ਹਨ ਤੇ ਹਰ ਦੇਸ਼ ਵਿੱਚ ਇਕ ਨਿੱਕਾ ਜਿਹਾ ਪੰਜਾਬ ਵਸਿਆ ਹੋਇਐ। ਗਲੋਬ ’ਤੇ ਪੰਜਾਬੀ ਬੋਲਣ ਵਾਲੇ ਚੌਦਾਂ ਕਰੋੜ ਹਨ ਤੇ ਇਹ ਤਰੱਕੀ ਕਰ ਰਹੀ ਹੈ। ਸ਼ਾਇਦ ਇਹ ਬਾਬੇ ਨਾਨਕ ਦੀ ਅਸੀਸ ਸੀ ਕਿ ਭਲਿਆਂ ਨੂੰ ਉੱਜੜ ਜਾਣ ਲਈ ਕਿਹਾ ਸੀ ਤੇ ਇਨ੍ਹਾਂ ਉੱਜੜ ਜਾਣ ਵਾਲਿਆਂ ਨੇ ਹੀ ਹਰ ਮੁਲਕ ਵਿੱਚ ਪੰਜਾਬ ਵਸਾ ਕੇ ਨਾਨਕ ਦੇ ਨਾਮ ਨੂੰ ਧਿਆਇਆ ਹੈ। ਅਰਦਾਸ ਕਰਨੀ ਚਾਹੀਦੀ ਹੈ ਕਿ ਇਹ ਨਿੱਕਾ ਜਿਹਾ ਕੱਟਿਆ ਵੱਢਿਆ ਪੰਜਾਬ ਪੰਜਾਬੀ ਮਾਂ ਬੋਲੀ ਦਾ ਸੱਚਾ ਸਬੂਤ ਹੋਣ ਦਾ ਫ਼ਰਜ਼ ਨਿਭਾਵੇ। ਜਿਹੜੇ ਮਾਂ ਬੋਲੀ ਤੋਂ ਬੇਮੁਖ ਹੋ ਗਏ ਸਨ ਉਹ ਪਰਤ ਆਏ ਹਨ ਜਿਹੜੇ ਅਜੇ ਵੀ ਬੇਮੁਖ ਹਨ ਉਨ੍ਹਾਂ ਨੂੰ ਪਰਤ ਆਉਣਾ ਚਾਹੀਦਾ ਹੈ। ਸਭ ਨੂੰ ਰਲ ਮਿਲ ਕੇ ਇਸ ਮਾਂ ਬੋਲੀ ਦੀ ਤਰੱਕੀ ਲਈ ਸੀਰ ਪਾਉਣਾ ਚਾਹੀਦਾ ਹੈ।



## ਸਾਂਝੇ ਪੰਜਾਬ ਦਾ ਲੋਕ ਗਾਇਕ ਆਲਮ ਲੁਹਾਰ

.ਇਸ ਤੋਂ ਇਲਾਵਾ ਆਲਮ ਲੁਹਾਰ ਵੱਲੋਂ ਨਾਅਤ ਵੀ ਰਿਕਾਰਡ ਕਰਵਾਈਆਂ ਗਈਆਂ, ਜਿਨ੍ਹਾਂ ਵਿੱਚ ਐ ਅਰਬ ਦਿਆ ਸੁਲਤਾਨਾ, ਆਜਾ ਤੂੰ ਅਰਸ਼ਾਂ ਤੋਂ, ਮੁਹੰਮਦ ਦੀਆਂ ਕੀ ਤਾਰੀਫ਼ਾਂ, ਮੈਂ ਵੇਖਦਾ ਹੀ ਰਹਿ ਗਿਆ ਪ੍ਰਮੁੱਖ ਹਨ। ਆਲਮ ਲੁਹਾਰ ਨੇ ਆਪਣੀ ਖ਼ੂਬਸੂਰਤ ਆਵਾਜ਼ ਵਿੱਚ ਸ਼ਬਦ ਗੁਰਬਾਣੀ ਅਵਲ ਅੱਲਹਾ ਨੂਰ ਉਪਾਇਆ, ਮਿੱਤਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ,ਅਤੇ ਊਚ ਅਪਾਰ ਬੇਅੰਤ ਸੁਆਮੀ ਦਾ ਵੀ ਗਾਇਨ ਕੀਤਾ।

ਲੋਕਾਂ ਵਿੱਚ ਆਲਮ ਲੁਹਾਰ ਦੀ ਮਕਬੂਲੀਅਤ ਨੂੰ ਵੇਖ ਕੇ ਬਹੁਤ ਸਾਰੇ ਫਿਲਮਸਾਜ਼ਾਂ ਨੇ ਇਨ੍ਹਾਂ ਤੋਂ ਆਪਣੀਆਂ ਫ਼ਿਲਮਾਂ ਲਈ ਕਈ ਹਿੱਟ ਗੀਤ ਗਵਾਏ ਜਿਨ੍ਹਾਂ ਵਿੱਚ ਆਲਮ ਲੁਹਾਰ ਨੇ ਸਭ ਤੋਂ ਪਹਿਲਾ ਗੀਤ ਸੰਨ 1964 ਈ: ਵਿੱਚ ਬਣੀ ਪੰਜਾਬੀ ਫ਼ਿਲਮ ਲਾਈ ਲੱਗ ਲਈ ਐ ਧਰਤੀ ਪੰਜ ਦਰਿਆਵਾਂ ਦੀ ਗਾਇਆ ਜੋ ਕਿ ਅਦਾਕਾਰ ਅਲਾਓਦੀਨ 'ਤੇ ਫ਼ਿਲਮਾਇਆ ਗਿਆ ਸੀ। ਇਹ ਗੀਤ ਉਸ ਜ਼ਮਾਨੇ ਵਿੱਚ ਬੇਹੱਦ ਮਕਬੂਲ ਹੋਇਆ ਸੀ। ਇਸ ਗੀਤ ਤੋਂ ਬਾਅਦ ਆਲਮ ਲੁਹਾਰ ਨੇ ਹੋਰ ਬਹੁਤ ਸਾਰੀਆਂ ਪੰਜਾਬੀ ਫਿਲਮਾਂ ਲਈ ਵੀ ਗੀਤ ਗਾਏ ਜਿਨ੍ਹਾਂ ਵਿੱਚ ਫ਼ਿਲਮਾਂ ਆਜ਼ਾਦੀ ਜਾਂ ਮੌਤ, ਬਾਈਕਾਟ, ਹਥਿਆਰ, ਖ਼ਾਨਾ ਜੰਗੀ ਅਤੇ ਖ਼ਾਨ-ਏ-ਆਜ਼ਮ ਜ਼ਿਕਰਯੋਗ ਹਨ।

ਆਲਮ ਲੁਹਾਰ ਦੀ ਗਾਇਕੀ ਨੂੰ ਸਭ ਤੋਂ ਵੱਧ ਮਕਬੂਲੀਅਤ ਜਿਸ ਲੋਕ ਗੀਤ ਨੂੰ ਗਾਉਣ ਨਾਲ ਹਾਸਿਲ ਹੋਈ ਉਹ ਸੀ ਜੁਗਨੀ। ਆਲਮ ਲੁਹਾਰ ਦੀ ਜੁਗਨੀ ਜਗਤ ਪ੍ਰਸਿੱਧ ਹੈ, ਇਨ੍ਹਾਂ ਨੇ ਉਸ ਜ਼ਮਾਨੇ ਵਿੱਚ ਜੁਗਨੀ ਨੂੰ ਇਕ ਨਵੀ ਪਹਿਚਾਣ ਦਿੱਤੀ ਤੇ ਜੁਗਨੀ ਨੂੰ ਆਪਣੇ ਖ਼ਾਸ ਅੰਦਾਜ਼ ਵਿੱਚ ਗਾ ਕੇ ਅਮਰ ਕਰ ਦਿੱਤਾ। ਇਨ੍ਹਾਂ ਵੱਲੋਂ ਗਾਈ ਜੁਗਨੀ ਜਿਨ੍ਹਾਂ ਵਿੱਚ ਪੀਰ ਮੇਰਿਆ ਜੁਗਨੀ, ਇੰਗਲੈਂਡ ਦੀ ਜੁਗਨੀ, ਇਹ ਜੁਗਨੀ ਪਾਕਿਸਤਾਨੀ ਏ, ਜੁਗਨੀ ਆਪਣਾ ਦੇਸ਼ ਭੁਲਾਇਆ ਬੇਹੱਦ ਮਕਬੂਲ ਸਨ। ਫਕੀਰੀ ਰੰਗ ਵਿੱਚ ਰੰਗਿਆ ਆਲਮ ਲੁਹਾਰ ਆਪਣੇ ਫ਼ਨ ਨਾਲ ਇਸ਼ਕ ਕਰਦਾ ਸੀ। ਗਾਇਕੀ ਉਸ ਲਈ ਇਬਾਦਤ ਸੀ। ਇਕ ਵਾਰ ਜਦੋਂ ਇਕ ਸੜਕ ਹਾਦਸੇ ਵਿੱਚ ਇਨ੍ਹਾਂ ਦੀ ਲੱਤ ਦੀ ਹੱਡੀ ਟੁੱਟ ਗਈ ਤਾਂ ਹਸਪਤਾਲ ਦੇ ਸਟਾਫ ਅਤੇ ਆਪਣੇ ਚਾਹੁਣ ਵਾਲਿਆ ਦੀ ਬੇਰੁਖੀ ਨੇ ਆਲਮ ਦੇ ਕੋਮਲ ਦਿਲ 'ਤੇ ਡੂੰਘੀ ਸੱਟ ਮਾਰੀ ਤੇ ਉਸ ਦੇ ਅੰਦਰੋਂ ਇਸ ਬੇਰੁਖੀ ਦੇ ਖ਼ਿਲਾਫ਼ ਇਕ ਰੋਸਾ ਜ਼ਾਹਰ ਕਰਦਾ ਗੀਤ ਫੁੱਟਿਆ ਜੋ ਉਨ੍ਹਾਂ ਬਾਅਦ ਵਿੱਚ ਰਿਕਾਰਡ ਵੀ ਕਰਵਾਇਆ। ਇਹ ਗੀਤ ਮਗਰੋਂ ਬੇਹੱਦ ਮਕਬੂਲ ਹੋਇਆ ਸੀ। ਗੀਤ ਦੇ ਬੋਲ ਸਨ ਵਾਜਾਂ ਮਾਰੀਆਂ ਬੁਲਾਇਆ ਕਈ ਵਾਰ ਮੈਂ, ਕਿਸੇ ਨੇ ਮੇਰੀ ਗੱਲ ਨਾ ਸੁਣੀ। ਪਹਿਲੇ ਐਕਸੀਡੈਂਟ ਵਿੱਚ ਤਾਂ ਆਲਮ ਲੁਹਾਰ ਨੂੰ ਸੱਟਾਂ ਹੀ ਲੱਗੀਆਂ ਸਨ ਜੋ ਸਮਾਂ ਪਾ ਕੇ ਠੀਕ ਵੀ ਹੋ ਗਈਆਂ ਪਰ ਕਿਸੇ ਨੇ ਇਹ ਸੋਚਿਆ ਵੀ ਨਹੀਂ ਸੀ ਕਿ ਆਲਮ ਲੁਹਾਰ ਇੱਕ ਵਾਰ ਫਿਰ ਐਕਸੀਡੈਂਟ ਦਾ ਸ਼ਿਕਾਰ ਹੋ ਜਾਣਗੇ। ਮਿਤੀ 3 ਜੁਲਾਈ 1979 ਈ: ਨੂੰ ਇੱਕ ਪ੍ਰੋਗਰਾਮ ਕਰਕੇ ਘਰ ਵਾਪਸੀ ਦੌਰਾਨ ਪਿੰਡ ਸ਼ਾਮ ਕੀ ਭੱਟੀਆਂ ਦੇ ਨਜ਼ਦੀਕ ਆਲਮ ਜੀ ਦੀ ਕਾਰ ਦਾ ਜ਼ਬਰਦਸਤ ਐਕਸੀਡੈਂਟ ਹੋਇਆ ਜੋ ਉਨ੍ਹਾਂ ਲਈ ਜਾਨਲੇਵਾ ਸਾਬਿਤ ਹੋਇਆ ਤੇ ਆਲਮ ਲੁਹਾਰ ਆਪਣੇ ਕਰੋੜਾਂ ਚਾਹੁਣ ਵਾਲਿਆਂ ਨੂੰ ਛੱਡ ਕੇ ਇਸ ਫ਼ਾਨੀ ਸੰਸਾਰ ਤੋਂ ਰੁਖ਼ਸਤ ਹੋ ਗਏ। ਉਨ੍ਹਾਂ ਨੂੰ ਲਾਲਾ ਮੂਸਾ ਜ਼ਿਲ੍ਹਾ ਗੁਜਰਾਤ ਲਹਿੰਦਾ ਪੰਜਾਬ ਵਿਖੇ ਸਪੁਰਦੇ ਖ਼ਾਕ ਕੀਤਾ ਗਿਆ।

ਆਲਮ ਲੁਹਾਰ ਇੱਕ ਮਹਾਨ ਗਾਇਕ ਸਨ ਜਿਨ੍ਹਾਂ 'ਤੇ ਪੰਜਾਬੀ ਅੱਜ ਵੀ ਫ਼ਖ਼ਰ ਕਰਦੇ ਹਨ। ਅੱਜ ਵੀ ਯੂਥ ਫ਼ੈਸਟੀਵਲਾਂ ਵਿੱਚ ਆਲਮ ਲੁਹਾਰ ਦੇ ਗਾਏ ਲੋਕ ਗੀਤ ਨੌਜਵਾਨਾਂ ਵੱਲੋਂ ਗਾਏ ਜਾਂਦੇ ਹਨ। ਆਲਮ ਦੇ ਜਾਣ ਤੋਂ ਬਾਅਦ ਇਨ੍ਹਾਂ ਦੀ ਗਾਇਕੀ ਦੀ ਵਿਰਾਸਤ ਨੂੰ ਇਨ੍ਹਾਂ ਦੇ 8 ਪੁੱਤਰਾਂ ਵਿਚੋਂ ਸਭ ਤੋਂ ਛੋਟਾ ਤੇ ਲਾਡਲਾ ਪੁੱਤਰ ਆਰਿਫ਼ ਲੁਹਾਰ ਅੱਗੇ ਵਧਾ ਰਿਹਾ ਹੈ ਜੋ ਬਿਲਕੁਲ ਆਪਣੇ ਬਾਪ ਦੇ ਅੰਦਾਜ਼ ਵਿੱਚ ਹੀ ਗਾਉਂਦਾ ਹੈ ਅਤੇ ਹੁਣ ਅੱਗੋਂ ਆਲਮ ਲੁਹਾਰ ਦੇ ਪੋਤਰੇ, ਆਰਿਫ਼ ਲੁਹਾਰ ਦੇ ਤਿੰਨੇ ਪੁੱਤਰ ਵੀ ਲੋਕ ਗਾਇਕੀ ਦੀ ਇਸ ਵਿਰਾਸਤ ਨੂੰ ਅੱਗੇ ਲੈ ਜਾਣ ਲਈ ਤਿਆਰ ਹੋ ਰਹੇ ਹਨ। ਲੋਕ ਇਨ੍ਹਾਂ ਦੀ ਅਗਲੀ ਪੀੜ੍ਹੀ ਨੂੰ ਵੀ ਅੰਤਾਂ ਦਾ ਮੋਹ ਕਰਦੇ ਹਨ।

***

## ਹਕੂਮਤਾਂ ਨਾਲ ਟੱਕਰ ਲੈਣ

ਡਾਕਟਰ ਪਰਮਿੰਦਰ ਦੱਸਦੇ ਹਨ ਕਿ ਗ਼ਦਰ ਲਹਿਰ ਜਿੱਥੇ ਫੌਜੀਆਂ ਨਾਲ ਮਿਲ ਕੇ ਬਰਤਾਨਵੀਂ ਹਕੂਮਤ ਖ਼ਿਲਾਫ਼ ਸੰਘਰਸ਼ ਕਰਨਾ ਸੀ, ਉੱਥੇ ਬੱਬਰ ਅਕਾਲੀ ਲਹਿਰ ਕਿਰਸਾਨੀ ਤੇ ਪੇਂਡੂ ਲੋਕਾਂ ਨੂੰ ਨਾਲ ਜੋੜ ਕੇ ਸਿੱਧੇ ਹਥਿਆਰਬੰਦ ਐਕਸ਼ਨ ਕਰਨਾ ਸੀ।

ਇਸ ਲਹਿਰ ਦਾ ਸਿਖ਼ਰ ਭਾਵੇਂ 1926 ਵਿੱਚ ਸੀ ਪਰ ਇਹ 1941 ਤੱਕ ਸਰਗਰਮ ਰਹੀ। ਇਸ ਦੇ 37 ਕਾਰਕੁਨਾਂ ਨੇ ਸਜ਼ਾ-ਏ-ਮੌਤ ਭੁਗਤੀ ਜਦਕਿ 21 ਜਣਿਆਂ ਨੇ ਕਾਲ਼ੇ ਪਾਣੀ ਦੀਆਂ ਸਜ਼ਾਵਾਂ ਕੱਟੀਆਂ।

### ਨਕਸਲਵਾਦੀ ਲਹਿਰ

ਨਕਸਲਵਾਦੀ ਲਹਿਰ ਦਾ ਅਗਾਜ਼ ਪੱਛਮੀ ਬੰਗਾਲ ਦੇ ਨਕਸਲਬਾੜੀ ਪਿੰਡ ਤੋਂ 1967 ਵਿੱਚ ਹੋਇਆ ਸੀ। ਇਹ ਲਹਿਰ ਜ਼ਮੀਨੀ ਸੁਧਾਰਾਂ ਲਈ ਸ਼ੁਰੂ ਹੋਇਆ ਖੱਬੇਪੱਖੀ ਹਥਿਆਰਬੰਦ ਅੰਦੋਲਨ ਸੀ।

ਪੱਛਮੀ ਬੰਗਾਲ, ਬਿਹਾਰ, ਆਧਰਾਂ ਸਣੇ ਪੰਜਾਬ ਵਿੱਚ ਇਸ ਦਾ ਕਾਫੀ ਅਸਰ ਪਿਆ। ਸਿਆਸੀ ਤੇ ਸਮਾਜਿਕ ਮੁੱਦਿਆਂ ਦੇ ਮਾਹਰ ਅਮਰਜੀਤ ਸਿੰਘ ਗਰੇਵਾਲ ਕਹਿੰਦੇ ਹਨ, ਪੰਜਾਬ ਦੀਆਂ ਦੂਜੀਆਂ ਲਹਿਰਾਂ ਸੂਬੇ ਦੇ ਸੰਕਟ ਵਿੱਚੋਂ ਪੈਦਾ ਹੋਈਆਂ ਸਨ। ਪਰ ਨਕਸਲ ਲਹਿਰ ਖੱਬੇਪੱਖੀ ਪਾਰਟੀਆਂ ਦੇ ਆਪਸੀ ਵਿਰੋਧੀ ਵਿੱਚੋਂ ਪੈਦਾ ਹੋਣ ਕਾਰਨ ਪੰਜਾਬ ਵਿੱਚ ਆਈ ਸੀ ਕਿਉਂਕਿ ਉਸ ਵੇਲੇ ਪੰਜਾਬ ਵਿੱਚ ਕਮਿਊਨਿਸਟ ਪਾਰਟੀਆਂ ਦਾ ਕਾਫੀ ਅਧਾਰ ਸੀ।

ਗਰੇਵਾਲ ਕਹਿੰਦੇ ਹਨ ਕਿ ਜਦੋਂ ਪੰਜਾਬ 1967-68 ਵਿੱਚ ਨਕਸਲ ਲਹਿਰ ਆਈ, ਉਦੋਂ ਹੀ ਪੰਜਾਬ ਵਿੱਚ ਹਰਾ ਇਨਕਲਾਬ ਆ ਰਿਹਾ ਸੀ, ਪੰਜਾਬ ਦਾ ਕਿਸਾਨ ਆਰਥਿਕ ਸੰਕਟ ਵਿੱਚੋਂ ਨਿਕਲ ਰਿਹਾ ਸੀ। ਪੰਜਾਬ ਦਾ ਅਰਥਚਾਰਾ ਵੀ ਉੱਭਰ ਰਿਹਾ ਸੀ।

ਖੱਬੇਪੱਖੀ ਸਿਆਸਤ ਨਾਲ ਜੁੜੇ ਰਹੇ ਚਰਨ ਗਿੱਲ ਮੰਨਦੇ ਹਨ ਕਿ ਜਦੋਂ ਸਰਕਾਰ ਨੇ ਇਸ ਲਹਿਰ ਨੂੰ ਜ਼ਬਰੀ ਦਬਾ ਦਿੱਤਾ ਅਤੇ ਇਹ ਆਪਸੀ ਵਖਰੇਵਿਆਂ ਨਾਲ ਢਹਿਢੇਰੀ ਹੋ ਰਹੀ ਸੀ ਤਾਂ ਇਸ ਦੇ ਕਾਫੀ ਆਗੂ ਵਿਦੇਸ਼ਾਂ ਵਿੱਚ ਜਾ ਵੱਸੇ ਅਤੇ ਕੁਝ ਖ਼ਾਲਿਸਤਾਨ ਲਹਿਰ, ਜੋ ਸ਼ੁਰੂ ਹੋ ਰਹੀ ਸੀ, ਉਸ ਵੱਲ ਚਲੇ ਗਏ।

***

## ਸਮੁੰਦਰ ਤੋਂ ਹੋਈ ਸੀ ਜ਼ਿੰਦਗੀ ਦੀ

ਇਸਦੀ ਸ਼ੁਰੂਆਤ ਤੋਂ ਲੈ ਕੇ ਅੱਜ ਤੱਕ, ਸਮੁੰਦਰ ਜੀਵਨ ਦੇ ਵਿਭਿੰਨ ਰੂਪਾਂ ਨੂੰ ਪਨਾਹ ਦਿੰਦੇ ਰਹੇ ਹਨ। ਇਹ ਸਮੁੰਦਰ ਧਰਤੀ ਦੇ ਇੱਕ ਵਿਸ਼ਾਲ ਖੇਤਰ ਵਿੱਚ ਫੈਲੇ ਪਾਣੀ ਦੇ ਵਿਸ਼ਾਲ ਭੰਡਾਰ ਹੋਣ ਦੇ ਨਾਲ-ਨਾਲ ਆਪਣੇ ਅੰਦਰ ਅਤੇ ਆਲੇ-ਦੁਆਲੇ ਬਹੁਤ ਸਾਰੇ ਛੋਟੇ-ਛੋਟੇ ਨਾਜ਼ੁਕ ਵਾਤਾਵਰਣ ਨੂੰ ਪਨਾਹ ਪ੍ਰਦਾਨ ਕਰਦੇ ਹਨ, ਜਿਸ ਕਾਰਨ ਉਨ੍ਹਾਂ ਥਾਵਾਂ 'ਤੇ ਕਈ ਤਰ੍ਹਾਂ ਦੇ ਜਾਨਵਰ ਅਤੇ ਪੌਦੇ ਵਧਦੇ-ਫੁੱਲਦੇ ਹਨ। ਇਸੇ ਤਰ੍ਹਾਂ, ਤੱਟਵਰਤੀ ਖੇਤਰਾਂ ਵਿੱਚ ਸਥਿਤ ਮੈਂਗਰੋਵ ਵਰਗੇ ਬਨਸਪਤੀ ਨਾਲ ਭਰਪੂਰ ਜੰਗਲ ਬਹੁਤ ਸਾਰੇ ਸਮੁੰਦਰੀ ਜੀਵਾਂ ਲਈ ਨਰਸਰੀਆਂ ਦਾ ਕੰਮ ਕਰਦੇ ਹਨ ਅਤੇ ਵੱਖ-ਵੱਖ ਜੀਵਾਂ ਨੂੰ ਪਨਾਹ ਪ੍ਰਦਾਨ ਕਰਦੇ ਹਨ। ਵ੍ਹੇਲ ਤੋਂ ਲੈ ਕੇ, ਧਰਤੀ ਦੇ ਸਭ ਤੋਂ ਵੱਡੇ ਜੀਵ, ਇੱਥੋਂ ਤੱਕ ਕਿ ਸੂਖਮ ਜੀਵ ਵੀ ਸਮੁੰਦਰਾਂ ਵਿੱਚ ਪਾਏ ਜਾਂਦੇ ਹਨ। ਇਕ ਅੰਦਾਜ਼ੇ ਅਨੁਸਾਰ ਇਕੱਲੇ ਸਮੁੰਦਰ ਵਿਚ ਹੀ ਜਲ-ਜੀਵਾਂ ਦੀਆਂ ਲਗਭਗ 10 ਲੱਖ ਪ੍ਰਜਾਤੀਆਂ ਮੌਜੂਦ ਹਨ। ਜ਼ਿਕਰਯੋਗ ਹੈ ਕਿ ਪ੍ਰਸ਼ਾਂਤ ਮਹਾਸਾਗਰ ਧਰਤੀ ਦਾ ਸਭ ਤੋਂ ਵੱਡਾ ਸਮੁੰਦਰ ਹੈ। ਇਹ ਧਰਤੀ ਦੇ ਲਗਭਗ ਤੀਹ ਪ੍ਰਤੀਸ਼ਤ ਹਿੱਸੇ ਨੂੰ ਕਵਰ ਕਰਦਾ ਹੈ। ਇਸ ਸਾਗਰ ਦੀ ਡੂੰਘਾਈ ਪੈਂਤੀ ਹਜ਼ਾਰ ਫੁੱਟ ਹੈ ਅਤੇ ਇਸ ਦੀ ਸ਼ਕਲ ਤਿਕੋਣ ਵਰਗੀ ਹੈ। ਪ੍ਰਸ਼ਾਂਤ ਮਹਾਸਾਗਰ ਵਿੱਚ ਲਗਭਗ 25 ਹਜ਼ਾਰ ਟਾਪੂ ਹਨ। ਅਟਲਾਂਟਿਕ ਮਹਾਸਾਗਰ ਖੇਤਰ ਅਤੇ ਵਿਸਤਾਰ ਦੇ ਲਿਹਾਜ਼ ਨਾਲ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ ਸਮੁੰਦਰ ਹੈ। ਇਸ ਕੋਲ ਧਰਤੀ ਦੀ ਇਕਾਈ ਫੀਸਦੀ ਤੋਂ ਵੱਧ ਜ਼ਮੀਨ ਹੈ। ਅਟਲਾਂਟਿਕ ਮਹਾਂਸਾਗਰ ਦੀ ਸ਼ਕਲ ਅੰਗਰੇਜ਼ੀ ਨੰਬਰ ਅੱਠ ਵਰਗੀ ਹੈ। ਇਸ ਸਮੁੰਦਰ ਵਿੱਚ ਕੁਝ ਪੌਦੇ ਆਪਣੇ ਆਪ ਚਮਕਦੇ ਹਨ ਕਿਉਂਕਿ ਇੱਥੇ ਸੂਰਜ ਦੀ ਰੌਸ਼ਨੀ ਨਹੀਂ ਪਹੁੰਚਦੀ। ਹਿੰਦ ਮਹਾਸਾਗਰ ਦੁਨੀਆਂ ਦਾ ਤੀਜਾ ਸਭ ਤੋਂ ਵੱਡਾ ਸਾਗਰ ਹੈ। ਇਹ ਧਰਤੀ ਦੀ ਸਤ੍ਹਾ ਦਾ ਲਗਭਗ ਚੌਦਾਂ ਪ੍ਰਤੀਸ਼ਤ ਹੈ। ਹਿੰਦ ਮਹਾਸਾਗਰ ਨੂੰ ਰਤਨਾਸਾਗਰ ਵੀ ਕਿਹਾ ਜਾਂਦਾ ਹੈ। ਹਿੰਦ ਮਹਾਸਾਗਰ ਹੀ ਇੱਕ ਅਜਿਹਾ ਮਹਾਸਾਗਰ ਹੈ ਜਿਸ ਦਾ ਨਾਂ ਕਿਸੇ ਦੇਸ਼ ਦੇ ਨਾਂ 'ਤੇ ਰੱਖਿਆ ਗਿਆ ਹੈ। ਅੰਟਾਰਕਟਿਕਾ ਮਹਾਸਾਗਰਾਂ ਵਿੱਚੋਂ ਚੌਥਾ ਸਭ ਤੋਂ ਵੱਡਾ ਸਮੁੰਦਰ ਹੈ। ਇਸ ਨੂੰ ਆਸਟ੍ਰੇਲੀਅਨ ਮਹਾਸਾਗਰ ਵੀ ਕਿਹਾ ਜਾਂਦਾ ਹੈ। ਇਸ ਸਮੁੰਦਰ ਵਿੱਚ ਬਰਫ਼ ਦੇ ਵੱਡੇ-ਵੱਡੇ ਟੁਕੜੇ ਆਈਸਬਰਗ ਜਾਂ ਪਹਾੜਾਂ ਵਰਗੇ ਦਿਖਾਈ ਦਿੰਦੇ ਹਨ। ਅੰਟਾਰਕਟਿਕਾ ਦੀ ਬਰਫੀਲੀ ਧਰਤੀ ਦੇ ਅੰਦਰ ਚਾਰ ਸੌ ਤੋਂ ਵੱਧ ਝੀਲਾਂ ਹਨ।

ਆਰਕਟਿਕ ਮਹਾਸਾਗਰ ਪੰਜ ਸਮੁੰਦਰਾਂ ਵਿੱਚੋਂ ਸਭ ਤੋਂ ਛੋਟਾ ਹੈ। ਇਸਨੂੰ ਉੱਤਰੀ ਧਰੁਵੀ ਮਹਾਸਾਗਰ ਵੀ ਕਿਹਾ ਜਾਂਦਾ ਹੈ। ਸਰਦੀਆਂ ਵਿੱਚ ਇਹ ਸਮੁੰਦਰ ਪੂਰੀ ਤਰ੍ਹਾਂ ਸਮੁੰਦਰੀ ਬਰਫ਼ ਨਾਲ ਢੱਕ ਜਾਂਦਾ ਹੈ। ਅਸੀਂ ਸਾਹ ਲੈਣ ਲਈ ਜਿੰਨੀ ਆਕਸੀਜਨ ਦੀ ਵਰਤੋਂ ਕਰਦੇ ਹਾਂ, ਉਸ ਦਾ 10 ਪ੍ਰਤੀਸ਼ਤ ਸਮੁੰਦਰ ਤੋਂ ਆਉਂਦਾ ਹੈ। ਸਮੁੰਦਰ ਵਿੱਚ ਮੌਜੂਦ ਸੂਖਮ ਜੀਵ ਆਕਸੀਜਨ ਛੱਡਦੇ ਹਨ ਜੋ ਧਰਤੀ ਉੱਤੇ ਜੀਵਨ ਲਈ ਜ਼ਰੂਰੀ ਹੈ।

ਸਮੁੰਦਰ ਵਿੱਚ ਪਲਾਸਟਿਕ ਦੇ ਪ੍ਰਦੂਸ਼ਣ ਕਾਰਨ ਇਹ ਬੈਕਟੀਰੀਆ ਵਧਣ ਦੇ ਸਮਰੱਥ ਨਹੀਂ ਹਨ, ਜਿਸ ਕਾਰਨ ਸਮੁੰਦਰ ਵਿੱਚ ਆਕਸੀਜਨ ਦੀ ਮਾਤਰਾ ਵੀ ਲਗਾਤਾਰ ਘਟਦੀ ਜਾ ਰਹੀ ਹੈ। ਪਹਿਲਾਂ ਹੀ, ਜਲਵਾਯੂ ਤਬਦੀਲੀ ਜਾਂ ਹੋਰ ਕਾਰਨਾਂ ਕਰਕੇ, ਸਮੁੰਦਰਾਂ ਦੀ ਪ੍ਰਕਿਰਤੀ ਵਿੱਚ ਅਕਸਰ ਤੇਜ਼ੀ ਨਾਲ ਤਬਦੀਲੀਆਂ ਹੁੰਦੀਆਂ ਹਨ, ਜੋ ਕਈ ਵਾਰ ਵਿਆਪਕ ਤਬਾਹੀ ਦਾ ਕਾਰਨ ਬਣ ਸਕਦੀਆਂ ਹਨ। ਜੇਕਰ ਅਸੀਂ ਸਮੇਂ ਸਿਰ ਸੁਚੇਤ ਨਾ ਹੋਏ ਤਾਂ ਇਹ ਜਾਨਵਰਾਂ ਅਤੇ ਪੰਛੀਆਂ ਦੇ ਨਾਲ-ਨਾਲ ਮਨੁੱਖਾਂ ਲਈ ਵੀ ਵੱਡਾ ਖਤਰਾ ਬਣ ਸਕਦਾ ਹੈ।

***

## ਮਨੁੱਖੀ ਘਾਣ ਦੀ ਸੱਚਾਈ ਨੂੰ

ਰਿਫਿਊਜ਼ੀ ਕੈਂਪ ਵਿੱਚ ਨਿਸ਼ਾਨਾ ਬਣਾਇਆ ਗਿਆ, ਜਿਥੇ ਉਨ੍ਹਾਂ ਆਪਣੇ ਪਹਿਲੇ ਘਰ ਦੇ ਨੇੜੇ ਬੰਬਾਰੀ ਹੋਣ ਕਾਰਨ ਸ਼ਰਨ ਲਈ ਹੋਈ ਸੀ। ਅਸੀਂ ਅੰਤਰਰਾਸ਼ਟਰੀ ਭਾਈਚਾਰੇ ਨੂੰ ਅਪੀਲ ਕਰਦੇ ਹਾਂ ਕਿ ਉਹ ਦਖਲ ਦੇ ਕੇ ਇਜ਼ਰਾਈਲੀ ਹਮਲੇ ਰੁਕਵਾਉਣ ਤਾਂ ਜੋ ਨਿਰਦੋਸ਼ ਲੋਕਾਂ ਦੀਆਂ ਜਾਨਾਂ ਬਚਾਈਆਂ ਜਾ ਸਕਣ।"

ਦਾਹਦੋਹ ਦੇ ਸਹਿਯੋਗੀ ਪੱਤਰਕਾਰਾਂ ਨੇ ਕਿਹਾ ਕਿ ਦਾਹਦੋਹ ਦੇ ਪਰਿਵਾਰ ਦੀ ਹੱਤਿਆ ਫਲਸਤੀਨੀ ਪੱਤਰਕਾਰਾਂ ਨੂੰ ਟਾਰਗੇਟ ਕਰਨ ਦਾ ਹਿੱਸਾ ਹੈ। ਇਸੇ ਦੌਰਾਨ ਇੰਟਰਨੈਸ਼ਨਲ ਫੈਡਰੇਸ਼ਨ ਆਫ਼ ਜਰਨਲਿਸਟਸ ਨੇ ਕਿਹਾ ਹੈ ਕਿ ਗਾਜ਼ਾ ਪੱਟੀ ਵਿੱਚ ਘੱਟ ਤੋਂ ਘੱਟ 21 ਪੱਤਰਕਾਰ ਮਾਰੇ ਗਏ ਹਨ, ਕਈ ਜ਼ਖ਼ਮੀ ਤੇ ਲਾਪਤਾ ਹਨ। ਫੈਡਰੇਸ਼ਨ ਨੇ ਪੱਤਰਕਾਰਾਂ ਦੀਆਂ ਹੱਤਿਆਵਾਂ ਤੇ ਉਨ੍ਹਾਂ 'ਤੇ ਹਮਲਿਆਂ ਦੀ ਨਿੰਦਾ ਕਰਦਿਆਂ ਉਨ੍ਹਾਂ ਦੀ ਮੌਤ ਦੀ ਜਾਂਚ ਦੀ ਮੰਗ ਕੀਤੀ ਹੈ।

ਇਸ ਸਮੇਂ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਸਾਰੀ ਦੁਨੀਆਂ ਫਲਸਤੀਨੀਆਂ ਦੇ ਹੋ ਰਹੇ ਨਸਲਘਾਤ ਨੂੰ ਅੱਖਾਂ ਬੰਦ ਕਰਕੇ ਦੇਖਦੀ ਰਹੇਗੀ ? ਦੁਨੀਆਂ ਭਰ ਵਿੱਚ ਮਨੁੱਖੀ ਅਧਿਕਾਰਾਂ ਦੀ ਦੁਹਾਈ ਦੇਣ ਵਾਲੇ ਅਮਰੀਕਾ ਤੇ ਹੋਰ ਪੱਛਮੀ ਦੇਸ਼ ਇਸ ਇੱਕਪਾਸੜ ਜੰਗ ਨੂੰ ਰੋਕਣ ਦੀ ਥਾਂ ਇਜ਼ਰਾਈਲ ਦੀ ਪਿੱਠ ਥਾਪੜ ਰਹੇ ਹਨ ਤੇ ਉਸ ਨੂੰ ਜੰਗੀ ਸਮਾਨ ਭੇਜ ਰਹੇ ਹਨ। ਸੰਯੁਕਤ ਰਾਸ਼ਟਰ ਦੀ ਹੋਂਦ ਅੱਗੇ ਪ੍ਰਸ਼ਨ ਚਿੰਨ੍ਹ ਲਗ ਗਿਆ ਹੈ।

***

## ਪੰਜਾਬ ਦੇ ਖ਼ਲਨਾਇਕ

ਉਮਰ ਕੈਦ ਦੀ ਸਜ਼ਾ ਦੌਰਾਨ ਸਿਰਫ਼ 486 ਦਿਨ ਹੀ ਜੇਲ੍ਹ ਵਿੱਚ ਗੁਜ਼ਾਰਨੇ ਪਏ । ਉਸ ਨੂੰ ਅਪ੍ਰੈਲ 2008 ਤੋਂ ਲੈ ਕੇ 2012 ਤੱਕ ਕਈ ਵਾਰ ਪੈਰੋਲ ਮਿਲਦੀ ਰਹੀ । ਮ੍ਰਿਤਕ ਅਵਤਾਰ ਸਿੰਘ ਦੇ ਪਿਤਾ ਮੁਤਾਬਿਕ ਮਈ 2009 ਵਿੱਚ ਪਿੰਕੀ ਨੂੰ 4 ਹਫ਼ਤਿਆਂ ਦੇ ਲਈ ਪੈਰੋਲ ਮਿਲੀ ਸੀ ਜਿਸ ਨੂੰ ਉਸ ਨੇ 2 ਵਾਰ ਵਧਾਇਆ। ਉਹ 18 ਅਕਤੂਬਰ 2009 ਨੂੰ 143 ਦਿਨਾਂ ਦੇ ਬਾਅਦ ਜੇਲ੍ਹ ਗਿਆ ਸੀ । ਇਸੇ ਤਰ੍ਹਾਂ 2011 ਅਤੇ 2012 ਦੇ ਵਿਚਾਲੇ ਉਸ ਨੂੰ ਤਿੰਨ ਵਾਰ ਪੈਰੋਲ ਦਿੱਤੀ ਗਈ । ਉਸ ਨੇ 2 ਸਾਲਾਂ ਵਿੱਚ ਤਕਰੀਬਨ 28 ਹਫ਼ਤੇ ਜੇਲ੍ਹ ਤੋਂ ਬਾਹਰ ਬਿਤਾਏ । ਮ੍ਰਿਤਕ ਅਵਤਾਰ ਸਿੰਘ ਦੇ ਪਿਤਾ ਹੈਰਾਨ ਸਨ ਕਿ ਆਖ਼ਿਰ ਪਿੰਕੀ ਨੂੰ ਅਸਾਨੀ ਨਾਲ ਪੈਰੋਲ ਕਿਵੇਂ ਮਿਲ ਜਾਂਦੀ ਸੀ ? ਉਨ੍ਹਾਂ ਨੇ ਇਲਜ਼ਾਮ ਲਗਾਇਆ ਕਿ ਵੱਡੇ ਅਫ਼ਸਰ ਗੁਰਮੀਤ ਸਿੰਘ ਪਿੰਕੀ ਦੀ ਮਦਦ ਕਰ ਰਹੇ ਸਨ । ਇਸ ਦੇ ਖ਼ਿਲਾਫ਼ ਪਿਤਾ ਪੰਜਾਬ ਹਰਿਆਣਾ ਹਾਈਕੋਰਟ ਵੀ ਗਏ ਸਨ, ਪਰ ਹਾਈਕੋਰਟ ਤੋਂ ਕੋਈ ਇਨਸਾਫ ਨਹੀਂ ਮਿਲਿਆ।

ਕੈਟ ਹੋਰ ਬਹੁਤ ਹੋਏ ਹਨ, ਜਿਹਨਾਂ ਵਿੱਚ ਸੰਤੋਖ ਕਾਲਾ, ਜਸਵਿੰਦਰ ਕਾਲਾ, ਲੱਖਾ ਮਰੂਤੀ ਆਦਿਕ ਨਾਮ ਦੇ ਬੰਦੇ ਵੀ, ਇਕ ਅਤਿ ਜ਼ਾਲਮ ਪੁਲਿਸ ਅਫਸਰ ਗੋਬਿੰਦ ਰਾਮ ਦੇ ਕੈਟ ਵਜੋਂ ਕੰਮ ਕਦੇ ਰਹੇ ਹਨ ਅਤੇ ਉਹਨਾਂ ਕੋਲ ਵੀ ਆਰਜ਼ੀ ਪੁਲਿਸ ਰੈਂਕ ਸਨ, ਪਰ ਕੁੱਝ ਗਤੀਵਿਧੀਆਂ ਨੰਗੀਆਂ ਹੋ ਜਾਣ ਕਰਕੇ, ਉਹ ਕੈਟ ਤੋਂ ਅਫਸਰ ਨਾਂ ਬਣ ਸਕੇ। ਚਰਚਾ ਉਸ ਸਮੇਂ ਪੰਜਾਬ ਸੰਤਾਪ ਦੌਰਾਨ ਇਹ ਵੀ ਸੀ ਕਿ ਸੰਤੋਖ ਕਾਲੇ ਨੂੰ ਇਜ਼ਹਾਰ ਆਲਮ ਨੇ, ਲੱਖੇ ਮਰੂਤੀ ਨੂੰ ਗੋਬਿੰਦ ਰਾਮ ਨੇ, ਗੁਰਮੀਤ ਪਿੰਕੀ ਨੂੰ ਸੁਮੇਧ ਸੈਣੀ ਨੇ ਅਤੇ ਪੱਖੋ ਕਿਆਂ ਵਾਲੇ ਦਲਬੀਰ ਨੂੰ ਖੁਦ ਪੁਲਿਸ ਮੁਖੀ ਰਿਬੈਰੋ ਨੇ ਆਪਣੇ 'ਪੁੱਤਰ' ਬਣਾਇਆ ਹੋਇਆ ਸੀ।

***

## ਕੈਨੇਡੀਅਨਾਂ ਲਈ 4 ਤਰ੍ਹਾਂ ਦੀ

ਸ਼ੁਰੂ ਕਰਨ 'ਤੇ ਜਿੱਥੇ ਸੁਆਗਤ ਕੀਤਾ ਨਾਲ ਹੀ ਕਿਹਾ ਓਟਾਵਾ ਹਰਦੀਪ ਸਿੰਘ ਨਿੱਝਰ ਮਾਮਲੇ ਵਿੱਚ ਭਾਰਤ ਤੋਂ ਮਦਦ ਦੀ ਉਡੀਕ ਕਰ ਰਿਹਾ ਹੈ । ਜੋ ਪੁਲਿਸ ਜਾਂਚ ਲਈ ਬਹੁਤ ਜ਼ਰੂਰੀ ਹੈ । ਸੱਜਣ ਸਿੰਘ ਨੇ ਕਿਹਾ ਕਿ ਕੈਨੇਡਾ ਸਰਕਾਰ ਨਿੱਝਰ ਨੂੰ ਲੈ ਕੇ ਹੁਣ ਵੀ ਆਪਣੇ ਸਟੈਂਡ 'ਤੇ ਕਾਇਮ ਹੈ ।

***

## ਲੰਗਰ ਪ੍ਰਥਾ ਦੀ ਅਸਲ ਮਹਾਨਤਾ

ਜਿਸ ਨਾਲ ਬਹੁਤ ਸਾਰਾ ਰਿਜ਼ਕ ਜਾਂ ਭੇਟ ਹੋਏ ਤਿਲ ਫੁੱਲ ਰਸਦ ਪਾਣੀ ਵਿਚ ਵੀ ਬੱਚਤ ਹੋਣ ਦੀ ਸੰਭਾਵਨਾ ਵੀ ਬਣ ਜਾਂਦੀ ਹੈ।

'ਗ਼ਰੀਬ ਦਾ ਮੂੰਹ, ਗੁਰੂ ਦੀ ਗੋਲਕ' ਅਨੁਸਾਰ ਚਲਦੀ ਮਾਣਯੋਗ ਲੰਗਰ ਪ੍ਰਥਾ ਵਿੱਚ ਇੱਕ ਹੋਰ ਨਿਵੇਕਲੀ ਪਰਉਪਕਾਰੀ ਪ੍ਰਥਾ ਵੀ ਜੋੜੀ ਜਾ ਸਕਦੀ ਹੈ, ਜਿਸ ਨਾਲ ਲੋੜਵੰਦ ਗ਼ਰੀਬ ਕਿਰਤੀਆਂਦਾਦੋ ਵਕਤਦਾ ਚੁੱਲਾ ਤੱਪਦਾ ਰੱਖਣ ਦੀਆਂ ਯੋਜਨਾਵਾਂ ਨੂੰ ਅਮਲੀ ਰੂਪ ਦਿੱਤਾ ਜਾ ਸਕਦਾ ਹੈ, ਜਿਸ ਲਈ ਸੁੱਕੀ ਰਸਦ ਦੇ ਲੰਗਰ ਸਟੋਰਾਂ ਨੂੰ 'ਬਾਬੇ ਨਾਨਕ ਦਾ ਹੱਟ' ਵਜੋਂ ਵੀ ਬਣਾਇਆ ਜਾ ਸਕਦਾ ਹੈ, ਜਿੱਥੋਂ ਸਿਰਫ਼ ਤੇ ਸਿਰਫ਼ ਕਿਰਤੀ ਗ਼ਰੀਬ ਲੋਕਾਂ ਨੂੰ ਹੀ ਬਹੁਤ ਹੀ ਸਸਤੇ ਰੇਟ ਵਿੱਚ 'ਆਟਾ ਦਾਲ' ਆਦਿ ਮੁਹੱਈਆ ਕਰਵਾ ਕੇ ਇੱਕ ਅਨੋਖਾ ਪੁੰਨ ਖੱਟਣ ਦਾ ਉਪਰਾਲਾ ਕਰਨਾ ਸਮੇਂ ਦੀ ਮੁੱਖ ਲੋੜ ਹੈ। ਇਸ ਨਾਲ 'ਮੋਕਉ ਦੋਨਉ ਵਖਤ ਜਿਵਾਲੇ॥' (ਭਗਤ ਕਬੀਰ)ਅਨੁਸਾਰ ਹਰੇਕ ਗ਼ਰੀਬ ਕਿਰਤੀ ਦਾ ਚੁੱਲ੍ਹਾ ਤਪਦਾ ਰਹਿ ਸਕੇ। ਸਸਤੇਪਨ ਦੀ ਇਸ ਸੇਵਾ ਰੂਪੀ ਵਣਜ ਨਾਲ ਲਾਲੋਆਂ ਦੀ ਕਿਰਤ ਨੂੰ ਵੀ ਇੱਕ ਵੱਡਾ ਹੁਲਾਰਾ ਮਿਲੇਗਾ।

ਇਸ ਤੋਂ ਇਲਾਵਾ ਇਸ ਰਸਦ ਪਾਣੀ ਦੀ ਬੱਚਤ ਨੂੰ ਕਿਤੇ ਕਿਸੇ ਸੰਕਟ ਕਾਲ ਵਿੱਚ ਫਸੇ ਲੋਕਾਂ ਦੀ ਸਹਾਇਤਾ ਲਈ ਵੀ ਵਰਤਿਆ ਜਾ ਸਕਦਾ ਹੈ। ਸੋ, ਇਸ ਤਰ੍ਹਾਂ ਸੂਝ ਸਿਆਣਪ ਨਾਲ ਸਰਬ ਸਾਂਝੇ ਚਲਾਏ ਲੰਗਰਾਂ ਦੇ ਸੁਚੱਜੇ ਪ੍ਰਬੰਧ ਨਾਲ ਲੰਗਰ ਚਲਾ ਕੇ ਲੰਗਰ ਦੀ ਸ਼ਾਨਾਂਮੱਤੀ ਪ੍ਰਥਾ ਦੀ ਮਹਾਨਤਾ ਨੂੰ ਹੋਰ ਵੀ ਮਹਾਨ ਤੇ ਸਾਜ਼ਗਾਰ ਬਣਾਇਆ ਜਾ ਸਕਦਾ ਹੈ।

***

## ਪੰਜਾਬੀ ਸੂਬਾ 1 ਨਵੰਬਰ 1966

26 ਸਤੰਬਰ 1965 ਨੂੰ ਜੰਗ ਖ਼ਤਮ ਹੋਣ ਤੇ ਕੇਂਦਰ ਸਰਕਾਰ ਨੇ ਉਪ ਸੰਸਦੀ ਸਮਿਤੀ ਬਣਾਏ। ਅਤੇ ਮੰਤਰੀ ਮੰਡਲ ਸਮਿਤੀ ਵਿੱਚ ਇੰਦਰਾ ਗਾਂਧੀ ਸੂਚਨਾ ਪ੍ਰਸਾਰਣ ਮੰਤਰੀ, ਵਾਈ. ਬੀ ਚੌਹਾਨ ਰਖਿਆ ਮੰਤਰੀ, ਮਹਾਂਵੀਰ ਤਿਆਗੀ ਮੁੜ ਵਸੇਬਾ ਮੰਤਰੀ ਨਿਯੁਕਤ ਕੀਤੇ। ਹੁਕਮ ਸਿੰਘ ਸਭਾਪਤੀ ਸਨ । ਪੰਜਾਬੀ ਫੌਜੀਆਂ ਅਤੇ ਆਮ ਨਾਗਰਿਕਾਂ ਨੇ ਜੰਗ ਵਿੱਚ ਬਹਾਦਰੀ ਦਿਖਾਈ। ਦੇਸ਼ ਦੀ ਸੁਰਖਿਆ ਲਈ ਵਚਨਬੱਧ ਰਹੇ। ਇਸ ਲਈ ਸ਼ਲਾਘਾ ਹੋਈ। 1 ਅਕਤੂਬਰ 1965, 5 ਨਵੰਬਰ 1965 ਦੀ ਮਿਆਦ ਵੱਖ ਵੱਖ ਪਾਰਟੀਆਂ ਅਤੇ ਨੁਮਾਇੰਦਿਆਂ ਨਾਗਰਿਕਾਂ ਤੋਂ ਮੰਗ ਪੱਤਰ ਪ੍ਰਾਪਤ ਕਰਨ ਦਾ ਸਮਾਂ ਨਿਰਧਾਰਿਤ ਕੀਤਾ। ਨਵੰਬਰ ਦਸੰਬਰ 1965 ਤਕ ਸਮਿਤੀ ਨੇ ਵਿਚਾਰ ਵਟਾਂਦਰਾ ਕੀਤਾ। ਜਨਵਰੀ 10,1966 ਨੂੰ ਲਛਮਣ ਸਿੰਘ ਗਿੱਲ, ਜਨਰਲ ਸਕੱਤਰ ਸ਼੍ਰੋਮਣੀ ਕਮੇਟੀ ਅਤੇ ਰਵੇਲ ਸਿੰਘ ਮੈਂਬਰ ਕਾਰਜਕਾਰਨੀ ਨੇ ਕੇਸ ਸਮਿਤੀ ਨੂੰ ਪੇਸ਼ ਕੀਤਾ। ਜਨਵਰੀ 27, 1966 ਨੂੰ ਗਿਆਨੀ ਕਰਤਾਰ ਸਿੰਘ ਅਤੇ ਹਰਚਰਨ ਸਿੰਘ ਬਰਾੜ ਕਾਂਗਰਸ ਵੱਲੋਂ ਪੇਸ਼ ਹੋਏ। ਲਗਭਗ 2200 ਦਰਖਾਸਤਾਂ ਹੱਕ ਵਿੱਚ ਅਤੇ 903 ਵਿਰੋਧ ਵਿੱਚ ਪੇਸ਼ ਹੋਈਆਂ। ਹੁਕਮ ਸਿੰਘ ਸਭਾਪਤੀ ਨੇ ਨਿਰਣਾਇਕ ਮਤਦਾਨ ਕੀਤਾ।

ਹਿੰਦੀ ਹਿਤੈਸ਼ੀਆਂ ਨੇ ਮਾਰਚ 9, 1966 ਨੂੰ ਵਿਰੋਧ ਵਿਚ ਹੜਤਾਲ ਕੀਤੀ। ਦੰਗਿਆਂ ਵਿਚ ਪਾਣੀਪਤ ਵਿਖੇ ਤਿੰਨ ਕਾਂਗਰਸੀ ਜਿੰਦਾ ਜਲਾ ਦਿੱਤੇ ਗਏ। ਸੰਸਦੀ ਸਮਿਤੀ ਦੀ ਸਿਫਾਰਸ਼ ਮਾਰਚ 18, 1966 ਨੂੰ ਸਰਕਾਰ ਨੂੰ ਸੌਂਪੀ ਗਈ। ਪੰਜਾਬੀ ਬੋਲਦੇ ਇਲਾਕੇ ਪੰਜਾਬੀ ਭਾਸ਼ਾਈ ਆਧਾਰ ਤੇ ਪੈਪਸੂ ਦਾ ਇਲਾਕਾ ਜੋੜ ਕੇ ਪੰਜਾਬੀ ਸੂਬਾ ਬਣਾਇਆ ਜਾਵੇ। ਹਿੰਦੀ ਭਾਸ਼ਾਈ ਹਰਿਆਣਾ ਪ੍ਰਦੇਸ਼ ਅਤੇ ਪੰਜਾਬ ਨਾਲ ਲੱਗਦੇ ਪਹਾੜੀ ਇਲਾਕੇ ਹਿਮਾਚਲ ਪ੍ਰਦੇਸ਼ ਹੋਵੇ। ਮਾਰਚ 21, 1966 ਨੂੰ ਕੇਂਦਰ ਸਰਕਾਰ ਨੇ ਇਲਾਕਿਆਂ ਦੀ ਹੱਦਬੰਦੀ ਕਰਨ ਲਈ ਕਮਿਸ਼ਨ ਬਣਾਇਆ। ਜਿਸ ਵਿੱਚ ਜੇ ਸੀ ਸ਼ਾਹ, ਸੂਬੀਮੱਲ ਦੱਤ, ਐਮ.ਐਮ. ਫਿੱਲਪ ਮੈਂਬਰ ਸਨ। ਕਮਿਸ਼ਨ ਨੇ ਮਈ 31 1966 ਨੂੰ ਫੈਸਲਾ ਸਰਕਾਰ ਨੂੰ ਸੌਂਪਿਆ। ਭਾਸ਼ਾਈ ਇਲਾਕਾਈ ਵੰਡ ਵਿੱਚ ਪੰਜਾਬ , ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਕਾਂਗੜਾ ਸ਼ਿਮਲਾ ਸਮੇਤ ਹੋਂਦ ਵਿੱਚ ਆਏ। ਪੰਜਾਬ ਪੁਨਰਗਠਨ ਕਾਨੂੰਨ 1966, ਸਤੰਬਰ 3 1966 ਨੂੰ ਪਾਸ ਹੋਇਆ। ਸਤੰਬਰ 18,1966 ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਹੋਈ। ਨਵੰਬਰ 1 1966 ਨੂੰ ਪੰਜਾਬੀ ਸੂਬਾ ਬਣਿਆ। ਚੰਡੀਗੜ੍ਹ ਸੰਘੀ ਖੇਤਰ ਬਣ ਗਿਆ।

ਸ਼੍ਰੋਮਣੀ ਕਮੇਟੀ ਨੇ ਦਬਾਅ ਪਾਇਆ ਕਿ ਭਾਖੜਾ ਡੈਮ ਅਤੇ ਚੰਡੀਗੜ੍ਹ ਪੰਜਾਬ ਵਿੱਚ ਹੋਣ, ਉਹ ਸੰਘਰਸ਼ ਅਜੇ ਤਕ ਜਾਰੀ ਹੈ। ਸਮੇਂ ਸਮੇਂ ਦੀਆਂ ਸਰਕਾਰਾਂ ਨੇ ਪੰਜਾਬ ਦਾ ਪਹਿਲਾਂ 1947 ਵਿੱਚ ਫਿਰ 1966 ਵਿੱਚ ਬਟਵਾਰਾ ਕੀਤਾ ਅਤੇ ਇਸ ਨੂੰ ਛੋਟੇ ਤੋਂ ਛੋਟਾ ਬਣਾਇਆ, ਤਾਂ ਜੋ ਇਹ ਇੱਕ ਵੱਡੀ ਸ਼ਕਤੀ ਵਜੋਂ ਨਾ ਉੱਭਰ ਸਕੇ।

***

## ਨਾਮਧਾਰੀ ਫਰੂਟ ਤੇ ਬੀਜ ਫਾਰਮ

ਵਿਭਾਗ ਵਲੋਂ ਕਿਸਾਨਾਂ ਨੂੰ ਆਰਗੈਨਿਕ ਸਬਜ਼ੀਆਂ ਤੇ ਫੱਲਾਂ ਦੀ ਖੇਤੀ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਇਸ ਨਾਲ ਜਿੱਥੇ ਸਬਜ਼ੀ ਤੇ ਫਲਾਂ ਦੀ ਖੇਤੀ ਕਰਨ ਨਾਲ ਲੱਖਾਂ ਰੁਪਏ ਆਮਦਨ ਹੁੰਦੀ ਹੈ, ਉਥੇ ਹੀ ਸਬਜ਼ੀ ਦੇ ਖੇਤੀ ਨਾਲ ਪਾਣੀ ਦੀ ਬਚੱਤ ਹੁੰਦੀ ਹੈ। ਅੱਜ ਪੰਜਾਬ ਵਿੱਚ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਜਾ ਰਿਹਾ ਹੈ, ਜਿਸ ਦੀ ਚਿੰਤਾ ਕਰਦਿਆਂ ਉਨ੍ਹਾਂ ਕਿਹਾ ਕਿ ਸਬਜ਼ੀ ਜਾਂ ਫੱਲਾਂ ਦੀ ਖੇਤੀ ਨੂੰ ਪਾਣੀ ਡ੍ਰਿਪ ਨਾਲ ਦਿੱਤਾ ਜਾਂਦਾ ਹੈ। ਇਸ ਨਾਲ ਪਾਣੀ ਦੀ ਬੱਚਤ ਵੀ ਹੁੰਦੀ ਹੈ। ਵਿਭਾਗ ਵੱਲੋਂ ਕਿਸਾਨਾਂ ਨੂੰ ਸਬਜ਼ੀ ਤੇ ਫਲਾਂ ਦੀ ਖੇਤੀ ਕਰਨ ਲਈ ਮਸ਼ੀਨੀਰੀ ਅਤੇ ਕੋਲਡ ਸਟੋਰ ਲਈ ਸਬਸਿਡੀ ਦਿਤੀ ਜਾ ਰਹੀ ਹੈ। ਆਰਗੈਨਿਕ ਖੇਤੀ ਲਈ ਕਿਸਾਨਾਂ ਨੂੰ ਪ੍ਰੇਤਿ ਕਰਨ ਲਈ ਕੈਂਪ ਲਗਾਏ ਜਾ ਰਹੇ ਹਨ।

**ਸਬਜ਼ੀਆਂ ਤੇ ਫਲਾਂ ਦੀ ਖੇਤੀ ਲਾਹੇਬੰਦ : ਸੁਖਵਿੰਦਰ ਸਿੰਘ ਝੱਜ**

ਹਰ ਤਰ੍ਹਾਂ ਦੀ ਖੇਤੀ ਦੀ ਸਮਝ ਰੱਖਣ ਵਾਲੇ ਪੰਜਾਬ ਦੇ ਸਫ਼ਲ ਕਿਸਾਨ ਸੁਖਵਿੰਦਰ ਸਿੰਘ ਝੱਜ ਨੇ ਕਿਹਾ ਕਿ ਜ਼ੀਰੀ ਦੀ ਫਸਲ ਨਾਲੋਂ ਸਬਜ਼ੀਆਂ ਤੇ ਫਲਾਂ ਦੀ ਖੇਤੀ ਲਾਹੇਬੰਦ ਹੈ, ਪਰ ਪੰਜਾਬ ਦੇ ਕਿਸਾਨ ਦੀ ਮਜਬੂਰੀ ਹੈ ਕਿ ਸਬਜ਼ੀਆਂ ਤੇ ਫਲਾਂ ਦੀ ਖੇਤੀ ਲਈ ਮੰਡੀਆਂ ਵਿੱਚ ਕੋਈ ਭਾਅ ਨਹੀਂ ਹੁੰਦਾ, ਜਦੋਂ ਕਿ ਜ਼ੀਰੀ ਦੀ ਫਸਲ ਵਿੱਚ ਹਰ ਕਿਸਾਨ ਮੰਡੀ ਵਿੱਚ ਜ਼ੀਰੀ ਵੇਚ ਕੇ ਅਪਣੇ ਕਾਰੋਬਾਰ ਘਰ ਦੇ ਖਰਚੇ ਪੂਰੇ ਕਰਦਾ ਹੈ। ਜੇਕਰ ਸਰਕਾਰ ਫਲਾਂ ਤੇ ਸਬਜ਼ੀਆਂ ਦੀ ਖੇਤੀ ਲਈ ਕੋਈ ਪੈਮਾਨਾ ਤੈਅ ਕਰੇ ਤਾਂ ਹਰ ਕਿਸਾਨ ਸਬਜ਼ੀ ਤੇ ਫੱਲਾਂ ਦੀ ਖੇਤੀ ਕਰੇਗਾ।

### ਲੋਕਾਂ ਦੀ ਦਿਲਚਸਪੀ

ਪਰ ਉਹ ਇਹ ਕੁਰਸੀਆਂ ਹੰਡਾ ਕੇ ਗਏ ਨੇ। ਸੀ. ਐਮ. ਦੀ ਕੁਰਸੀ ਤੇ ਬੈਠ ਕੇ ਮਾਣ ਮਰਿਆਦਾ, ਬੋਲੀ ਵਿੱਚ

ਸੰਜੀਦਗੀ ਹੋਣੀ ਲਾਜ਼ਮੀ ਹੈ।। ਜੇ ਤੁਸੀਂ ਇਜ਼ੱਤ ਦੇ ਹੱਕਦਾਰ ਹੋ ਤਾਂ ਸਾਹਮਣੇ ਵਾਲੇ ਬੰਦੇ ਨੂੰ ਵੀ ਇਜ਼ਤ ਦੇਣੀ ਪੈਂਦੀ ਹੈ। ਅਸਲ ਵਿੱਚ ਮਿਹਣੇ ਮਿਹਣੀ ਵਾਲੀ ਰਾਜਨੀਤੀ ਵਾਲਾ ਕਿਤਾਬਚਾ ਨਰਿੰਦਰ ਮੋਦੀ ਜੀ ਨੇ ਲਿਖਿਆ ਤੇ ਲਗਦਾ ਭਗਵੰਤ ਮਾਨ ਨੇ ਵੀ ਉਹੀ ਕਿਤਾਬਚਾ ਖਰੀਦ ਲਿਆ। ਤਾਂ ਹੀ ਤਾਂ ਬਹੁਤੇ ਬੁੱਧੀਜੀਵੀ ਕਹਿ ਰਹੇ ਹਨ ਕਿ ਮਨ ਕੀ ਬਾਤ ਦੀ ਤਰਜ਼ 'ਤੇ ਅੱਜ ਗੱਲਾਂ ਹੋਈਆਂ। ਮੁੱਖ ਮੰਤਰੀ ਸਾਹਿਬ ਨੇ ਇਹ ਕਿਹਾ " ਐਹੋ ਜਿਹੀਆਂ ਡਿਬੇਟਾਂ ਵਿੱਚ ਇਹੋ ਜਿਹੇ ਬੰਦੇ ਬੁਲਾਏ ਤਾਂ ਨਹੀਂ ਜਾਂਦੇ, ਪਰ ਮੈਂ ਬੁਲਾ ਲਏ"। ਵੱਡੀ ਕੁਰਸੀ 'ਤੇ ਬੈਠ ਕੇ ਬਹੁਤ ਛੋਟੀ ਗੱਲ ਕਰ ਦਿੱਤੀ ਕਿਉਂਕਿ ਸਿਆਣੇ ਕਹਿੰਦੇ ਹਨ ਕਿ ਲੋੜ ਪੈਣ 'ਤੇ ਸਲਾਹਾਂ ਤਾਂ ਲੋਕੀ ਕੰਧਾਂ ਤੋਂ ਵੀ ਲੈ ਲੈਂਦੇ ਹਨ। ਵਧੀਆ ਲੱਗਿਆ ਕਿ ਮੁੱਖ ਮੰਤਰੀ ਸਾਹਿਬ ਨੇ ਵਰਤਮਾਨ, ਭੂਤਕਾਲ ਅਤੇ ਭਵਿੱਖ ਦੀ ਬੁਣਤੀ ਬੁਣੀ, ਤੇ ਕਈ ਅਸਮਾਨੀ ਉੱਡਦੇ ਫਿਰਦੇ ਦਾਅਵਿਆਂ ਨੂੰ ਜ਼ਮੀਨੀ ਪੱਧਰ 'ਤੇ ਦਰਸਾਇਆ ਪਰ ਗੱਲ ਹੋਰ ਵੀ ਜੱਚਦੀ ਜੇ ਉਹ ਆਪਣੀਆਂ 'ਤਾਰੀਫ਼ਾਂ' ਜਾਂ 'ਮੈਂ' ਤੋਂ ਬਾਹਰ ਨਿਕਲ ਆਉਂਦੇ। ਡਾਟਾ ਨਾਲ ਦੀ ਨਾਲ ਦੇਣਾ ਚੰਗਾ ਪੱਖ ਸੀ ਪਰ ਪੰਜਾਬ ਦਾ ਦਰਦੀ ਹੋਵੇ ਤੇ ਉਹ ਵੀ ਮੁੱਖ ਮੰਤਰੀ ਹੋਵੇ ਤੇ ਪੰਜਾਬ ਦੇ ਲੋਕਾਂ ਨੂੰ ਇਹ ਕਿਹਾ ਜਾਵੇ ਕਿ ਪੰਜਾਬੀਆਂ ਨੂੰ ਸਿਰਫ਼ ਬਹਿਸ ਸੁਣਨ ਦਾ ਸੱਦਾ ਹੈ। ਤੇ ਜਿਹੜੇ ਪਹੁੰਚੇ, ਜਿਹਨਾਂ ਦੇ ਵਿਚੋਂ ਕਿਸਾਨ ਜਥੇਬੰਦੀਆਂ, ਆਮ ਲੋਕ, ਉਹਨਾਂ ਨੂੰ ਜਾਂ ਤਾਂ ਗ੍ਰਿਫ਼ਤਾਰ ਕਰ ਲਿਆ ਗਿਆ ਜਾਂ ਬੱਸਾਂ ਵਿੱਚ ਬੈਠਾ ਕੇ ਕਿਤੇ ਦੂਰ ਛੱਡ ਕੇ ਆਉਣ ਦਾ ਇਤਜ਼ਾਮ ਨੇਪਰੇ ਚਾੜਿਆ। ਪੰਜਾਬ ਦਾ ਪੁੱਤ ਹੀ ਬੋਲਦਾ ਰਿਹਾ ਬਾਕੀ ਪੰਜਾਬੀਆਂ ਦੀ ਸੰਘੀ ਘੁੱਟ ਕੇ ਰੱਖੀ। ਇਹ ਵੀ ਕਿਹਾ ਕਿ ਵਿਰੋਧੀ ਧਿਰ ਬੌਖਲਾਅ ਗਈ ਹੈ, ਤਾਂ ਨਹੀਂ ਆਈ। ਪਰ ਜਿਹੜੇ ਪੰਜਾਬੀ ਪਹੁੰਚੇ ਸੀ, ਉਹਨਾਂ ਨੂੰ ਵੀ ਤਾਂ ਹਿੱਸੇਦਾਰ ਨਹੀਂ ਬਣਨ ਦਿੱਤਾ ਗਿਆ। ਇਹ 'ਤੇ ਉਹ ਗੱਲ ਹੋਈ "ਮੁਨਸਫ਼ ਵੀ ਉਸਦੇ, ਅਦਾਲਤ ਵੀ ਉਸਦੀ, ਗਵਾਹ ਵੀ ਉਸਦੇ, ਵਕਾਲਤ ਵੀ ਉਸਦੀ"।

ਸੁਣਿਆ ਐ ਕਿ ਬਹੁਤ ਸਾਰੇ ਬੁੱਧੀਜੀਵੀ ਵੀ ਇਸ ਮਨ ਕੀ ਬਾਤ ਦਾ ਹਿੱਸਾ ਬਣੇ ਨੇ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਜੇ ਇੱਕ ਬੰਦੇ ਨੇ ਹੀ ਬੋਲਣਾ ਸੀ ਤੇ ਬੁੱਧੀਜੀਵੀਆਂ ਨੇ ਬੁੱਧੀ ਨੂੰ ਝਿੰਜੋੜਣ ਵਾਲੀ ਗੱਲ ਹੀ ਨਹੀਂ ਕਰਨੀ ਸੀ ਤਾਂ ਫਿਰ ਭੀੜ ਵਧਾਉਣ ਦਾ ਕੀ ਫਾਇਦਾ ? ਤੇ ਬੁੱਧੀਜੀਵੀ ਹੁੰਦੇ ਕਾਹਦੇ ਵਾਸਤੇ ਨੇ ? ਸਿਰਫ਼ ਲੋਈਆਂ ਪਵਾਉਣ ਦੇ ਲਈ ਤੇ ਸਟੇਜਾਂ 'ਤੇ ਖਲੋ ਕੇ ਇਹ ਕਹਿਣ ਲਈ ਕਿ ਅਸੀਂ ਪੰਜਾਬ ਦੇ ਦਰਦੀ ਹਾਂ ? ਇਹਨਾਂ ਨੇ ਤਾਂ ਫ਼ਸਟ ਨਵੰਬਰ ਨੂੰ ਫ਼ਸਟ ਅਪ੍ਰੈਲ ਹੀ ਬਣਾ ਦਿੱਤਾ।

ਘੱਟ ਵਿਰੋਧੀ ਧਿਰ ਵੀ ਨਹੀਂ ਹੈ। ਭਗਵੰਤ ਮਾਨ ਦੀ ਤੁਲਨਾ ਉਹਨਾਂ ਨੇ ਵੀ ਨੀਰੋ ਨਾਲ ਕਰ ਦਿੱਤੀ। ਅਸਲੀ ਡਰ ਤਾਂ ਜਨਤਾ ਦਾ ਹੀ ਹੈ। ਭਲੇ ਮਾਣਸੋ, ਇਕੱਠਾ ਖਾਧਾ ਪੀਤਾ ਤੁਸੀਂ, ਭਾਵੇਂ ਉਹ ਵਿਰੋਧੀ ਧਿਰ ਹੋਵੇ ਜਾਂ ਸਮੇਂ ਦੀ ਸਰਕਾਰ ਹੋਵੇ, ਤੁਸੀਂ ਆਪਸ ਵਿੱਚ ਜਵਾਬ ਨਹੀਂ ਦੇਣਾ, ਤੁਸੀਂ ਜਵਾਬਦੇਹ ਜਨਤਾ ਨੂੰ ਹੋ, ਜਿਹਨਾਂ ਨੇ ਤੁਹਾਨੂੰ ਵੋਟਾਂ ਪਾਈਆਂ ਨੇ। ਦੁੱਧ ਧੋਤਾ ਸਿਆਸਤਦਾਨ ਕੋਈ ਵੀ ਨਹੀਂ। ਜੇ ਵਿਰੋਧੀ ਧਿਰ ਨੂੰ ਭਗਵੰਤ ਮਾਨ ਤੋਂ ਡਰ ਲੱਗਦਾ ਹੈ ਤਾਂ ਭਗਵੰਤ ਮਾਨ ਨੂੰ ਵੀ ਪੰਜਾਬ ਦੇ ਲੋਕਾਂ ਤੋਂ, ਸੜਕਾਂ 'ਤੇ ਧਰਨਾ ਦੇ ਰਹੇ ਅਧਿਆਪਕਾਂ ਤੋਂ, ਲੱਖਾ ਸਿਧਾਣਾਂ ਵਰਗੇ ਕਈ ਨੌਜਵਾਨਾਂ ਤੋਂ, ਕਿਸਾਨ ਜਥੇਬੰਦੀਆਂ ਦੇ ਆਗੂਆਂ ਤੋਂ ਡਰ ਲੱਗਦਾ ਹੈ। ਡਰ ਉਦੋਂ ਦਿਸਦਾ ਹੈ ਜਦੋਂ ਅਸਿਸਟੈਂਟ ਪ੍ਰੋਫੈਸਰ ਜਸਵਿੰਦਰ ਕੌਰ ਦੇ ਘਰ ਅੱਗੇ ਸਵੇਰੇ 6.30 ਵਜੇ ਪੁਲਿਸ ਮੋਰਚਾ ਲਗਾ ਲੈਂਦੀ ਹੈ। ਪਰ ਮੰਨ ਲਵੋ ਇਸ ਬਹਿਸ ਦਾ ਹਿੱਸਾ ਜੇ ਵਿਰੋਧੀ ਧਿਰ ਬਣ ਵੀ ਜਾਂਦੀ, ਜਦੋਂ ਕਿ ਸਾਰੇ ਹੀ ਮੰਝੇ ਹੋਏ ਸਿਆਸਤੀ ਖ਼ਿਡਾਰੀ ਨੇ, ਜੇ ਕੋਈ ਗਲਤ ਸਾਬਤ ਹੋ ਵੀ ਜਾਂਦਾ ਤਾਂ ਭਗਵੰਤ ਮਾਨ ਕੋਲ ਕਿਹੜਾ ਰਾਹ ਸੀ ਤੇ ਕਿਹੜਾ ਸੁੱਚਜਾ ਤਰੀਕਾ ਸੀ ਸਜ਼ਾ ਦਾ ?

ਜਾਖੜ ਸਾਹਿਬ ਦਾ ਇਹ ਕਹਿਣਾ ਕਿ ਜੇ ਐਸ. ਵਾਈ. ਐਲ. 'ਤੇ ਗੱਲ ਨਹੀਂ ਕਰਨੀ ਤਾਂ ਅਸੀਂ ਬਹਿਸ ਦਾ ਹਿੱਸਾ ਨਹੀਂ ਬਣਨਾ। ਪਰ ਭਲੇ ਮਾਣਸੋ ਇਕੱਲਾ ਐਸ. ਵਾਈ. ਐਲ. ਹੀ ਮੁੱਦਾ ਨਹੀਂ ਹੈ ਕੀ ਹੋਰ ਮੁੱਦੇ ਖਤਮ ਹੋ ਗਏ ਪੰਜਾਬ ਵਿਚੋਂ ? ਨਿਰਪੱਖ ਗੱਲ ਕਰਨੀ ਚਾਹੀਦੀ ਸੀ। ਇਹ 'ਤੇ ਉਹ ਗੱਲ ਹੋਈ ਕਿ ਮਦਾਰੀ ਨੇ ਮਦਾਰੀ ਨੂੰ ਖੇਡ ਦਿਖਾਉਣ ਦਾ ਇੰਤਜ਼ਾਮ ਕੀਤਾ ਕਿ ਤੁਸੀਂ ਪਿਛਲੇ ਸਾਲ ਇੰਝ ਖੇਡੇ ਸੀ ਤੇ ਲਉ ਹੁਣ ਮੈਂ ਵੀ ਸਿੱਖ ਲਿਆ ਹੈ ਕਿ ਇੰਝ ਖੇਡੀਦਾ ਹੈ। ਚਲੋਂ ਜਾਂਦੇ ਜਾਂਦੇ ਤੁਹਾਨੂੰ ਕਹਿ ਦੇਈਏ ਕਿ

"ਲੁੱਟਿਆ ਪੁੱਟਿਆ ਤੜਫ਼ਦਾ ਪੰਜਾਬੀ ਸੂਬਾ ਮੁਬਾਰਕ,

ਹਕੂਮਤਾਂ ਦੇ ਅੱਖੀਂ ਰੜਕਦਾ ਪੰਜਾਬੀ ਸੂਬਾ ਮੁਬਾਰਕ।।"

### ਭਗਵੇਂ ਫਾਸ਼ੀਵਾਦ ਵਿਰੋਧੀ ਅਦਾਰ

ਰਹਿੰਦੀ ਹੈ। ਜਿਵੇਂ ਜਿਵੇਂ 2024 ਦੀਆਂ ਵੋਟਾਂ ਨੇੜੇ ਆਉਂਦੀਆਂ ਜਾ ਰਹੀਆਂ ਹਨ ਓਵੇਂ ਓਵੇਂ ਆਰ.ਐਸ.ਐਸ.-ਭਾਜਪਾ ਲਈ ਇਹ ਹੋਰ ਵੀ ਜਰੂਰੀ ਬਣਦਾ ਜਾ ਰਿਹਾ ਹੈ ਕਿ ਆਪਣੇ ਵਿਰੋਧ ਵਿੱਚ ਚੱਲ ਰਹੇ ਕਿਸੇ ਵੀ ਤਰ੍ਹਾਂ ਦੇ ਪ੍ਰਚਾਰ ਪ੍ਰਸਾਰ ਨੂੰ ਠੱਲ੍ਹਿਆ ਜਾਵੇ ਤਾਂ ਜੋ ਇੱਕ ਵਾਰ ਫੇਰ ਭਾਰਤ ਦੀ ਰਾਜ ਸੱਤਾ ਉੱਤੇ ਕਾਬਜ਼ ਹੋਣ ਦੇ ਇਰਨਾਂ ਦੇ ਅਸਾਰ ਵਧ ਜਾਣ।

ਸਰਮਾਏਦਾਰੀ ਅਜ਼ਾਦੀ, ਬਰਾਬਰੀ, ਭਾਈਚਾਰਾ ਦੇ ਨਾਅਰੇ ਰਾਹੀਂ ਜਾਗੀਰੂ ਪ੍ਰਬੰਧ ਸਮੇਤ ਜਾਗੀਰੂ ਰੋਕਾਂ ਟੋਕਾਂ ਦਾ ਵਿਰੋਧ ਕਰਦਿਆਂ ਰਾਜ ਸੱਤਾ ਉੱਤੇ ਕਾਬਜ਼ ਹੁੰਦੀ ਹੈ। ਜਾਗੀਰੂ ਪ੍ਰਬੰਧ ਦੀ ਥਾਂ ਲੈਣ ਦੀ ਪ੍ਰਕਿਰਿਆ ਵਿੱਚ ਇਸ ਨੂੰ ਆਮ ਲੋਕਾਈ ਨੂੰ ਆਪਣੇ ਨਾਲ਼ ਲੈਣਾ ਪੈਂਦਾ ਹੈ ਤੇ ਇਸ ਦੇ ਵੱਡੇ ਲੋਕਾਂ ਨੂੰ ਕੁੱਝ ਬੁਨਿਆਦੀ ਜਮਹੂਰੀ ਹੱਕ ਮੁਹੱਈਆ ਕਰਵਾਉਣੇ ਪੈਂਦੇ ਹਨ ਜਿਸ ਵਿੱਚ ਪ੍ਰਗਟਾਵੇ ਦੀ ਅਜ਼ਾਦੀ ਵੀ ਸ਼ਾਮਲ ਹੁੰਦੀ ਹੈ। ਸਰਮਾਏਦਾਰਾਂ ਸੱਤਾ ਨੂੰ ਲੋਕਾਈ ਤੇ ਆਪਣੇ ਹਰ ਤਰ੍ਹਾਂ ਦੇ ਵਿਰੋਧੀਆਂ ਦੇ ਇਹ ਜਮਹੂਰੀ ਹੱਕ ਲਗਾਤਾਰ ਰੜਕਦੇ ਰਹਿੰਦੇ ਹਨ ਤੇ ਕਿਸੇ ਨਾ ਕਿਸੇ ਬਹਾਨੇ ਇਹਨਾਂ ਹੱਕਾਂ ਨੂੰ ਕੁਚਲਣ ਲਈ ਸਰਮਾਏਦਾਰਾਂ ਹਾਕਮ ਸਦਾ ਯਤਨਸ਼ੀਲ ਰਹਿੰਦੇ ਹਨ। ਲੋਕਾਈ ਲਗਾਤਾਰ ਆਪਣੇ ਘੋਲ਼ਾਂ ਰਾਹੀਂ ਹੀ ਆਪਣੇ ਜਿੱਤੇ ਹੱਕਾਂ ਨੂੰ ਬਣਾਈ ਰੱਖਣ ਵਿੱਚ ਸਫਲ ਹੁੰਦੀ ਹੈ।

ਨਿਊਜ਼ਕਲਿੱਕ ਘਟਨਾ ਨਾ ਤਾਂ ਕੋਈ ਵਿਕੋਲਿਤਰੀ ਘਟਨਾ ਹੈ ਨਾ ਹੀ ਭਾਜਪਾ ਦਾ ਕੋਈ ਨਿਰੋਲ ਖਬਤ, ਇਹ ਇਸ ਰੋਗਗ੍ਰਸਤ ਸਰਮਾਏਦਾਰਾਂ ਢਾਂਚੇ, ਭਾਰਤ ਵਿੱਚ ਜਿਸ ਦੀ ਸੇਵਾ ਦਾ ਕਾਰਜ ਇਸ ਸਮੇਂ ਭਾਜਪਾ ਕੋਲ ਹੈ, ਦਾ ਹੀ ਲਾਜ਼ਮੀ ਸਿੱਟਾ ਹੈ। ਲੋਕਾਈ ਦੇ ਜਮਹੂਰੀ ਹੱਕਾਂ ਦੀ ਰਾਖੀ ਲਈ ਘੋਲ਼ ਨੂੰ ਲਾਜ਼ਮੀ ਹੀ, ਇਸ ਹੱਲੇ ਦੀ ਅਸਲ ਜੜ, ਇਹ ਲੋਟੂ ਪ੍ਰਬੰਧ ਦੇ ਖ਼ਾਤਮੇ ਵੱਲ ਸੇਧਤ ਘੋਲ਼ ਨਾਲ਼ ਜੋੜਨਾ ਪਵੇਗਾ। ਦੇਸ਼ ਭਰ ਵਿੱਚ ਸੈਂਕੜੇ ਹੀ ਮਜ਼ਦੂਰਾਂ, ਮੁਲਾਜ਼ਮਾਂ ਤੇ ਵਿਦਿਆਰਥੀ-ਨੌਜਵਾਨ ਜਥੇਬੰਦੀਆਂ, ਜਮਹੂਰੀ ਹੱਕਾਂ ਦੀ ਰਾਖੀ ਲਈ ਬਣੀਆਂ ਜਥੇਬੰਦੀਆਂ, ਤਰ੍ਹਾਂ-ਤਰ੍ਹਾਂ ਦੇ ਨਾਗਰਿਕ ਫੋਰਮਾਂ ਆਦਿ ਵੱਲੋਂ ਨਿਊਜ਼ਕਲਿੱਕ ਉੱਤੇ ਮੋਦੀ ਸਰਕਾਰ ਵੱਲੋਂ ਚੁੱਕੇ ਕਦਮਾਂ ਦਾ ਵਿਰੋਧ ਕੀਤਾ ਗਿਆ ਤੇ ਲੋਕਾਈ ਦੇ ਜਮਹੂਰੀ ਹੱਕਾਂ ਲਈ ਆਵਾਜ਼ ਬੁਲੰਦ ਕੀਤੀ ਗਈ ਹੈ। ਇਹ ਇੱਕ ਬੇਹੱਦ ਸਵਾਗਤਯੋਗ ਕਦਮ ਹੈ, ਇਹ ਮੋਦੀ ਸਰਕਾਰ ਨੂੰ ਸੁਨੇਹਾ ਹੈ ਕਿ ਉਹ ਇੱਥੇ ਚੰਮ ਦੀਆਂ ਚਲਾਉਣ ਲਈ ਅਜ਼ਾਦ ਨਹੀਂ।

***

### ਮੋਦੀ ਸਰਕਾਰ ਉੱਪਰ ਵਿਰੋਧੀ ਧਿਰਾਂ

ਮਹੂਆ ਮੋਇਤਰਾ ਤੇ ਕਾਂਗਰਸੀ ਆਗੂ ਸ਼ਸ਼ੀ ਥਰੂਰ ਤੋਂ ਇਲਾਵਾ ਕਾਂਗਰਸ ਬੁਲਾਰੇ ਪਵਨ ਖੇੜਾ, ਸੀ ਪੀ ਆਈ (ਐਮ) ਦੇ ਜਨਰਲ ਸਕੱਤਰ ਸੀਤਾ ਰਾਮ ਯੇਚੁਰੀ, ਆਪ ਸਾਂਸਦ ਰਾਘਵ ਚੱਢਾ, ਸ਼ਿਵ ਸੈਨਾ ਊਧਵ ਠਾਕਰੇ ਦੀ ਸਾਂਸਦ ਪ੍ਰਿਅੰਕਾ ਚਤੁਰਵੇਦੀ, ਸਪਾ ਮੁਖੀ ਅਖਿਲੇਸ਼ ਯਾਦਵ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ 'ਦੀ ਵਾਇਰ' ਦੇ ਸੰਸਥਾਪਕ ਸੰਪਾਦਕ ਸਿਧਾਰਥ ਵਰਧਰਾਜਨ, ਡੈਕਨ ਕਰੋਨੀਕਲ ਦੇ ਰੈਜ਼ੀਡੈਂਟ ਐਡੀਟਰ ਸ੍ਰੀਰਾਮ ਕਰੀ ਤੇ ਅਬਜ਼ਰਵਰ ਰਿਸਰਚ ਫਾਊਂਡੇਸ਼ਨ ਦੇ ਪ੍ਰਧਾਨ ਸਮੀਰ ਸਰਨ ਨੂੰ ਵੀ 'ਐਪਲ' ਵੱਲੋਂ ਚੇਤਾਵਨੀਆਂ ਭੇਜੀਆਂ ਗਈਆਂ ਹਨ।

ਇਨ੍ਹਾਂ ਵਿਅਕਤੀਆਂ ਨੂੰ ਭੇਜੇ ਗਏ 'ਅਲਰਟ' ਵਾਲੇ ਈ-ਮੇਲ ਵਿੱਚ ਕਿਹਾ ਗਿਆ ਹੈ, 'ਆਪ ਜੋ ਵੀ ਹੋਵੋਂ ਜਾਂ ਆਪ ਜੋ ਵੀ ਕਰਦੇ ਹੋ, ਇਸ ਕਾਰਨ ਇਹ ਹਮਲਾਵਰ ਤੁਹਾਨੂੰ ਵਿਅਕਤੀਗਤ ਰੂਪ ਵਿੱਚ ਨਿਸ਼ਾਨਾ ਬਣਾ ਰਹੇ ਹਨ। ਜੇਕਰ ਤੁਹਾਡੇ ਉਪਕਰਣ ਨਾਲ ਕਿਸੇ ਸਰਕਾਰੀ ਸ਼ਹਿ ਪ੍ਰਾਪਤ ਹਮਲਾਵਰ ਨੇ ਛੇੜਛਾੜ ਕਰ ਦਿੱਤੀ ਹੈ ਤਾਂ ਉਹ ਦੂਰੋਂ ਹੀ ਤੁਹਾਡੇ ਸੰਵੇਦਨਸ਼ੀਲ ਡੇਟੇ, ਗੱਲਬਾਤ, ਇੱਥੋਂ ਤੱਕ ਕਿ ਤੁਹਾਡੇ ਕੈਮਰੇ ਤੇ ਮਾਈਕਰੋ ਫੋਨ ਤੱਕ ਪਹੁੰਚਣ ਦੇ ਸਮਰੱਥ ਹੋ ਸਕਦੇ ਹਨ।' ਚਿਤਾਵਨੀ ਵਾਲੇ ਇਨ੍ਹਾਂ ਸੰਦੇਸ਼ਾਂ ਵਿੱਚ ਕਿਹਾ ਗਿਆ ਹੈ ਕਿ ਉਹ ਇਸ ਨੂੰ ਗੰਭੀਰਤਾ ਨਾਲ ਲੈਣ।

ਮਹੂਆ ਮੋਇਤਰਾ ਨੇ ਗ੍ਰਹਿ ਮੰਤਰਾਲੇ ਨੂੰ ਟੈਗ ਕਰਕੇ ਟਵੀਟ ਕੀਤਾ ਹੈ, 'ਐਪਲ ਵੱਲੋਂ ਮੈਨੂੰ ਚਿਤਾਵਨੀ ਮਿਲੀ ਹੈ ਕਿ ਸਰਕਾਰ ਮੇਰਾ ਫ਼ੋਨ ਤੇ ਈਮੇਲ ਹੈਕ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।' ਉਨ੍ਹਾਂ ਇੱਕ ਤੋਂ ਬਾਅਦ ਇੱਕ ਕਈ ਟਵੀਟ ਕੀਤੇ ਹਨ। ਉਨ੍ਹਾਂ ਕਿਹਾ ਹੈ ਕਿ ਸਰਕਾਰ ਵੱਲੋਂ 'ਇੰਡੀਆ' ਗੱਠਜੋੜ ਦੇ ਕਈ ਵਿਅਕਤੀਆਂ ਦੇ ਫੋਨ ਹੈਕ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਉਨ੍ਹਾਂ ਇੱਕ ਹੋਰ ਟਵੀਟ ਵਿੱਚ ਕਿਹਾ, 'ਮੈਂ ਅਧਿਕਾਰਤ ਤੌਰ ਉੱਤੇ ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨੂੰ ਪੱਤਰ ਲਿਖ ਰਹੀ ਹਾਂ ਕਿ ਉਹ ਵਿਰੋਧੀ ਸਾਂਸਦਾਂ ਦੀ ਸੁਰੱਖਿਆ ਲਈ ਰਾਜ ਧਰਮ ਦੀ ਪਾਲਣਾ ਕਰਨ ਅਤੇ ਸਾਡੇ ਫੋਨ ਤੇ ਈਮੇਲ ਹੈਕ ਕਰਨ ਨੂੰ ਲੈ ਕੇ ਗ੍ਰਹਿ ਮੰਤਰਾਲੇ ਦੇ ਅਧਿਕਾਰੀਆਂ ਨੂੰ ਛੇਤੀ ਤੋਂ ਛੇਤੀ ਤਲਬ ਕਰਨ। ਵਿਸ਼ੇਸ਼ ਅਧਿਕਾਰ ਸਮਿਤੀ ਨੂੰ ਪਹਿਲ ਕਰਨ ਦੀ ਜ਼ਰੂਰਤ ਹੈ। ਅਸ਼ਵਨੀ ਵੈਸ਼ਣਵ ਇਹ ਸੱਚੀਂ-ਮੁੱਚੀਂ ਉਲੰਘਣਾ ਹੈ, ਜਿਸ ਲਈ ਆਪ ਨੂੰ ਚਿੰਤਾ ਕਰਨ ਦੀ ਲੋੜ ਹੈ।'

ਅਸਦੁਦੀਨ ਓਵੈਸੀ, ਆਪ ਨੇਤਾ ਰਾਘਵ ਚੱਢਾ ਸਣੇ ਕਾਂਗਰਸ ਦੇ ਕਈ ਨੇਤਾਵਾਂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੂੰ ਐਪਲ ਥ੍ਰੇਟ ਦਾ ਨੋਟੀਫਿਕੇਸ਼ਨ ਆਇਆ ਹੈ। ਰਿਪੋਰਟਾਂ ਮੁਤਾਬਕ, ਇਹ ਨੋਟੀਫਿਕੇਸ਼ਨ ਕਈ ਵਿਰੋਧੀ ਨੇਤਾਵਾਂ ਨੂੰ ਮਿਲਿਆ ਹੈ। ਸਾਰਿਆਂ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟਸ 'ਤੇ ਇਸਦੇ ਸਕਰੀਨਸ਼ਾਟਸ ਸਾਂਝੇ ਕੀਤੇ ਹਨ।

ਸ਼ਿਵ ਸੈਨਾ (ਯੂ.ਬੀ.ਟੀ.) ਨੇਤਾ ਪ੍ਰਿਯੰਕਾ ਚਤੁਰਵੇਦੀ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਮੈਨੂੰ ਚਿਤਾਵਨੀ ਮਿਲੀ, ਉਸ ਤੋਂ ਪਤਾ ਚਲਦਾ ਹੈ ਕਿ ਇਹ ਕੇਂਦਰ ਸਰਕਾਰ ਦਾ ਪੂਰਾ ਪਲਾਨ ਹੈ ਅਤੇ ਮੈਨੂੰ ਸਾਵਧਾਨੀ ਵਰਤਣ ਦੀ ਲੋੜ ਹੈ। ਚਿਤਾਵਨੀ ਵਿਚ ਸਪਸ਼ਟ ਰੂਪ ਨਾਲ ਕਿਹਾ ਗਿਆ ਹੈ ਕਿ ਇਹ ਹਮਲੇ 'ਰਾਜ ਪ੍ਰਯੋਜਿਤ ਹਨ'। ਸਿਰਫ ਵਿਰੋਧੀ ਨੇਤਾਵਾਂ ਨੂੰ ਹੀ ਅਜਿਹੇ ਸੰਦੇਸ਼ ਕਿਉਂ ਮਿਲ ਰਹੇ ਹਨ ? ਇਸ ਤੋਂ ਪਤਾ ਚਲਦਾ ਹੈ ਕਿ ਵੱਡੇ ਪੱਧਰ 'ਤੇ ਵਿਰੋਧੀਆਂ ਦੀ ਨਿਗਰਾਨੀ ਕੀਤੀ ਜਾ ਰਹੀ ਹੈ। ਇਸਦੀ ਜਾਂਚ ਹੋਣੀ ਚਾਹੀਦੀ ਹੈ ਅਤੇ ਕੇਂਦਰ ਨੂੰ ਇਸ 'ਤੇ ਸਪਸ਼ਟੀਕਰਨ ਦੇਣ ਦੀ ਲੋੜ ਹੈ।

ਇਸ ਮਾਮਲੇ ਵਿੱਚ ਸਰਕਾਰ ਦਾ ਹਾਲੇ ਤੱਕ ਕੋਈ ਪ੍ਰਤੀਕਰਮ ਨਹੀਂ ਆਇਆ, ਪਰ ਭਾਜਪਾ ਆਈ ਟੀ ਸੈੱਲ ਦੇ ਮੁਖੀ ਅਮਿਤ ਮਾਲਵੀਆ ਨੇ ਵਿਰੋਧੀ ਆਗੂਆਂ ਦੀ ਆਲੋਚਨਾ ਕਰਦਿਆਂ ਕਿਹਾ ਹੈ, 'ਆਦਤਨ ਸ਼ੱਕੀਆਂ ਵੱਲੋਂ ਸਰਕਾਰ-ਪ੍ਰਸਤ ਹਮਲੇ ਬਾਰੇ ਹੰਗਾਮਾ ਖੜ੍ਹਾ ਕਰਨਾ ਤੇ ਸ਼ਹੀਦ ਹੋਣ ਦਾ ਨਾਟਕ ਕਰਨਾ ਚੰਗੀ ਗੱਲ ਹੈ, ਪਰ ਪੂਰੀ ਸੰਭਾਵਨਾ ਹੈ ਕਿ ਇਹ ਹੋ-ਹੱਲਾ ਪਹਿਲਾਂ ਦੀ ਤਰ੍ਹਾਂ ਠੁੱਸ ਹੋ ਜਾਵੇਗਾ। ਐਪਲ ਦੀ ਸਫਾਈ ਦੀ ਉਡੀਕ ਕਿਉਂ ਨਾ ਕੀਤੀ ਜਾਵੇ ?'

ਕੀ ਹੈ ਐਪਲ ਥ੍ਰੇਟ ਨੋਟੀਫਿਕੇਸ਼ਨ

ਐਪਲ ਦੀ ਵੈੱਬਸਾਈਟ ਮੁਤਾਬਕ, ਐਪਲ ਥ੍ਰੇਟ ਨੋਟੀਫਿਕੇਸ਼ਨ ਉਨ੍ਹਾਂ ਯੂਜ਼ਰਜ਼ ਨੂੰ ਸੂਚਿਤ ਕਰਨ ਅਤੇ ਮਦਦ ਕਰਨ ਲਈ ਡਿਜ਼ਾਈਨ ਕੀਤਾ ਗਿਆ ਹੈ ਜਿਨ੍ਹਾਂ ਨੂੰ ਸਟੇਟ ਸਪੋਂਸਰਜ਼ ਅਟੈਕਰਜ਼ ਰਾਹੀਂ ਟਾਰਗੇਟ ਕੀਤਾ ਜਾ ਰਿਹਾ ਹੈ।

***

### '84 ਸਿੱਖ ਵਿਰੋਧੀ ਦੰਗੇ ਮਾਮਲੇ 'ਚ ਰਾਜਾ ਵੜਿੰਗ ਦਾ

ਚੁੱਘ ਨੇ ਕਿਹਾ ਕਿ ਬੀਤੇ ਦਿਨੀਂ ਮੱਧ ਪ੍ਰਦੇਸ਼ 'ਚ ਕਮਲ ਨਾਥ ਦੇ ਨਾਲ ਚੋਣ ਪ੍ਰਚਾਰ ਕਰਦੇ ਹੋਏ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਰਾਜਾ ਵੜਿੰਗ ਨੇ ਕਮਲ ਨਾਥ ਨੂੰ ਸਿੱਖ ਵਿਰੋਧੀ ਦੰਗਿਆਂ 'ਚ ਉਨ੍ਹਾਂ ਦੀ ਭੂਮਿਕਾ ਨੂੰ ਲੈ ਕੇ ਕਲੀਨ ਚਿੱਟ ਦਿੱਤੀ ਸੀ, ਜਿਸ 'ਤੇ ਚੁਗ ਨੇ ਵਿਅੰਗ ਕੱਸਦਿਆਂ ਕਿਹਾ ਕਿ ਰਾਜਾ ਵੜਿੰਗ ਵੱਲੋਂ ਇਹ ਸਪੱਸ਼ਟ ਕੀਤਾ ਜਾਵੇ ਕਿ ਕੀ ਜਾਂਚ ਏਜੰਸੀਆਂ, ਚਸ਼ਮਦੀਦ ਗਵਾਹ ਅਤੇ ਤੱਥ ਝੂਠ ਬੋਲ ਰਹੇ ਹਨ, ਜਾਂ ਆਪਣੇ ਆਪ ਨੂੰ ਸੱਚੇ ਸਿੱਖ ਅਖਵਾਉਣ ਵਾਲੇ ਕਾਂਗਰਸੀ ਆਗੂ ਸੱਤਾ ਦੀ ਲਾਲਸਾ ਵਿੱਚ ਆਪਣੇ ਆਕਾਵਾਂ ਨੂੰ ਖ਼ੁਸ਼ ਕਰਨ ਲਈ ਗੁਰਦੁਆਰੇ ਸਾੜਨ ਵਾਲੇ, ਜ਼ਿੰਦਾ ਸਿੱਖਾਂ ਨੂੰ ਸਾੜਨ ਵਾਲੇ ਅਤੇ ਨਸਲਕੁਸ਼ੀ ਕਰਨ ਵਾਲੀ ਭੀੜ ਦੀ ਅਗਵਾਈ ਕਰਨ ਵਾਲੇ ਦੋਸ਼ੀਆਂ ਨੂੰ ਕਲੀਨ ਚਿੱਟ ਦੇ ਰਹੇ ਹਨ।

***

### ਰਾਜਪਾਲ ਨੇ ਦੋ ਮਨੀ ਬਿੱਲਾਂ 'ਤੇ ਲਾਈ ਮੋਹਰ

ਮਨਜ਼ੂਰੀ ਨਹੀਂ ਦਿੱਤੀ ਗਈ ਹੈ। ਚੇਤੇ ਰਹੇ ਕਿ ਪੰਜਾਬ ਸਰਕਾਰ ਨੇ ਤਿੰਨ ਮਨੀ ਬਿੱਲ ਰਾਜਪਾਲ ਦੀ ਅਗਾਊਂ ਪ੍ਰਵਾਨਗੀ ਲਈ ਭੇਜੇ ਸਨ ਜਿਨ੍ਹਾਂ 'ਤੇ ਰਾਜਪਾਲ ਨੇ 18 ਅਕਤੂਬਰ ਨੂੰ ਇਤਰਾਜ਼ ਲਗਾ ਦਿੱਤਾ ਸੀ। ਉਨ੍ਹਾਂ 20 ਅਕਤੂਬਰ ਨੂੰ ਹੋਣ ਵਾਲੇ ਵਿਧਾਨ ਸਭਾ ਸੈਸ਼ਨ ਨੂੰ ਗ਼ੈਰਕਾਨੂੰਨੀ ਕਰਾਰ ਦੇ ਦਿੱਤਾ ਸੀ ਉਦੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਸਦਨ ਵਿਚ ਰਾਜਪਾਲ ਦੇ ਫ਼ੈਸਲੇ ਖ਼ਿਲਾਫ਼ ਸੁਪਰੀਮ ਕੋਰਟ ਦਾ ਰੁਖ਼ ਕਰਨ ਦਾ ਐਲਾਨ ਕੀਤਾ ਸੀ। ਪੰਜਾਬ ਸਰਕਾਰ ਨੇ ਇਸ ਬਾਰੇ 28 ਅਕਤੂਬਰ ਨੂੰ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰ ਦਿੱਤੀ ਸੀ ਜਿਸ 'ਤੇ 3 ਨਵੰਬਰ ਨੂੰ ਸੁਣਵਾਈ ਹੋਣੀ ਹੈ। ਇਸ ਸੁਣਵਾਈ ਤੋਂ ਪਹਿਲਾਂ ਹੀ ਰਾਜਪਾਲ ਨੇ ਆਪਣਾ ਰੁਖ਼ ਤਬਦੀਲ ਕਰਦਿਆਂ ਅੱਜ ਦੋ ਮਨੀ ਬਿੱਲਾਂ 'ਤੇ ਮੋਹਰ ਲਗਾ ਦਿੱਤੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਰਾਜਪਾਲ ਦੀ ਇਸ ਮਨਜ਼ੂਰੀ ਨਾਲ ਹੁਣ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਦੇ ਕਾਨੂੰਨੀ ਹੋਣ ਦੀ ਪੁਸ਼ਟੀ ਹੋ ਗਈ ਹੈ।ਸੂਤਰ ਦੱਸਦੇ ਹਨ ਕਿ ਪੰਜਾਬ ਸਰਕਾਰ ਹੁਣ ਸੁਪਰੀਮ ਕੋਰਟ 'ਚ ਹੁਣ ਵਾਲੀ ਸੁਣਵਾਈ ਮੌਕੇ ਬਕਾਇਆ ਪਏ ਬਿੱਲਾਂ ਨੂੰ ਮਨਜ਼ੂਰੀ ਦਿੱਤੇ ਜਾਣ ਦਾ ਮਾਮਲਾ ਉਠਾ ਸਕਦੀ ਹੈ। ਰਾਜਪਾਲ ਨੇ ਮੁੱਖ ਮੰਤਰੀ ਨੂੰ ਲਿਖੇ ਪੱਤਰ ਵਿਚ ਕਿਹਾ ਸੀ ਕਿ ਉਨ੍ਹਾਂ ਹੁਣ ਤੱਕ 27 ਬਿੱਲਾਂ ਚੋਂ 22 ਬਿੱਲਾਂ ਨੂੰ ਪ੍ਰਵਾਨਗੀ ਦਿੱਤੀ ਹੋਈ ਹੈ। ਸੱਤਾਧਾਰੀ ਧਿਰ ਰਾਜਪਾਲ ਦੀ ਇਸ ਤਾਜ਼ਾ ਪ੍ਰਵਾਨਗੀ ਨੂੰ ਆਪਣੀ ਸਿਆਸੀ ਜਿੱਤ ਵਜੋਂ ਦੇਖ ਰਹੀ ਹੈ ਕਿਉਂਕਿ ਪਹਿਲਾਂ ਵੀ ਜਦੋਂ ਸਰਕਾਰ ਬਜਟ ਸੈਸ਼ਨ ਨੂੰ ਲੈ ਕੇ ਸੁਪਰੀਮ ਕੋਰਟ ਪੁੱਜੀ ਸੀ ਤਾਂ ਉਦੋਂ ਵੀ ਰਾਜਪਾਲ ਨੂੰ ਪਿੱਛੇ ਹਟਣਾ ਪਿਆ ਸੀ। ਅਧਿਕਾਰਤ ਸੂਤਰ ਆਖਦੇ ਹਨ ਕਿ ਹੁਣ ਮਨੀ ਬਿੱਲਾਂ ਨੂੰ ਵਿਧਾਨ ਸਭਾ ਵਿਚ ਲਜਿਾਣ ਦਾ ਰਾਹ ਪੱਧਰਾ ਹੋ ਗਿਆ ਹੈ। ਜ਼ਿਕਰਯੋਗ ਹੈ ਕਿ ਸੋਧਿਆ ਜੀਐਸਟੀ ਐਕਟ 1 ਅਕਤੂਬਰ 2023 ਤੋਂ ਲਾਗੂ ਹੋਣਾ ਹੈ ਜਿਸ ਤਹਿਤ ਸਰਕਾਰ ਨੂੰ ਆਨਲਾਈਨ ਗੇਮਿੰਗ 'ਤੇ 28 ਫ਼ੀਸਦੀ ਜੀਐੱਸਟੀ ਲਗਾਉਣ ਦਾ ਅਧਿਕਾਰ ਮਿਲਣਾ ਹੈ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।

ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Email: asrnewwriters@gmail.com www.amritsartimes.com Ph.: (510) 240-5949

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

# ਜਾਣੋ ਪਲ ਪਲ ਦੀ ਖਬਰ



ON

jus PUNJABI HD sling

CREDIBILITY RELIABILITY

Minute to Minute Coverage of Punjab Elections

## Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com